Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-6, ਅੰਕ-12, ਦਸੰਬਰ 2016

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300




**ਨਰਭਿੰਦਰ**

ਜਦੋਂ ਹਕੂਮਤਾਂ ਲੋਕਾਂ ਦੇ ਬੁਨਿਆਦੀ ਮਸਲਿਆਂ ਦਾ ਕੋਈ ਵੀ ਹੱਲ ਪੇਸ਼ ਕਰਨ ਤੋਂ ਅਸਮਰਥ ਹੋ ਜਾਂਦੀਆਂ ਹਨ ਤਾਂ ਇਹ ਉਨ੍ਹਾਂ ਕੋਲ ਅਜਿਹੇ ਹੀ ਮੁੱਦੇ ਬਚਦੇ ਹਨ ਜਿਨ੍ਹਾਂ ਦੇ ਹੋ ਹੱਲੇ ਵਿਚ ਬੁਨਿਆਦੀ ਸੱਮਸਿਆਵਾਂ ਦਬ ਜਾਣ ਅਤੇ ਉਨ੍ਹਾਂ ਲੋਕਾਂ ਦਾ ਧਿਆਨ ਦੋਮ ਦਰਜ਼ੇ ਦੇ ਮੁੱਦਿਆਂ ਉਤੇ ਕੇਂਦਰਤ ਹੋ ਜਾਵੇ।

ਕਈ ਵੇਰੀ ਹਕੂਮਤਾਂ ਕੁਝ ਅਜਿਹੇ ਮੁੱਦਿਆਂ ਨੂੰ ਉਛਾਲ ਦਿੰਦੀਆਂ ਹਨ, ਜਿਸ ਨਾਲ ਆਵਾਮ ਦਾ ਧਿਆਨ ਕਿਸੇ ਹੋਰ ਪਾਸੇ ਹੋ ਜਾਵੇ ਅਤੇ ਫਿਰ ਉਨ੍ਹਾਂ ਉਤੇ ਕੋਈ ਵੱਡਾ ਆਰਥਿਕ ਹਮਲਾ ਬੋਲ ਦਿੱਤਾ ਜਾਵੇ।

ਮੋਦੀ ਸਰਕਾਰ ਨੇ ਕਾਲੇ ਧਨ ਦੇ ਜੁਮਲੇ ਹੇਠ, ਨੋਟਾਂ ਦੇ ਬੰਦ ਕਰਨ ਅਤੇ ਦੇਸ਼ ਦੇ ਆਵਾਮ ਨੂੰ ਇਸ ਨਵੀਂ ਆਰਥਿਕ ਐਮਰਜੈਂਸੀ ਵੱਲ ਧੱਕ ਦਿੱਤਾ ਹੈ। ਪਿਛਲੇਰੇ ਕੁਝ ਦਿਨ ਤੋਂ ਦੇਸ਼ ਦੇ ਲਗਭਗ 30 ਕਰੋੜ ਤੋਂ ਉਪਰ ਲੋਕ (ਜਿਨ੍ਹਾਂ ਨੂੰ ਅਸੀਂ ਪੰਜ ਮੈਂਬਰਾਂ ਦੇ ਪਰਿਵਾਰ ਦਾ ਇਕ ਮੁਖੀ ਮੰਨ ਲਈਏ) ਨੋਟ ਤਬਦੀਲੀ ਲਈ ਦੇਸ਼ ਭਰ ਦੀਆਂ ਬੈਂਕਾਂ ਮੂਹਰੇ ਸਵੇਰ ਤੋਂ ਲੱਗ ਜਾਂਦੇ ਹਨ। ਮਹਿਜ ਚਾਰ ਹਜਾਰ ਦੇ ਨੋਟ ਬਦਲਣ ਲਈ। ਇਸ ਪੀੜਤ ਆਬਾਦੀ 'ਚ ਗਰੀਬ ਤੇ ਛੋਟੇ ਮੱਧਵਰਗੀ ਤਾਂ ਹਨ ਹੀ ਛੋਟੇ ਕਾਰੋਬਾਰੀਏ ਅਤੇ ਉਚ ਮੱਧਵਰਗੀ ਲੋਕ ਵੀ ਹਨ-ਤਰਾਹ ਤਰਾਹ ਕਰ ਰਹੇ ਹਨ। ਦੇਸ਼ ਵਿਚ ਵੀ ਅਤੇ ਵਿਦੇਸ਼ਾਂ ਵਿਚ ਵੀ ਨੋਟਾਂ ਦੀ ਬਦਲੀ ਤਾਂ ਸਰਕਾਰਾਂ ਪਹਿਲਾਂ ਵੀ ਕਰਦੀਆਂ ਆ ਰਹੀਆਂ ਹਨ ਪਰ ਜਿਸ ਤ੍ਰਾਸਦਿਕ ਹਾਲਤ ਦੇਸ਼ ਅੱਜ ਜੂਝ ਰਿਹਾ ਹੈ ਅਜਿਹੀ ਹਾਲਤ ਕਦੇ ਵੀ ਪੈਦਾ ਨਹੀਂ ਸੀ ਹੋਈ। ਅੱਜ ਹਾਲਤ ਇਹ ਹੈ ਕਿ ਮਜ਼ਦੂਰ ਆਪਣੇ ਕੰਮ ਛੱਡ ਕੇ ਲਾਈਨਾਂ 'ਚ ਹਨ, ਜਿਨ੍ਹਾਂ ਦੀ ਨਾ ਫਸਲਾਂ ਦੀ ਪੇਮੈਂਟ ਹੋ ਰਹੀ ਹੈ ਨਾ ਹੀ ਨਵੀਂ ਫਸਲ ਬੀਜਣ ਲਈ ਜੇਬ 'ਚ ਕੋਈ ਪੈਸਾ ਹੈ। ਅਜਿਹਾ ਹਾਲ ਹੀ ਛੋਟੇ ਕਾਰੋਬਾਰੀਆਂ ਦਾ ਹੈ ਨਾ ਮਾਲ ਖ੍ਰੀਦ ਸਕਦੇ ਹਨ, ਨਾ ਗਾਹਕ ਭੁਗਤਾ ਸਕਦੇ ਹਨ ਕਾਰੋਬਾਰ ਠੱਪ ਹੋ ਗਏ ਹਨ।

ਹਕੂਮਤ ਨੇ ਪੈਸੇ ਨਿਵਾਸੀ ਅਤੇ ਜਮ੍ਹਾਂ ਕਰਵਾਉਣ ਦੀ ਸੀਮਾ ਬੰਨ੍ਹ ਦਿੱਤੀ ਹੈ। ਦੇਸ਼ ਕਿਸੇ ਆਰਥਿਕ ਸੰਕਟ 'ਚ ਤਾਂ ਹੈ ਨਹੀਂ ਸੀ ਅਤੇ ਸੀ ਤਾਂ ਸਰਕਾਰ ਨੂੰ ਜ਼ਾਹਰ ਕਰਨਾ ਚਾਹੀਦਾ ਸੀ ਅਜਿਹੀ ਸੀਮਾ ਤਾਂ ਦੇਸ਼ ਦੀ ਅਰਥ ਵਿਵਸਥਾ ਦੇ ਢਹਿ-ਢੇਰੀ ਹੋਣ ਸਮੇਂ ਹੀ ਨਿਰਧਾਰਤ ਕੀਤੀ ਜਾਂਦੀ ਹੈ।

ਇਸ ਕਰੰਸੀ ਸੰਕਟ ਦੇ ਹਾਕਮ ਦੋ ਕਾਰਨ ਦਸ ਰਹੇ ਹਨ ਪਹਿਲਾਂ ਕਾਲਾ ਧਨ ਬਾਹਰ ਕੱਢਣਾ ਹੈ ਦੂਸਰਾ ਨਕਲੀ ਕਰੰਸੀ ਨੂੰ ਰੋਕਣਾ ਹੈ, ਦੋਵੇਂ ਹੀ ਵਿਚਾਰਨਯੋਗ ਹਨ।

ਪਹਿਲਾ ਕਾਲਾ ਧਨ ਦਾ ਮੁੱਦਾ ਹੈ। ਕਾਲਾ ਧਨ ਕੀ ਹੈ? ਕੀ ਅਲਮਾਰੀਆਂ 'ਚ ਰੱਖਿਆ ਪੈਸਾ ਕਾਲਾ ਧਨ ਹੈ? ਘਰਾਂ 'ਚ ਸੰਭਾਲ ਕੇ ਰੱਖਿਆ ਪੈਸਾ ਕਾਲਾ ਧਨ ਨਹੀਂ ਹੁੰਦਾ। ਕਾਲਾ ਧਨ ਉਹ ਕਮਾਈ ਹੈ ਜਿਹੜੀ ਮਨੁੱਖੀ ਕਿਰਤ ਦਾ ਕਈ ਗੁਣਾਂ ਮੁਨਾਫ਼ੇ ਦੇ ਰੂਪ ਵਿਚ ਹਾਸਲ ਕੀਤਾ ਜਾਂਦਾ ਹੇ। ਮਿਸਾਲ ਲਈ ਇਕ ਪਲਾਟ ਕਿਸੇ ਰੀਅਲ ਅਸਟੇਟ ਵਾਲੇ ਨੇ ਜ਼ਮੀਨੀ ਸਰਕਾਰੀ ਰੇਟ ਮੁਤਾਬਕ ਇਕ ਸੀਮਤ ਰਾਸ਼ੀ 'ਚ ਖ੍ਰੀਦਿਆ ਭਾਵ ਇਕ ਲੱਖ ਵਿਚ ਅਤੇ ਫਿਰ ਉਸ ਨੂੰ 4 ਜਾਂ 5

(**ਬਾਕੀ ਸਫ਼ਾ 22 'ਤੇ**)




ਦਰਿਆਈ ਪਾਣੀਆਂ ਦੀ ਲੁੱਟ : ਕਾਂਗਰਸ ਅਤੇ ਅਕਾਲੀ ਦੋਵੇਂ ਜ਼ਿੰਮੇਵਾਰ




ਕਾਰਪੋਰੇਟ ਮੁਨਾਫ਼ਾ/ਕਾਮਿਆਂ ਦਾ ਘਾਣ




ਪੰਜਾਬ ਦੇ ਚੋਣ ਮਸਲੇ ਅਤੇ ਰਾਜਸੀ ਪਾਰਟੀਆਂ



ਲਿਬੀਅਨ ਵਿਨਾਸ਼ ਰਿਪੋਰਟ-ਨਾਟੋ ਇਤਿਹਾਦੀ ਕਟਹਿਰੇ 'ਚ

SUPER VISA INSURANCE



Sherjang Singh Rana
416.910.9000

PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

# ਭਾਰਤੀ ਫ਼ੌਜੀਆਂ ਦੀਆਂ 'ਮੌਤਾਂ' ਉੱਪਰ ਹੋ ਰਿਹਾ ਪਾਖੰਡ

**ਗੁਰਪ੍ਰੀਤ ਸਿੰਘ**

ਭਾਰਤੀ ਲੀਡਰਸ਼ਿਪ ਅਤੇ ਬੁੱਧੀਜੀਵੀ ਵਰਗ ਦਾ ਇੱਕ ਹਿੱਸਾ ਹਾਲ ਹੀ 'ਚ ਕਸ਼ਮੀਰ ਵਿੱਚ ਫੌਜੀ ਬੇਸ ਉੱਤੇ ਹੋਏ ਹਮਲੇ 'ਚ 19 ਫੌਜੀਆਂ ਦੀ ਹੋਈ ਮੌਤ 'ਤੇ ਹੰਝੂ ਵਹਾ ਰਿਹਾ ਹੈ, ਅਠਾਰਾਂ ਸਤੰਬਰ ਦੇ ਹਮਲੇ (ਜਿਸ ਵਿੱਚ ਚਾਰ ਅੱਤਵਾਦੀ ਮਾਰੇ ਗਏ ਸਨ) ਦਾ ਦੋਸ਼ ਪਾਕਿਸਤਾਨ ਅਧਾਰਤ ਦਹਿਸ਼ਤੀ ਗਰੁੱਪਾਂ 'ਤੇ ਲਾਇਆ ਗਿਆ। ਭਾਰਤ ਸਰਕਾਰ ਲਗਾਤਾਰ ਇਹ ਦਾਅਵਾ ਕਰਦੀ ਰਹੀ ਹੈ ਕਿ ਜੋ ਵਿਦਰੋਹੀ ਕਸ਼ਮੀਰ 'ਚ ਖੁਦ-ਮੁਖਤਿਆਰੀ ਦੇ ਅਧਿਕਾਰ ਲਈ ਲੜ ਰਹੇ ਹਨ, ਉਨ੍ਹਾਂ ਨੂੰ ਸਰਹੱਦੋਂ ਪਾਰ ਪਾਕਿਸਤਾਨੀ ਏਜੰਸੀਆਂ ਦੀ ਪੁਸ਼ਤਪਨਾਹੀ ਮਿਲੀ ਹੋਈ ਹੈ, ਉਦੋਂ ਤੋਂ ਹੀ ਭਾਰਤ ਸਰਕਾਰ ਨੇ ਨਾ ਸਿਰਫ ਸਰਹੱਦ ਨੇੜਲੇ ਕਥਿਤ ਅੱਤਵਾਦੀਆਂ ਦੇ ਕੈਂਪਾਂ 'ਤੇ ਸਰਜੀਕਲ ਹਮਲੇ ਕੀਤੇ ਬਲਕਿ ਕੌਮਾਂਤਰੀ ਪੱਧਰ 'ਤੇ ਵੀ ਪਾਕਿਸਤਾਨ ਨੂੰ ਅਲੱਗ-ਥਲੱਗ ਕਰਨ ਲਈ ਆਪਣੇ ਦਬਾਅ ਨੂੰ ਹੋਰ ਵਧਾਇਆ। ਇਸੇ ਕਰਕੇ ਹੀ, ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਕਿਸਤਾਨ ਨੂੰ ਅੱਤਵਾਦ ਦੀ ਮਾਂ ਦੱਸਿਆ।

ਪਿੱਛੇ ਨਾ ਰਹਿੰਦੇ ਹੋਏ ਸਰਕਾਰ-ਪੱਖੀ ਮੀਡੀਆ ਅਤੇ ਭਾਰਤੀ ਫਿਲਮ ਉਦਯੋਗ ਨਾਲ ਜੁੜੇ ਕੁਝ ਖਾਸ ਸਿਤਾਰਿਆਂ ਨੇ ਦੇਸ਼ ਵਿੱਚ ਪਾਕਿਸਤਾਨ ਖ਼ਿਲਾਫ਼ ਨਫ਼ਰਤ ਦਾ ਮਾਹੌਲ ਬਣਾ ਦਿੱਤਾ। ਭਾਰਤੀ ਫਿਲਮ ਨਿਰਮਾਤਾਵਾਂ 'ਤੇ ਵੀ ਦਬਾਅ ਬਣਾਇਆ ਜਾ ਰਿਹਾ ਹੈ ਕਿ ਉਹ ਪਾਕਿਸਤਾਨੀ ਕਲਾਕਾਰਾਂ ਨੂੰ ਆਪਣੀਆਂ ਫ਼ਿਲਮਾਂ 'ਚ ਕੰਮ ਨਾ ਦੇਣ। ਅਖੌਤੀ ਰਾਸ਼ਟਰਵਾਦੀ ਵਿਰੋਧੀ ਵਿਚਾਰਾਂ ਨੂੰ ਸੁਣਨ ਲਈ ਤਿਆਰ ਨਹੀਂ। ਜੋ ਇਸ ਪਾਖੰਡ ਵਿਰੁੱਧ ਆਵਾਜ਼ ਉਠਾਉਂਦਾ ਹੈ ਉਸਨੂੰ ਇੰਤਹਾਪਸੰਦ ਗਰੁੱਪਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਸਵਾਲ ਉਠਾਉਣ ਵਾਲੇ ਨੂੰ ਦੇਸ਼ਧ੍ਰੋਹੀ ਗਰਦਾਨਿਆ ਜਾ ਰਿਹਾ ਹੈ।

ਬੇਸ਼ੱਕ ਪਾਕਿਸਤਾਨ ਇਸਲਾਮਿਕ ਕੱਟੜਵਾਦ ਦਾ ਸਮਰਥਨ ਕਰਨ ਲਈ ਜ਼ਿੰਮੇਵਾਰ ਹੈ ਅਤੇ ਸ਼ੀਤ ਯੁੱਧ ਦੇ ਦੌਰਾਨ ਅਮਰੀਕਾ ਦੇ ਇਸ਼ਾਰੇ 'ਤੇ ਰੂਸ ਨਾਲ ਨਿਪਟਣ ਲਈ ਤਾਲਿਬਾਨ ਦੀ ਸਿਰਜਣਾ ਵਿੱਚ ਵੀ ਸਹਾਈ ਰਿਹਾ ਸੀ, ਪਰ ਭਾਰਤ ਦੀ ਸੱਤਾਧਾਰੀ ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ ਹਮਲੇ ਤੋਂ ਬਾਅਦ ਹੀ ਪੰਜਾਬ ਅਤੇ ਉੱਤਰ ਪ੍ਰਦੇਸ਼ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਵੋਟਰਾਂ ਨੂੰ ਆਕਰਸ਼ਿਤ ਕਰਨ ਲਈ ਜੰਗ ਦਾ ਪਾਗਲਪਣ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਕਸ਼ਮੀਰ ਖੇਤਰ ਵਿੱਚ ਸਰਗਰਮ ਇਸਲਾਮੀ ਕੱਟੜਵਾਦੀਆਂ ਹੱਥੋਂ ਪਾਕਿਸਤਾਨੀ ਫੌਜੀ ਅਤੇ ਨਾਗਰਿਕ ਵੀ ਮਾਰੇ ਜਾਂਦੇ ਹਨ।

ਵੱਡਾ ਸਵਾਲ ਜੇਕਰ ਅਸੀਂ ਇਹ ਮੰਨੀਏ ਕਿ ਭਾਰਤੀ ਲੀਡਰਸ਼ਿਪ ਅਤੇ ਮੀਡੀਆ ਜਾਂ ਉਨ੍ਹਾਂ ਦੇ ਫਿਲਮ ਉਦਯੋਗ ਦੇ ਸਮਰਥਨ-ਕਰਤਾਵਾਂ ਦੁਆਰਾ ਸਾਨੂੰ ਜੋ ਕੁਝ ਵੀ ਪਰੋਸਿਆ ਜਾਂਦਾ ਹੈ, ਅਜਿਹਾ ਗੁੱਸਾ ਅਤੇ ਦੇਸ਼ ਪ੍ਰੇਮ ਉਸ ਸਮੇਂ ਕਿਉਂ ਨਹੀਂ ਦਿਖਾਇਆ ਗਿਆ ਜਦੋਂ 1984 ਦੇ ਦੌਰਾਨ ਕਈ ਸਿੱਖ ਸਿਪਾਹੀਆਂ ਨੂੰ ਸਿੱਖ ਕਤਲੇਆਮ ਸਮੇਂ ਬੜੀ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ ?। ਨਵੰਬਰ 1984 ਦੇ ਪਹਿਲੇ ਹਫ਼ਤੇ, ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਕਾਂਗਰਸ ਪਾਰਟੀ ਦੇ ਆਗੂਆਂ ਦੀ ਅਗਵਾਈ ਵਿੱਚ ਭੀੜ ਨੇ ਹਜ਼ਾਰਾਂ ਹੀ ਬੇਦੋਸ਼ੇ ਸਿੱਖਾਂ ਨੂੰ ਕਤਲ ਕੀਤਾ। ਰੇਲ ਗੱਡੀਆਂ ਵਿੱਚ ਸਫ਼ਰ ਕਰ ਰਹੇ ਵਰਦੀਧਾਰੀ ਸਿੱਖ ਸਿਪਾਹੀ ਵੀ ਨਹੀਂ ਬਖਸ਼ੇ ਗਏ। ਉਦੋਂ ਕਿਸੇ ਫਿਲਮ ਅਭਿਨੇਤਾ ਜਾਂ ਆਗੂ ਨੇ ਸਿੱਖ ਸਿਪਾਹੀਆਂ ਦੇ ਹੋਏ ਅਜਿਹੇ ਨਿਰਾਦਰ ਉੱਪਰ ਕੋਈ ਗੁੱਸਾ ਜ਼ਾਹਿਰ ਨਹੀਂ ਕੀਤਾ, ਉਹ ਵੀ ਦੇਸ਼ ਦੀ ਸੁਰੱਖਿਆ ਲਈ



ਸੇਵਾ ਨਿਭਾ ਰਹੇ ਸਨ ?

ਕੋਈ ਇਹ ਤਰਕ ਦੇ ਸਕਦਾ ਹੈ ਕਿ ਇਹ ਇੱਕ ਪੁਰਾਣੀ ਗੱਲ ਹੈ ਅਤੇ ਬੀ.ਜੇ.ਪੀ ਉਦੋਂ ਸੱਤਾ ਵਿੱਚ ਨਹੀਂ ਸੀ ਉਸ ਉੱਪਰ ਦੋਸ਼ ਨਹੀਂ ਲਗਾਇਆ ਜਾ ਸਕਦਾ, ਪਰ ਸਮੂਹਿਕ ਤੌਰ 'ਤੇ ਇਹ ਰਾਸ਼ਟਰ ਦੀ ਚੇਤਨਾ ਨੂੰ ਦਰਸਾਉਂਦਾ ਹੈ ਜਿਸ ਨੂੰ ਧਰਮ-ਨਿਰਪੱਖਤਾ ਅਤੇ ਸਮਾਵੇਸ਼ ਦੇ ਅਸੂਲਾਂ 'ਤੇ ਬਣਾਇਆ ਗਿਆ ਸੀ।

ਹੁਣ ਚੋਣਵੀਂ ਦੇਸ਼ ਭਗਤੀ ਨੂੰ ਸਮਝਣ ਲਈ ਇੱਕ ਤਾਜ਼ਾ ਮਿਸਾਲ ਉੱਤੇ ਗੌਰ ਕਰੋ। ਇਸ ਸਾਲ ਜੂਨ 'ਚ ਕਸ਼ਮੀਰ ਵਿੱਚ ਇੱਕ ਨੀਮ ਫੋਰਸ ਕਾਫਲੇ ਉੱਤੇ ਹੋਏ ਅੱਤਵਾਦੀ ਹਮਲੇ ਵਿੱਚ ਅੱਠ ਫ਼ੌਜੀ ਮਾਰੇ ਗਏ ਸਨ। ਉਨ੍ਹਾਂ ਵਿੱਚੋਂ ਇੱਕ ਸਿਪਾਹੀ ਵੀਰ ਸਿੰਘ ਸੀ, ਜੋ ਕਿ ਦਲਿਤ ਜਾਂ ਕਹਿਣ ਨੂੰ 'ਅਛੂਤ' ਸੀ, ਉਹ ਭਾਈਚਾਰਾ ਜੋ ਸਦੀਆਂ ਤੋਂ ਇਸ ਹਿੰਦੂ ਸਮਾਜ ਵਿੱਚ ਜਾਤੀ-ਆਧਾਰਿਤ ਵਿਤਕਰੇ ਦਾ ਸਾਹਮਣਾ ਕਰ ਰਿਹਾ ਹੈ। ਜਦੋਂ ਵੀਰ ਸਿੰਘ ਦੀ ਲਾਸ਼ ਨੂੰ ਉੱਤਰ ਪ੍ਰਦੇਸ਼ 'ਚ ਉਸਦੇ ਜੱਦੀ ਪਿੰਡ ਸਸਕਾਰ ਲਈ ਲਿਜਾਇਆ ਗਿਆ, ਤਾਂ ਅਖੌਤੀ ਉੱਚ ਜਾਤੀ ਦੇ ਲੋਕਾਂ ਨੇ ਅੰਤਿਮ ਸੰਸਕਾਰ ਲਈ ਉਸ ਦੇ ਪਰਿਵਾਰ ਨੂੰ ਜਨਤਕ ਜਗ੍ਹਾ ਦੇਣ ਤੋਂ ਇਨਕਾਰ ਕਰ ਦਿੱਤਾ। ਪ੍ਰਸ਼ਾਸਨ ਦੇ ਦਖਲ ਤੋਂ ਬਾਅਦ ਜਗ੍ਹਾ ਮਿਲੀ। ਉਸ ਸਮੇਂ ਵੀ ਕੌਮ ਨੂੰ ਕੋਈ ਗੁੱਸਾ ਨਹੀਂ ਆਇਆ।

ਵੈਸੇ ਵੀ ਜਿਸ ਤਰੀਕੇ ਨਾਲ ਸਿਆਸੀ ਲੀਡਰਸ਼ਿਪ ਅਤੇ ਬੁੱਧੀਜੀਵੀ ਵਰਗ ਭਾਰਤੀ ਫ਼ੌਜੀਆਂ ਨੂੰ ਅਮਰ ਗਰਦਾਨ ਦੇ ਹਨ ਇਹ ਸਮੱਸਿਆ-ਜਨਕ ਹੈ ਉਰੀ ਹਮਲੇ ਤੋਂ ਪਹਿਲਾਂ ਭਾਰਤੀ ਫੌਜਾਂ ਦੇ ਹੱਥੋਂ 80 ਤੋਂ ਜ਼ਿਆਦਾ ਕਸ਼ਮੀਰੀ ਨਾਗਰਿਕ ਮਾਰੇ ਗਏ ਸਨ। ਉਹ ਇੱਕ ਖਾੜਕੂ ਦੀ ਮੌਤ (ਕਥਿਤ ਤੌਰ 'ਤੇ ਉਹ ਇੱਕ ਸੋਚੀ ਸਮਝੀ ਗੋਲੀਬਾਰੀ ਵਿੱਚ ਮਾਰਿਆ ਗਿਆ ਸੀ) ਦੇ ਵਿਰੋਧ ਵਿੱਚ ਉੱਠੇ ਰੋਸ ਦੇ ਦੌਰਾਨ ਮਾਰੇ ਗਏ ਸਨ। ਬਹੁਤ ਸਾਰੇ ਕਸ਼ਮੀਰੀ ਸੈਨਿਕ ਗੋਲੀਬਾਰੀ ਵਿੱਚ ਆਪਣੀਆਂ ਅੱਖਾਂ ਗਵਾ ਚੁੱਕੇ ਹਨ 25 ਸਾਲ ਪਹਿਲਾਂ ਭਾਰਤੀ ਸਿਪਾਹੀਆਂ ਨੇ ਦੋ ਕਸ਼ਮੀਰੀ ਪਿੰਡਾਂ (ਕੁਨਾਨ ਅਤੇ ਪੋਸ਼ਪੋਰਾ) 'ਤੇ ਇੱਕ ਛਾਪੇ ਦੌਰਾਨ ਸੌ ਤੋਂ ਵੱਧ ਔਰਤਾਂ ਨਾਲ ਬਲਾਤਕਾਰ ਕੀਤਾ ਸੀ, 1991 ਦੀ ਬਦਨਾਮ ਫੌਜੀ ਕਾਰਵਾਈ ਦੌਰਾਨ ਮਰਦਾਂ ਨੂੰ ਔਰਤਾਂ ਤੋਂ ਵੱਖ ਕੀਤਾ ਗਿਆ, ਫਿਰ ਸਿਪਾਹੀਆਂ ਨੇ ਔਰਤਾਂ, ਨਾਬਾਲਗਾਂ ਅਤੇ ਬਜ਼ੁਰਗਾਂ ਨਾਲ ਵੀ ਬੇਰਹਿਮੀ ਨਾਲ ਬਲਾਤਕਾਰ ਕੀਤਾ ਸੀ। ਹੁਣ ਤੱਕ ਕੁਨਾਨ ਅਤੇ ਪੋਸ਼ਪੋਰਾ ਦੇ ਸ਼ਿਕਾਰ ਲੋਕਾਂ ਨੂੰ ਕੋਈ ਵੀ ਇਨਸਾਫ਼ ਨਹੀਂ ਮਿਲਿਆ ਹੈ। ਉਹ ਜੋ 19 ਸਿਪਾਹੀਆਂ ਦੀ ਮੌਤ 'ਤੇ ਦੁੱਖੀ ਹਨ ਉਨ੍ਹਾਂ ਨੂੰ ਆਪਣੇ ਆਪ ਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਅਜਿਹਾ ਰੋਹ ਉਹਨਾਂ ਨਾਗਰਿਕਾਂ ਲਈ ਕਿਉਂ ਨਹੀਂ ਦਿਖਾਇਆ ਗਿਆ ਜਿਨ੍ਹਾਂ ਨੂੰ ਸਿਪਾਹੀਆਂ ਨੇ ਮਾਰਿਆ ਜਾਂ ਜਿਨ੍ਹਾਂ ਨਾਲ ਬਲਾਤਕਾਰ ਕੀਤੇ ਹਨ ? ਕੀ ਸਿਰਫ਼ ਫੌਜ ਹੀ ਕੌਮੀ ਹਿੱਤ ਦੀ ਪਹਿਰੇਦਾਰ ਹੈ ? ਕੀ ਕੌਮੀ ਹਿੱਤ ਕਿਸੇ ਵੀ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਅਤੇ ਮਾਣ ਤੋਂ ਵੱਧ ਜ਼ਰੂਰੀ ਹੈ ? ਅਤੇ ਸਿਰਫ਼ ਪਾਕਿਸਤਾਨ ਨੂੰ ਹੀ ਅੱਤਵਾਦ ਦਾ ਜਨਮ ਦਾਤਾ ਕਿਉਂ ਕਿਹਾ ਜਾਵੇ ਜਦਕਿ ਭਾਜਪਾ ਸਰਕਾਰ ਵੀ ਹਿੰਦੂ ਰਾਸ਼ਟਰਵਾਦ ਦੇ ਨਾਮ 'ਤੇ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਅਤੇ ਹਿੰਸਾ ਕਰਨ ਵਾਲਿਆਂ ਦਾ ਬਚਾਅ ਕਰ ਰਹੀ ਹੈ? ਉਨ੍ਹਾਂ ਵਿੱਚ ਉਹ ਵੀ ਸ਼ਾਮਿਲ ਹਨ ਜਿਨ੍ਹਾਂ ਨੇ 2007 ਵਿੱਚ ਸਮਝੌਤਾ ਰੇਲ (ਜੋ ਭਾਰਤ ਅਤੇ ਪਾਕਿਸਤਾਨ ਨੂੰ ਜੋੜਦੀ ਹੈ) ਵਿੱਚ ਬੰਬ ਧਮਾਕੇ ਕੀਤੇ ਸਨ ਜਿਸ ਵਿੱਚ 68 ਲੋਕ ਮਾਰੇ ਗਏ ਸਨ ਜਿਨ੍ਹਾਂ ਵਿੱਚ ਜ਼ਿਆਦਾਤਰ ਪਾਕਿਸਤਾਨੀ ਸਨ। ਇੱਥੇ ਕੋਈ ਵੀ ਰੋਹ ਕਿਉਂ ਨਹੀਂ ਹੈ ? ਜਦੋਂ ਹਾਲ ਹੀ ਵਿੱਚ ਉੱਤਰ ਪ੍ਰਦੇਸ਼ ਵਿੱਚ ਨੱਥੂ ਰਾਮ ਗੋਡਸੇ ਦੇ ਬੁੱਤ ਦੀ ਘੁੰਡ ਚੁਕਾਈ ਕੀਤੀ ਗਈ ਸੀ। ਇਸ ਅੱਤਵਾਦ ਦੇ ਇਹ ਦੋਹਰੇ ਮਿਆਰ ਕਿਉਂ ? ਜੇਕਰ ਕੌਮੀ ਹਿੱਤਾਂ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਤਾਂ ਕਿਰਪਾ ਕਰਕੇ ਮੇਰਾ ਨਾਮ ਵੀ ਦੇਸ਼-ਵਿਰੋਧੀ ਨਾਗਰਿਕਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾਵੇ।

**ਅਨੁਵਾਦਕ : ਸਚਿੰਦਰਪਾਲ 'ਪਾਲੀ'**
+91-98145-07116







**SARO KARAN DI AWAZ**

**Publisher**
Pro-People Arts Project Media
Group 29 Mapleview Ave,
Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton
(Ontario)
226-979-5688
deephsingh@gmail.com

**Literary Advisor**
Gurbachan Singh Brar
Calgary (NE) Alberta
403-470-2628
brargurbachan@yahoo.ca

**Advisory Board**
Narbhinder Singh (India)
935-443-0211

Buta Singh Nawan Shahr
(India)
946-347-4342
atoozed@gmail.com

Jaswant Zirakh (India)
98151-69825
jaswantzirakh@gmail.com

Harnek Dhaliwal, Winnipeg
(Manitoba)
204-488-6960

Parshotam Dosanjh,
Surrey (BC)
1-604-512-8371

Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Randeep Singh
(India)
09855695905
rvs0001@gmail.com

Baljinder Singh
Graphic Desinger
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

## ਵਿਕਾਸ ਦਾ ਵਿਨਾਸ਼ਮਈ ਚਿਹਰਾ

# ਹਾਜੀਪੁਰ ਦਾ ਗੈਰਕਾਨੂੰਨੀ ਖਣਨ

**ਪ੍ਰੋਫੈਸਰ ਜਗਮੋਹਨ ਸਿੰਘ**

ਦੱਖਣੀ ਏਸ਼ੀਆ ਦੀ ਡੈਮ, ਦਰਿਆ ਅਤੇ ਵਾਤਾਵਰਣ ਤਾਣਾਬਾਣਾ (Sandrf) ਸੰਸਥਾ ਦੀ ਰਿਪੋਰਟ ਅਨੁਸਾਰ ਸਤੰਬਰ 2015 ਵਿੱਚ ਮਾਨਸੂਨ ਨਾਲ ਸਤਲੁਜ ਵਿੱਚ ਹੜ ਆ ਜਾਣ ਨਾਲ ਪੰਜਾਬ ਦਾ ਰੇਤ ਮਾਫੀਆ ਇੰਨਾ ਬੇਚੈਨ ਹੋ ਗਿਆ ਕਿ ਇਸਨੇ ਪਿੰਡਾਂ ਦੇ ਟੋਭੇ ਪੁੱਟਣੇ ਸ਼ੁਰੂ ਕਰ ਦਿੱਤੇ। ਮਾਫੀਏ ਨੇ ਜ਼ਮੀਨ ਨੂੰ ਮਨਜ਼ੂਰਸ਼ੁਦਾ 4 ਫੁੱਟ ਡੂੰਘਾਈ ਤੋਂ ਵੱਧ ਪੁੱਟਣ ਦੀ ਆਗਿਆ ਦੇਣ ਲਈ ਕਿਸਾਨਾਂ ਨੂੰ ਭਰਮਾਉਣਾ ਸ਼ੁਰੂ ਕਰ ਦਿੱਤਾ। ਪੰਜਾਬ ਸਰਕਾਰ ਨੇ ਰੇਤੇ ਦੀਆ ਕੀਮਤਾਂ ਹੇਠਾਂ ਲਿਆਉਣ ਅਤੇ ਰੇਤੇ ਬੱਜਰੀ ਵਿੱਚ ਕਾਲਾ ਬਾਜ਼ਾਰੀ ਨੂੰ ਰੋਕਣ ਲਈ ਆਪਣੀ ਖਣਨ ਨੀਤੀ ਵਿੱਚ ਬਦਲਾਅ ਦਾ ਫੈਸਲਾ ਕਰਕੇ ਸਤਲੁਜ ਬਿਆਸ ਦਰਿਆਵਾਂ ਵਿੱਚ ਆਪਣੇ ਸਿਜਾਈ ਵਿਭਾਗ ਨੂੰ 45 ਥਾਵਾਂ 'ਤੇ ਖੱਡੇ ਲਾਉਣ ਦੀ ਆਗਿਆ ਦੇ ਦਿੱਤੀ। ਚੇਤੇ ਰਹੇ ਕਿ 2013 ਵਿੱਚ ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ. ਜੀ. ਟੀ.) ਨੇ ਦਰਿਆਵੀ ਤਲਾਂ ਦੇ ਖਣਨ ਨਾਲ ਵਾਤਾਵਰਨ ਨਿਯਮਾਂ ਦੀ ਹੋ ਰਹੀ ਲਗਾਤਾਰ ਉਲੰਘਣਾ ਨੂੰ ਨੋਟ ਕਰਦਿਆਂ 5 ਅਗਸਤ 2013 ਰਾਜ ਵਾਤਾਵਰਨ ਪ੍ਰਭਾਵ ਅਥਾਰਟੀ ਅਤੇ ਵਾਤਾਵਰਣ, ਜੰਗਲਾਤ ਅਤੇ ਮੌਸਮ ਤਬਦੀਲੀ ਵਿਭਾਗ ਦੀ ਅਗਾਊਂ ਆਗਿਆ ਤੋਂ ਬਗੈਰ ਦੇਸ਼ ਭਰ 'ਚ ਰੇਤੇ ਦੀ ਨਿਕਾਸੀ ਉਪਰ ਪਾਬੰਦੀ ਲਾ ਦਿੱਤੀ ਹੈ। ਐਨ. ਜੀ. ਟੀ. ਨੇ ਆਪਣੇ ਹੁਕਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਰਾਜਾਂ ਦੇ ਸਾਰੇ ਸਬੰਧਿਤ ਵਿਭਾਗਾਂ ਨੂੰ ਹਦਾਇਤ ਕੀਤੀ ਹੈ। ਇਸ ਤੋਂ ਅੱਗੇ ਨਵੰਬਰ 2013 ਵਿੱਚ ਕਿਉਂਕਿ ਰੇਤਾ ਨਿਕਾਸੀ ਲਈ ਕਾਨੂੰਨ ਬਨਾਉਣਾ ਰਾਜ ਵਾਤਾਵਰਨ ਪ੍ਰਭਾਵ ਅਥਾਰਟੀ ਅਤੇ ਵਾਤਾਵਰਣ, ਜੰਗਲਾਤ ਅਤੇ ਮੌਸਮ ਤਬਦੀਲੀ ਵਿਭਾਗ ਦੇ ਅਧਿਕਾਰ ਖੇਤਰ 'ਚ ਆਉਂਦੇ ਹਨ, ਐਨ.ਜ਼ੀ.ਟੀ. ਨੇ ਕਿਹਾ ਕਿ ਵਾਤਾਵਰਨ ਕੇਂਦਰ ਦੇ ਅਧਿਕਾਰ ਖੇਤਰ 'ਚ ਹੋਣ ਕਰ ਕੇ ਰਾਜ ਰੇਤੇ ਦੇ ਨਿਕਾਸੀ ਲਈ ਅਲੱਗ ਨਿਯਮ ਨਹੀਂ ਬਣਾ ਸਕਦਾ।

ਨਵੰਬਰ 2015 ਵਿੱਚ ਹਾਈਕੋਰਟ ਦੇ ਮਾਨਯੋਗ ਜੱਜ ਐਸ. ਕੇ. ਮਿੱਤਲ ਦੀ ਅਗਵਾਈ ਵਿੱਚ ਸੁਣਵਾਈ ਕਰ ਰਹੇ ਡਿਵੀਜਨ ਬੈਂਚ ਨੇ ਜੋ ਚੰਡੀਗੜ੍ਹ ਦੇ ਵਸਨੀਕ ਗੁਰਬੀਰ ਸਿੰਘ ਪੰਨੂੰ ਦੀ 2012 ਦੀ ਪਟੀਸ਼ਨ, ਜਿਸ ਵਿੱਚ ਉਸਨੇ



ਸਰਕਾਰੀ ਖਜ਼ਾਨੇ ਨੂੰ ਗੈਰਕਾਨੂੰਨੀ ਖਣਨ ਨਾਲ ਹਰ ਸਾਲ 10,000 ਕਰੋੜ ਦਾ ਰਗੜਾ ਲੱਗਣ ਦੀ ਗੱਲ ਕਹੀ ਹੈ, ਦੀ ਸੁਣਵਾਈ ਦੌਰਾਨ ਨੋਟ ਕੀਤਾ ਕਿ ਉੱਚ ਅਧਿਕਾਰੀ ਜਾਂ ਤਾਂ ਗੈਰ ਕਾਨੂੰਨੀ ਖਣਨ ਨੂੰ ਅਣਗੌਲਿਆਂ ਕਰਦੇ ਹਨ ਜਾਂ ਇਸ ਵਿੱਚ ਹਿੱਸੇਦਾਰ ਹਨ, ਅਤੇ ਪੰਜਾਬ ਦੇ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਨੇ ਵੀ ਕੋਰਟ ਅੱਗੇ ਰਾਜ ਵਿੱਚ ਕਰੋੜਾਂ ਰੁਪਏ ਦੀ ਹੋ ਰਹੀ ਗੈਰ ਕਾਨੂੰਨੀ ਨਿਕਾਸੀ ਵਿੱਚ ਪੁਲੀਸ, ਉਚ ਅਧਿਕਾਰੀਆਂ ਅਤੇ ਸਿਆਸਤਦਾਨਾਂ ਦੀ ਸ਼ਮੂਲੀਅਤ ਨੂੰ ਕਬੂਲ ਕੀਤਾ। ਬੇਲਾ ਰਾਮਗੜ੍ਹ (ਰੋਪੜ) ਦੇ ਸਰਪੰਚ ਗੁਰਦੀਪ ਸਿੰਘ ਦੀ 2010 ਦੀ ਪਟੀਸ਼ਨ ਕਾਰਨ ਹਾਈਕੋਰਟ ਨੇ ਦੋਵਾਂ ਰਾਜਾਂ ਵਿੱਚ ਖਣਨ ਉੱਪਰ ਪਾਬੰਦੀ ਲਾ ਦਿੱਤੀ ਸੀ, ਹੁਣ ਇਸ ਗੱਲੋਂ ਪ੍ਰੇਸ਼ਾਨ ਸੀ ਕਿ ਉਹਨਾਂ ਦੇ ਪਿੰਡ ਵਿੱਚ ਜਨਤਕ ਸੁਣਵਾਈ ਵਿਚ ਇਨਕਾਰ ਹੋਣ ਦੇ ਬਾਵਜੂਦ ਪ੍ਰਸ਼ਾਸਨ ਖਣਨ ਦੀ ਤਿਆਰੀ ਵਿੱਚ ਹੈ। ਪਿਛਲੇ ਕਈ ਸਾਲਾਂ ਤੋਂ ਰੇਤੇ ਬਜਰੀ ਰਾਹੀਂ ਖਪਤਕਾਰਾਂ ਦੀ ਕੀਤੀ ਜਾ ਰਹੀ ਲੁੱਟ ਪੰਜਾਬ ਦੇ ਲੋਕਾਂ ਦਾ ਅਹਿਮ ਮੁੱਦਾ ਬਣਿਆ ਹੋਇਆ ਹੈ ਜਿਸ

(ਬਾਕੀ ਸਫ਼ਾ 6 'ਤੇ)


FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





ਪੰਜਾਬ ਦੇ ਪਾਣੀਆਂ ਦੀ ਲੁੱਟ ਦੀ ਦਾਸਤਾਨ

# ਦਰਿਆਈ ਪਾਣੀਆਂ ਦੀ ਲੁੱਟ : ਕਾਂਗਰਸ ਅਤੇ ਅਕਾਲੀ ਦੋਵੇਂ ਜ਼ਿੰਮੇਵਾਰ



ਡਾ. ਧਰਮਵੀਰ ਗਾਂਧੀ
ਮੈਂਬਰ, ਲੋਕ ਸਭਾ (ਪਟਿਆਲਾ)
090138-69336

ਪਾਣੀਆਂ ਬਾਰੇ ਸੁਪਰੀਮ ਕੋਰਟ ਵੱਲੋਂ ਦਿੱਤੇ ਫ਼ੈਸਲੇ ਨੇ ਪੰਜਾਬ ਦੇ ਸਿਆਸੀ ਮੰਚ 'ਤੇ ਉੱਥਲ-ਪੁੱਥਲ ਮਚਾ ਦਿੱਤੀ ਹੈ। ਸਾਡੇ ਲਈ ਸਤਲੁਜ-ਯਮੁਨਾ ਲਿੰਕ ਨਹਿਰ (ਐੱਸ. ਵਾਈ. ਐੱਲ.) ਇੱਕ ਮਹੱਤਵਪੂਰਨ ਮੁੱਦਾ ਹੈ, ਪਰ ਇਸ ਤੋਂ ਵੀ ਕਿਤੇ ਵੱਧ ਮਹੱਤਵਪੂਰਨ ਤੇ ਵੱਡਾ ਮੁੱਦਾ ਪਿਛਲੇ ਛੇ ਦਹਾਕਿਆਂ ਤੋਂ ਕੇਂਦਰੀ ਸਰਕਾਰਾਂ ਦੀ ਮਿਲੀਭੁਗਤ ਨਾਲ ਹਰਿਆਣਾ, ਰਾਜਸਥਾਨ ਅਤੇ ਦਿੱਲੀ ਵੱਲੋਂ ਰਾਜਸਥਾਨ ਨਹਿਰ, ਗੰਗ ਨਹਿਰ ਅਤੇ ਭਾਖੜਾ ਨਹਿਰ ਰਾਹੀਂ ਪੰਜਾਬ ਦੇ ਲੁੱਟੇ ਗਏ ਪਾਣੀ ਅਤੇ ਬਿਜਲੀ ਦਾ ਮਸਲਾ ਹੈ। ਇਹ ਸੂਬੇ ਦੇ ਕੁਦਰਤੀ ਸੋਮਿਆਂ ਤੇ ਉਸ ਦੇ ਮਾਲਕੀ ਹੱਕਾਂ ਦਾ ਮਸਲਾ ਹੈ, ਇਹ ਸੰਘਵਾਦ ਅਤੇ ਰਾਜਾਂ ਨੂੰ ਵੱਧ ਅਧਿਕਾਰਾਂ ਦਾ ਮਸਲਾ ਹੈ।

ਦਰਿਆਈ ਪਾਣੀਆਂ 'ਤੇ ਕੇਂਦਰ ਸਰਕਾਰ ਵੱਲੋਂ ਸ਼ੁਰੂ ਤੋਂ ਹੀ ਪੰਜਾਬ ਨਾਲ ਧੱਕਾ ਕੀਤਾ ਗਿਆ ਹੈ। ਪੰਜਾਬ ਦੇ ਕੁਦਰਤੀ ਸੋਮਿਆਂ (ਦਰਿਆਵਾਂ) ਦੇ ਪਾਣੀ ਵਿੱਚੋਂ ਧੱਕੇ ਨਾਲ ਬਿਨਾਂ ਕੋਈ ਮੁੱਲ ਦਿੱਤੇ ਮੁਫ਼ਤ ਵਿੱਚ ਗ਼ੈਰ-ਰਿਪੇਰੀਅਨ ਗੁਆਂਢੀ ਸੂਬਿਆਂ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਪਾਣੀ ਅਤੇ ਬਿਜਲੀ ਦੇ ਕੇ ਇੱਕ ਪਾਸੇ ਪੰਜਾਬ ਨੂੰ ਆਰਥਿਕ ਪੱਖੋਂ ਕੰਗਾਲ ਕਰ ਦਿੱਤਾ ਹੈ, ਦੂਜੇ ਪਾਸੇ ਪੰਜਾਬ ਦੇ ਕਿਸਾਨਾਂ ਨੂੰ ਟਿਊਬਵੈੱਲਾਂ 'ਤੇ ਨਿਰਭਰ ਬਣਾ ਕੇ ਕਰਜ਼ਈ ਬਣਾਇਆ ਹੈ। ਸਿੱਟੇ ਵਜੋਂ ਉਹ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ। ਟਿਊਬਵੈੱਲਾਂ 'ਤੇ ਨਿਰਭਰਤਾ ਵਧਣ ਕਾਰਨ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਤੇ ਲਗਪਗ ਤਿੰਨ-ਚੌਥਾਈ ਪੰਜਾਬ ਡਾਰਕ ਜ਼ੋਨ ਵਿੱਚ ਆ ਗਿਆ ਹੈ। ਨਾਸਾ ਦੀ ਇੱਕ ਰਿਪੋਰਟ ਮੁਤਾਬਿਕ ਅਗਲੇ ਪੰਦਰਾਂ ਕੁ ਸਾਲਾਂ ਵਿੱਚ ਹੀ ਪੰਜਾਬ ਬੰਜਰ ਮਾਰੂਥਲ ਬਣਨ ਜਾ ਰਿਹਾ ਹੈ ਅਤੇ ਸੂਬੇ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਲਈ ਪੰਜਾਬ ਵਿੱਚੋਂ ਹਿਜਰਤ ਕਰਨੀ ਪੈ ਸਕਦੀ ਹੈ।

ਦਰਿਆਈ ਪਾਣੀਆਂ ਦੇ ਮਾਮਲੇ ਵਿੱਚ ਰਿਪੇਰੀਅਨ ਹੱਕ ਦਾ ਮਤਲਬ ਹੈ ਕਿ ਪਾਣੀ ਜਿਸ ਜ਼ਮੀਨ ਵਿੱਚੋਂ ਕੁਦਰਤੀ ਤੌਰ 'ਤੇ ਵਹਿੰਦਾ ਹੈ, ਉਸ ਦੀ ਵਰਤੋਂ ਕਰਨ ਦਾ ਅਧਿਕਾਰ ਉਸ ਜ਼ਮੀਨ ਦੇ ਮਾਲਕਾਂ ਦਾ ਹੈ। ਨਰਮਦਾ ਦਰਿਆ ਦੇ ਪਾਣੀਆਂ 'ਤੇ ਰਾਜਸਥਾਨ ਵੱਲੋਂ ਜਤਾਏ ਗਏ ਹੱਕ ਨੂੰ ਨਰਮਦਾ ਵਾਟਰ ਡਿਸਪਿਊਟ ਟ੍ਰਿਬਿਊਨਲ ਨੇ ਰੱਦ ਕਰਦੇ ਹੋਏ ਫ਼ੈਸਲਾ ਸੁਣਾਇਆ ਸੀ ਕਿ ਰਾਜਸਥਾਨ ਵਿੱਚੋਂ ਨਰਮਦਾ ਦਰਿਆ ਦਾ ਕੋਈ ਹਿੱਸਾ ਲੰਘਦਾ ਨਾ ਹੋਣ ਕਾਰਨ ਰਾਜਸਥਾਨ ਇਸ ਦਰਿਆ ਦਾ ਗ਼ੈਰ-ਰਿਪੇਰੀਅਨ ਸੂਬਾ ਹੈ ਤੇ ਇਸ ਲਈ ਉਸ ਦਾ ਨਰਮਦਾ ਦਰਿਆ ਵਿੱਚੋਂ ਪਾਣੀ ਦਾ ਵੀ ਹੱਕ ਨਹੀਂ ਬਣਦਾ। ਸਤਲੁਜ, ਬਿਆਸ ਅਤੇ ਰਾਵੀ ਦਰਿਆ ਕਿਧਰੇ ਵੀ ਰਾਜਸਥਾਨ, ਹਰਿਆਣਾ ਜਾਂ ਦਿੱਲੀ ਵਿੱਚ ਨਹੀਂ ਵਹਿੰਦੇ ਅਤੇ ਇਹ ਇਨ੍ਹਾਂ ਦਰਿਆਵਾਂ ਦੇ ਰਿਪੇਰੀਅਨ ਸੂਬੇ ਨਹੀਂ ਬਣਦੇ।

ਇਤਿਹਾਸ ਵਿੱਚ ਦੋ ਉਦਾਹਰਣਾਂ ਹਨ ਜਦੋਂ ਗ਼ੈਰ-ਰਿਪੇਰੀਅਨ ਗੁਆਂਢੀ ਸੂਬਿਆਂ ਨੇ ਪੰਜਾਬ ਨੂੰ ਮੁੱਲ ਤਾਰਕੇ ਪਾਣੀ ਲਿਆ ਸੀ। ਆਜ਼ਾਦੀ ਤੋਂ ਪਹਿਲਾਂ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਜਦੋਂ ਬੀਕਾਨੇਰ ਰਿਆਸਤ ਨੂੰ ਗੰਗ ਨਹਿਰ ਰਾਹੀਂ ਪਾਣੀ ਦਿੱਤਾ ਗਿਆ ਸੀ ਤਾਂ ਬੀਕਾਨੇਰ ਰਿਆਸਤ ਪੰਜਾਬ ਨੂੰ ਪਾਣੀ ਦਾ ਸਾਲਾਨਾ ਮੁੱਲ ਤਾਰਦਾ ਰਿਹਾ ਹੈ। ਉਸ ਤੋਂ ਪਹਿਲਾਂ ਜਦੋਂ ਮਹਾਰਾਜਾ ਪਟਿਆਲਾ ਦੇ ਕਹਿਣ 'ਤੇ 1873 ਵਿੱਚ ਸਰਹਿੰਦ ਨਹਿਰ ਕੱਢੀ ਗਈ ਸੀ ਤਾਂ ਪਟਿਆਲਾ, ਨਾਭਾ, ਜੀਂਦ ਤੇ ਮਲੇਰਕੋਟਲਾ ਰਿਆਸਤਾਂ ਨੂੰ ਪਾਣੀ ਮੁੱਲ ਦਿੱਤਾ ਗਿਆ ਸੀ। ਸਵਾਲ ਉੱਠਦਾ ਹੈ ਕਿ ਰਾਜਸਥਾਨ, ਹਰਿਆਣਾ ਤੇ ਦਿੱਲੀ ਕਿਵੇਂ ਰਿਪੇਰੀਅਨ ਹੋ ਗਏ ਜੋ ਭੂਗੋਲਿਕ ਪੱਖੋਂ ਇਨ੍ਹਾਂ ਰਿਆਸਤਾਂ ਤੋਂ ਅਗਾਂਹ ਲੰਘ ਕੇ ਪੈਂਦੇ ਹਨ।

ਆਜ਼ਾਦੀ ਤੋਂ ਤੁਰੰਤ ਬਾਅਦ ਪਹਿਲਾਂ ਪੰਡਿਤ ਜਵਾਹਰਲਾਲ ਨਹਿਰੂ ਨੇ ਪੰਜਾਬ ਤੋਂ ਬਿਨਾਂ ਪੁੱਛੇ ਅਤੇ ਬਿਨਾਂ ਕਿਸੇ ਰਾਇਲਟੀ ਜਾਂ ਮੁਆਵਜ਼ੇ ਦੇ ਸਤਲੁਜ ਅਤੇ ਬਿਆਸ ਦਰਿਆਵਾਂ ਨੂੰ ਲਿੰਕ ਕਰਕੇ ਨੰਗਲ ਡੈਮ ਤੋਂ ਭਾਖੜਾ ਨਹਿਰ ਰਾਹੀਂ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਦੇ ਦਿੱਤਾ। ਪੰਜਾਬ ਤੇ ਹਰਿਆਣਾ ਦੀ ਵੰਡ ਤੋਂ ਬਾਅਦ ਇਸ ਨਹਿਰੀ ਸਿਸਟਮ ਦਾ 75 ਫ਼ੀਸਦੀ ਤੋਂ ਵੀ ਵੱਧ ਪਾਣੀ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਜਾ ਰਿਹਾ ਹੈ। ਫਿਰ ਪਾਕਿਸਤਾਨ ਨਾਲ ਸਤਲੁਜ-ਬਿਆਸ ਦੇ ਪਾਣੀਆਂ ਦੇ ਝਗੜੇ ਦੇ ਚਲਦਿਆਂ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਹੁਸੈਨੀਵਾਲਾ ਹੈੱਡ ਵਰਕਸ ਦੀ ਥਾਂ 'ਤੇ 1950 ਵਿੱਚ ਜਦੋਂ ਹਰੀਕੇ ਹੈੱਡ ਵਰਕਸ ਬਣਾਉਣ ਦਾ ਫ਼ੈਸਲਾ ਕੀਤਾ ਤਾਂ ਕੇਂਦਰ ਨੇ 1955 ਵਿੱਚ ਹਰੀਕੇ ਹੈੱਡ ਵਰਕਸ ਤੋਂ ਧੱਕੇ ਨਾਲ 18,500 ਕਿਊਸਕ ਦੀ ਰਾਜਸਥਾਨ ਨਹਿਰ ਕੱਢ ਕੇ ਸਤਲੁਜ, ਰਾਵੀ ਤੇ ਬਿਆਸ ਦਰਿਆਵਾਂ ਦਾ ਪਾਣੀ ਮੁਫ਼ਤ ਵਿੱਚ ਰਾਜਸਥਾਨ ਨੂੰ ਦੇ ਦਿੱਤਾ ਅਤੇ ਪੰਜਾਬ ਦੇ ਮਾਲਕੀ ਹੱਕ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਗੰਗ ਕਨਾਲ ਅਤੇ ਭਾਖੜਾ ਕਨਾਲ ਰਾਹੀਂ ਵੀ ਰਾਜਸਥਾਨ ਨੂੰ ਪਾਣੀ ਜਾ ਰਿਹਾ ਹੈ ਅਤੇ ਭਾਖੜਾ ਨਹਿਰੀ ਸਿਸਟਮ ਰਾਹੀਂ ਹਰਿਆਣਾ ਅਤੇ ਦਿੱਲੀ ਨੂੰ ਪਾਣੀ ਜਾ ਰਿਹਾ ਹੈ। ਸੈਂਟਰਲ ਵਾਟਰ ਐਂਡ ਪਾਵਰ ਕਮਿਸ਼ਨ ਨੇ ਮਾਧੋਪੁਰ ਹੈੱਡਵਰਕਸ ਦੇ ਲੋਹੇ ਦੇ ਗੇਟ ਪੁਰਾਣੇ ਹੋਣ ਕਾਰਨ ਅਨੁਮਾਨ ਲਗਾਇਆ ਸੀ ਕਿ ਰੋਜ਼ਾਨਾ 100 ਕਿਊਸਕ ਪਾਣੀ ਇਨ੍ਹਾਂ ਗੇਟਾਂ ਵਿੱਚੋਂ ਲੀਕ ਹੋ ਕੇ ਰੋਜ਼ਾਨਾ ਪਾਕਿਸਤਾਨ ਨੂੰ ਜਾ ਰਿਹਾ ਹੈ ਅਤੇ 100 ਕਿਊਸਕ ਪਾਣੀ ਦੀ ਕੀਮਤ 100 ਕਰੋੜ ਰੁਪਏ ਸਲਾਨਾ ਆਂਕੀ ਗਈ ਸੀ। ਇਸ ਦਰ ਨਾਲ ਇਸ ਤਰ੍ਹਾਂ ਪਿਛਲੇ 50 ਸਾਲਾਂ ਵਿੱਚ ਰਾਜਸਥਾਨ ਨਹਿਰ, ਸਰਹਿੰਦ ਫੀਡਰ, ਗੰਗ ਨਹਿਰ ਅਤੇ ਭਾਖੜਾ ਦੀਆਂ ਦੋ ਨਹਿਰਾਂ ਰਾਹੀਂ ਹੁਣ ਤਕ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਹਰ ਸਾਲ ਲਗਪਗ 22,000 ਕਰੋੜ ਰੁਪਏ ਦਾ ਪਾਣੀ ਪੰਜਾਬ ਤੋਂ ਮੁਫ਼ਤ ਵਿੱਚ ਜਾ ਰਿਹਾ ਹੈ, ਇਸ ਹਿਸਾਬ ਨਾਲ ਇਸ ਦੀ ਕੁੱਲ ਕੀਮਤ ਪੰਦਰਾਂ ਲੱਖ ਕਰੋੜ ਰੁਪਏ ਤੋਂ ਵੱਧ ਬਣਦੀ ਹੈ, ਜੋ ਸਿੱਧੇ ਰੂਪ ਵਿੱਚ ਪੰਜਾਬ ਦੇ ਖ਼ਜ਼ਾਨੇ ਦੀ ਅੰਨ੍ਹੀ ਲੁੱਟ ਹੈ। ਦੂਜੇ ਪੰਜਾਬ ਸਰਕਾਰ ਹਰ ਸਾਲ ਕਿਸਾਨਾਂ ਨੂੰ ਮੁਫ਼ਤ ਬਿਜਲੀ ਤੇ ਲਗਪਗ 7000 ਕਰੋੜ ਰੁਪਏ ਖ਼ਰਚ ਕਰ ਰਹੀ ਹੈ। ਇਸ ਤੋਂ ਇਲਾਵਾਂ ਕਿਸਾਨਾਂ ਨੂੰ ਆਪਣੇ ਟਿਊਬਵੈੱਲ ਚਲਾਉਣ ਲਈ ਹਜ਼ਾਰਾਂ ਕਰੋੜ ਰੁਪਏ ਡੀਜਲ 'ਤੇ ਖ਼ਰਚਣੇ ਪੈ ਰਹੇ ਹਨ ਅਤੇ ਧਰਤੀ ਵਿੱਚੋਂ ਜ਼ਿਆਦਾ ਪਾਣੀ ਕੱਢਣ ਨਾਲ ਹਜ਼ਾਰਾਂ ਕਰੋੜ ਰੁਪਏ ਬੋਰ ਡੂੰਘੇ ਕਰਵਾਉਣ 'ਤੇ ਖ਼ਰਚਣੇ ਪੈ ਰਹੇ ਹਨ। ਸਰਕਾਰੀ ਅੰਕੜਿਆਂ ਅਨੁਸਾਰ 1969-70 ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਨਹਿਰਾਂ ਦੁਆਰਾ ਸਿੰਚਤ ਕੁੱਲ 30 ਲੱਖ ਹੈਕਟੇਅਰ ਰਕਬੇ ਵਿੱਚੋਂ 13 ਲੱਖ ਹੈਕਟੇਅਰ ਰਕਬਾ ਭਾਵ 43.4 ਫ਼ੀਸਦੀ ਰਕਬਾ ਪੰਜਾਬ ਦਾ ਸੀ ਜੋ ਕਿ ਸਾਲ 2010-11 ਵਿੱਚ ਘਟ ਕੇ ਮਹਿਜ਼ ਲਗਪਗ 11 ਲੱਖ ਹੈਕਟੇਅਰ ਰਹਿ ਗਿਆ ਜੋ ਨਹਿਰਾਂ ਦੁਆਰਾ ਸਿੰਚਤ ਰਕਬੇ ਦਾ ਕੇਵਲ 28 ਫ਼ੀਸਦੀ ਬਣਦਾ ਹੈ। ਦੂਜੇ ਪਾਸੇ ਸਾਲ 1969-70 ਵਿੱਚ ਹਰਿਆਣਾ ਅਤੇ ਰਾਜਸਥਾਨ ਦੋਹਾਂ ਸੂਬਿਆਂ ਦਾ 17 ਲੱਖ ਹੈਕਟੇਅਰ ਰਕਬਾ ਨਹਿਰੀ ਸਿੰਜਾਈ ਅਧੀਨ ਸੀ ਜੋ ਤਿੰਨਾਂ ਰਾਜਾਂ ਦੇ ਨਹਿਰੀ ਸਿੰਜਾਈ ਅਧੀਨ ਕੁੱਲ ਰਕਬੇ ਦਾ 56.7 ਫ਼ੀਸਦੀ ਬਣਦਾ ਸੀ ਜੋ ਕਿ 2010-11 ਵਿੱਚ ਵਧ ਕੇ 28.65 ਲੱਖ ਹੈਕਟੇਅਰ ਹੋ ਗਿਆ ਜੋ ਨਹਿਰੀ ਸਿੰਜਾਈ ਅਧੀਨ ਕੁੱਲ ਰਕਬੇ ਦਾ 72 ਫ਼ੀਸਦੀ ਹੋ ਗਿਆ। ਬੜੀ ਅਜੀਬ ਗੱਲ ਹੈ ਕਿ ਇੱਕ ਰਿਪੇਰੀਅਨ ਸੂਬੇ ਦਾ ਨਹਿਰੀ ਸਿੰਜਾਈ ਅਧੀਨ ਦੋ ਲੱਖ ਹੈਕਟੇਅਰ ਤੋਂ ਵੱਧ ਰਕਬਾ ਘਟ ਗਿਆ ਜਦੋਂਕਿ ਗ਼ੈਰ-ਰਿਪੇਰੀਅਨ ਗੁਆਂਢੀ ਸੂਬਿਆਂ ਦਾ ਸਾਢੇ ਗਿਆਰਾਂ ਲੱਖ ਹੈਕਟੇਅਰ ਤੋਂ ਵੱਧ ਰਕਬਾ ਵਧ ਗਿਆ, ਉਹ ਵੀ ਬਿਨਾਂ ਕੋਈ ਮੁੱਲ ਤਾਰੇ।



ਪੰਜਾਬ ਦੇ ਪਾਣੀ ਦੀ ਇਸ ਲੁੱਟ ਦੀ ਪੰਜਾਬ ਨੂੰ ਚੌਂਹ ਤਰਫ਼ੀ ਮਾਰ ਪਈ ਹੈ, ਪਹਿਲੀ ਗੱਲ ਪੰਜਾਬ ਦਾ ਪਾਣੀ ਬਿਨਾਂ ਕਿਸੇ ਰਾਇਲਟੀ ਤੋਂ ਲੁੱਟ ਕੇ ਪੰਜਾਬ ਨੂੰ ਆਰਥਿਕ ਪੱਖੋਂ ਲਗਪਗ ਪੰਦਰਾਂ ਲੱਖ ਕਰੋੜ ਰੁਪਏ ਦੀ ਮਾਰ ਪਈ ਹੈ। ਦੂਜੀ ਗੱਲ ਇਸ ਨਾਲ ਪੰਜਾਬ ਦੇ ਕਿਸਾਨਾਂ ਦੀ ਟਿਊਬਵੈਲਾਂ 'ਤੇ ਨਿਰਭਰਤਾ ਵਧੀ ਹੈ ਤੇ ਹਰ ਸਾਲ ਟਿਊਬਵੈੱਲਾਂ ਨੂੰ ਅਰਬਾਂ ਰੁਪਏ ਦੀ ਮੁਫ਼ਤ ਬਿਜਲੀ ਦਾ ਆਰਥਿਕ ਬੋਝ ਪੰਜਾਬ ਦੇ ਸਮੁੱਚੇ ਲੋਕਾਂ ਨੂੰ ਘਰੇਲੂ ਤੇ ਵਪਾਰਕ ਬਿੱਲਾਂ ਵਿੱਚ ਵਾਧੇ ਦੇ ਰੂਪ ਵਿੱਚ ਝੱਲਣਾ ਪੈ ਰਿਹਾ ਹੈ, ਤੀਜੀ ਗੱਲ ਟਿਊਬਵੈੱਲਾਂ ਦੀ ਗਿਣਤੀ ਜੋ 1965-66 ਵਿੱਚ ਕੇਵਲ 26,000 ਸੀ 2014-15 ਵਿੱਚ 14 ਲੱਖ ਨੂੰ ਪਾਰ ਕਰ ਚੁੱਕੀ ਹੈ, ਸਿੱਟੇ ਵਜੋਂ ਧਰਤੀ ਦੀ ਤੀਜੀ ਤੇ ਆਖ਼ਰੀ ਤਹਿ ਦਾ ਪਾਣੀ ਖ਼ਤਮ ਹੋਣ ਕਿਨਾਰੇ ਪਹੁੰਚ ਚੁੱਕਾ ਹੈ ਅਤੇ ਪੰਜਾਬ ਬੰਜਰ ਬਣਨ ਵੱਲ ਵਧ ਰਿਹਾ ਹੈ। ਚੌਥੀ ਗੱਲ ਧਰਤੀ ਹੇਠਲੇ ਪਾਣੀ ਦੇ ਹਰ ਸਾਲ ਡੂੰਘੇ ਚਲੇ ਜਾਣ ਕਰਕੇ ਕਿਸਾਨਾਂ ਨੂੰ ਹਰ ਸਾਲ ਕਰੋੜਾਂ ਰੁਪਏ ਦਾ ਕਰਜ਼ਾ ਚੁੱਕ ਕੇ ਆਪਣੇ ਬੋਰ ਡੂੰਘੇ ਕਰਵਾਉਣੇ ਪੈ ਰਹੇ ਹਨ ਅਤੇ ਪੰਜਾਬ ਦੇ ਕਿਸਾਨ ਕਰਜ਼ੇ ਹੇਠ ਨੱਕੋ-ਨੱਕ ਦੱਬ ਚੁੱਕੇ ਹਨ। ਪੰਜਵੀਂ ਗੱਲ ਰਾਜਸਥਾਨ ਨਹਿਰ ਰੇਤਲੇ ਇਲਾਕੇ ਵਿੱਚੋਂ ਕੱਢਣ ਕਰਕੇ ਇਸ ਨਹਿਰ ਦੇ ਪਾਣੀ ਦੀ ਵੱਡੀ ਮਾਤਰਾ ਧਰਤੀ ਵਿੱਚ ਰਿਸਣ ਕਰਕੇ ਪੰਜਾਬ ਅੰਦਰ ਨਹਿਰਾਂ ਦੇ ਆਲੇ-ਦੁਆਲੇ ਲੱਖਾਂ ਏਕੜ ਭੂਮੀ ਵਿੱਚ ਸੇਮ ਦੀ ਸਮੱਸਿਆ ਉਸ ਇਲਾਕੇ ਵਿੱਚ ਆਈ, ਜਿੱਥੇ ਧਰਤੀ ਹੇਠਲਾ ਪਾਣੀ ਵਰਤੋਂ ਯੋਗ ਨਹੀਂ ਸੀ ਅਤੇ ਜ਼ਮੀਨ ਵਿੱਚ ਖਾਰੇ ਤੱਤ ਦੀ ਬਹੁਤਾਤ






ਸੀ, ਸੇਮ ਨਾਲ ਇਹ ਖਾਰੇ ਤੱਤ ਉੱਪਰ ਆ ਗਏ ਅਤੇ ਮੁਕਤਸਰ, ਬਠਿੰਡਾ, ਫ਼ਾਜ਼ਿਲਕਾ ਅਤੇ ਫ਼ਰੀਦਕੋਟ ਜ਼ਿਲ੍ਹਿਆਂ ਦੀ ਲੱਖਾਂ ਏਕੜ ਜ਼ਮੀਨ ਬੰਜਰ ਬਣ ਗਈ। ਕਈ ਸਾਲ ਫ਼ਸਲਾਂ ਮਾਰੀਆਂ ਗਈਆਂ ਕਿਸਾਨ ਕਰਜ਼ਈ ਬਣ ਗਏ, ਪੰਜਾਬ ਸਰਕਾਰ ਨੂੰ ਕਰਜ਼ੇ ਚੁੱਕ ਕੇ ਸੇਮ ਨਾਲੇ ਪੁੱਟਣੇ ਪਏ। ਪਹਿਲਾਂ ਹੀ ਕਰਜ਼ੇ ਹੇਠ ਦੱਬੀ ਸੂਬਾ ਸਰਕਾਰ ਹੋਰ ਕਰਜ਼ਈ ਹੋ ਗਈ। ਜੇ ਪੰਜਾਬ ਦੇ ਸਿੰਜਾਈ ਪੈਟਰਨ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਚਲਦਾ ਹੈ ਕਿ 1969-70 ਵਿੱਚ ਸੂਬੇ ਦੇ ਕੁੱਲ ਸਿੰਜਾਈ ਹੇਠਲੇ ਰਕਬੇ ਦਾ 46.1 ਫ਼ੀਸਦੀ ਰਕਬਾ ਨਹਿਰਾਂ ਰਾਹੀਂ ਸਿੰਜਿਆ ਜਾ ਰਿਹਾ ਸੀ ਜਦੋਂਕਿ ਕੇਵਲ 35.7 ਫ਼ੀਸਦੀ ਰਕਬਾ ਟਿਊਬਵੈਲਾਂ ਰਾਹੀਂ ਸਿੰਜਿਆ ਜਾ ਰਿਹਾ ਸੀ। 2010-11 ਵਿੱਚ ਨਹਿਰੀ ਸਿੰਜਾਈ ਅਧੀਨ ਰਕਬਾ ਸੂਬੇ ਦੇ ਕੁੱਲ ਸਿੰਜਾਈ ਅਧੀਨ ਰਕਬੇ ਦਾ ਘਟ ਕੇ ਕੇਵਲ 27.4 ਰਹਿ ਗਿਆ ਜਦੋਂਕਿ ਇਸ ਸਮੇਂ ਦੌਰਾਨ ਟਿਊਬਵੈਲਾਂ ਰਾਹੀਂ ਸਿੰਜਾਈ ਅਧੀਨ ਰਕਬਾ ਵਧ ਕੇ 72.6 ਫ਼ੀਸਦੀ ਹੋ ਗਿਆ। ਇੰਨਾ ਹੀ ਨਹੀਂ ਇਸ ਸਮੇਂ ਦੌਰਾਨ ਸਿੰਜਾਈ ਅਧੀਨ ਕੁੱਲ ਰਕਬਾ 28.35 ਲੱਖ ਹੈਕਟੇਅਰ ਤੋਂ ਵਧ ਕੇ 40.70 ਲੱਖ ਹੈਕਟੇਅਰ ਹੋ ਗਿਆ ਜਦੋਂਕਿ ਨਹਿਰਾਂ ਅਧੀਨ ਸਿੰਜਾਈ ਵਾਲਾ ਰਕਬਾ ਲਗਪਗ ਦੋ ਲੱਖ ਹੈਕਟੇਅਰ ਘਟ ਗਿਆ।

ਪੰਜਾਬ ਤੇ ਹਰਿਆਣਾ ਦੀ ਵੰਡ ਵੇਲੇ ਵੀ ਪਾਣੀਆਂ ਦੇ ਮਾਮਲੇ ਵਿੱਚ ਪੰਜਾਬ ਨਾਲ ਸ਼ਰੇਆਮ ਧੱਕਾ ਕੀਤਾ ਗਿਆ। ਜਦੋਂ ਮਦਰਾਸ ਸਟੇਟ ਵਿੱਚੋਂ ਬੋਲੀ ਦੇ ਆਧਾਰ 'ਤੇ ਨਵਾਂ ਸੂਬਾ ਆਂਧਰਾ ਬਣਾਇਆ ਗਿਆ ਤਾਂ ਤੁੰਗਭਦਰਾ ਪ੍ਰਾਜੈਕਟ ਵਿੱਚੋਂ ਮਦਰਾਸ ਸਟੇਟ ਨੂੰ ਇੱਕ ਬੂੰਦ ਪਾਣੀ ਨਹੀਂ ਦਿੱਤਾ ਗਿਆ ਸੀ। ਤੁੰਗਭਦਰਾ ਪ੍ਰਾਜੈਕਟ ਦੀ ਵੰਡ ਰਿਪੇਰੀਅਨ ਸਿਧਾਂਤਾਂ ਅਨੁਸਾਰ ਕੇਵਲ ਆਂਧਰਾ ਤੇ ਮੈਸੂਰ ਸਟੇਟ ਵਿੱਚ ਕੀਤੀ ਗਈ ਸੀ, ਮਦਰਾਸ ਸਟੇਟ ਨੂੰ ਕੋਈ ਹਿੱਸਾ ਨਹੀਂ ਦਿੱਤਾ ਗਿਆ ਸੀ; ਪਰ ਜਦੋਂ ਪੰਜਾਬ-ਹਰਿਆਣਾ ਵੰਡੇ ਗਏ ਤਾਂ ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ ਵਿੱਚ ਇੱਕ ਬਹੁਤ ਵੱਡਾ ਫ਼ਰਕ ਪਾਉਂਦਿਆਂ 'ਉੱਤਰਾਅਧਿਕਾਰੀ ਸੂਬੇ' ਲਿਖ ਦਿੱਤਾ ਗਿਆ। ਇਸ ਤਰ੍ਹਾਂ ਗ਼ੈਰ-ਰਿਪੇਰੀਅਨ ਹਰਿਆਣਾ ਨੂੰ ਉੱਤਰਾਅਧਿਕਾਰੀ ਸੂਬਾ ਹੋਣ ਕਰਕੇ ਭਾਖੜਾ ਨੰਗਲ ਅਤੇ ਬਿਆਸ ਪ੍ਰਾਜੈਕਟਸ ਵਿੱਚ ਧੱਕੇ ਨਾਲ ਹੱਕਦਾਰ ਬਣਾ ਦਿੱਤਾ ਗਿਆ ਜਦੋਂਕਿ ਮਦਰਾਸ ਸਟੇਟ ਦੀ ਵੰਡ ਵੇਲੇ ਮਦਰਾਸ ਵੀ ਉੱਤਰਾਅਧਿਕਾਰੀ ਸੂਬਾ ਸੀ, ਪਰ ਉਸ ਨੂੰ ਅਜਿਹਾ ਹੱਕ ਨਹੀਂ ਦਿੱਤਾ ਗਿਆ ਸੀ। ਇੱਥੋਂ ਤਕ ਕਿ ਮਦਰਾਸ (ਚੇਨੱਈ) ਸ਼ਹਿਰ ਲਈ ਪੀਣ ਲਈ ਵੀ ਪਾਣੀ ਨਹੀਂ ਦਿੱਤਾ ਗਿਆ ਸੀ। ਜੇ 'ਉੱਤਰਾਅਧਿਕਾਰੀ ਸੂਬੇ' ਅਨੁਸਾਰ ਹੀ ਵੰਡ ਕਰਨੀ ਹੈ ਤਾਂ ਫਿਰ ਯਮੁਨਾ ਨਦੀ ਦੇ ਪਾਣੀ ਵਿੱਚੋਂ ਪੰਜਾਬ ਨੂੰ ਹਿੱਸਾ ਕਿਉਂ ਨਹੀਂ ਦਿੱਤਾ ਗਿਆ? ਉਸ ਦਾ ਕਿਤੇ ਜ਼ਿਕਰ ਤਕ ਨਹੀਂ ਕੀਤਾ ਗਿਆ। ਦਿੱਲੀ ਤੇ ਰਾਜਸਥਾਨ ਪੰਜਾਬ ਦੇ ਉੱਤਰਾਅਧਿਕਾਰੀ ਸੂਬੇ ਕਿਵੇਂ ਬਣ ਗਏ?

29 ਜਨਵਰੀ 1955 ਨੂੰ ਉਸ ਵੇਲੇ ਦੇ ਕੇਂਦਰੀ ਸਿੰਜਾਈ ਤੇ ਊਰਜਾ ਮੰਤਰਾਲੇ ਦੀ ਜਿਸ ਮੀਟਿੰਗ ਵਿੱਚ ਰਾਜਸਥਾਨ ਨੂੰ 80 ਲੱਖ ਏਕੜ ਫੁੱਟ ਪਾਣੀ ਦੇਣ ਦਾ ਫ਼ੈਸਲਾ ਲਿਆ ਗਿਆ ਸੀ, ਉਸ ਮੀਟਿੰਗ ਵਿੱਚ ਹੀ ਪੰਜਵੇਂ ਪੈਰੇ ਵਿੱਚ ਇਹ ਵੀ ਫ਼ੈਸਲਾ ਲਿਆ ਗਿਆ ਸੀ ਕਿ ਪਾਣੀ ਦਾ ਮੁੱਲ ਲੈਣ ਬਾਰੇ ਫ਼ੈਸਲਾ ਵੱਖਰੀ ਮੀਟਿੰਗ ਕਰਕੇ ਲਿਆ ਜਾਵੇਗਾ, ਪਰ ਬਾਅਦ ਵਿੱਚ ਕੇਂਦਰ ਅਤੇ ਰਾਜਸਥਾਨ ਸਰਕਾਰ ਨੇ ਅੱਖਾਂ ਬੰਦ ਕਰ ਲਈਆਂ ਤੇ ਪੰਜਾਬ ਦੇ ਪਾਣੀਆਂ ਨੂੰ ਬੇਰਹਿਮੀ ਨਾਲ ਲੁੱਟਿਆ ਗਿਆ। ਰਾਜਸਥਾਨ, ਹਰਿਆਣਾ ਤੇ ਦਿੱਲੀ ਕਿਵੇਂ ਰਿਪੇਰੀਅਨ ਹੋ ਗਏ, ਜੋ ਭੂਗੋਲਿਕ ਪੱਖੋਂ ਇਨ੍ਹਾਂ ਰਿਆਸਤਾਂ ਤੋਂ ਅਗਾਂਹ ਲੰਘ ਕੇ ਪੈਂਦੇ ਹਨ। ਕੇਂਦਰ ਸਰਕਾਰ ਪੰਜਾਬ ਦੇ ਪਾਣੀਆਂ ਦਾ ਬਣਦਾ ਮੁੱਲ ਦਿਵਾਏ ਜਾਂ ਖ਼ੁਦ ਦੇਵੇ ਤਾਂ ਕਿ ਪੰਜਾਬ ਦੀ ਆਰਥਿਕਤਾ ਪੈਰਾਂ ਸਿਰ ਆ ਸਕੇ।

ਧੱਕੇ ਦਾ ਸਿਖ਼ਰ 1976 ਵਿੱਚ ਐਮਰਜੈਂਸੀ ਵੇਲੇ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਕੀਤਾ ਗਿਆ ਜਦੋਂ ਪੰਜਾਬ ਕੋਲ ਬਚਦੇ 72 ਲੱਖ ਏਕੜ ਫੁੱਟ ਪਾਣੀ ਵਿੱਚੋਂ 35 ਲੱਖ ਏਕੜ ਫੁੱਟ ਹਰਿਆਣਾ ਨੂੰ ਅਤੇ ਦੋ ਲੱਖ ਏਕੜ ਫੁੱਟ ਦਿੱਲੀ ਨੂੰ ਦੇ ਦਿੱਤਾ ਗਿਆ। ਕਿੰਨੀ ਸਿਤਮਜ਼ਰੀਫ਼ੀ ਦੀ ਗੱਲ ਹੈ ਕਿ ਪੰਜਾਬ ਵਰਗੇ ਰਿਪੇਰੀਅਨ ਸੂਬੇ ਨੂੰ 35 ਲੱਖ ਏਕੜ ਫੁੱਟ ਪਾਣੀ ਅਤੇ ਰਾਜਸਥਾਨ ਵਰਗੇ ਗ਼ੈਰ-ਰਿਪੇਰੀਅਨ ਸੂਬੇ ਨੂੰ 80 ਲੱਖ ਏਕੜ ਫੁੱਟ ਪਾਣੀ ਪੰਜਾਬ ਦੀ ਹਿੱਕ ਪਾੜਕੇ ਰਾਜਸਥਾਨ ਨਹਿਰ ਰਾਹੀਂ ਦੇ ਦਿੱਤਾ ਗਿਆ। ਫਿਰ 31 ਦਸੰਬਰ 1981 ਵਿੱਚ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਦਰਬਾਰਾ ਸਿੰਘ ਦੀ ਬਾਂਹ ਮਰੋੜ ਕੇ ਅਤੇ ਅਸਤੀਫ਼ੇ ਦਾ ਦਬਕਾ ਮਾਰ ਕੇ ਸੁਪਰੀਮ ਕੋਰਟ ਵਿੱਚੋਂ ਪੰਜਾਬ ਰੀਆਰਗੇਨਾਈਜੇਸ਼ਨ ਐਕਟ 1966 ਦੀ ਧਾਰਾ 78, 79 ਤੇ 80 ਨੂੰ ਚੁਣੌਤੀ ਦਿੰਦੀ ਰਿੱਟ ਪਟੀਸ਼ਨ ਵਾਪਸ ਕਰਵਾ ਕੇ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਦੇਣ ਦੇ ਇੱਕ ਸਿਰੇ ਦੇ ਗ਼ੈਰਕਾਨੂੰਨੀ ਅਤੇ ਬੇਇਨਸਾਫ਼ੀ ਭਰਪੂਰ ਸਮਝੌਤੇ 'ਤੇ ਜਬਰਨ ਦਸਤਖ਼ਤ ਕਰਵਾਏ ਗਏ। ਇਸ ਦੇ ਸਿੱਟੇ ਵਜੋਂ ਪੰਜਾਬ ਡੇਢ ਦਹਾਕਾ ਕਾਲੇ ਦੌਰ ਵਿੱਚੋਂ ਗੁਜ਼ਰਿਆ। ਇਸ ਲਈ ਇਹ ਸਮਝੌਤਾ ਰੱਦ ਕੀਤਾ ਜਾਣਾ ਚਾਹੀਦਾ ਹੈ ਅਤੇ ਪੰਜਾਬ ਨੂੰ ਦੇਸ਼ ਦੇ ਕਾਨੂੰਨ ਤੇ ਸੰਵਿਧਾਨ ਅਨੁਸਾਰ ਇਨਸਾਫ਼ ਦਿੱਤਾ ਜਾਵੇ।

ਪੰਜਾਬ ਨਾਲ ਹੋਏ ਧੱਕੇ ਲਈ ਅਕਾਲੀ ਵੀ ਕਾਂਗਰਸ ਦੇ ਬਰਾਬਰ ਦੇ ਦੋਸ਼ੀ ਹਨ, ਅਕਾਲੀਆਂ ਨੇ ਪੰਜਾਬ ਦੀਆਂ ਹੱਕੀ ਮੰਗਾਂ ਨੂੰ ਕੇਵਲ ਸਿੱਖ ਧਰਮ ਦਾ ਮਸਲਾ ਬਣਾ ਕੇ ਪੰਜਾਬੀਆਂ ਦੇ ਵਿਸ਼ਾਲ ਹਿੱਤਾਂ ਦਾ ਹਮੇਸ਼ਾਂ ਨੁਕਸਾਨ ਕੀਤਾ ਹੈ। ਇਨ੍ਹਾਂ ਗ਼ੈਰ-ਰਿਪੇਰੀਅਨ ਸੂਬਿਆਂ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਪਾਣੀ ਦੇਣ ਦੇ ਮਸਲੇ ਨੂੰ ਕਦੇ ਵੀ ਕਾਨੂੰਨੀ ਤੌਰ 'ਤੇ ਚੁਣੌਤੀ ਨਹੀਂ ਦਿੱਤੀ। 1978 ਵਿੱਚ ਬਾਦਲ ਸਰਕਾਰ ਨੇ ਸਤਲੁਜ ਯਮੁਨਾ ਲਿੰਕ ਨਹਿਰ ਲਈ ਜ਼ਮੀਨ ਪ੍ਰਾਪਤ ਕਰਨ ਲਈ ਇੱਕ ਕਰੋੜ ਰੁਪਏ ਹਰਿਆਣਾ ਦੀ ਦੇਵੀ ਲਾਲ ਸਰਕਾਰ ਤੋਂ ਲਿਆ ਅਤੇ ਉਸ ਤੋਂ ਪਹਿਲਾਂ ਗਿਆਨੀ ਜ਼ੈਲ ਸਿੰਘ ਦੀ ਕਾਂਗਰਸ ਸਰਕਾਰ ਨੇ ਇੱਕ ਕਰੋੜ ਰੁਪਏ ਲਿਆ। ਦੱਸਣਯੋਗ ਹੈ ਕਿ ਨਹਿਰ ਲਈ ਪਹਿਲੀ ਵਾਰ ਜ਼ਮੀਨ ਬਾਦਲ ਸਰਕਾਰ ਨੇ ਹੀ ਐਕਵਾਇਰ ਕੀਤੀ ਸੀ। ਅਕਾਲੀ ਦਲ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਾਲੀ ਸਰਕਾਰ ਸਮੇਂ ਹੀ 1985-87 ਦੌਰਾਨ ਇਹ ਨਹਿਰ ਬਣੀ ਸੀ।

ਪੰਜਾਬ ਅੰਦਰ ਇੱਕ ਕਰੋੜ ਪੰਜ ਲੱਖ ਏਕੜ ਦੇ ਕਰੀਬ ਜ਼ਮੀਨ ਵਾਹੀ ਹੇਠ ਹੈ ਅਤੇ ਦੋ ਫ਼ਸਲਾਂ ਵਾਲੀ ਹੈ। ਇਸ ਵਿੱਚੋਂ 98 ਫ਼ੀਸਦੀ ਸੇਂਜੂ ਹੈ। ਇਕੱਲੀ ਜੀਰੀ ਹੇਠ ਲਗਪਗ 75 ਲੱਖ ਏਕੜ ਰਕਬਾ ਹੈ। ਖੇਤੀਬਾੜੀ ਯੂਨੀਵਰਸਿਟੀ ਅਨੁਸਾਰ ਜੀਰੀ ਲਈ ਪ੍ਰਤੀ ਏਕੜ ਪੰਜ ਫੁੱਟ ਪਾਣੀ ਦੀ ਲੋੜ ਹੈ। ਇਸ ਲਿਹਾਜ਼ ਨਾਲ ਪੰਜਾਬ ਨੂੰ ਲਗਪਗ ਪੰਜ ਕਰੋੜ ਏਕੜ ਫੁੱਟ ਪਾਣੀ ਖੇਤੀਬਾੜੀ ਲਈ ਚਾਹੀਦਾ ਹੈ। ਪੰਜਾਬ ਦੇ ਦਰਿਆਵਾਂ ਦਾ ਸਾਰਾ ਪਾਣੀ ਵਰਤ ਕੇ ਵੀ ਇਹ ਲੋੜ ਪੂਰੀ ਨਹੀਂ ਹੋ ਸਕਦੀ। ਇਸ ਲਈ ਜ਼ਰੂਰੀ ਹੈ ਕਿ ਪਾਣੀ ਦੀ ਵਰਤੋਂ ਸੰਜਮ ਨਾਲ ਕੀਤੀ ਜਾਵੇ ਤਾਂ ਕਿ ਧਰਤੀ ਹੇਠਲੇ ਪਾਣੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਬਚਾਇਆ ਜਾ ਸਕੇ।

ਜੇ ਪੰਜਾਬ ਨੂੰ ਇਸ ਦੇ ਪਾਣੀ ਦਾ ਬਣਦਾ ਮੁੱਲ ਦਿੱਤਾ ਜਾਵੇ ਤਾਂ ਇਹ ਨਾ ਸਿਰਫ਼ ਸਾਰੇ ਸਿੰਜਾਈ ਅਤੇ ਵਾਹੀ ਹੇਠਲੇ ਰਕਬੇ ਨੂੰ ਕਿਸਾਨਾਂ ਨੂੰ 100 ਫ਼ੀਸਦੀ ਸਬਸਿਡੀ ਦੇ ਕੇ ਡਰਿੱਪ ਸਿੰਜਾਈ ਅਤੇ ਫੁਹਾਰਾ ਸਿੰਜਾਈ ਹੇਠ ਲਿਆ ਕੇ ਪਾਣੀ ਦੀ ਲਗਪਗ 90 ਫ਼ੀਸਦੀ ਬੱਚਤ ਕਰ ਸਕਦਾ ਹੈ। ਗਰੀਨਹਾਊਸ ਤਕਨੀਕਾਂ 'ਤੇ 100 ਫ਼ੀਸਦੀ ਸਬਸਿਡੀ ਦੇ ਕੇ ਖੇਤੀ ਵਿਭਿੰਨਤਾ ਲਾਗੂ ਕੀਤੀ ਜਾ ਸਕਦੀ ਹੈ। ਖੇਤੀ ਸੈਕਟਰ ਵਿੱਚ ਵਰਤੀ ਜਾ ਰਹੀ ਮੁਫ਼ਤ ਬਿਜਲੀ ਦੀ ਬੱਚਤ ਕਰਕੇ ਪੰਜਾਬ ਦੇ ਉਦਯੋਗਾਂ ਨੂੰ ਇਹ ਬਿਜਲੀ ਮੁਫ਼ਤ ਦਿੱਤੀ ਜਾ




ਸਕਦੀ ਹੈ ਅਤੇ ਮਰਨ ਕਿਨਾਰੇ ਪਹੁੰਚ ਚੁੱਕੇ ਜਾਂ ਬੰਦ ਹੋ ਚੁੱਕੇ ਉਦਯੋਗਾਂ ਨੂੰ ਸੁਰਜੀਤ ਕੀਤਾ ਜਾ ਸਕਦਾ ਹੈ। ਪੰਜਾਬ ਦੇ ਤਬਾਹ ਹੋ ਚੁੱਕੇ ਵਿੱਦਿਅਕ ਤੇ ਸਿਹਤ ਢਾਂਚੇ ਨੂੰ ਮਜ਼ਬੂਤ ਕਰਕੇ ਪੈਰਾਂ 'ਤੇ ਖੜ੍ਹਾ ਕੀਤਾ ਸਕਦਾ ਹੈ। ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਪੰਜਾਬ ਦੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਅਤੇ ਡੂੰਘੇ ਜਾ ਰਹੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਨਾਲ ਨਾਲ ਖੇਤੀ ਲਈ ਸਟੋਰੇਜ, ਪ੍ਰੋਸੈਸਿੰਗ ਤੇ ਮਾਰਕੀਟਿੰਗ ਲਈ ਵਿਸ਼ਵ ਪੱਧਰ ਦਾ ਢਾਂਚਾ ਵਿਕਸਿਤ ਕੀਤਾ ਜਾ ਸਕਦਾ ਹੈ। ਪੰਜਾਬ ਨੂੰ ਬਚਾਉਣ ਦਾ ਤੇ ਨਵਾਂ ਪੰਜਾਬ ਸਿਰਜਣ ਦਾ ਹੀ ਇਹੋ ਇੱਕ ਰਸਤਾ ਹੈ।

ਇਸ ਸੰਦਰਭ ਵਿੱਚ ਪੰਜਾਬੀਆਂ ਦੀਆਂ ਇਹ ਮੰਗਾਂ ਹੱਕੀ ਤੇ ਤਰਕਸੰਗਤ ਹਨ ਕਿ ਪੰਜਾਬ ਦੇ ਦਰਿਆਈ ਪਾਣਿਆਂ ਸਬੰਧੀ 1947 ਤੋਂ ਲੈ ਕੇ ਅੱਜ ਤਕ ਕੀਤੇ ਸਾਰੇ ਬੇਇਨਸਾਫ਼ੀ ਭਰਪੂਰ ਸਮਝੌਤੇ, ਸੰਧੀਆਂ ਅਤੇ ਫ਼ੈਸਲੇ ਰੱਦ ਕੀਤੇ ਜਾਣ। ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਸਿਰਫ਼ ਅਤੇ ਸਿਰਫ਼ ਪੰਜਾਬ ਦੇ ਅਧਿਕਾਰ ਨੂੰ ਮੰਨਿਆ ਕੀਤਾ ਜਾਵੇ। ਪੰਜਾਬ ਪੁਨਰਗਠਨ (ਝਕਰਗਪ ਐਕਟ 1966 ਦੀਆਂ ਧਾਰਾਵਾਂ 78, 79 ਅਤੇ 80 ਨੂੰ ਰੱਦ ਕੀਤਾ ਜਾਵੇ ਅਤੇ ਆਂਧਰਾ, ਮੈਸੂਰ ਅਤੇ ਮਦਰਾਸ ਸਟੇਟਾਂ ਦੀ ਵੰਡ ਵੇਲੇ ਅਪਣਾਏ ਰਿਪੇਰੀਅਨ ਸਿਧਾਂਤ ਅਨੁਸਾਰ ਪੰਜਾਬ ਦੇ ਪਾਣੀਆਂ, ਪਣ-ਬਿਜਲੀ, ਡੈਮਾਂ ਅਤੇ ਸਿੰਜਾਈ ਪ੍ਰਾਜੈਕਟਾਂ ਤੇ ਪੰਜਾਬ ਨੂੰ ਪੂਰਨ ਮਾਲਕੀ ਹੱਕ ਦਿੱਤਾ ਜਾਵੇ। ਰਾਜਸਥਾਨ, ਹਰਿਆਣਾ ਤੇ ਦਿੱਲੀ ਸੂਬਿਆਂ ਨੂੰ ਵਹਿ ਰਹੇ ਪਾਣੀਆਂ ਬਾਰੇ ਇਨ੍ਹਾਂ ਸੂਬਿਆਂ ਨਾਲ ਅੱਗੋਂ ਲਈ ਕੋਈ ਵੀ ਸਮਝੌਤਾ ਕਰਨ ਅਤੇ ਫ਼ੈਸਲਾ ਲੈਣ ਦਾ ਹੱਕ ਪੂਰਨ ਰੂਪ ਵਿੱਚ ਕੇਂਦਰ ਦੀ ਦਖ਼ਲਅੰਦਾਜ਼ੀ ਤੋਂ ਬਗ਼ੈਰ ਪੰਜਾਬ ਨੂੰ ਦਿੱਤਾ ਜਾਵੇ। ਪੰਜਾਬ ਦੇ ਪਾਣੀਆਂ ਦੀ ਹੁਣ ਤਕ ਹੋਈ ਲੁੱਟ ਦਾ ਮੁਆਵਜ਼ਾ ਕੇਂਦਰ ਸਰਕਾਰ, ਹਰਿਆਣਾ, ਰਾਜਸਥਾਨ ਅਤੇ ਦਿੱਲੀ ਸਰਕਾਰਾਂ ਵੱਲੋਂ ਦਿੱਤਾ ਜਾਵੇ। ਇਸ ਦੇ ਇਵਜ਼ ਵਜੋਂ ਪੰਜਾਬ ਦਾ ਸਾਰਾ ਕਰਜ਼ਾ ਖ਼ਤਮ ਕੀਤਾ ਜਾਵੇ। ਸਾਰੇ ਪੰਜਾਬੀਆਂ ਨੂੰ ਧਰਮ, ਜਾਤ ਸਮੇਤ ਸਾਰੇ ਸਿਆਸੀ ਮੱਤਭੇਦ ਭੁਲਾ ਕੇ ਪੰਜਾਬ ਦੇ ਭਲੇ ਲਈ, ਸਿਹਤਮੰਦ, ਸਿੱਖਿਅਤ ਅਤੇ ਹੁਨਰਮੰਦ ਨਵੇਂ ਪੰਜਾਬ ਦੀ ਸਿਰਜਣਾ ਵਾਸਤੇ ਇਨ੍ਹਾਂ ਹੱਕੀ ਮੰਗਾਂ ਲਈ ਆਵਾਜ਼ ਬੁਲੰਦ ਕਰਨ ਦੀ ਜ਼ਰੂਰਤ ਹੈ।

# ਸੁੰਗੜੀ ਸੋਚ ਸਮਾਜ ਦੇ ਹੱਥਾਂ ਵਿੱਚ ਮੋਬਾਇਲ

ਵਿਗਿਆਨ ਨੇ ਸਾਡੇ ਲਈ ਬੇਹੱਦ ਸੁੱਖ ਸਹੂਲਤਾਂ ਦੇ ਅੰਬਾਰ ਲਾ ਦਿੱਤੇ ਹਨ। ਹਕੀਕਤ ਵਿੱਚ ਦੁਨੀਆਂ ਮੁੱਠੀ ਵਿਚ ਕਰ ਦਿੱਤੀ ਹੈ। ਵਿਗਿਆਨ ਨੇ "ਗੂਗਲ ਬਾਬਾ" ਤੋਂ ਮਨ ਚਾਹਿਆ ਤੁਸੀਂ ਪੁੱਛ ਸਕਦੇ ਹੋ। ਦੇਖਿਆ ਵੀ ਜਾ ਸਕਦਾ ਹੈ। ਸੁਣਿਆ ਤੇ ਸਾਂਭਿਆ ਜਾ ਸਕਦਾ ਹੈ। ਉਹ ਕਿਹੜੀ ਚੀਜ਼ ਜੋ ਇਸ ਯੰਤਰ ਨੇ ਸੌਖਾਲੀ ਨਹੀਂ ਕਰ ਦਿੱਤੀ।



ਇਸ ਪਿੱਛੇ ਵਿਗਿਆਨ ਦੀ ਘਾਲਣਾ ਨੂੰ ਸਲਾਮ ਹੈ ਸਵੇਰੇ ਉੱਠ ਕੇ ਜੈ ਵਿਗਿਆਨ ਕਹਿਣਾ ਚਾਹੀਦਾ ਹੈ।

ਪਰ ਵਿਗਿਆਨਕ ਵਿਚਾਰਧਾਰਾ ਵਿਗਿਆਨ ਪੜ੍ਹਾਉਣ ਤੇ ਪੜਨ ਵਾਲਿਆਂ ਦੇ ਪਿੜ ਪੱਲੇ ਨਹੀਂ ਪਈ।

ਪੜ੍ਹ ਲਿਖ ਕੇ ਪਿਆ ਨਾ ਪਿੜਪੱਲੇ
ਦਿਮਾਗ ਸਾਡਾ ਨੰਗ ਰਹਿ ਗਿਆ।
ਸਿਵਲਿੰਗ ਨੂੰ ਸਲਾਮਾਂ ਲੋਕੀਂ ਕਰਦੇ
ਸੁਣਕੇ ਮੈ ਦੰਗ ਰਹਿ ਗਿਆ।

ਕੁੱਝ ਸਾਲ ਪੁਰਾਣੀ ਗੱਲ ਹੈ ਅਖਬਾਰ ਪੜ੍ਹਦੇ ਪਤਾ ਲੱਗਾ ਕਿ ਨਾਸਾ ਦੀ ਪੋਲਾੜ ਯਾਤਰੀ ਸੁਨੀਤਾ ਵਿਲੀਅਨ ਜੋ ਛੇ ਮਹੀਨੇ ਤੱਕ ਪੋਲਾੜ ਚ ਖੋਜਕਾਰਾਂ ਦੇ ਮਹਾਨ ਕਾਰਜ ਲਈ ਪੁਲਾੜ ਵਿੱਚ ਰਹਿਕੇ ਆਏ ਹਨ। ਉਹਨਾਂ ਬਾਰੇ ਖਬਰ ਸੀ। ਇਹ ਵਿਗਿਆਨੀ ਔਰਤ ਪੁਲਾੜ 'ਚ ਆਪਣੇ ਨਾਲ ਇਕ ਗਣੇਸ਼ ਦੀ ਮੂਰਤੀ ਵੀ ਕੋਲ ਰੱਖਦੀ ਸੀ ਜਿਥੋਂ ਉਹਨਾਂ ਨੂੰ ਸਕਤੀ ਮਿਲਦੀ ਸੀ।

ਖਬਰ ਪੜ੍ਹ ਕੇ ਹੈਰਾਨ ਹੋ ਰਿਹਾ ਸੀ ਕਮਾਲ ਹੈ ਪੁਲਾੜ ਵਿੱਚ ਜਿਥੇ ਅਸੀਂ ਧਰਤੀ ਦੀ ਖਿੱਚ ਤੋਂ ਬਾਹਰ ਹੋ ਜਾਂਦੇ। ਉਹਨਾਂ ਵਿਗਿਆਨੀਆਂ ਨੇ ਸਾਨੂੰ ਉਥੋਂ ਪਹੁੰਚਾ ਦਿੱਤਾ ਹੈ। ਜਿਥੇ ਚੀਜ਼ਾਂ ਭਾਰ ਰਹਿਤ ਹੋ ਜਾਦੀਆਂ ਹਨ।

ਸੁਨੀਤਾ ਵਿਲੀਅਮ ਦਾ ਵਿਗਿਆਨਕ ਕਾਰਜ ਇਹ ਸੀ ਜਦੋਂ ਮਨੁੱਖ ਭਾਰ ਰਹਿਤ ਹੋ ਜਾਂਦਾ ਹੈ ਉਸ ਦੇ ਸਰੀਰ ਦੇ ਪ੍ਰੋਟੀਨਾਂ 'ਤੇ ਕੀ ਪ੍ਰਭਾਵ ਪੈਂਦਾ ਹੈ। ਹੱਡੀਆਂ ਦੇ ਕੈਂਸਰ ਬਲੱਡ ਸ਼ੂਗਰ ਵਰਗੀਆਂ ਨਾਮੁਰਾਦ ਅਨੇਕ ਬੀਮਾਰੀਆਂ ਦੀ ਖੋਜ ਦਾ ਅਹਿਮ ਕਾਰਜ ਕਰ ਰਹੇ ਸੀ ਸਨੀਤਾ ਵਿਲੀਅਮ। ਪਰ ਗਣੇਸ਼ ਦੀ ਮੂਰਤੀ ਤੋਂ ਸ਼ਕਤੀ ਲੈ ਕੇ ਸੈਟੇਲਾਈਟ ਰਾਹੀਂ ਉਹ ਘਰ ਪਰਿਵਾਰ ਧਰਤੀ 'ਤੇ ਰਾਬਤਾ ਕਾਇਮ ਰੱਖ ਰਹੇ ਸੀ।

ਖਬਰ ਪੜ੍ਹ ਹੀ ਰਿਹਾ ਸੀ ਕਿ ਮੇਰੇ ਕੋਲ ਹੁਣ ਇਕ ਹੋਰ ਔਰਤ ਆਈ ਜੋ ਕਿ ਰਾਜਸਥਾਨ ਦੇ ਸਨ ਸਾਡੇ ਨਜ਼ਦੀਕ ਹੀ ਗਊਆਂ ਰੱਖਦੇ ਸਨ। ਕਹਿੰਦੀ ਹਮਾਰੀ ਗਊ ਦੇਖ ਕੇ ਆਉ ਉਸ ਕੇ ਥਣੋ ਕੋਈ ਸੁਜਨ ਆ ਗਿਆ ਹੈ। ਮੈਂ ਰਸਤੇ ਜਾਂਦੇ ਹੋਏ ਪੁੱਛਿਆ ਤੁਸੀਂ ਗਾਂ ਨੂੰ ਪਹਿਲਾਂ ਕੋਈ ਦਵਾਈ ਵਗੈਰਾ ਦਿੱਤੀ ਹੈ।

ਔਰਤ ਕਹਿੰਦੀ ਹਮੇ ਹਮਾਰੇ ਗਾਉ ਸੇ ਕੱਲ ਹਥੋਲਾ ਪਵਾਇਆ ਥਾ।
ਮੈਂ ਪੁਛਿਆ ਕਿ ਤੁਹਾਡਾ ਗਾਉ ਕਹਾ ਹੈ।
ਕਹਿੰਦੀ ਬੀਕਾਨੇਰ ਸੇ ਆਗੇ ਹੈ
ਹਥੋਲਾ ਕੈਸੇ ਪਵਾਇਆ ।
ਕਹਿੰਦੀ ਮੋਬਾਇਲ ਪਰ ਹੀ ਪਾਇਆ ਥਾ।
ਅਬ ਹਮਾਰੇ ਮੋਬਾਈਲ ਪਰ ਰੇਂਜ ਨਹੀਂ ਹੈ।

ਕਮਾਲ ਹੈ ਬੀਕਾਨੇਰ 325 ਕਿ: ਮੀ: ਦੂਰ ਹੈ ਮੋਬਾਇਲ ਦੀ ਰੇਂਜ ਦੀ ਸੱਮਸਿਆ ਹੈ ਹਥੋਲੇ ਦੀ ਕੋਈ ਸੱਮਸਿਆ ਨਹੀਂ ਹੈ।

ਰੇਂਜ ਡਗੀ ਰਾਬਤਾ ਟੁੱਟ ਗਿਆ
ਕਰਨੀ ਵਾਲੇ ਬਾਬਿਆਂ ਦਾ।

ਉਸ ਦਿਨ ਹੀ ਸਾਡਾ ਪ੍ਰੋਗਰਾਮ ਸੀ ਜਿਸ ਵਿੱਚ ਅਸੀਂ ਗੀਤ ਸੰਗੀਤ ਪੇਸ਼ ਕਰਨਾ ਸੀ। ਅਪਣੀ ਸਿਫਟ ਲਾਕੇ ਮੈਂ ਸਟੇਜ ਦੇ ਪਿੱਛੇ ਕੈਬਿਨ ਵਿੱਚ ਬੈਠਾ ਅਖਬਾਰ ਪੜ੍ਹ ਰਿਹਾ ਸੀ।

ਨਾਟਕ ਸਬੰਧੀ ਸਟੇਜ ਸਕੱਤਰ ਬੋਲ ਰਿਹਾ ਸੀ
ਨਾਟਕ ਸੀ ਮੈਂ ਭਗਤ ਸਿੰਘ।

ਨਾਟਕ ਨਿਰਦੇਸ਼ਕ ਨਾਟਕ ਟੀਮ ਨੂੰ ਖੜ੍ਹਾ ਕਰਕੇ ਅਰਦਾਸ ਕਰ ਰਿਹਾ ਸੀ।

ਪੁੱਛਿਆ ਕਹਿੰਦੇ ਕਿ ਇਕਾਗਰਤਾ ਵਾਸਤੇ ਹੈ।

ਸੋਚ ਰਿਹਾ ਸੀ ਕਿ ਕੀ ਭਗਤ ਸਿੰਘ ਨੇ ਅਸੈਂਬਲੀ ਵਿੱਚ ਬੰਬ ਅਰਦਾਸ ਕਰਕੇ ਸੁੱਟਿਆ ਸੀ। ਭਗਤ ਸਿੰਘ ਦੀ ਫਲਾਸਫੀ ਅਰਦਾਸ ਕਰਨ ਲਈ ਨਹੀਂ ਸੀ ਕਹਿੰਦੀ ।

ਦਰਅਸਲ ਮੈਨੂੰ ਰਾਜਸਥਾਨ ਵਾਲੀ ਔਰਤ ਤੇ ਸਨੀਤਾ 'ਵਿਗਿਆਨੀ' ਤੇ ਨਾਟਕ ਨਿਰਦੇਸ਼ਕ ਇਕੋ ਹੀ ਸੋਚ ਦੇ ਵੱਖ-ਵੱਖ ਪਾਤਰ ਜਾਪ ਰਹੇ ਸਨ।

# ਹਾਜੀਪੁਰ ਦਾ ਗੈਰਕਾਨੂੰਨੀ ਖਣਨ

(ਸਫ਼ਾ 3 ਦੀ ਬਾਕੀ)

ਨਾਲ ਉਸਾਰੀ ਮਜ਼ਦੂਰਾਂ ਦਾ ਰੁਜ਼ਗਾਰ ਵੱਡੀ ਪੱਧਰ 'ਤੇ ਪ੍ਰਭਾਵਿਤ ਹੋਇਆ ਹੈ। ਇਸ ਦੇ ਨਾਲ ਹੀ ਪਿਛਲੇ ਸਾਲ ਤੋਂ ਰੇਤਾ ਬਜਰੀ ਮਾਫੀਏ ਵੱਲੋਂ ਹਿਮਾਲਾ ਪਰਬਤ ਦੇ ਪੈਰਾਂ ਵਿੱਚ ਹੁਸ਼ਿਆਰਪੁਰ ਅਤੇ ਰੋਪੜ ਜ਼ਿਲ੍ਹਿਆਂ ਵਿੱਚ ਕੀਤੀ ਜਾ ਰਹੀ ਖਣਨ ਨਾਲ ਦਰਿਆਵਾਂ, ਨਾਲਿਆਂ ਅਤੇ ਚੋਆਂ ਦੇ ਤਲਾਂ ਦੀ ਕੀਤੀ ਜਾ ਰਹੀ ਬਰਬਾਦੀ, ਕਿਸਾਨਾਂ ਦਾ ਉਜਾੜਾ, ਵਿਰੋਧ ਨੂੰ ਨੱਪਣ ਲਈ ਬਣਾਇਆ ਜਾ ਰਿਹਾ ਦਹਿਸ਼ਤ ਦਾ ਮਾਹੌਲ ਅਤੇ ਪੱਤਰਕਾਰਾਂ ਦੀ ਕੁੱਟਮਾਰ ਅਤੇ ਅਖੌਤੀ ਐਕਸੀਡੈਂਟਾਂ ਨਾਲ ਉਨ੍ਹਾਂ ਦੀ ਮੌਤ ਆਦਿ ਵੀ ਅਖਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ। ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਇਸ ਨੂੰ ਲੋਕਾਂ ਦੇ ਜਿਊਣ ਦੇ ਮੁੱਢਲੇ ਹੱਕ ਦੀ ਉਲੰਘਣਾ ਦੇ ਤੌਰ 'ਤੇ ਲੈਂਦੇ ਹੋਏ ਇਸ ਵਰਤਾਰੇ ਦੀ ਖੋਜ ਪੜਤਾਲ ਕਰਕੇ ਸਚਾਈ ਲੋਕਾਂ ਸਾਹਮਣੇ ਲਿਆਉਣ ਦਾ ਫੈਸਲਾ ਕੀਤਾ। ਇਸ ਲਈ ਸਭਾ ਨੇ ਸੂਬਾ ਪ੍ਰਧਾਨ ਪ੍ਰੋ. ਏ ਕੇ ਮਲੇਰੀ, ਸੂਬਾ ਜਨਰਲ ਸਕੱਤਰ ਪ੍ਰੋ. ਜਗਮੋਹਨ ਸਿੰਘ, ਜਥੇਬੰਦਕ ਸਕੱਤਰ ਨਰਭਿੰਦਰ, ਪ੍ਰਿਤਪਾਲ ਸਿੰਘ (ਮੈਂਬਰ ਆਗੂ ਟੀਮ), ਡਾ. ਚਮਨ ਲਾਲ ਵਸ਼ਿਸ਼ਟ (ਹੁਸ਼ਿਆਰਪੁਰ ਜ਼ਿਲ੍ਹਾ ਪ੍ਰਧਾਨ) ਅਤੇ ਡਾ.ਤੇਜਪਾਲ (ਜ਼ਿਲ੍ਹਾ ਸਕੱਤਰ ਹੁਸ਼ਿਆਰਪੁਰ) ਅਧਾਰਤ ਟੀਮ ਦਾ ਗਠਨ ਕੀਤਾ। ਟੀਮ ਨੇ ਖਣਨ ਤੋਂ ਪ੍ਰਭਾਵਿਤ ਹੁਸ਼ਿਆਰਪੁਰ ਦੇ ਹਾਜੀਪੁਰ ਬਲਾਕ ਦੇ ਪਿੰਡਾਂ ਦਾ ਦੌਰਾ ਕੀਤਾ ਅਤੇ ਖਣਨ ਤੋਂ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ। ਟੀਮ ਨੇ ਇਲਾਕੇ ਦੀ 'ਖਣਨ ਰੋਕੋ ਜ਼ਮੀਨ ਬਚਾਓ' ਸੰਘਰਸ਼ ਕਮੇਟੀ ਦੇ ਆਗੂਆਂ ਨਾਲ ਵੀ ਗੱਲਬਾਤ ਕੀਤੀ। ਖਣਨ ਸਬੰਧੀ ਪੰਜਾਬ ਸਰਕਾਰ ਦੇ ਵੱਖ ਵੱਖ ਪੱਤਰਾਂ, ਅਦਾਲਤੀ ਫੈਸਲਿਆਂ ਅਤੇ ਅਖਬਾਰੀ ਰਿਪੋਰਟਾਂ ਦੀ ਵੀ ਘੋਖ ਪੜਤਾਲ ਕੀਤੀ।

ਕੰਢੀ ਇਲਾਕੇ ਦਾ ਪਿਛੋਕੜ: ਤਿੰਨ ਭੂਗੋਲਿਕ ਖਿੱਤਿਆਂ ਵਿੱਚ ਵੰਡੇ ਪੰਜਾਬ ਦਾ ਇੱਕ ਖਿੱਤਾ ਕੰਢੀ ਇਲਾਕੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸ਼ਿਵਾਲਕ ਪਹਾੜੀਆਂ ਦੇ ਨਾਲ ਨਾਲ ਹਿਮਾਚਲ ਪ੍ਰਦੇਸ਼ ਦੇ ਪੈਰਾਂ ਹੇਠ ਪਸਰਿਆ ਇਹ ਇਲਾਕਾ ਡੇਰਾਬਸੀ ਤੋਂ ਲੈ ਕੇ ਚੰਡੀਗੜ੍ਹ, ਰੋਪੜ, ਬਲਾਚੌਰ ਹੁਸ਼ਿਆਰਪੁਰ ਮੁਕੇਰੀਆਂ ਤੋਂ ਹੁੰਦਾ ਹੋਇਆ ਪਠਾਨਕੋਟ ਤੱਕ ਪਸਰਿਆ ਹੋਇਆ ਹੈ। ਇਹ ਪੰਜਾਬ ਦੇ ਕੁੱਲ ਭੂਗੋਲਿਕ ਰਕਬੇ ਦਾ 10 ਪ੍ਰਤੀਸ਼ਤ ਹੈ । ਪਰ ਇਸ ਇਲਾਕੇ ਦਾ ਕੇਵਲ ਪੰਜਵਾ ਹਿੱਸਾ ਹੀ ਵਾਹੀਯੋਗ ਹੈ, ਵਧੇਰੇ ਇਲਾਕਾ ਗੈਰ ਉਪਜਾਊ ਹੈ। 40ਫੀ ਸਦੀ ਇਲਾਕਾ ਜੰਗਲਾਂ ਹੇਠ ਹੈ ਅਤੇ 5 ਲੱਖ 13 ਹਜ਼ਾਰ ਏਕੜ ਜ਼ਮੀਨ ਵਿੱਚ ਬਾਗ, ਜਦਕਿ 70 ਹਜ਼ਾਰ ਏਕੜ ਵਿਚ ਸਬਜ਼ੀਆਂ ਦੀ ਕਾਸ਼ਤ ਹੁੰਦੀ ਹੈ। 20 ਫੀਸਦੀ ਰਕਬੇ ਉੱਪਰ ਹੋਣ ਵਾਲੀ ਖੇਤੀ ਕੁਦਰਤੀ ਸਰੋਤਾਂ ਉੱਪਰ ਹੀ ਨਿਰਭਰ ਰਹੀ ਹੈ। ਪੰਜਾਬ ਦੀ ਅਨਾਜ ਦੀ 18 ਕੁਇੰਟਲ ਕਿਲੋ ਪ੍ਰਤੀ ਏਕੜ ਪੈਦਾਵਾਰ ਦੇ ਮੁਕਾਬਲੇ ਇਸ ਇਲਾਕੇ ਦੀ ਪੈਦਾਵਾਰ 2.8 ਕੁਇੰਟਲ ਪ੍ਰਤੀ ਏਕੜ (ਛੇਵੇਂ ਹਿੱਸੇ ਤੋਂ ਵੀ ਘੱਟ) ਹੈ।

ਇਸ ਇਲਾਕੇ ਵਿੱਚ ਸਾਲ ਵਿਚ 1000 ਤੋਂ 1200 ਮਿਲੀਮੀਟਰ ਬਰਸਾਤ ਹੁੰਦੀ ਹੈ। ਬਹੁਤੀ ਬਰਸਾਤ ਭਾਵ 80 ਫੀਸਦੀ ਕੇਵਲ ਜੁਲਾਈ, ਅਗਸਤ ਅਤੇ ਅੱਧ ਸਤੰਬਰ ਵਿੱਚ ਹੀ ਹੋ ਜਾਂਦੀ ਹੈ। ਬਰਸਾਤ ਦਾ ਬਹੁਤਾ ਪਾਣੀ ਰੁੜ ਜਾਂਦਾ ਹੈ। ਇਸ ਤੋਂ ਇਲਾਵਾ ਸ਼ਿਵਾਲਕ ਪਹਾੜੀਆਂ ਦੇ ਪੈਰਾਂ ਹੇਠ ਹੋਣ ਕਰ ਕੇ ਇਹ ਇਲਾਕਾ ਚੋਆਂ ਦੀ ਮਾਰ ਹੇਠ ਵੀ ਆਉਂਦਾ ਹੈ ਜਿਹਨਾਂ ਦਾ ਪਾਣੀ ਇੱਕ ਪਾਸੇ ਉਪਜਾਊ ਜ਼ਮੀਨ ਨੂੰ ਰੋੜ ਕੇ ਲੈ ਜਾਂਦਾ ਹੈ ਅਤੇ ਦੂਜੇ ਪਾਸੇ ਪਹਾੜਾਂ ਤੋਂ ਲਿਆਂਦੀ ਰੇਤ ਨਾਲ ਖੇਤਾਂ ਨੂੰ ਬੰਜਰ ਬਣਾ ਦਿੰਦਾ ਹੈ। ਇਲਾਕੇ ਦਾ ਭੂਮੀ ਹੇਠਲਾ ਪਾਣੀ ਜ਼ਿਆਦਾ ਡੂੰਘਾ ਹੋਣ ਕਰਕੇ ਇੱਥੇ ਆਸਾਨੀ ਨਾਲ ਟਿਊਬਵੈੱਲ ਨਹੀਂ ਲਾਏ ਜਾ ਸਕਦੇ। ਕੰਢੀ ਇਲਾਕੇ ਵਿੱਚ 1952 ਵਿੱਚ ਚੋਆਂ ਦੀ ਮਾਰ ਲੱਗਭੱਗ 75 ਹਜ਼ਾਰ ਏਕੜ ਜ਼ਮੀਨ 'ਤੇ ਸੀ ਜਿਹੜੀ 1990 ਵਿੱਚ ਵੱਧ ਕੇ ਇੱਕ ਲੱਖ 25 ਹਜ਼ਾਰ ਏਕੜ ਉੱਪਰ ਹੋ ਗਈ ਸੀ।

1978 ਵਿੱਚ ਤਲਵਾੜਾ ਡੈਮ ਤੋਂ ਪਹਿਲੀ 'ਕੰਢੀ' ਨਹਿਰ ਕੱਢੀ ਗਈ ਅਤੇ ਫਿਰ ਅੱਸੀਵਿਆਂ ਵਿਚ ਕੰਢੀ ਇਲਾਕੇ ਵਿੱਚ 422 ਡੂੰਘੇ ਟਿਊਬਵੈੱਲ ਲਾਏ ਗਏ ਜਿਹਨਾਂ ਚੋਂ ਕੁਲ 364 ਹੁਸ਼ਿਆਰਪੁਰ ਜ਼ਿਲ੍ਹੇ ਵਿਚ ਲਾਏ। ਇਸ ਵਿਚੋਂ 233 ਹੁਸ਼ਿਆਰਪੁਰ ਦੇ ਕੰਢੀ ਇਲਾਕੇ ਵਿੱਚ ਲਾਏ ਗਏ। 1990-91 ਤੋਂ 1995-96 ਦੇ ਦੂਸਰੇ ਪੜਾਅ ਵਿੱਚ 13 ਛੋਟੇ ਡੈਮ ਬਣਾਉਣ ਦੀ ਸਕੀਮ ਸੀ ਜਿਹਨਾਂ ਚੋਂ 6 ਹੀ ਮੁਕੰਮਲ ਹੋ ਸਕੇ। ਮਿਸਾਲ ਵਜੋਂ ਢੋਲਵਾਹਾ ਡੈਮ ਨੇ 40500 ਏਕੜ ਨੂੰ ਚੋਆਂ ਤੋਂ ਬਚਾਇਆ ਅਤੇ 7000 ਅਨਾਜ ਦੀ ਪੈਦਾਵਾਰ ਵਧੀ। ਇਸੇ ਤਰ੍ਹਾਂ ਜਨੌੜੀ, ਢਮਸਲ, ਚੋਹਲ, ਸਲੇਰਾ ਅਤੇ ਪਤਿਆਨੀ ਡੈਮਾਂ ਦੀ ਉਸਾਰੀ ਨਾਲ ਪ੍ਰਭਾਵ ਪਿਆ। ਚੋਆਂ ਅਤੇ ਬਾਰਸ਼ਾਂ ਦਾ ਪਾਣੀ ਰੋਕਣ ਲਈ 66 ਕੱਚੇ ਬੰਨ ਉਸਾਰੇ ਗਏ ਅਤੇ ਪਾਣੀ ਚੁੱਕ ਕੇ ਲਾਉਣ ਦੀ ਵਿਵਸਥਾ ਕੀਤੀ ਗਈ। ਭਾਵ ਇਸ ਇਲਾਕੇ ਦੀ ਸਮੱਸਿਆ ਬਾਰਸ਼ਾਂ ਦੇ ਪਾਣੀ ਨਾਲ ਖੇਤੀ ਅਤੇ ਜ਼ਮੀਨ ਦੀ ਤਬਾਹੀ ਹੀ ਪ੍ਰਮੁੱਖ ਰਹੀ। ਸਰਕਾਰਾਂ ਦੇ ਦਾਅਵੇ ਅਤੇ ਸਕੀਮਾਂ ਦਾ ਅਮਲ ਅੱਧ ਅਧੂਰਾ ਹੀ ਹੋਇਆ।

ਇੱਥੋਂ ਦੀ ਖੇਤੀ ਪਹਿਲਾਂ ਬਰਸਾਤ ਉੱਪਰ ਹੀ ਨਿਰਭਰ ਰਹੀ ਹੈ। ਆਬਾਦੀ ਖਿੰਡੀ ਪੁੰਡੀ ਹੈ। ਪਿੰਡਾਂ ਦੀ ਬਣਤਰ ਵੀ ਵੱਖਰੀ ਹੈ। ਹੁਸ਼ਿਆਰਪੁਰ ਮੁਕੇਰੀਆਂ ਇਲਾਕੇ ਦੇ ਇਹਨਾਂ ਪਿੰਡਾਂ 'ਚ ਸਮਾਜਿਕ ਸਭਿਆਚਾਰਕ ਜੀਵਨ ਵਿਚ ਖੜੋਤ ਹੈ। ਇੱਥੋਂ ਦੀ ਆਬਾਦੀ ਦਾ ਵੱਡਾ ਹਿੱਸਾ 2.5 ਏਕੜ ਜ਼ਮੀਨ ਦੀ ਮਾਲਕੀ ਵਾਲਾ ਹੈ ਅਤੇ ਵੱਧ ਤੋਂ ਵੱਧ ਵੱਡੀ ਮਾਲਕੀ 5 ਤੋਂ 7 ਏਕੜ ਦੀ ਹੈ।

ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਵੀ ਇੱਥੇ ਕੋਈ ਸਥਾਈ ਰਾਜ ਪ੍ਰਬੰਧ ਨਹੀਂ ਸੀ ਕਿਉਂਕਿ ਇਲਾਕੇ ਵਿੱਚ ਉਤਪਾਦਨ ਦੇ ਸ੍ਰੋਤ ਨਹੀਂ ਸਨ। ਅੰਗਰੇਜ਼ਾਂ ਦੇ ਆਉਣ ਪਿੱਛੋਂ ਵੀ ਹਾਲਾਤ ਇਵੇਂ ਹੀ ਰਹੇ। ਆਬਾਦੀ ਦਾ ਵੱਡਾ ਹਿੱਸਾ ਪਹਿਲਾਂ ਰਜਵਾੜਿਆਂ ਸਮੇਂ, ਫਿਰ ਅੰਗਰੇਜ਼ਾਂ ਸਮੇਂ ਅਤੇ 1947 ਪਿੱਛੋਂ ਵੀ ਰੁਜ਼ਗਾਰ ਹਿੱਤ ਫੌਜਾਂ ਵਿੱਚ ਹੀ ਭਰਤੀ ਹੁੰਦਾ ਰਿਹਾ ਜਾਂ ਨੌਕਰੀਆਂ ਲਈ ਬਾਹਰ ਜਾਂਦੇ ਰਹੇ। ਪਰ ਜਦੋਂ ਤਲਵਾੜੇ ਡੈਮ ਅਤੇ ਮੁਕੇਰੀਆਂ ਹਾਈਡਲ ਬਣ ਰਿਹਾ ਸੀ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਕਾਮੇ ਸਾਈਕਲਾਂ 'ਤੇ ਕੰਮ ਦੀਆਂ ਥਾਵਾਂ 'ਤੇ ਜਾਂਦੇ ਸਨ।

ਇਸ ਇਲਾਕੇ ਵਿੱਚ ਪੜਾਈ ਨੂੰ ਕਾਫੀ ਮਹੱਤਤਾ ਦਿੱਤੀ ਜਾਂਦੀ ਰਹੀ ਹੈ ਕਿਉਂ ਕਿ ਆਰਥਕ ਮੰਦਵਾੜੇ ਵਿੱਚੋਂ ਨਕਿਲ ਦਾ ਇਹ ਹੀ ਇਕ ਰਾਹ ਸੀ। ਇਸ ਇਲਾਕੇ ਦੀਆਂ ਔਰਤਾਂ ਪੰਜਾਬ ਨਾਲੋਂ ਵਧੇਰੇ ਬੇਬਾਕ ਹਨ। ਜਿਸ ਦਾ ਕਾਰਨ ਉਨ੍ਹਾਂ ਦਾ ਖੇਤੀ ਤੇ ਸਹਾਇਕ ਧੰਦਿਆਂ ਭਾਵ ਮਜ਼ਦੂਰੀ ਵਿੱਚ ਲੱਗੇ ਹੋਣ ਕਰਕੇ ਹੈ। 1947 ਤੋਂ ਪਹਿਲਾਂ ਇਹ ਇਲਾਕਾ ਦੇਸ਼ ਭਗਤਾਂ ਦੀ ਠਾਹਰ ਵੀ ਰਿਹਾ, ਜਿਸ ਕਰ ਕੇ ਕਮਿਊਨਿਸਟ ਲਹਿਰ ਦੇ ਪ੍ਰਭਾਵ ਹੇਠ ਵੀ ਰਿਹਾ। 70 ਵਿਆਂ ਤੋਂ ਪਿਛੋਂ 80 ਵਿੱਚ ਵਿਸ਼ੇਸ਼ ਕਰ ਕੇ ਭਾਜਪਾ ਅਸਰ ਵਧਿਆ ਹੈ ।

**ਸੜਕਾਂ ਸਬੰਧੀ** : ਅੱਖੀਂ ਦਖਿਆ ਹਾਲ:

ਮੇਨ ਰੋਡ ਤੋਂ ਜਦੋਂ ਟੀਮ ਹੰਦਵਾਲ ਰੋਡ 'ਤੇ ਟੋਟੇ ਪਿੰਡ ਲੰਘ ਕੇ ਨਹਿਰ ਦੇ ਪੁੱਲ ਤੱਕ ਪਹੁੰਚੀ ਤਾਂ ਪੰਜਾਂ ਮਿੰਟਾਂ 'ਚ 15 ਭਰੇ ਟਰੱਕ ਪਾਸ ਕੀਤੇ। ਟਰੱਕ ਨੰਬਰ ਇਸ ਪ੍ਰਕਾਰ ਹਨ PB08-6967, PB09A-9451, PB08L-2699, PB08AF-9966, PB10S-6950, PB10-6917, PB07A- 4985, PB10A-2710, PB12M-9388, PB08-1849, PB08AF-9860, PB10L-9977, PBG3110, PB10F-9996, PB07-1849। ਇਹ ਸਮਾਂ ਦੁਪਹਿਰ ਦਾ ਸੀ। ਸਥਾਨਕ ਲੋਕਾਂ ਦੇ ਦੱਸਣ ਅਨੁਸਾਰ ਸ਼ਾਮ ਨੂੰ ਇਹਨਾਂ ਵਾਹਨਾਂ ਦੀ ਗਿਣਤੀ ਹੋਰ ਵੱਧ ਜਾਂਦੀ ਹੈ। ਇਹਨਾ ਵਾਹਨਾਂ ਦੀ ਭੱਦੀ ਡਰਾਇਵਿੰਗ ਨੇ ਕਈ ਜਾਨਾਂ ਵੀ ਲਈਆਂ ਹਨ ਅਤੇ ਲੋਕਾਂ ਵਿੱਚ ਦਹਿਸ਼ਤ ਦਾ ਮਹੌਲ ਬਣਾਇਆ ਹੈ। ਇਹ 10 ਫੁੱਟੀ ਪਿੰਡ ਨੂੰ ਜਾਂਦੀ ਲਿੰਕ ਰੋਡ ਹੈ ਜਿਸ ਉਪਰ 24 ਟਨ ਵਜ਼ਨ ਵਾਲੇ ਭਾਰੀ ਵਾਹਨ ਲਗਾਤਾਰ ਚੱਲਣ ਕਰਕੇ 44, 55 ਫੁੱਟ ਦੇ ਖੱਡੇ ਪਏ ਹੋਏ ਹਨ। ਇਹ ਸੜਕ ਦਾ ਕੁੱਝ ਹਿੱਸਾ ਨਹਿਰ ਅਤੇ ਨਿਕਾਸੀ ਨਾਲੇ ਦੀ ਪਟੜੀ ਉੱਤੇ ਪੈਂਦਾ ਹੈ। ਇਸ ਪਟੜੀ ਉੱਪਰ ਨਹਿਰੀ ਵਿਭਾਗ ਕਦੇ ਖੇਤਾਂ ਲਈ ਪਸ਼ੂ ਰੇੜੇ ਵੀ ਨਹੀਂ ਚੱਲਣ ਦਿੰਦਾ ਸੀ ਪਰ ਇਹਨਾਂ ਟੱਰਕਾਂ ਨੂੰ ਕੋਈ ਰੋਕ ਨਹੀਂ ਹੈ। ਇਹ ਸਾਰੇ ਟਰੱਕ ਹੰਦਵਾਲ ਨੇੜੇ ਖੱਡਿਆਂ 'ਚ ਲੱਗੇ ਕਰੈਸ਼ਰ ਤੋਂ ਬਜਰੀ ਅਤੇ ਹੋਰ ਮਾਲ ਉਠਾ ਕੇ ਲੈਜਾ ਰਹੇ ਸਨ। ਇਸ ਕਾਰਨ ਸਥਾਨਿਕ ਲੋਕਾਂ ਦੀ ਆਵਾਜਾਈ ਲਈ ਮੁਸ਼ਕਲਾਂ ਖੜੀਆਂ ਹੋਈਆਂ। ਟੋਟੇ ਪਿੰਡ ਦੇ ਫਿਰਨੀ ਉੱਤੋਂ ਦਿਨ ਰਾਤ ਲੰਘਦੀ ਭਾਰੀ ਆਵਾਜਾਈ ਤੋਂ ਪ੍ਰੇਸ਼ਾਨ ਹੋਕੇ ਲੋਕਾਂ ਨੇ ਜਦੋਂ ਇਸ ਦਾ ਵਿਰੋਧ ਕੀਤਾ ਤਾਂ ਮਾਫੀਏ ਨੇ ਦਹਿਸ਼ਤ ਪਾਉਣ ਦੀ ਕੋਸ਼ਿਸ਼ ਕੀਤੀ । ਪਿੰਡ ਦੀਆਂ ਔਰਤਾਂ ਵੱਲੋਂ ਦਿਨ ਰਾਤ ਸੜਕ ਨੂੰ ਜਾਮ ਕਰਕੇ ਇਹਨਾਂ ਵਾਹਨਾਂ ਦਾ ਫਿਰਨੀ ਉਪਰ ਚਲਣਾ ਬੰਦ ਕੀਤਾ ਗਿਆ। ਪਿੰਡ ਦੀਆਂ ਸੰਘਰਸ਼ਸ਼ੀਲ ਔਰਤਾਂ ਦਾ ਮਨੋਬਲ ਤੋੜਨ ਲਈ ਉਹਨਾਂ ਉੱਪਰ ਇਲਜ਼ਾਮਬਾਜ਼ੀ ਵੀ ਕੀਤੀ।

**ਹਾਈਕੋਰਟ ਦੇ ਨਿਰਦੇਸ਼** : ਸੁਰਿੰਦਰ ਸਿੰਘ ਅਤੇ 4 ਹੋਰ ਸਾਥੀਆਂ ਵੱਲੋਂ ਪੰਜਾਬ ਹਰਿਆਣਾ ਹਾਈਕੋਰਟ 'ਚ 2013 ਵਿੱਚ ਪਾਈ ਜਨਤਕ ਹਿੱਤ ਰਿਟ ਨੰਬਰ 14711 ਦਾਇਰ ਕਰਕੇ ਹੁਸ਼ਿਆਰਪੁਰ ਦੇ ਮੁਕੇਰੀਆਂ ਤਹਿਸੀਲ ਵਿੱਚ ਹਿਮਾਚਲ ਦੇ ਨਾਲ ਲੱਗਦੇ ਪਿੰਡਾਂ ਦੀਆਂ ਸੜਕਾਂ ਉੱਪਰ ਸਟੋਨ ਕਰੈਸ਼ਰ ਮੈਟੀਰੀਅਲ ਨਾਲ ਲੱਦੀਆਂ ਭਾਰੀਆਂ ਗੱਡੀਆਂ ਨੂੰ ਨਾ ਰੋਕਣ ਕਰਕੇ ਪਿੰਡਾਂ ਦੀਆਂ ਸੜਕਾਂ ਦੇ ਟੁੱਟਣ, ਵਾਤਾਵਰਣ 'ਚ ਪ੍ਰਦੂਸ਼ਣ ਫੈਲਾਉਣ, ਜਾਨ ਮਾਲ ਦਾ ਨੁਕਸਾਨ ਅਤੇ ਲੋਕਾਂ ਨੂੰ ਆ ਰਹੀਆਂ ਪ੍ਰੇਸ਼ਾਨੀਆਂ ਕਾਰਨ ਇਹਨਾਂ ਭਾਰੀਆਂ ਗੱਡੀਆਂ ਦੇ ਰੋਕਣ ਲਈ ਅਦਾਲਤੀ ਨਿਰਦੇਸ਼ਾਂ ਦੀ ਮੰਗ ਕੀਤੀ। ਰਿੱਟ ਵਿੱਚ ਪਹਿਲਾਂ ਪਾਈਆਂ ਅਜਿਹੀਆਂ ਰਿੱਟਾਂ ਦਾ ਵੀ ਵਰਨਣ ਹੈ। ਪਟੀਸ਼ਨਰਾਂ ਦੀ ਇਸ ਰਿੱਟ ਉੱਪਰ 12 ਜੁਲਾਈ 2013 ਨੂੰ ਦਿੱਤੇ ਫੈਸਲੇ 'ਚ ਅਦਾਲਤ ਨੇ ਕਾਰਵਾਈ ਕਰਨ ਦਾ ਹੁਕਮ ਦਿੱਤਾ ਅਤੇ ਇੱਕ ਮਹੀਨੇ ਵਿੱਚ ਕੀਤੇ ਅਮਲ ਦੀ ਰਿਪੋਰਟ ਕਰਨ ਲਈ ਕਿਹਾ।

**ਪੰਜਾਬ ਪਾਲੂਸ਼ਨ ਕੰਟਰੋਲ ਬੋਰਡ** : ਪੰਜਾਬ ਪਾਲੂਸ਼ਨ ਕੰਟਰੋਲ ਬੋਰਡ ਵੱਲੋਂ ਮੈ. ਜੈ ਸ਼ੰਕਰ ਸਟੋਨ ਕਰੈਸਰ ਨੂੰ ਪੱਤਰ ਨੰਬਰ : 153338633 ਮਿਤੀ 05/12/2015 ਰਾਹੀਂ ਕੋਈ ਇਤਰਾਜ਼ ਨਹੀਂ ਸਰਟੀਫਿਕੇਟ ਜਾਰੀ ਕੀਤਾ ਗਿਆ ਜਿਸ ਵਿੱਚ ਤਿੰਨ ਨੰਬਰ ਤੇ ਮੁੱਖ ਸ਼ਰਤ ਅਨੁਸਾਰ ਕਰੈਸ਼ਰ ਅਤੇ ਮੈਟਲ ਰੋਡ ਵਿਚਕਾਰਲਾ ਰਸਤਾ ਵੀ ਹਾਈ ਕੰਪਰੈਸਡ ਹੋਣਾ ਚਾਹੀਦਾ ਹੈ।

**ਮਾਈਨਿੰਗ ਦਾ ਅੱਖੀਂ ਦੇਖਿਆ ਹਾਲ:**

ਪਿੰਡ ਸਿਬੋਚੱਕ ਨੇੜੇ 60 ਤੋਂ ਲੈਕੇ 80 ਫੁੱਟ ਡੂੰਘੀ 15 ਕੁ ਏਕੜ ਦੀ ਖੱਡ ਸੀ ਜਿੱਥੋਂ ਕਰੈਸਰ ਬੰਦ ਹੋ ਚੁੱਕੇ ਸਨ। ਇਸ ਖੱਡ ਕਾਰਨ ਸ਼ਾਹਕੰਢੀ ਨਹਿਰ ਦੀ ਸਬ ਕੈਨਾਲ ਵੀ ਬੁਰੀ ਤਰਾਂ ਨੁਕਸਾਨੀ ਹੋਈ ਸੀ। ਖੇਤਾਂ ਵਾਲਿਆਂ ਨੇ ਦੱਸਿਆ ਕਿ ਇਹ ਮਾਫੀਆ ਨਹਿਰਾਂ ਨੂੰ ਤੋੜਨ 'ਤੇ ਉਤਾਰੂ ਹੈ ਅਤੇ ਨਹਿਰਾਂ ਨੂੰ ਅਕਸਰ ਬੰਦ ਕਰਵਾਉਂਦਾ ਰਹਿੰਦਾ ਹੈ। ਨਹਿਰ ਦੇ ਨਾਲ ਜ਼ਮੀਨ ਦੋਜ਼ ਪਾਣੀ ਸਪਲਾਈ ਦੀ ਪਾਈਪ ਨੁਕਸਾਨੀ ਹੋਣ ਕਰਕੇ ਭਾਰੀ ਮਾਤਰਾ 'ਚ ਪਾਣੀ ਬਾਹਰ ਨਿਕਲ ਰਿਹਾ ਸੀ। ਟੀਮ ਨੇ ਥਾਂ ਪੁਰ ਥਾਂ ਪੀਣ ਵਾਲੇ ਅਤੇ ਸਿੰਚਾਈ ਵਾਲੇ ਪਾਣੀ ਦੀ ਸਪਲਾਈ ਵਾਲੀਆਂ ਬੁਰੀ ਤਰ੍ਹਾਂ ਨੁਕਸਾਨੀਆਂ ਪਾਈਪਾਂ ਵੀ ਦੇਖੀਆਂ। ਟੀਮ ਨੇ ਵਜ਼ੀਰਾਂ ਪਿੰਡ ਦੀ 4-5 ਏਕੜ ਦੀ 70-80 ਫੁੱਟ ਡੂੰਘੀ ਖੱਡ ਵੀ ਦੇਖੀ। ਲੋਕਾਂ ਨੇ ਦੱਸਿਆ ਕਿ ਇਹ ਖੱਡ ਕਾਹਲੋਂ ਕਰੈਸ਼ਰ ਵਾਲਿਆਂ ਨੇ ਪੁੱਟੀ ਹੈ। ਕਰੈਸ਼ਰ ਵਾਲਿਆਂ ਨੇ ਖੇਤਾਂ ਨੂੰ ਜਾਂਦਾ ਦੋ ਕਰਮ ਦਾ ਸਰਕਾਰੀ ਰਸਤਾ ਵੀ ਪੁੱਟ ਸੁੱਟਿਆ।

ਖੁੰਡਾ ਪਿੰਡ ਦੇ ਲੋਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸਤਿਗੁਰੂ ਕ੍ਰਸ਼ੇਰ ਨੇ ਪਿੰਡ ਦੀ 7 ਏਕੜ ਵਕਫ ਬੋਰਡ ਦੀ ਜ਼ਮੀਨ ਵੀ ਫਰਜ਼ੀ ਨਿਲਾਮੀ ਹੇਠ ਲੈ ਕੇ 8080 ਫੁੱਟ ਪੁੱਟ ਲਈ ਹੈ। ਟੀਮ ਨੇ ਦੇਖਿਆ ਕਿ ਇਸ ਕਰੈਸ਼ਰ ਵੱਲੋਂ ਪੁੱਟੀ ਖੱਡ ਦੇ ਨਾਲ ਪਿੰਡ ਭਵਨਾਲ ਦੇ ਕੋਠਿਆਂ ਨੂੰ ਜਾਂਦੀ ਪੱਕੀ ਸੜਕ ਪੁੱਟ ਕੇ ਰਸਤਾ ਡੂੰਘਾ ਕਰ ਦਿੱਤਾ ਗਿਆ ਤਾਂ ਕਿ ਬਰਸਾਤ ਦਾ ਪਾਣੀ ਖੱਡ ਵਿੱਚ ਨਾ ਪਵੇ। ਇਹ ਸੜਕ ਪੁੱਟਣ ਨਾਲ ਨਾਲ ਲਗਦੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਵੀ ਖੋਰਾ ਲਾ ਦਿੱਤਾ। ਇਸੇ ਕਰੈਸ਼ਰ ਦੇ ਨਾਲ ਟੀਮ ਨੇ ਇੱਕ ਕਿਸਾਨ ਹਰਬੰਸ ਸਿੰਘ ਦਾ ਖੇਤ ਵੀ ਦੇਖਿਆ ਜਿਸਨੇ ਕਰੈਸ਼ਰ ਨੂੰ ਜ਼ਮੀਨ ਨਹੀਂ ਦਿੱਤੀ ਸੀ ਪਰ ਉਸਦੇ ਖੇਤ ਦੇ ਤਿੰਨ ਪਾਸਿਆਂ ਤੋਂ 80-80 ਫੁੱਟ ਖੁਦਾਈ ਕੀਤੀ ਹੋਈ ਸੀ। ਇਸ ਕਰੈਸ਼ਰ ਵੱਲੋਂ ਕੀਤੀ ਮਾਈਨਿੰਗ 70-80 ਏਕੜ ਤੱਕ ਫੈਲੀ ਹੋਈ ਸੀ। ਧਿਆਨ ਸਿੰਘ ਅਤੇ ਸਵਰਗੀ ਸਵਰਨ ਸਿੰਘ ਦੀ ਜ਼ਮੀਨ ਨਾਲ ਵੀ ਇਹੋ ਵਾਪਰ ਰਿਹਾ ਹੈ।

ਮੀਰੀ ਪੀਰੀ ਸਟੋਨ ਕਰੈਸ਼ਰ ਦੀ ਲੱਗਭੱਗ 80 ਫੁੱਟ ਡੂੰਘੀ 30-40 ਏਕੜ ਵਿੱਚ ਫੈਲੀ ਖੱਡ ਵਿੱਚ ਵੀ ਜਾਂਚ ਟੀਮ ਪਹੁੰਚੀ ਜਿੱਥੇ ਆਧੁਨਿਕ ਮਸ਼ੀਨਾ ਨਾਲ ਪੱਧਰ ਖੁਦਾਈ ਅਤੇ ਪੱਥਰ ਦੀ ਤੁੜਾਈ ਕਰ ਕੇ ਬਜਰੀ ਬਣਾਈ ਜਾ ਰਹੀ ਹੈ। ਯਾਦ ਰਹੇ ਇਹ ਕਰੈਸ਼ਰ ਸਤੰਬਰ 2012 ਤੋਂ ਚਾਲੂ ਹੈ। ਟੀਮ ਨੇ ਕਰੈਸ਼ਰ ਦੇ ਮਾਲਕ/ਮੈਨੇਜਰ ਨੂੰ ਮਿਲਣ ਲਈ ਉਥੇ ਮੌਜੂਦ ਕਰਿੰਦਿਆਂ ਤੋਂ ਉਹਨਾਂ ਦਾ ਨਾਮ ਸੰਪਰਕ ਲੈਣਾ ਚਾਹਿਆ ਤਾਂ ਕੋਰਾ ਜਵਾਬ ਮਿਲਿਆਂ ਕਿ ਉਹ ਇਹ ਨਹੀਂ ਦੇ ਸਕਦੇ। ਪ੍ਰਬੰਧਕ ਮਾਲੂਮ ਹੁੰਦੇ ਕਰਿੰਦੇ ਨੇ ਆਪਣਾ ਨਾਮ ਵੀ ਨਹੀਂ ਦੱਸਿਆ। ਟੀਮ ਨੇ ਆਪਣਾ ਸੰਪਰਕ ਦੇ ਦਿੱਤਾ ਤਾਂ ਕਿ ਉਹ ਮਾਲਕ ਨਾਲ ਗੱਲ ਕਰਵਾ ਦੇਵੇ ਪਰ ਕੋਈ ਜਵਾਬ ਨਹੀਂ ਮਿਲਿਆ।

80 ਫੁੱਟ ਡੂੰਘੀਆਂ ਇਹਨਾਂ ਖੱਡਾਂ ਦੀ ਜਾਂਚ ਵੇਲੇ ਧਰਤੀ ਦੀਆਂ ਪਰਤਾਂ ਨੂੰ ਟੀਮ ਨੇ ਨੋਟ ਕੀਤਾ ਕਿ ਪਹਿਲੀ ਉਪਰਲੀ ਪਰਤ 5 ਕੁ ਫੁੱਟ ਲਾਲ ਉਪਜਾਊ ਮਿੱਟੀ ਦੀ ਹੈ, ਉਸ ਤੋਂ ਹੇਠਾਂ 7-10 ਫੁੱਟ ਤੱਕ ਇੱਕ ਇੰਚੀ ਤੋਂ 6 ਇੰਚੀ ਦੇ ਪੱਥਰਾਂ ਵਾਲੀ ਪਰਤ ਹੈ, ਅਤੇ ਹੇਠਲੀ ਪਰਤ ਵਿੱਚ ਵੱਡੇ ਪੱਥਰ ਮਿਲਦੇ ਹਨ ਜਿਹਨਾਂ 'ਚ ਡੇਢ ਤੋਂ ਲੈ ਕੇ 2 ਫੁੱਟ ਤੱਕ ਦੇ ਮੋਟੇ ਪੱਥਰ ਹਨ। ਇਹਨਾਂ ਪੱਥਰਾਂ ਨੂੰ ਵੱਡੀਆਂ ਆਧੁਨਿਕ ਮਸ਼ੀਨਾਂ ਨਾਲ ਤੋੜ ਕੇ ਛੋਟੀ ਬਜਰੀ ਬਣਾਈ ਜਾਂਦੀ ਹੈ, ਜਿਸਦੀਆਂ ਲੱਗਭੱਗ ਤਿੰਨ ਕਿਸਮਾਂ ਹਨ: ਅੱਧੀ ਇੰਚੀ, ਇੱਕ ਇੰਚੀ ਅਤੇ ਦੋ ਇੰਚੀ। ਇਹੋ ਬਜਰੀ ਸੜਕਾਂ, ਇਮਾਰਤਾਂ ਦੀ ਉਸਾਰੀ ਦੇ ਕੰਮ ਆਉਂਦੀ ਹੈ। ਵੱਡੀਆਂ ਮਸ਼ੀਨਾਂ ਨਾਲ ਇਹਨਾਂ ਨੂੰ ਛਾਣਿਆ ਵੀ ਜਾਂਦਾ ਹੈ ਅਤੇ ਫਿਰ ਸਫ਼ਾਈ ਲਈ ਪਾਣੀ ਨਾਲ ਧੋਤਾ ਜਾਂਦਾ ਹੈ।

ਪਿੰਡ ਅਤੇ ਵਸੋਂ ਦੇ ਨੇੜੇ ਹੋਣ ਕਰਕੇ ਕਰੈਸ਼ਰ ਤੋਂ ਉਡਦੀ ਪੱਥਰ ਦੀ ਧੂੜ ਅਤੇ ਭਾਰੀ ਵਹੀਕਲਾਂ ਦੀ ਆਵਾਜਾਈ ਨਾਲ ਫੈਲ ਰਹੇ ਪ੍ਰਦੂਸ਼ਨ ਨੇ ਲੋਕਾਂ ਨੂੰ ਬਿਮਾਰੀ ਦੀ ਹਾਲਤ ਵੱਲ ਵੀ ਧੱਕ ਦਿੱਤਾ ਹੈ। ਟੀਮ ਨੂੰ ਰਵਿੰਦਰ ਕੌਰ ਨੇ ਦਸਿਆ ਕਿ ਉਸਦੇ ਦੋ ਸਾਲਾ ਬੱਚੇ ਨੂੰ ਪਿਛਲੇ ਇੱਕ ਸਾਲ ਤੋਂ ਸਾਹ ਅਤੇ ਅਲਰਜੀ ਦੀ ਬਿਮਾਰੀ ਨੇ ਘੇਰਿਆ ਹੋਇਆ ਹੈ ਅਤੇ ਉਸਦੇ ਫੇਫੜੇ ਬੁਰੀ ਤਰ੍ਹਾਂ ਪ੍ਰਭਾਵਿਤ ਹਨ। ਇਸ ਪਰਿਵਾਰ ਨੇ ਭਾਰੀ ਵਾਹਣਾਂ ਦੀ ਧਮਕ ਨਾਲ ਆਪਣੇ ਮਕਾਨ ਨੂੰ ਆਈਆਂ ਤਰੇੜਾਂ ਵੀ ਦਿਖਾਈਆਂ।

ਇਸ ਤਰ੍ਹਾਂ ਹੀ ਪਿੰਡ ਕਾਂਜੂਪੀਰ ਵਿੱਚ ਸਟੋਨ ਕਰੈਸ਼ਰ ਵੱਲੋਂ 200 ਏਕੜ ਵਿੱਚ ਪੁੱਟੀ ਖੱਡ ਬਾਰੇ ਵੀ ਲੋਕਾਂ ਨੇ ਦੱਸਿਆ।

ਟੀਮ ਕੇਸਰ ਸਿੰਘ ਨਾਮੀ ਕਿਸਾਨ ਨੂੰ ਵੀ ਮਿਲੀ ਜਿਸਦੀ ਜ਼ਮੀਨ ਦੇ ਨਾਲ ਮੀਰੀ ਪੀਰੀ ਕਰੈਸ਼ਰ ਵੱਲੋਂ ਲੱਗਭੱਗ 80 ਫੁੱਟ ਖੁਦਾਈ ਕੀਤੀ ਸੀ । 11 ਅਗਸਤ 2016 ਨੂੰ ਪਏ ਮੀਂਹ ਕਾਰਨ ਇਕ ਕਨਾਲ ਦੇ ਲਗਭਗ ਮੱਕੀ ਦੀ ਫਸਲ ਖੱਡ ਵੱਲ ਤਿਲਕ ਗਈ ਅਤੇ ਜਿਹੜੀ ਵੱਧ ਬਾਰਸ਼ਾਂ ਵਿੱਚ ਹੋਰ ਡਿੱਗਣ ਦਾ ਡਰ ਹੈ। ਕੇਸਰ ਸਿੰਘ ਨੂੰ ਡੂੰਘਾ ਸਦਮਾ ਪਹੁੰਚਿਆ ਅਤੇ ਦਿਲ ਦੇ ਦੌਰੇ ਦਾ ਸ਼ਿਕਾਰ ਹੋਇਆ ਅਤੇ ਸਰੀਰ ਦਾ ਇੱਕ ਪਾਸਾ ਨਕਾਰਿਆ ਗਿਆ । ਇਲਾਜ ਉੱਪਰ ਢਾਫੀ ਰਕਮ ਵੀ ਖਰਚ ਹੋ ਗਈ।

ਇਸ ਨਜਾਇਜ਼ ਖਣਨ ਨਾਲ ਅਜੇਹੇ ਕਈ ਕਿਸਾਨਾਂ ਨੂੰ ਨਿੱਜੀ ਨੁਕਸਾਨ ਹੋ ਰਹੇ ਹਨ।

**ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ** : ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਕੋਲ ਦਾਖਲ ਹੋਈਆਂ ਦਰਖਾਸਤਾਂ ਮੁਤਾਬਕ ਬਹੁਤ ਕਿਸਾਨਾਂ ਦੀ ਜ਼ਮੀਨ ਇਸ ਨਾਜਾਇਜ਼ ਖਣਨ ਨਾਲ ਬਰਬਾਦ ਹੋਈ ਹੈ। ਜਿਨ੍ਹਾਂ ਵਿੱਚੋਂ ਕੁਝ ਦਾ ਵੇਰਵਾ ਇਸ ਤਰਾਂ ਹੈ:

-ਦੇਸ ਰਾਜ ਵਾਸੀ ਭਵਨਾਲ ਦੀ ਕੁੱਲ ਤਿੰਨ ਕੁਨਾਲ 5 ਮਰਲਿਆਂ ਚੋਂ ਇੱਕ ਕਨਾਲ,

-ਗਿਰਧਾਰੀ ਲਾਲ ਵਾਸੀ ਕਾਂਜੂਪੀਰ ਦੀ ਇਕ ਕਨਾਲ ਜ਼ਮੀਨ ਉਪਰ 50 ਫੁੱਟ ਟੋਆ ਪੁੱਟਣਾ,

-ਕ੍ਰਿਸ਼ਨ ਚੰਦ ਦੀ ਤਕਰੀਬਨ 2 ਕਨਾਲ ਰਕਬਾ ਪੁੱਟਣਾ,

-ਜਸਵਿੰਦਰ ਕੁਮਾਰ ਤੇ ਸਰਵਨ ਸਿੰਘ ਦੀ ਇੱਕ ਏਕੜ,

-ਫਤਿਹਪੁਰ ਕੁਲੀਆਂ ਵਾਸੀ ਕਰਮ ਚੰਦ ਵਾਸੀ ਦੀ 12ਕਨਾਲ 10 ਮਰਲੇ ,

-ਹਰਭਜਨ ਦੀ ਤਕਰੀਬਨ ਇੱਕ ਏਕੜ 'ਚ 70 ਫੁੱਟ ਟੋਇਆ ਪੁਟਣਾ,

-ਜਗਦੀਸ਼ ਰਾਮ ਦੀ ਤਕਰੀਬਨ ਇੱਕ ਏਕੜ,

ਬਿਕਰਮ, ਜਗਮੋਹਨ, ਜਸਵਿੰਦਰ ਦੀ 3 ਏਕੜ,

-ਤਰਸੇਮ ਸਿੰਘ ਤੇ ਕਸ਼ਮੀਰ ਸਿੰਘ ਵਾਸੀ ਕਾਂਜੂਪੀਰ ਦੇ ਫਤਹਿਪੁਰ ਕੁਲੀਆਂ ਦੇ 4.5 ਕਨਾਲ

-ਸੁਰਿੰਦਰ ਦੀ 4 ਕਨਾਲ 'ਚ 10ਫੁੱਟ ਟੋਆ,

-ਦਰਸ਼ਨ ਸਿੰਘ ਦੀ 2 ਕਨਾਲ ਰੋੜਕੇ 70 ਫੁੱਟ ਟੋਆ,

-ਸੁਖਵਿੰਦਰ ਸਿੰਘ ਵਾਸੀ ਫਤਿਹਪੁਰ ਦੇ ਘਰ ਤੋਂ 100 ਮੀਟਰ ਦੀ ਦੂਰੀ ਤੇ ਲੱਗੇ ਦੋ ਕਰੈਸ਼ਰਾਂ ਦੇ ਪ੍ਰਦੂਸ਼ਣ ਨਾਲ ਬੱਚੇ ਦੀ ਬਿਮਾਰ ਹੋਣਾ, ਖਾਣ ਪੀਣ ਪਕੌਣ ਵੇਲੇ ਅਤੇ ਕੱਪੜਿਆਂ ਉਪਰ ਘੱਟਾ ਪੈਣਾ, ਘਰ ਨੂੰ ਤਰੇੜਾਂ ਆਉਣੀਆਂ,

-ਰੋਸ਼ਨ ਲਾਲ ਵਾਸੀ ਕਾਂਜੂਪੀਰ ਦੀ 2 ਕਨਾਲ,

-ਮਹਿੰਦਰ ਵਾਸੀ ਕਾਂਜੂਪੀਰ ਦੀ 1 ਕਨਾਲ 5 ਮਰਲੇ,

-ਰਘਬੀਰ ਸਿੰਘ ਵਾਸੀ ਕਾਂਜੂਪੀਰ ਦੇ ਖੇਤ ਨੇੜੇ ਹੋਣ ਕਾਰਨ ਘੱਟੇ ਨਾਲ ਫ਼ਸਲਾਂ ਦਾ ਝਾੜ ਘਟਣ ਅਤੇ ਖੇਤ ਨੂੰ ਆਉਂਦੀ ਸਰਕਾਰੀ ਬੋਰ ਦੀ ਪਾਈਪ ਤੋੜਨਾ, ਲੰਘਣ ਦਾ ਰਸਤਾ ਨੀਵਾਂ ਹੋਣਾ,

ਜਗੀਰ ਸਿੰਘ ਵਾਸੀ ਬਰਿਆਣਾ ਦੇ ਖੇਤ ਨੂੰ ਸਰਕਾਰੀ ਟਿਊਬਵੈੱਲ ਦੀ ਸਪਲਾਈ ਪਾਈਪ ਜੇ ਸੀ ਬੀ ਨਾਲ ਟੁੱਟਣਾ,

ਹਰਭਜਨ ਸਿੰਘ ਵਾਸੀ ਚਕੜਿਆਲ ਦੀ ਆਪਣੇ ਭਰਾਵਾਂ ਨਾਲ ਸਾਂਝੀ 2 ਏਕੜ ਪੈਲੀ 60-70 ਫੁੱਟ ਡੂੰਘੇ ਟੋਏ ਨਾਲ ਢਿਗਾਂ ਡਿਗਣ ਨਾਲ ਖਰਾਬ,

-ਸੁਖਵਿੰਦਰ ਸਿੰਘ ਵਾਸੀ ਫਤਿਹਪੁਰ ਨੂੰ ਧਮਕੀਆਂ, ਆਦਿ

ਖਣਨ ਰੋਕੋ ਜ਼ਮੀਨ ਬਚਾਉ ਕਮੇਟੀ ਕੋਲ ਪ੍ਰਾਪਤ ਜਾਣਕਾਰੀ, ਇਲਾਕੇ ਵਿੱਚ ਸਟੋਨ ਕਰੈਸ਼ਰ ਵਾਲਿਆਂ ਦੇ ਧੱਕੇ ਦੀ ਇਕ ਝਲਕ ਮਾਤਰ ਹੀ ਹੈ। ਕੱਚੇ ਮਾਲ ਦੀ ਪੂਰਤੀ ਲਈ ਬਿਆਸ ਨਦੀ ਦੇ 52 ਗੇਟ ਤੋਂ ਲੈ ਕੇ ਮੀਰਥਲ, ਨੌਸ਼ਹਿਰਾ ਪੱਤਣ, ਧਨੋਆ, ਅਤੇ ਟੇਰਕਿਆਣਾ, ਹਾਜੀਪੁਰ ਬਲਾਕ ਦੇ ਪਿੰਡ ਖੁੰਡਾ, ਭਵਨਾਲ, ਪੁਰੋ ਚੱਕ, ਸਿੱਬੋ ਚੱਕ, ਮਰੂਲਾ, ਬਰਿਓਵਾਲ, ਦਗਨ, ਜੀਨੋਵਾਲ, ਕਲੋਰਾਂ, ਫਤਿਹਪੁਰ ਕੁੱਲੀਆਂ, ਕਾਂਜੀਪੀਰ, ਬੇਲਾ ਸਰਿਆਣਾ, ਨੌਸ਼ਹਿਰਾ ਸਿੰਬਲੀ, ਨੌਸ਼ਹਿਰਾ ਸੋਦੇ, ਵਜ਼ੀਰਾ, ਧਾਮੀਆਂ, ਸੰਧਵਾਲ, ਗੋਧਾਂ, ਆਦਿ ਅਤੇ ਤਲਵਾੜਾ ਬਲਾਕ ਦੇ ਪਿੰਡ ਚੱਕ

ਪੜਿਆਣ, ਸੱਥਵਾਂ, ਰੌਲੀ ਹੰਦਵਾਲ ਅਤੇ ਟੋਟੇ ਪਿੰਡ ਵਿਖੇ ਕੀਤੀ ਜਾ ਰਹੀ ਖਣਨ ਅਤੇ ਚੱਲ ਰਹੇ ਭਾਰੇ ਟਰੱਕਾਂ ਕਾਰਨ ਲੱਗਭੱਗ 33 ਪਿੰਡ ਪੀੜਤ ਹਨ। ਕਮੇਟੀ ਮੁਤਾਬਿਕ ਇਸ ਇਲਾਕੇ ਵਿੱਚ ਖਣਨ ਵਿਰੁੱਧ ਲਾਮਬੰਦੀ ਹੋਣ ਕਾਰਨ ਇਹ ਮਾਫੀਆ ਪੂਰਬ ਵੱਲ ਭਾਵ ਤਲਵਾੜਾ ਡੈਮ ਦੇ ਪੈਰਾਂ ਵੱਲ ਖਣਨ ਕਰਨ ਲਈ ਵੱਧ ਰਿਹਾ ਹੈ। ਕਮੇਟੀ ਨੇ ਪ੍ਰਸ਼ਾਸ਼ਨ ਦੇ ਧਿਆਨ ਚ ਲਿਆਂਦਾ ਹੈ ਕਿ ਕਿ ਜੇ ਖਣਨ ਇਸੇ ਤਰ੍ਹਾਂ ਅੱਗੇ ਵਧਦਾ ਰਿਹਾ ਤਾਂ ਤਲਵਾੜਾ ਡੈਮ ਨੂੰ ਵੀ ਖਤਰਾ ਪੈਦਾ ਹੋ ਜਾਵੇਗਾ। ਚੇਤੇ ਰਹੇ ਤਲਵਾੜਾ ਡੈਮ ਵੀ ਮਿੱਟੀ ਦਾ ਬਣਿਆ ਹੋਇਆ ਅਤੇ ਇਹਦਾ ਵੀ ਹਾਲ ਖਣਨ ਕਾਰਨ ਚਾਰ ਸਾਲ ਪਹਿਲਾਂ ਹਰਿਆਣੇ ਦੇ ਟੁੱਟੇ ਤਾਜੇਵਾਲਾ ਡੈਮ ਵਾਲਾ ਹੋਣਾ ਯਕੀਨੀ ਹੈ।

ਸੰਘਰਸ਼ ਕਮੇਟੀ ਅਨੁਸਾਰ ਕਰੈਸ਼ਰਾਂ ਦੇ ਨਾਮ ਵਧੇਰੇ ਕਰ ਕੇ ਧਾਰਮਿਕ ਸ਼ਬਦਾਵਲੀ ਚੋਂ ਰੱਖੇ ਗਏ ਹਨ ਅਤੇ ਜਿਹਨਾਂ ਦੇ ਮਾਲਕ ਸਿੱਧੇ-ਅਸਿੱਧੇ ਤੌਰ 'ਤੇ ਸੱਤਾਧਾਰੀ ਧਿਰ ਦੇ ਮੰਤਰੀਆਂ ਤੋਂ ਲੈ ਕੇ, ਉੱਚ ਅਧਿਕਾਰੀ ਅਤੇ ਉੱਚ ਪੁਲਸ ਅਧਿਕਾਰੀ ਹਨ। ਇੱਕ ਵਾਰ ਰੇਲ ਪੱਟੜੀ ਲਈ ਬਜਰੀ ਲੈਣ ਆਇਆ ਇੱਕ ਠੇਕੇਦਾਰ ਲੋਕਾਂ ਤੋਂ ਤੋਤਾ ਸਿੰਘ (ਜਥੇਦਾਰ) ਦਾ ਕਰੈਸ਼ਰ ਭਾਲਦਾ ਫਿਰਦਾ ਸੀ। ਖਣਨ ਵਾਲੇ ਇਲਾਕੇ ਦੇ ਵਾਸੀਆਂ ਅਤੇ ਟੀਮ ਦੇ ਬਾਗ਼ਬਾਨੀ ਦੇ ਮਾਹਰ ਮੈਂਬਰ ਨੇ ਦੱਸਿਆ ਕਿ ਇਲਾਕੇ 'ਚ ਬਹੁਤ ਸਾਰੇ ਅਜਿਹੇ ਪੇੜ ਪੌਦੇ ਜਿਹੜੇ ਮਨੁੱਖੀ ਸਰੀਰ ਲਈ ਅਤਿ ਲਾਹੇਵੰਦ ਹਨ ਅਤੇ ਦਵਾਈਆਂ ਬੂਟੀਆਂ ਵਿੱਚ ਕੰਮ ਆਉਂਦੇ ਹਨ ਜ਼ਿਆਦਾਤਰ ਪੰਜਾਬ ਦੇ ਇਸ ਇਲਾਕੇ ਵਿੱਚ ਪਾਏ ਜਾਂਦੇ ਹਨ ਜਿਹੜੇ ਖਣਨ ਨਾਲ ਤਬਾਹ ਹੋ ਰਹੇ ਹਨ ਅਤੇ ਉਹਨਾਂ ਦੇ ਅਲੋਪ ਹੋਣ ਦਾ ਖਤਰਾ ਹੈ।

**ਧੱਕੇ ਨਾਲ ਜ਼ਮੀਨਾਂ ਉੱਪਰ ਕਬਜ਼ਾ:**

ਲੋਕਾਂ ਦੀਆਂ ਜ਼ਮੀਨਾਂ ਵਿੱਚ ਪੱਥਰਾਂ ਦੇ ਢੇਰ ਲਾ ਕੇ, ਨਾਲ ਦੀਆਂ ਜ਼ਮੀਨਾਂ ਵਿੱਚ ਡੂੰਘੀ ਖੁਦਾਈ ਕਰਕੇ, ਜ਼ਮੀਨਾਂ ਨੂੰ ਜਾਣ ਦੇ ਰਸਤੇ ਬੰਦ ਕਰਕੇ ਜਾਂ ਪੁੱਟਕੇ ਲੋਕਾਂ ਨੂੰ ਬੇਵੱਸ ਕਰਕੇ ਵੇਚਣ ਲਈ ਮਜਬੂਰ ਕਰ ਕੇ ਜਮੀਨਾਂ ਉਪਰ ਕਬਜ਼ਾ ਕੀਤਾ ਜਾ ਰਿਹਾ ਹੈ। ਮਿਸਾਲ ਦੇ ਤੌਰ ਤੇ ਧਿਆਨ ਸਿੰਘ ਵਾਸੀ ਕਾਂਜੀਪੁਰ ਦੀ ਵੱਟ ਨਾਲ 60-70 ਫੁੱਟ ਡੂੰਘੀ ਪੁਟਾਈ ਕਰਕੇ ਉਸ ਦੀ ਜਮੀਨ ਬਰਬਾਦ ਕਰ ਦਿੱਤੀ ਗਈ ਹੈ।

**ਖਣਨ ਵਿਰੋਧੀ ਸੰਘਰਸ਼ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ:-** ਬੀਰ ਸਿੰਘ ਅਤੇ 6 ਹੋਰ ਸੰਘਰਸ਼ ਕਮੇਟੀ ਮੈਂਬਰਾਂ ਨੇ ਥਾਣੇ ਨੂੰ ਲਿਖਤੀ ਸ਼ਿਕਾਇਤ ਭੇਜੀ ਹੈ ਕਿ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਟੋਟੇ ਪਿੰਡ ਦੀ ਨਹਿਰ 'ਤੇ ਬਣੇ ਵੱਡੇ ਪੁੱਲ ਤੋਂ ਗੁਜ਼ਰ ਰਹੀਆਂ 10 ਟਾਇਰਾਂ ਵਾਲੀਆਂ ਗੱਡੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਇੱਕ ਸਟੋਨ ਕਰੈਸ਼ਰ ਦੇ ਮਾਲਕ ਅਸ਼ਵਨੀ ਕੁਮਾਰ ਨੇ ਪਹਿਲਾਂ ਗਾਲ੍ਹਾਂ ਕੱਢੀਆਂ ਅਤੇ ਫਿਰ ਆਪਣਾ ਰਿਵਾਲਵਰ ਕੱਢਕੇ ਮਾਰ ਦੇਣ ਦੀਆਂ ਧਮਕੀਆਂ ਦਿੱਤੀਆਂ। ਧਰਮਿੰਦਰ ਸਿੰਘ ਅਨੁਸਾਰ ਪਿੰਡ ਟੋਟੇ ਦੀਆਂ ਔਰਤਾਂ ਵੱਲੋਂ ਪਿੰਡ ਦੀ ਫਿਰਨੀ ਤੋਂ ਕਰੈਸ਼ਰਾਂ ਵਾਲੀਆਂ ਗੱਡੀਆਂ ਬੰਦ ਕਰਵਾਉਣ ਲਈ ਲੜੇ ਗਏ ਸਫ਼ਲ ਸੰਘਰਸ਼ ਪਿੱਛੋਂ ਮਾਈਨਿੰਗ ਮਾਫ਼ੀਏ ਨੇ ਫਿਰਨੀ ਜਾਮ ਕਰਨ ਵਾਲੀਆਂ ਔਰਤਾਂ ਦੀ ਸ਼ਾਨ ਦੇ ਖ਼ਿਲਾਫ਼ ਕੂੜ ਪ੍ਰਚਾਰ ਕੀਤਾ।

ਮਿਤੀ 22-8-2015 ਨੂੰ ਸਤਿਗੁਰੂ ਸਟੋਨ ਕਰੈਸ਼ਰ ਅਤੇ ਮੀਰੀ ਪੀਰੀ ਸਟੋਨ ਕਰੈਸ਼ਰ ਦੀਆਂ ਗੱਡੀਆਂ ਵਿਰੁੱਧ ਲੱਗੇ ਜਾਮ ਤੋਂ ਭੜਕ ਕੇ ਇਹਨਾਂ ਕਰੈਸ਼ਰਾਂ ਦੇ ਕਰਿੰਦਿਆਂ ਵੱਲੋਂ 3-4 ਵਜੇ ਸਵੇਰੇ ਜਾਮ ਲਾਈ ਬੈਠੀਆਂ ਔਰਤਾਂ ਅਤੇ ਧਰਨਾਕਾਰੀਆਂ ਨੂੰ ਮੀਰੀ ਪੀਰੀ ਕਰੈਸ਼ਰ ਦੇ ਲੰਮੀ ਦਾਹੜੀ ਤੇ ਬਾ ਸਿੱਖੀ ਸਰੂਪ ਵਾਲੇ ਜਸਵਿੰਦਰ ਸਿੰਘ ਅਤੇ ਸਤਿਗੁਰ ਤੇਰੀ ਉਟ ਕਰੈਸਰ ਦੇ ਮਾਲਕ ਨੇ ਠੇਠ ਮਾਝੇ ਦੀ ਭਾਸ਼ਾ 'ਚ ਧਰਨਾਕਾਰੀਆਂ ਨੂੰ ਨੰਗੀਆਂ (ਗੰਦੀਆਂ) ਗਾਹਲਾਂ ਕੱਢੀਆਂ। ਸੰਘਰਸ਼ ਦੇ ਦਬਾਅ ਹੇਠ ਇਹਨਾਂ ਕਰਿੰਦਿਆਂ ਨੇ ਲਿਖਤੀ ਮਾਫੀ ਮੰਗ ਕੇ ਪਿੱਛਾ ਛੁਡਾਇਆ।

ਸਭਾ ਦੀ ਟੀਮ ਨੇ ਨੋਟ ਕੀਤਾ ਕਿ ਇਸ ਖੇਤਰ ਵਿੱਚ ਖਣਨ ਦੇ ਖਿਲਾਫ਼ ਔਰਤਾਂ ਵੱਲੋਂ ਨਿਭਾਈ ਭੂਮਿਕਾ ਬੇਹੱਦ ਉਤਸ਼ਾਹਜਨਕ ਹੈ। ਔਰਤਾਂ ਨੇ ਪਿੰਡਾਂ ਚ ਲਾਮਬੰਦੀ ਕਰਨ, ਖਣਨ ਮਾਫ਼ੀਏ ਦੀ ਦਹਿਸ਼ਤੀ ਅਤੇ ਭੱਦੀ ਆਵਾਜਾਈ ਨੂੰ ਨੱਥ ਪਾਉਣ, ਖਣਨ ਮਾਫੀਏ ਦੇ ਵਰਤਾਰੇ ਨੂੰ ਨੰਗਾ ਕਰਨ ਅਤੇ ਸਰਕਾਰੀ ਅਧਿਕਾਰੀਆਂ ਉੱਪਰ ਇਸ ਗੈਰਕਾਨੂੰਨੀ ਖਣਨ ਨੂੰ ਰੋਕਣ ਲਈ ਦਬਾ ਪਾਉਣ ਦੇ ਸੰਘਰਸ਼ ਵਿੱਚ ਮੋਹਰੀ ਭੂਮਿਕਾ ਨਿਭਾਈ ਜਿਹੜੀ ਕਿ ਪੰਜਾਬ ਵਿੱਚ ਹੋ ਰਹੇ ਲੋਕ ਸੰਘਰਸ਼ਾਂ ਲਈ ਇੱਕ ਮਿਸਾਲ ਹੈ।

ਡੂੰਘੀ ਖੁਦਾਈ ਕਾਰਨ ਨੇੜਲੇ ਖੇਤਾਂ ਅਤੇ ਘਰਾਂ ਨੂੰ ਹੋ ਰਹੇ ਨੁਕਸਾਨ ਸੰਬਧੀ ਜਦੋਂ ਸੰਘਰਸ਼ ਕਮੇਟੀ ਦਾ ਇੱਕ ਵਫਦ ਜ਼ਿਲ੍ਹਾ ਪ੍ਰਸਾਸ਼ਨ ਨੂੰ ਮਿਲਿਆ ਤਾਂ ਅਧਿਕਾਰੀਆਂ ਨੇ ਕਰੈਸ਼ਰ ਮਾਲਕਾਂ ਵੱਲੋਂ ਵਿਸ਼ਵਾਸ ਦਿਵਾਇਆ ਕਿ ਉਹ ਇਹਨਾਂ ਖੱਡਾਂ ਨੂੰ ਪੂਰ ਦੇਣਗੇ। ਵਫਦ ਨੇ ਜਦੋਂ ਸਵਾਲ ਕੀਤਾ ਕਿ ਸੈਕੜੇ ਏਕੜਾਂ 'ਚ 80-80 ਫੁੱਟ ਡੂੰਘੀਆਂ ਖੱਡਾਂ ਨੂੰ ਪੂਰਨ ਲਈ ਕਿੰਨੇ ਹੋਰ ਸੈਂਕੜੇ ਏਕੜ ਦੀ ਖੁਦਾਈ ਦੀ ਲੋੜ ਪਵੇਗੀ ਤਾਂ ਅਧਿਕਾਰੀ ਲਾਜਵਾਬ ਸੀ। ਜਾਂਚ ਟੀਮ ਨੇ ਇੱਕ ਪੁਰਾਣੀ ਖੱਡ ਵਿੱਚ ਬਜਰੀ ਦੀ ਛਾਣ ਵਾਲੀ ਮਿੱਟੀ ਦੇ ਟਰੱਕ ਸੁੱਟੇ ਜਾਂਦੇ ਦੇਖੇ ਜਿਹੜੇ ਸਰਕਾਰੀ ਨਿਗਰਾਨ ਅਧਿਕਾਰੀਆਂ ਦੀਆਂ ਅੱਖਾਂ ਪੂੰਝਣ ਦੀ ਕਾਰਵਾਈ ਮਾਤਰ ਸਨ।

ਮਿਤੀ 15 ਸਤੰਬਰ 2015 ਨੂੰ ਸੰਘਰਸ਼ ਕਮੇਟੀ ਦੇ ਸੱਦੇ 'ਤੇ ਹਾਜੀਪੁਰ ਦੇ ਸਫ਼ਲ ਸੜਕੀ ਆਵਾਜਾਈ ਦੇ ਜਾਮ ਪਿੱਛੋਂ ਐਨ. ਡੀ. ਟੀ. ਵੀ. ਦੀ ਟੀਮ ਨੂੰ ਕਾਹਲੋਂ ਸਟੋਨ ਕਰੈਸ਼ਰ ਵੱਲੋਂ ਕੀਤੀ ਜਾ ਰਹੀ ਨਾਜਾਇਜ਼ ਮਾਈਨਿੰਗ ਦਾ ਮੌਕਾ ਵਿਖਾਉਣ ਗਏ ਖਣਨ ਰੋਕੋ ਜ਼ਮੀਨ ਬਚਾਓ ਕਮੇਟੀ ਦੇ ਆਗੂ ਧਰਮਿੰਦਰ ਉਪਰ ਜਾਨ ਲੇਵਾ ਹਮਲਾ ਕੀਤਾ ਗਿਆ ਜਿਸ ਦੀ ਰਿਪੋਰਟ ਪੁਲੀਸ ਨੂੰ ਕੀਤੀ ਗਈ, ਪਰ ਕੋਈ ਕਾਰਵਾਈ ਨਹੀਂ ਹੋਈ। ਜਿਵੇਂ ਕਿ ਆਮ ਹੁੰਦਾ ਹੈ ਕਿ ਸੰਘਰਸ਼ ਕਰ ਰਹੀ ਇਸ ਕਮੇਟੀ ਦੇ ਆਗੂਆਂ ਨੂੰ ਵੀ ਝੂਠੇ ਮਾਮਲਿਆਂ ਵਿਚ ਫਸਾਉਣ ਦੀ ਸਾਜ਼ਿਸ਼ ਘੜੀ ਗਈ। ਕਾਹਲੋਂ ਕਰੈਸ਼ਰ ਦੇ ਹਿੱਸੇਦਾਰ ਅਨਿਲ ਸਨਿਆਲ ਅਤੇ ਸੰਤ ਸਟੋਨ ਕਰੈਸ਼ਰ ਦੇ ਹਿੱਸੇਦਾਰ ਮੁਕੇਸ਼ ਕੁਮਾਰ ਵੱਲੋਂ ਇਸੇ ਦਿਨ 15 ਸਤੰਬਰ 2015 ਨੂੰ ਧਰਮਿੰਦਰ ਅਤੇ ਸੁਖਵਿੰਦਰ ਸਿੰਘ ਵੱਲੋਂ ਉਹਨਾਂ ਉਪਰ ਤੇਜ ਧਾਰ ਹਥਿਆਰਾਂ ਨਾਲ ਹਮਲਾ ਕਰਕੇ ਜ਼ਖ਼ਮੀ ਕਰਨ ਦੀ ਕਹਾਣੀ ਘੜੀ ਗਈ ਜਿਸਦੀ ਮੁੱਢਲੀ ਫਰਜ਼ੀ ਰਿਪੋਰਟ 6 ਦਿਨ ਬਾਅਦ ਦਰਜ਼ ਕੀਤੀ ਗਈ ਅਤੇ 6 ਮਹੀਨੇ ਬਾਅਦ ਮੁੱਕਦਮੇ ਦੀ ਧਾਰਾ 326 ਬਦਲ ਦਿੱਤੀ ਗਈ। ਜਿਸ ਬਾਰੇ ਅਦਾਲਤ ਨੇ ਵੀ ਨੋਟ ਕੀਤਾ। ਜਦੋਂ ਕਿ ਸੰਘਰਸ਼ ਕਰ ਰਹੀ ਕਮੇਟੀ ਦੇ ਆਗੂਆਂ ਉਪਰ ਜਾਨ ਲੇਵਾ ਹਮਲੇ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਲਈ ਪ੍ਰਸ਼ਾਸਨ ਚੁੱਪ ਰਿਹਾ। ਪਰ ਕਰੈਸ਼ਰ ਮਾਲਕਾਂ ਦੀ ਸ਼ਿਕਾਇਤ ਉਤੇ ਧਰਮਿੰਦਰ ਅਤੇ ਸੁਖਵਿੰਦਰ ਸਿੰਘ ਨੂੰ ਪੁਲਸ ਨੇ ਸਾਜ਼ਿਸੀ ਢੰਗ ਨਾਲ ਗ੍ਰਿਫਤਾਰ ਕਰ ਲਿਆ। ਮਾਨਯੋਗ ਜੱਜ ਪ੍ਰਿਯਾ ਸੂਦ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਹੁਸ਼ਿਆਰਪੁਰ ਨੇ ਧਰਮਿੰਦਰ ਸਿੰਘ ਦੀ ਜ਼ਮਾਨਤ ਦੀ ਅਰਜ਼ੀ ਦਾ ਫੈਸਲਾ ਦਿੰਦੇ ਨੋਟ ਕੀਤਾ ਕਿ ਪ੍ਰੈਸ ਵਿੱਚ ਘਟਨਾ ਵਾਲੇ ਦਿਨ 15 ਸਤੰਬਰ 2015 ਨੂੰ ਖਣਨ ਨੂੰ ਨੰਗਾ ਕਰਨ ਵਾਲੇ ਕਾਰਕੁਨ (ਵਿਸਲ ਬਲੋਅਰ) ਧਰਮਿੰਦਰ ਸਿੰਘ ਵੱਲੋਂ ਇੱਕ ਨਿਊਜ਼ ਚੈਨਲ ਦੀ ਟੀਮ ਨੂੰ ਇੱਕ ਗੈਰ ਕਾਨੂੰਨੀ ਕਰੈਸ਼ਰ ਦੀ ਥਾਂ ਉਪਰ ਲੈ ਕੇ ਜਾਣ ਸਮੇਂ ਖਣਨ ਮਾਫੀਏ ਵੱਲੋਂ ਧਰਮਿੰਦਰ ਨੂੰ ਘੇਰ ਲੈਣ ਪਿੱਛੋਂ ਪੇਡੂਆਂ ਅਤੇ ਖਣਨ ਮਾਫੀਏ ਵਿਚਕਾਰ ਝੜਪਾਂ ਹੋਣ ਦੀਆਂ ਖਬਰਾਂ ਪ੍ਰੈਸ ਦੇ ਰਿਕਾਰਡ ਵਿੱਚ ਹਨ।

ਵਿਰੋਧੀ ਰਾਜਸੀ ਪਾਰਟੀਆਂ ਨੇ ਵੀ ਖਣਨ ਮਾਫੀਏ ਵਿਰੁੱਧ ਕੋਈ ਸਾਰਥਿਕ ਭੂਮਿਕਾ ਨਹੀਂ ਨਿਭਾਈ, ਬਲਕਿ ਧਰਨੇ ਦਾ ਲਾਹਾ ਲੈਣ ਲਈ ਅਤੇ ਅਖ਼ਬਾਰੀ ਦੀਆਂ ਸੁਰਖੀਆਂ ਬਣਨ ਲਈ ਇੱਕ ਦਿਨ ਆਏ।

**ਖਣਨ ਨਾਲ ਅੰਨੀ ਕਮਾਈ** : ਸੰਘਰਸ਼ ਕਮੇਟੀ ਅਨੁਸਾਰ ਸਟੋਨ ਕਰੈਸ਼ਰ ਵਾਲੇ ਕਿਸਾਨ ਦੀ ਜ਼ਮੀਨ 10 ਫੁੱਟ ਡੂੰਘੀ ਕਰਨ ਦੇ ਵਾਅਦੇ ਨਾਲ ਪ੍ਰਤੀ ਏਕੜ 1.5 ਲੱਖ ਦੇ ਠੇਕੇ ਉਪਰ ਜ਼ਮੀਨ ਉਪਰ ਕਬਜ਼ਾ ਕਰਦੇ ਹਨ ਪਰ 4-5 ਫੁੱਟ ਡੂੰਘਾ ਕਰਨ ਨਾਲ ਇੱਕ ਕਰੋੜ ਤੋਂ ਸਵਾ ਕਰੋੜ ਕਮਾ ਲੈਂਦੇ ਹਨ। ਰੇਤੇ ਦਾ ਇੱਕ ਟਿਪਰ 7000 ਤੋਂ ਲੈ ਕੇ 12000 ਹਜ਼ਾਰ ਰੁਪਏ ਦਾ ਵੇਚਿਆ ਜਾਂਦਾ ਹੈ। ਟਿਪਰਾਂ ਦੀ ਬਾਡੀ ਨੂੰ ਉਵਰਲੋਡ ਕਰਨ ਲਈ ਉਪਰ ਵੱਲ ਨਜਾਇਜ਼ ਵਧਾ ਵਧਾਇਆ ਹੋਇਆ ਹੈ।

**ਹਾਈਕੋਰਟ ਦੇ ਫੈਸਲੇ** : ਹਾਈਕੋਰਟ ਦੇ ਸਾਲ 2016 ਦੇ ਫੈਸਲਾ ਨੰਬਰ 7712 ਦੀ ਪਾਲਣਾ ਤਹਿਤ ਸਟੇਟ ਜਿਆਲੋਜਿਟ ਦੇ ਮੀਮੋ ਨੰਬਰ Glg/ Pb./C/Case/1756/5369-A dated 4.5.2016 ਉਪਰ ਕਾਰਵਾਈ ਕਰਦਿਆਂ ਸੰਯੁਕਤ ਡਾਇਰੈਕਟਰ (ਇਨਫਰਾ) ਵੱਲੋਂ ਗੈਰ ਕਾਨੂੰਨੀ ਨਿਕਾਸੀ ਦੀ ਚੈਕਿੰਗ ਕਰਨ ਲਈ ਗਠਤ ਕੀਤੀ ਟੀਮ ਨੇ 10.5.2016 ਨੂੰ ਪਿੰਡ ਫਹਿਤਪੁਰ ਕੁਲੀਆਂ, ਤਹਿਸੀਲ ਮੁਕੇਰੀਆਂ ਦਾ ਦੌਰਾ ਕੀਤਾ ਅਤੇ ਲਿਖਿਆ ਕਿ ਦੌਰੇ ਸਮੇਂ ਕੋਈ ਮਾਇਨਿੰਗ ਸਾਈਟ ਨਹੀਂ ਦੇਖੀ ਗਈ। ਸਟੇਟ ਜਿਆਲੋਜਿਸਟ ਨੂੰ ਆਪਣੇ ਮੀਮੋ ਨੰਬਰ ਗ:ਸ:ਪੱ;ਨੰ:ਡਾ/ ਚੈਕਿੰਗ/ਹੋਸ਼ਿਆਰਪੁਰ/5744ਏ ਮਿਤੀ 12/5/2016 ਦੇ ਪੱਤਰ ਨਾਲ ਸਤਿਗੁਰ ਤੇਰੀਓਟ ਸਟੋਨ ਕਰੈਸ਼ਰ ਜਿਹੜਾ ਫਤਿਹਪੁਰ ਕੁਲੀਆਂ ਵਿਖੇ ਕਾਰਜਸ਼ੀਲ ਹੈ ਦੇ ਮਾਲਕ ਦੇ ਬਿਆਨ ਦਾ ਬਿਉਰਾ ਦਿੱਤਾ ਹੈ ਜਿਸ ਵਿੱਚ ਉਸਨੇ ਕਿਹਾ ਕਿ ਇਹ ਜਮੀਨ ਉਸਨੇ 34 ਸਾਲ ਪਹਿਲਾਂ ਹੀ ਖਰੀਦੀ ਸੀ ਜੋ ਪਹਿਲਾਂ ਹੀ ਨੀਵੀਂ ਸੀ (70-80 ਫੁੱਟ) ਅਤੇ ਉਹ ਸੁਖਚੈਨਪੁਰ ਦੀ ਅਧਿਕਾਰਤ ਖੱਡ ਤੋਂ ਮੈਟੀਰੀਅਲ ਲਿਆਉਂਦਾ ਹੈ। ਖਣਨ ਰੋਕੋ ਜਮੀਨ ਬਚਾਓ ਸੰਘਰਸ਼ ਕਮੇਟੀ ਮੁਤਾਬਿਕ ਇਹ ਝੂਠੀ ਰਿਪੋਰਟ ਇਸ ਕਰਕੇ ਬਣਾਈ ਗਈ ਹੈ ਕਿਉਂ ਕਿ ਇਸ ਇਲਾਕੇ ਵਿੱਚ ਖਣਨ ਦੀ ਆਗਿਆ ਨਹੀਂ ਹੈ।

**ਖਣਨ ਨਾਲ ਖੇਤੀ ਉਪਰ ਅਸਰ** : ਭੂਮੀ ਰੱਖਿਆ ਮਾਹਰਾਂ ਅਨੁਸਾਰ ਡੂੰਘੇ ਟੋਏ ਨਾਲ ਲੱਗਦਾ ਖੇਤ ਪਾਣੀ ਦੇ ਵਹਾਅ ਨਾਲ ਰੁੜ ਜਾਂਦਾ ਹੈ, ਇਸ ਖੇਤ ਵਿਚਲੇ ਉਪਜਾਊ ਤੱਤ ਪਾਣੀ ਵਿੱਚ ਘੁੱਲ ਕੇ ਧਰਤੀ ਵਿੱਚ ਹੇਠਾਂ ਰਿਸਦੇ ਹੋਏ ਡੂੰਘੇ ਖੇਤ ਵਿੱਚ ਵਹਿ ਜਾਣ ਕਰਕੇ ਖੇਤ ਦੀ ਉਪਜਾਊ ਸ਼ਕਤੀ ਘੱਟ ਜਾਂਦੀ ਹੈ, ਖੇਤ ਵਿੱਚ ਨਮੀਂ ਦੀ ਮਾਤਰਾ ਘੱਟ ਜਾਣ ਕਰਕੇ ਫਸਲਾਂ ਨੂੰ ਪਾਣੀ ਦੀ ਘਾਟ ਆ ਜਾਂਦੀ ਹੈ, ਕੰਢੀ ਇਲਾਕੇ ਵਿੱਚ ਕਈ ਖੇਤਾਂ ਦੇ ਰਸਤੇ ਵੀ ਰੁੜ ਜਾਂਦੇ ਹਨ।

ਪਿਛਲੇ ਦਿਨੀਂ ਕੇਂਦਰੀ ਮੰਤਰੀ ਗਡਕਰੀ ਨੇ 10500 ਕਰੋੜ ਦੀ ਲਾਗਤ ਨਾਲ ਪੰਜਾਬ ਭਰ 'ਚ ਸੜਕਾਂ ਦਾ ਨਿਰਮਾਣ ਕਰਨ ਦਾ ਉਦਘਾਟਨ ਵੀ ਕੀਤਾ, ਜਿਹਨਾਂ ਲਈ ਪੱਥਰ, ਬਜਰੀ ਲਈ ਕੰਢੀ ਇਲਾਕੇ ਵਿੱਚ ਨਿਕਾਸੀ ਹੋਰ ਤੇਜ਼ ਹੋਵੇਗੀ।

**ਉਜਾੜੇ ਦਾ ਸੰਤਾਪ ਪਿੱਛਾ ਨਹੀਂ ਛੱਡਦਾ:**

ਪਿੰਡ ਕਾਂਜੂਪੀਰ ਵਾਸੀ ਸੁਖਵਿੰਦਰ ਸਿੰਘ ਦੇ ਚਾਚਾ ਸਰਦੂਲ ਸਿੰਘ ਨੇ ਦੱਸਿਆ ਕਿ ਉਹ ਪਹਿਲਾਂ ਡੇਰਾ ਬਾਬਾ ਨਾਨਕ ਇਲਾਕੇ ਦੇ ਪਿੰਡ ਭੱਗਠਾਵਾਂ (ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ) ਰਹਿੰਦੇ ਸਨ। ਪਰ 1965, 1971 ਅਤੇ ਕਾਰਗਿਲ ਦੀ ਲੜਾਈ ਵੇਲੇ ਉਹਨਾਂ ਦੇ ਪਿੰਡ ਨੂੰ ਉਠਾ ਦਿੱਤਾ ਸੀ। ਸਾਡੇ ਰਿਸਤੇਦਾਰ 47 ਦੀ ਵੰਡ ਪਿੱਛੋਂ ਇਧਰ ਆ ਕੇ ਵਸੇ ਸਨ ਉਹ ਸਾਨੂੰ ਇੱਧਰ ਬੁਲਾ ਲਿਆ। ਪਰ ਸ਼ਾਂਤੀ ਨਾਲ ਇੱਥੇ ਵੀ ਰਹਿ ਨਹੀਂ ਸਕਦੇ।

ਅਖਬਾਰੀ ਰਿਪੋਰਟਾਂ ਮੁਤਾਬਕ ਅਕਾਲੀ ਆਗੂ ਬੀਬੀ ਜੋਸ਼ ਦਾ ਬੇਟਾ ਰੇਤਾ ਖਣਨ ਦੇ ਕਾਰੋਬਾਰ ਵਿਚ ਸਹਿਯੋਗੀ ਹੈ ਅਤੇ ਉਨ੍ਹਾਂ ਨੇ ਗੁਰਦਵਾਰੇ ਦੀ ਉਸਾਰੀ ਲਈ ਕੀਤੀ ਮੁਫਤ ਖਣਨ ਦੇ ਨਾਂ 'ਤੇ ਮੋਟੀ ਨਿੱਜੀ ਕਮਾਈ ਕੀਤੀ ਹੈ। ਇਹਨਾਂ ਰਿਪੋਰਟਾਂ ਤੋਂ ਬਾਅਦ ਵੀ ਉਸ ਉਪਰ ਕੋਈ ਕਾਰਵਾਈ ਨਹੀਂ ਕੀਤੀ ਗਈ।

ਭਾਸਕਰ ਵਿੱਚ ਛਪੀਆਂ ਰਿਪੋਰਟਾਂ ਮੁਤਾਬਕ ਮਹਿੰਦਰ ਕੌਰ ਜੋਸ਼ ਦੇ ਕਰੀਬੀ ਸਤਬੀਰ ਸਿੰਘ ਚੱਕੋਵਾਲ ਸੇਖਾਂ ਨੇ ਕਸਬਾ ਹਰਿਆਣਾ ਦੇ ਨਜ਼ਦੀਕ ਤਖਨੀ ਪਿੰਡ ਦੀ ਜ਼ਮੀਨ ਪੱਧਰੀ ਕਰਨ ਦੇ ਨਾਮ 'ਤੇ ਜ਼ਮੀਨ ਠੇਕੇ 'ਤੇ ਲਈ ਹੋਈ ਹੈ। ਪੱਤਰਕਾਰ ਜਦੋਂ ਉੱਥੇ ਪਹੁੰਚੇ ਤਾਂ ਦੋ ਜੇ ਸੀ ਬੀ ਅਤੇ ਇੱਕ ਟਿਪਰ ਭੱਜ ਗਏ। ਭੱਜੇ ਜਾਂਦੇ ਟਿਪਰ ਉੱਪਰ ਗੜਸੰਕਰ ਹਲਕੇ ਦੇ ਅਕਾਲੀ ਵਿਧਾਇਕ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸਕੱਤਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਦੇ ਨਜਦੀਕੀ ਮਾਹਿਲਪੁਰ ਦੇ ਅਕਾਲੀ ਆਗੂ ਅਵਤਾਰ ਸਿੰਘ ਬਾਹੋਵਾਲ ਦਾ ਨਾਮ ਲਿਖਿਆ ਹੋਇਆ ਸੀ। ਦੋ ਘੰਟੇ ਦੇਰ ਨਾਲ ਪਹੁੰਚੀ ਪੁਲਸ ਨੇ ਅਗਿਆਤ ਲੋਕਾਂ ਉੱਪਰ ਮਾਮਲਾ ਦਰਜ ਕਰ ਦਿੱਤਾ। ਨਜਾਇਜ਼ ਰੇਤ ਨਾਲ ਭਰੇ ਅਜਿਹੇ ਵਾਹਨ ਹਰਿਆਣਾ ਕਸਬੇ ਦੀ ਪੁਲਸ ਵੱਲੋਂ ਕਈ ਵਾਰ ਛੱਡੇ ਜਾਣ ਦੀਆਂ ਖ਼ਬਰਾਂ ਹਨ।

ਪੰਜਾਬ ਸਰਕਾਰ ਦੇ ਉਦਯੋਗ ਅਤੇ ਕਾਮਰਸ ਵਿਭਾਗ (ਜਿਉਲਿਜਲ ਸ਼ਾਖਾ) ਈ ਬੋਲੀ ਸੰਬੰਧੀ ਪੱਤਰ ਨੰਬਰ:ਜੀ.ਐਲ.ਜੀ./ਪੰਜ./ਜੀ.1/ ਨਿਲਾਮੀ/1085/2015/9543ਬੀ ਮੁਤਾਬਕ ਇਸ ਇਲਾਕੇ ਵਿੱਚ "ਪਿੰਡਾਂ ਦੀਆਂ ਸੜਕਾਂ ਤੋਂ 10 ਮੀਟਰ ਦੇ ਘੇਰੇ ਅੰਦਰ, ਨਹਿਰ ਨੇੜੇ, ਵਸੋਂ ਵਾਲੀਆਂ ਥਾਵਾਂ ਤੋਂ 50 ਮੀਟਰ ਦੇ ਘੇਰੇ ਦੇ ਅੰਦਰ ਨਿਕਾਸੀ ਨਹੀਂ ਕੀਤੀ ਜਾ ਸਕਦੀ। ਜਮੀਨ ਦੀ ਸਤਹ ਤੋਂ 3 ਮੀਟਰ ਤੋਂ ਵੱਧ ਡੂੰਘੀ ਪੁਟਾਈ ਦੀ ਮਨਾਹੀ ਹੈ। ਨਿਕਾਸੀ ਬਾਅਦ ਜਮੀਨ ਨੂੰ ਪੱਧਰ ਕਰਨ ਦੀ ਜ਼ਿੰਮੇਵਾਰੀ ਠੇਕੇਦਾਰ ਦੀ ਹੈ। ਨਿਕਾਸੀ ਦਾ ਕੰਮ ਗਰਮੀਆਂ ਵਿੱਚ 6.00 ਸਵੇਰੇ ਤੋਂ 7.00 ਸ਼ਾਮ ਅਤੇ ਸਰਦੀਆਂ ਵਿੱਚ 7.00 ਸਵੇਰੇ ਤੋਂ 5 ਵਜੇ ਸ਼ਾਮ ਤੱਕ ਕੀਤਾ ਜਾ ਸਕੇਗਾ। ਜ਼ਿਲ੍ਹਾ ਪੱਧਰੀ ਵਾਤਾਵਰਨ ਸੈੱਲ ਪੰਜਾਬ ਪ੍ਰਦੂਸ਼ਨ ਕੰਟਰੋਲ ਇੰਜੀਨੀਅਰ ਦੀ ਨਿਗਰਾਨੀ ਹੇਠ ਸਬ ਕਮੇਟੀ ਗਠਿਤ ਕਰ ਕੇ ਠੇਕੇ ਅਤੇ ਖਾਣਾਂ ਦੀ ਨਿਰੀਖਣ ਕਰੇਗਾ। ਅਤੇ ਵਾਤਵਰਣ ਕਾਨੂੰਨ ਦੀਆਂ ਸ਼ਰਤਾਂ ਦੀ ਪਾਲਣਾ ਤੇ ਨਿਗਰਾਨੀ ਹਿੱਤ, ਮਹੀਨੇ ਵਿੱਚ ਜ਼ਿਲ੍ਹਾ ਪੱਧਰ 'ਤੇ ਇੱਕ ਵਾਰੀ ਅਤੇ ਸੂਬਾ ਪੱਧਰ 'ਤੇ ਦੋ ਮਹੀਨਿਆਂ 'ਚ ਇੱਕ ਵਾਰੀ ਮੀਟਿੰਗ ਕਰਨਗੇ। ਹੈਰਾਨੀ ਹੈ ਕਿ ਇਸ ਇਲਾਕੇ ਵਿਚ ਇਕ ਵੀ ਖਾਣ ਦੀ ਬੋਲੀ ਨਹੀਂ ਹੋਈ ਪਰ ਖਣਨ ਜਾਰੀ ਹੈ।

ਖਣਨ ਰੋਕੋ/ਜ਼ਮੀਨ ਬਚਾਓ ਸੰਘਰਸ਼ ਕਮੇਟੀ ਹਾਜੀਪੁਰ ਵੱਲੋਂ ਪਾਸ ਕੀਤੇ ਮਤੇ ਜਿਹੜੇ ਤਹਿਸੀਲਦਾਰ, ਏ.ਐਸ.ਪੀ. ਮੁਕੇਰੀਆਂ ਅਤੇ ਹੋਰ ਅਧਿਕਾਰੀਆਂ ਨੂੰ ਭੇਜੇ ਗਏ ਉਹ ਗ਼ੌਰਤਲਬ ਹਨ।

ਮਤਾ ਨੰ: (2) ਕਿ ਅਦਾਲਤ ਵੱਲੋਂ ਧਿਆਨ ਸਿੰਘ ਪੁੱਤਰ ਜ਼ਗਦੀਸ਼ ਰਾਮ ਦੇ ਹੱਕ ਵਿੱਚ ਸਟੋਨ ਕਰੈਸ਼ਰ ਵਿਰੁੱਧ ਸਟੇਅ ਆਰਡਰ ਪ੍ਰਾਪਤ ਹੋਇਆ, ਸਟੇਅ ਆਰਡਰ ਥਾਣਾ ਹਾਜ਼ੀਪੁਰ ਦਿੱਤਾ ਗਿਆ, ਕਰੈਸ਼ਰ ਮਾਲਕਾਂ ਨੇ ਇਸਦੀ ਪ੍ਰਵਾਹ ਨਹੀਂ ਕੀਤੀ, ਇਸ ਨੂੰ ਲਾਗੂ ਕਰਵਾਉਣ ਦੀ ਮੰਗ ਕੀਤੀ ਜਾਂਦੀ ਹੈ।

ਮਤਾ ਨੰ:(3) ਮਾਨਯੋਗ ਏ.ਐਸ.ਪੀ. ਵੱਲੋਂ ਸੱਦੀ ਮੀਟਿੰਗ ਵਿੱਚ ਧਿਆਨ ਵਿੱਚ ਲਿਆਂਦਾ ਗਿਆ ਸੀ ਕਿ 12.11.2014 ਨੂੰ ਸ਼ੀਮਤੀ ਹਰਜੀਤ ਕੌਰ ਮਾਈਨਿੰਗ ਅਧਿਕਾਰੀ ਹੁਸ਼ਿਆਰਪੁਰ ਨੇ ਚੈਕਿੰਗ ਦੌਰਾਨ ਸਤਿਗੁਰ ਤੇਰੀ ਓਟ ਕਰੈਸ਼ਰ ਮਾਲਕਾਂ ਨੂੰ ਕੁੱਲ ਪਟਾਈ ਬੰਦ ਕਰਨ ਅਤੇ ਡੂੰਘੇ ਟੋਏ ਭਰਨ ਲਈ ਸੂਚਿਤ ਕੀਤਾ ਸੀ ਪਰ ਖਣਨ ਧੱਕੇ ਨਾਲ ਜਾਰੀ ਹੈ। ਕਰੈਸ਼ਰ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕਰਕੇ ਪੱਕੇ ਤੌਰ 'ਤੇ ਪੁਟਾਈ ਬੰਦ ਕਰਵਾਈ ਜਾਵੇ।

ਮਤਾ ਨੰ: (7) ਕਿ ਮੀਰੀ ਪੀਰੀ ਕਰੈਸ਼ਰ ਮਾਲਕਾਂ ਵੱਲੋਂ ਪੰਜਾਬ ਵਕਫ ਬੋਰਡ ਦੀ ਕਰੀਬ 7 ਏਕੜ ਜ਼ਮੀਨ ਪਿੰਡ ਕਾਂਜੀਪੁਰ (ਸਰਿਆਣਾ) ਵਿੱਚ 30 ਤੋਂ 50 ਫੁੱਟ ਤੱਕ ਪੁੱਟੀ ਗਈ ਹੈ ਜੋ ਕਿ ਨਜਾਇਜ਼ ਅਤੇ ਗੈਰ ਕਾਨੂੰਨੀ ਹੈ। ਇਸ ਦੀ ਪੜਤਾਲ ਵਿਜੀਲੈਂਸ ਵਿਭਾਗ ਅਤੇ ਜੁਡੀਸਰੀ ਪਾਸੋਂ ਕਰਵਾਈ ਜਾਵੇ। ਸੰਬੰਧਿਤ ਮਹਿਕਮੇ ਦੇ ਜ਼ਿੰਮੇਵਾਰ ਅਧਿਕਾਰੀਆ ਅਤੇ ਕਰਮਚਾਰੀਆਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਕਿਉਂ ਕਿ ਇਹ ਕੰਮ ਮਹਿਕਮਾ ਵਕਫ਼ ਬੋਰਡ ਅਤੇ ਮਾਲ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਹੋਇਆ ਹੈ।

ਮਤਾ ਨੰ: (8) ਕਿ ਮੀਰੀਪੀਰੀ ਅਤੇ ਸਤਿਗੁਰੁ ਤੇਰੀ ਓਟ ਦੀ ਮਾਰਫ਼ਤ ਕੁੱਝ ਪਿੰਡਾਂ ਦੀਆਂ ਲਿੰਕ ਸੜਕਾਂ 'ਤੇ ਭਾਰੀਆਂ ਅਤੇ ਲੋਡਡ ਗੱਡੀਆਂ ਚੱਲਦੀਆਂ ਹਨ। ਇਸ ਕਰਕੇ ਲਿੰਕ ਸੜਕਾਂ ਬਰਬਾਦ ਹੋ ਗਈਆਂ ਹਨ। ਸਬੰਧਿਤ ਐਕਸੀਅਨ ਤੋਂ ਪੁੱਛਿਆ ਜਾਵੇ ਕਿ ਲਿੰਕ ਸੜਕਾਂ ਉਪਰ ਇਹ ਲੋਡਡ ਗੱਡੀਆਂ ਨੂੰ ਕਿਉਂ ਨਹੀਂ ਰੋਕਿਆ ਗਿਆ ਜਾਂ ਕੀ ਕਾਰਵਾਈ ਕੀਤੀ ਗਈ ? ਜ਼ੁੰਮੇਵਾਰ ਅਧਿਕਾਰੀਆਂ ਦੀ ਕਰੈਸ਼ਰ ਮਾਲਕਾਂ ਨਾਲ ਮਿਲੀ ਭੁਗਤ ਨੂੰ ਨੰਗਾ ਕਰਕੇ ਉਹਨਾਂ ਵਿਰੁੱਧ ਫੌਰੀ ਸਖਤ ਕਾਰਵਾਈ ਕੀਤੀ ਜਾਵੇ।

ਮਤਾ ਨੰ; (9) ਕਿ ਕਰੈਸ਼ਰ ਮਾਲਕਾਂ ਵੱਲੋਂ ਭਾਰੀਆਂ ਅਤੇ ਲੋਡਡ ਗੱਡੀਆਂ ਨਹਿਰੀ ਪੱਟੜੀਆਂ ਅਤੇ ਪੁਲਾਂ ਉੱਪਰ ਚਲਦੀਆਂ ਹਨ। ਪਟੜੀਆਂ ਅਤੇ ਪੁਲਾਂ ਦੀ ਹੋਈ ਬਰਬਾਦੀ ਨਾਲ ਪਿੰਡਾਂ ਦੇ ਨੁਕਸਾਨ ਦਾ ਵੱਡਾ ਖਤਰਾ ਬਣਿਆ ਹੋਇਆ ਹੈ। ਇਹ ਨਹਿਰੀ ਵਿਭਾਗ ਦੇ ਅਧਿਕਾਰੀਆਂ ਦੀ ਘੋਰ ਅਣਗਹਿਲੀ ਹੈ ਅਤੇ ਕਰੈਸ਼ਰ ਮਾਲਕਾਂ ਦੀ ਮਿਲੀ ਭੁਗਤ ਹੈ। ਇਸ ਨਾਲ ਇਲਾਕੇ ਦੇ ਲੋਕਾਂ ਨਾਲ ਹਾਦਸੇ ਵੀ ਵਾਪਰਦੇ ਰਹਿੰਦੇ ਹਨ। ਨਹਿਰੀ ਵਿਭਾਗ ਤੋਂ ਪੁੱਛਿਆ ਜਾਵੇ ਕਿ ਇਸ ਨੁਕਸਾਨ ਦਾ ਕੌਣ ਜ਼ੁੰਮੇਵਾਰ ਹੈ। ਕਰੈਸ਼ਰ ਮਾਲਕਾਂ ਦੀਆਂ ਇਹ ਵੱਡੀਆਂ ਲੋਡਡ ਗੱਡੀਆਂ ਲੰਘਣ ਦੀ ਨਹਿਰੀ ਵਿਭਾਗ ਕਿਸ ਤਰ੍ਹਾਂ ਅਤੇ ਕਿਉਂ ਇਜਾਜ਼ਤ ਦਿੰਦਾ ਹੈ। ਟੁੱਟੀਆਂ ਪਟੜੀਆਂ ਅਤੇ ਪੁਲਾਂ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਕਸੂਰਵਾਰ ਅਧਿਕਾਰੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

ਮਤਾ ਨੰ: (10) ਕਿ ਟਿਊਬਵੈੱਲ ਕਾਰਪੋਰੇਸ਼ਨ ਵੱਲੋਂ ਕਿਸਾਨਾਂ ਖੇਤਾਂ ਵਿੱਚ ਪਾਣੀ ਦੀ ਸਿੰਚਾਈ ਵਾਸਤੇ ਪਾਈਆਂ ਜ਼ਮੀਨ ਦੋਜ਼ ਪਾਈਪਾਂ ਲਗਵਾਈਆਂ ਗਈਆਂ ਸਨ, ਸਤਿਗੁਰੁ ਤੇਰੀ ਓਟ ਕਰੈਸ਼ਰ ਵਾਲਿਆਂ ਨੇ ਜੇ.ਸੀ.ਬੀ ਮਸ਼ੀਨਾਂ ਨਾਲ ਪਿੰਡ ਫਤਿਹਪੁਰ ਦੀ ਜ਼ਮੀਨ ਵਿੱਚੋਂ ਇਹ ਪਾਈਪਾਂ ਪੁੱਟ ਸੁੱਟੀਆਂ ਹਨ। ਇਹਨਾਂ ਪਾਈਪਾਂ ਨਾਲ ਸਿੰਜਿਆ ਜਾਂਦਾ 40 ਏਕੜ ਰਕਬਾ ਪ੍ਰਭਾਵਤ ਹੋਇਆ ਹੈ। ਕਰੈਸ਼ਰ ਮਾਲਕਾਂ ਨੂੰ ਇਹ ਪਾਈਪਾਂ ਤੋੜਨ ਦਾ ਅਧਿਕਾਰ ਟਿਊਬਵੈੱਲ ਕਾਰਪੋਰੇਸ਼ਨ ਦੇ ਕਿਸ ਅਧਿਕਾਰੀ ਨੇ ਦਿੱਤਾ, ਅਜਿਹੇ ਮਿਲੀ ਭੁਗਤ ਵਾਲੇ ਅਧਿਕਾਰੀਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ। ਸੰਬੰਧਿਤ ਮਹਿਕਮੇ ਵੱਲੋਂ ਕਰੈਸ਼ਰ ਮਾਲਕਾਂ ਦੇ ਖ਼ਿਲਾਫ਼ (ਪਾਈਪਾਂ ਤੋੜਨ) ਵਿਰੁੱਧ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ਅਤੇ ਕੀ ਕਰੈਸ਼ਰ ਮਾਲਕਾਂ ਖਿਲਾਫ ਕੋਈ ਪਰਚਾ ਦਰਜ ਕਰਵਾਇਆ ਗਿਆ ਹੈ। ਪਾਈਪਾਂ ਟੁੱਟ ਜਾਣ ਨਾਲ ਜੋ ਕਿਸਾਨਾਂ ਦੀਆਂ ਫਸਲਾਂ ਪ੍ਰਭਾਵਤ ਹੋਈਆਂ ਹਨ ਉਸ ਲਈ ਟਿਊਬਵੈੱਲ ਕਾਰਪੋਰੇਸ਼ਨ ਦੇ ਅਧਿਕਾਰੀਆਂ ਦੀ ਮਿਲੀ ਭੁਗਤ ਅਤੇ ਲਾਪ੍ਰਵਾਹੀ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਕਿਸਾਨਾਂ ਦੀਆਂ ਫ਼ਸਲਾਂ ਦਾ ਮੁਆਵਜ਼ਾ ਦਿੱਤਾ ਜਾਵੇ।

ਮਤਾ ਨੰ: (11) ਕਿ ਜਿਹਨਾਂ ਕਿਸਾਨਾਂ ਦੀਆਂ ਜ਼ਮੀਨਾਂ ਮੀਰੀ ਪੀਰੀ ਅਤੇ ਸਤਿਗੁਰ ਤੇਰੀ ਓਟ ਕਰੈਸ਼ਰਾਂ ਵੱਲੋਂ ਧੱਕੇ ਨਾਲ 30 ਫੁੱਟ ਤੋਂ ਲੈ ਕੇ 70 ਫੁੱਟ ਤੱਕ ਪੁੱਟੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਸਾਨਾਂ ਦੀਆਂ ਨਾਲ ਦਰਖਾਸਤਾਂ ਪੇਸ਼ ਹਨ ਇਹਨਾਂ ਦਰਖਾਸਤਾਂ ਦੇ ਆਧਾਰ 'ਤੇ ਕਰੈਸ਼ਰ ਮਾਲਕਾਂ ਖਿਲਾਫ਼ ਪਰਚੇ ਦਰਜ ਕੀਤੇ ਜਾਣ।

ਮਤਾ ਨੰ: (12) ਕਿ ਹੁਣ ਤੱਕ ਮੀਰੀ ਪੀਰੀ ਅਤੇ ਸਤਿਗੁਰੁ ਤੇਰੀ ਓਟ ਕਰੈਸ਼ਰਾਂ ਦੇ ਮਾਲਕਾਂ ਵੱਲੋਂ 30 ਫੁੱਟ ਤੋਂ ਲੈ ਕੇ 70 ਫੁੱਟ ਤੱਕ ਪੁਟਾਈ ਕੀਤੀ ਗਈ ਹੈ। 10 ਫੁੱਟ ਤੋਂ ਹੇਠਾਂ ਸਰਕਾਰ ਦੀ ਮਾਲਕੀ ਹੈ। ਇਸ ਤਰ੍ਹਾਂ ਸਰਕਾਰ ਦੇ ਹੱਕ ਦੀ ਚੋਰੀ ਹੋਈ ਹੈ, ਇਸ ਦੇ ਨਾਲ ਨਾਲ ਪਿੰਡ ਦੇ ਰਿਹਾਇਸ਼ੀ ਮਕਾਨਾਂ ਦੇ ਬਰਬਾਦ ਹੋਣ ਦਾ ਵੀ ਖਤਰਾ ਪੈਦਾ ਹੋਇਆ ਹੈ। ਮਹਿਕਮਾ ਮਾਲ ਦਾ ਫੀਲਡ ਵਿਭਾਗ ਹਰ 6 ਮਹੀਨੇ ਬਾਅਦ ਗਿਰਦਾਵਰੀ ਕਰਦਾ ਹੈ, ਉਹਨਾਂ ਵੱਲੋਂ ਸਰਕਾਰ ਨੂੰ ਇਸ ਸਬੰਧੀ ਰਿਪੋਰਟਾਂ ਨਾ ਭੇਜਣ ਲਈ ਜ਼ਿੰਮੇਵਾਰੀ ਤਹਿ ਕੀਤੀ ਜਾਵੇ ਅਤੇ ਸਬੰਧਿਤ ਅਧਿਕਾਰੀਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸਿੱਟੇ: ਟੀਮ ਵੱਲੋਂ ਇੱਕਤਰ ਕੀਤੀ ਜਾਣਕਾਰੀ, ਦਸਤਾਵੇਜ਼ਾਂ, ਅਦਾਲਤੀ ਫੈਸਲਿਆਂ ਦੀ ਘੋਖ ਅਤੇ ਖਣਨ ਰੋਕੋ /ਜਮੀਨ ਬਚਾਓ ਸੰਘਰਸ਼ ਕਮੇਟੀ ਦੇ ਮਤਿਆਂ ਦੇ ਮੱਦੇ ਨਜ਼ਰ ਸਭਾ ਇਹਨਾਂ ਸਿੱਟਿਆਂ 'ਤੇ ਪਹੁੰਚੀ ਹੈ ਕਿ:

1. ਖਣਨ ਮਾਫੀਏ ਦਾ ਸੱਤਾਧਾਰੀ ਸਿਆਸਤਦਾਨਾਂ, ਉੱਚ ਅਧਿਕਾਰੀਆਂ ਅਤੇ ਉੱਚ ਪੁਲੀਸ ਅਧਿਕਾਰੀਆਂ ਨਾਲ ਗੱਠਜੋੜ ਹੈ। ਖਣਨ ਨੂੰ ਨਿਯਮਤ ਕਰਨ ਦੇ ਸਾਰੇ ਕਾਇਦੇ ਕਾਨੂੰਨਾਂ ਤੋਂ ਬੇਪ੍ਰਵਾਹ ਹੋ ਕੇ ਕੀਤੀ ਜਾ ਰਹੀ ਇਹ ਗੈਰ ਕਾਨੂੰਨੀ ਖਣਨ ਲੋਕਾਂ ਦੇ ਜਾਨਾਂ, ਜ਼ਮੀਨਾਂ,

ਵਾਤਾਵਰਨ ਆਦਿ ਲਈ ਵੱਡਾ ਖਤਰਾ ਬਣ ਕੇ ਉੱਭਰ ਰਹੀ ਹੈ। ਇਹ ਤੱਥ ਅਦਾਲਤਾਂ ਵਿੱਚ ਵੀ ਕਬੂਲ ਕੀਤਾ ਜਾ ਚੁੱਕਿਆ ਹੈ। ਲੋਕਾਂ ਲਈ ਇਹ ਚਿੰਤਾ ਦਾ ਵਿਸ਼ਾ ਹੈ।

2. ਨਵੀਆਂ ਆਰਥਿਕ ਨੀਤੀਆਂ ਤਹਿਤ ਨਿੱਜੀਕਰਨ ਦੇ ਨਾਂ ਤੇ ਨਿੱਜੀ ਕਾਰੋਬਾਰੀਆਂ ਨੂੰ ਲਗਾਤਾਰ ਛੋਟਾਂ ਦਿੱਤੀਆਂ ਜਾ ਰਹੀਆਂ ਹਨ। ਰੇਲਾਂ ਦੇ ਵਿਸਥਾਰ ਦੀ ਥਾਂ ਹਾਲ ਦੇ ਹੀ ਦਿਨਾਂ ਵਿੱਚ ਕੇਦਰੀ ਮੰਤਰੀ ਗਡਕਰੀ ਵੱਲੋਂ10500 ਕਰੋੜ ਦੀ ਲਾਗਤ ਨਾਲ ਤਿਆਰ ਹੋਣ ਵਾਲੀਆਂ ਸੜਕਾਂ ਦਾ ਰੱਖਿਆ ਗਿਆ ਨੀਂਹ ਪੱਥਰ ਰੇਤਾ, ਬਜਰੀ ਦੀ ਮੰਗ ਨੂੰ ਹੋਰ ਤਿੱਖਾ ਕਰੇਗਾ। ਮੁਨਾਫੇ ਦੀ ਹੋੜ ਖਣਨ ਨੂੰ ਹੋਰ ਵੱਧ ਮਾਰੂ ਬਣਾਵੇਗੀ। ਆਲਜੰਜਾਲ ਦੀ ਤਹਿ ਸੁਦਾ ਖਣਨ ਨੀਤੀ ਅਨਸੁਾਰ ਪੰਜਾਬ ਵਿੱਚ ਕਿਤੇ ਵੀ 3 ਮੀਟਰ ਤੋਂ ਹੇਠਾਂ ਖੁਦਾਈ ਦੀ ਮਨਾਹੀ ਹੈ ਪਰ ਸਭਾ ਦੀ ਟੀਮ ਵੱਲੋਂ ਵੇਖੇ 60 ਫੁੱਟ ਤੋਂ 80 ਫੁੱਟ ਡੂੰਘੇ ਟੋਏ ਇਸ ਦੀ ਨੰਗੀ ਚਿੱਟੀ ਉਲੰਘਣਾ ਤਾਂ ਹੈ ਹੀ ਪਰ ਪੂਰਾ ਪ੍ਰਸਾਸ਼ਨ ਇਸ ਗੱਠਜੋੜ ਦੀ ਮਾਰ ਹੇਠ ਆਕੇ ਅੱਖਾਂ ਮੀਟੀ ਬੈਠਾ ਹੈ। ਅਜਿਹੇ ਡੂੰਘੇ ਟੋਏ ਨਾਲ ਦੇ ਕਿਸਾਨਾਂ ਦੇ ਕੇਵਲ ਰੁਜ਼ਗਾਰ ਦੇ ਵਸੀਲੇ (ਜ਼ਮੀਨ) ਲਈ ਹੀ ਵੱਡਾ ਖਤਰਾ ਨਹੀਂ ਸਗੋ ਲਾਲ ਡੋਰੇ ਦੇ ਅੰਦਰ ਅਤੇ ਰਸਤਿਆਂ ਦੇ ਨੇੜੇ ਹੋਣ ਕਾਰਨ ਉਹਨਾਂ ਦੀ ਆਪਣੀ ਜਿੰਦਗੀ ਅਤੇ ਪਸ਼ੂਆਂ ਲਈ ਵੀ ਖਤਰਨਾਕ ਹਨ। ਇਹ ਮਾਫੀਆ ਲੋਕਾਂ ਨੂੰ ਬੇਵੱਸੀ ਦੀ ਹਾਲਤ ਵਿੱਚ ਸੁੱਟਕੇ ਉਹਨਾਂ ਦੀਆਂ ਜਮੀਨਾਂ ਉਪਰ ਕਬਜੇ ਕਰ ਰਿਹਾ ਹੈ। ਅਜਿਹੇ ਹਾਲਾਤਾਂ ਵਿੱਚ ਅਦਾਲਤੀ ਹੁਕਮ ਵੀ ਬੇਅਸਰ ਸਿੱਧ ਹੋ ਰਹੇ ਹਨ। ਇਹਨਾਂ ਡੂੰਘੇ ਟੋਇਆਂ ਨੂੰ ਪੂਰਨ ਤੋਂ ਇਹ ਮਾਫੀਆ ਨਾਬਰ ਹੋਇਆ ਬੈਠਾ ਹੈ। ਲੋਕਾਂ ਦੀ ਕਿਧਰੇ ਵੀ ਸੁਣਵਾਈ ਨਹੀਂ ਹੈ।

3. ਕਿਸੇ ਵੇਲੇ ਇਲਾਕੇ ਦੀ ਖੇਤੀ ਨੂੰ ਵਿਕਸਤ ਕਰਨ ਲਈ ਵਿਛਾਈਆਂ ਗਈਆਂ ਨਹਿਰਾਂ ਅਤੇ ਟਿਊਬਵੈੱਲਾਂ ਦਾ ਪਾਣੀ ਸਪਲਾਈ ਕਰਨ ਲਈ ਵਿਛਾਈਆਂ ਜ਼ਮੀਨ ਦੋਜ਼ ਪਾਈਪਾਂ ਨੂੰ ਇਸ ਖਣਨ ਮਾਫੀਏ ਵੱਲੋਂ ਤੋੜਨਾ ਖੇਤੀ ਨੂੰ ਬਰਬਾਦ ਕਰਕੇ ਇਲਾਕੇ ਦੀ ਆਰਥਿਕਤਾ ਨੂੰ ਤਬਾਹ ਕਰਨ ਅਤੇ ਲੋਕਾਂ ਨੂੰ ਉਜਾੜਨ ਦੀ ਡੂੰਘੀ ਸਾਜਿਸ਼ ਹੈ।

4. ਲਿੰਕ ਸੜਕਾਂ ਅਤੇ ਨਹਿਰੀ ਪਟੜੀਆਂ ਉਪਰ ਚਲਦੇ ਭਾਰੀ ਖਣਨ ਸਮੱਗਰੀ ਨਾਲ ਲੱਦੇ ਭਾਰੀ ਵਾਹਣ ਸੜਕਾਂ, ਨਹਿਰੀ ਪਟੜੀਆਂ ਅਤੇ ਪੁੱਲਾਂ ਦੇ ਟੁੱਟਣ ਦਾ ਕਾਰਨ ਬਣ ਰਹੇ ਹਨ ਅਤੇ ਇਸ ਸਬੰਧੀ ਟਰਾਂਸਪੋਰਟ ਵਿਭਾਗ ਅਤੇ ਨਹਿਰੀ ਵਿਭਾਗ ਦੀ ਨਾਅਹਿਲੀਅਤ ਲੋਕਾਂ ਦੇ ਸਾਧਨਾਂ ਨਾਲ ਅਤੇ ਲੋਕਾਂ ਦੀ ਸਹੂਲਤ ਲਈ ਉਸਾਰੇ ਇਸ ਮਾਮੂਲੀ ਢਾਂਚੇ ਦੀ ਤਬਾਹੀ ਦਾ ਕਾਰਨ ਬਣ ਰਹੀ ਹੈ। ਹਾਈਕੋਰਟ ਵੱਲੋਂ ਇਹਨਾਂ ਭਾਰੀ ਵਾਹਨਾਂ ਦੀ ਰੋਕ ਲਈ ਕੀਤੇ ਹੁਕਮ ਹਰ ਰੋਜ਼ ਟਾਇਰਾਂ ਥੱਲੇ ਦਰੜੇ ਜਾ ਰਹੇ ਹਨ ਅਤੇ ਨਿਯਮ ਲਾਗੂ ਕਰਨ ਵਾਲੇ ਵਿਭਾਗ ਅੱਖਾਂ ਮੀਟੀ ਬੈਠੇ ਹਨ।

5. ਦਿਨ ਰਾਤ ਚੱਲ ਰਹੇ ਕਰੈਸ਼ਰ ਅਤੇ ਵਾਹਨਾਂ ਵੱਲੋਂ ਉਡਾਈ ਜਾ ਰਹੀ ਧੂੜ ਜਿੱਥੇ ਵਾਤਾਵਰਣ ਨੂੰ ਪ੍ਰਦੂਸ਼ਤ ਕਰਕੇ ਲੋਕਾਂ ਦੀ ਸਿਹਤ ਨੂੰ ਖਤਰਾ ਖੜਾ ਕਰ ਰਹੀ ਹੈ ਉੱਥੇ ਫਸਲਾਂ ਅਤੇ ਪੇੜ ਪੌਦਿਆਂ ਉਪਰ ਜੰਮ ਰਹੀ ਧੂੜ ਉਹਨਾਂ ਦੇ ਝਾੜ ਘਟਣ ਅਤੇ ਤਬਾਹੀ ਦਾ ਕਾਰਨ ਵੀ ਬਣ ਰਹੀ ਹੈ।

6. ਖਣਨ ਕਾਰਨ ਦਰਖਤਾਂ ਅਤੇ ਜੜੀ ਬੂਟੀਆਂ ਦੀ ਤਬਾਹੀ ਇੱਕ ਨਾ ਪੂਰੇ ਜਾਣ ਵਾਲਾ ਘਾਟਾ ਹੈ ਜਿਸ ਨਾਲ ਜੜੀ ਬੂਟੀਆਂ ਅਤੇ ਜੰਗਲੀ ਜੀਵਾਂ ਦੇ ਅਲੋਪ ਹੋਣ ਦਾ ਵੀ ਖਤਰਾ ਹੈ ਅਤੇ ਹੜਾਂ ਦਾ ਖਤਰਾ ਵੀ ਵਧ ਜਾਵੇਗਾ।

7. ਕੰਢੀ ਦਾ ਇਲਾਕਾ ਪਹਿਲਾਂ ਹੀ ਪਾਣੀ ਦੀ ਥੁੜ ਦਾ ਸ਼ਿਕਾਰ ਹੈ, ਬਜਰੀ ਨੂੰ ਸਾਫ ਕਰਨ ਲਈ ਕਰੈਸ਼ਰਾਂ ਵੱਲੋਂ ਦਿਨ ਰਾਤ ਕੱਢਿਆ ਜਾ ਭੂਮੀ ਹੇਠਲਾ ਪਾਣੀ ਆਉਣ ਵਾਲੇ ਸਮੇਂ ਵਿੱਚ ਪਾਣੀ ਦਾ ਸੰਕਟ ਖੜ੍ਹਾ ਕਰ ਸਕਦਾ ਹੈ।

8. ਤਲਵਾੜਾ ਡੈਮ ਦੇ ਪੈਰਾਂ 'ਚ ਖੁਦਾਈ ਨਾਲ ਹੋਣ ਨਾਲ ਇਸਦਾ ਹਾਲ ਵੀ ਹਰਿਆਣਾ ਦੇ ਤਾਜੇਵਾਲਾ ਡੈਮ ਵਾਲਾ ਹੋਣ ਦਾ ਖਤਰਾ ਹੈ। ਚੇਤੇ ਰਹੇ ਕਿ ਲੱਗਭੱਗ ਚਾਰ ਸਾਲ ਪਹਿਲਾਂ ਤਾਜੇ ਵਾਲਾ ਡੈਮ ਲਗਾਤਾਰ ਹੋ ਰਹੀ ਰੇਤ ਦੀ ਨਿਕਾਸੀ ਕਾਰਨ ਪਾਣੀ ਵਿੱਚ ਰੁੜ ਗਿਆ ਸੀ।

9. ਖਣਨ ਮਾਫੀਆ ਖਣਨ ਦੇ ਵਿਰੋਧੀਆਂ ਨੂੰ ਚੁੱਪ ਕਰਕੇ ਨਹੀ ਜਰ ਰਿਹਾ ਸਗੋ ਪੂਰੀ ਦਹਿਸ਼ਤ ਨਾਲ ਕੁਚਲਣ 'ਤੇ ਉਤਾਰੂ ਹੈ। ਸੰਘਰਸ਼ ਕਮੇਟੀ ਵੱਲੋਂ ਵਾਹਣ ਦੀ ਆਵਾਜਾਈ ਰੋਕਣ ਉਪਰ ਰਿਵਾਲਵਰ ਤਾਣ ਲੈਣਾ, ਨੰਗੀਆਂ ਗਾਲਾਂ ਕੱਢਣੀਆਂ ਅਤੇ ਔਰਤਾਂ ਦੇ ਉੱਦਮ ਨੂੰ ਮਾਰਨ ਲਈ ਉਹਨਾਂ ਦੀ ਸ਼ਾਨ ਖਿਲਾਫ਼ ਪਰਚਾਰ ਕਰਨਾ ਇਸ ਦਾ ਸਬੂਤ ਹੈ।

ਇਸ ਤੋਂ ਇਲਾਵਾ ਸੰਘਰਸ਼ ਕਮੇਟੀ ਦੇ ਆਗੂ ਉਪਰ ਜਾਨ ਲੇਵਾ ਹਮਲਾ ਕਰਨਾ, ਅਤੇ ਆਗੂਆਂ ਉਪਰ ਝੂਠਾ ਪਰਚਾ ਦਰਜ ਕਰਵਾਕੇ ਉਹਨਾਂ ਨੂੰ ਗ੍ਰਿਫਤਾਰ ਕਰਵਾਉਣਾ ਸੰਘਰਸ਼ਸ਼ੀਲ ਲੋਕਾਂ ਨੂੰ ਬੇਦਿਲ ਕਰਨ ਅਤੇ ਡਰਾਉਣ ਦੀਆ ਕਾਰਵਾਈਆਂ ਹਨ। ਰਾਜ ਤੰਤਰ ਵੀ ਇਸ ਮਾਫੀਏ ਦੇ ਹੱਕ ਵਿੱਚ ਭੁਗਤ ਰਿਹਾ ਹੈ, ਸੰਘਰਸ਼ ਕਮੇਟੀ ਦੇ ਆਗੂ ਉਪਰ ਹਮਲਾ ਕਰਨ ਵਾਲਿਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।

10. ਗੈਰ ਕਾਨੂੰਨੀ ਖਣਨ ਨਾਲ ਸਰਕਾਰੀ ਖਜ਼ਾਨੇ ਨੂੰ ਹਰ ਸਾਲ ਹਜ਼ਾਰਾਂ ਕਰੋੜ ਰੁਪਏ ਦਾ ਚੂਨਾ ਲੱਗ ਰਿਹਾ ਹੈ ਜਿਹੜਾ ਕਿ ਲੋਕਾਂ ਲਈ ਮੁਫਤ ਵਿਦਿਆ ਅਤੇ ਸਿਹਤ ਸਹੂਲਤਾਂ ਲਈ ਵਰਤਿਆ ਜਾ ਸਕਦਾ ਹੈ ਅਤੇ ਇਉਂ ਇਹਨਾਂ ਸਹੂਲਤਾਂ ਦੇ ਨਿੱਜੀਕਰਨ ਨਾਲ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਵਧਾਉਣ ਵਿੱਚ ਇੱਕ ਕਾਰਕ ਹੈ।

11. ਜ਼ਿਆਦਾਤਰ ਕਰੈਸ਼ਰਾਂ ਦੇ ਨਾਮ ਧਾਰਮਿਕ ਪਹਿਚਾਣ ਵਾਲੇ ਹਨ। ਕਿੰਨਾ ਅਫਸੋਸਨਾਕ ਹੈ ਕਿ ਨਿੱਜੀ ਹਿਤ ਤੇ ਨਾਜਾਇਜ਼ ਧੰਦਿਆਂ ਲਈ ਧਾਰਮਿਕ ਚਿੰਨਾਂ ਦਾ ਇਸਤੇਮਾਲ ਕੀਤਾ ਗਿਆ ਹੈ। ਜੋ ਕਿ ਬਹੁਤ ਗਲਤ ਹੈ ਤੇ ਸੰਵਿਧਾਨ ਦੀ ਉਲੰਘਣਾ ਵੀ ਹੈ।

**ਮੰਗਾਂ ਅਤੇ ਸੁਝਾਅ** : ਅਜਿਹੇ ਹਾਲਾਤਾਂ ਵਿੱਚ ਸਭਾ ਲੋਕਾਂ ਨੂੰ ਹੇਠ ਲਿਖੀਆਂ ਮੰਗਾਂ ਅਤੇ ਸੁਝਾਵਾਂ ਦੁਆਲੇ ਸਰਗਰਮੀ ਕਰਨ ਦਾ ਸੱਦਾ ਦਿੰਦੀ ਹੈ।

1. ਲੋਕਾਂ ਦੇ ਜਿਉਣ ਦੇ ਵਸੀਲੇ ਖੋਹਣ ਲਈ ਬਣਿਆ ਸੱਤਾਧਾਰੀ ਸਿਆਸਤਦਾਨਾਂ, ਅਫਸ਼ਰਸ਼ਾਹੀ ਅਤੇ ਉੱਚ ਪੁਲਸ ਪ੍ਰਸਾਸ਼ਨ ਦਾ ਗੱਠਜੋੜ ਜਮਹੂਰੀ ਅਤੇ ਸੰਘਰਸ਼ਸ਼ੀਲ ਲੋਕਾਂ ਲਈ ਚਿੰਤਾ ਦਾ ਵਿਸ਼ਾ ਹੈ। ਇਸ ਖਿਲਾਫ਼ ਵਿਸ਼ਾਲ ਜਾਗਰੂਕ ਮੁਹਿੰਮ ਚਲਾਕੇ ਹੀ ਇਸ ਮਾਫੀਏ ਨੂੰ ਲੋਕਾਂ ਵਿੱਚ ਬੇਪੜਦ ਕਰਕੇ ਇਸ ਹਮਲੇ ਨੂੰ ਪਛਾੜਿਆ ਜਾ ਸਕਦਾ ਹੈ ਅਤੇ ਲੋਕਾਂ ਦੀ ਸੁਣਵਾਈ ਹੋ ਸਕਦੀ ਹੈ।

2. ਸਭਾ ਮੰਗ ਕਰਦੀ ਹੈ ਕਿ ਖਣਨ ਨੀਤੀ ਨੂੰ ਜਨਤਕ ਕੀਤਾ ਜਾਵੇ ਅਤੇ ਕਿਸੇ ਵੀ ਇਲਾਕੇ ਵਿੱਚ ਹੋਣ ਵਾਲੀ ਨਿਕਾਸੀ ਸ਼ੁਰੂ ਕਰਨ ਤੋਂ ਪਹਿਲਾਂ ਪਾਰਦਰਸ਼ੀ ਜਨਤਕ ਸੁਣਵਾਈ ਲਾਜ਼ਮੀ ਕੀਤੀ ਜਾਵੇ।

3. ਖਣਨ ਮਾਫੀਏ ਵਲੋਂ ਇਸ ਕਾਰੋਬਾਰ ਰਾਹੀਂ ਕੀਤੀ ਜਨਤਕ ਸਾਧਨਾਂ ਦੀ ਲੁੱਟ ਦੀ ਪੜਤਾਲ ਕਰਕੇ ਇਸਦੀ ਰਿਪੋਰਟ ਜਨਤਕ ਕੀਤੀ ਜਾਵੇ ਅਤੇ ਅਜਿਹੀ ਨਾਜਾਇਜ਼ ਢੰਗਾਂ ਨਾਲ ਇੱਕਠੀ ਕੀਤੀ ਸੰਪਤੀ ਜ਼ਬਤ ਕਰਕੇ ਲੋਕ ਹਿਤ ਵਿਚ ਵਰਤੀ ਜਾਵੇ।

4. ਖਣਨ ਮਾਫੀਏ ਵੱਲੋਂ ਕੀਤੇ ਜਨਤਕ ਅਤੇ ਨਿੱਜੀ ਜਾਇਦਾਦ ਨਹਿਰਾਂ, ਸੜਕਾਂ, ਟਿਊਬਵੈੱਲਾਂ ਦੀਆਂ ਸਪਲਾਈ ਪਾਈਪਾਂ, ਵਾਤਾਵਰਣ, ਪਸ਼ੂਆਂ ਆਦਿ ਦੇ ਨੁਕਸਾਨ ਲੋਕਾਂ ਦੀ ਸ਼ਮੂਲੀਅਤ ਨਾਲ ਤਹਿ ਕਰਕੇ ਇਸ ਮਾਫੀਏ ਤੋਂ ਵਸੂਲਿਆ ਜਾਵੇ, ਲੋਕਾਂ ਦੇ ਹੋਏ ਨੁਕਸਾਨ ਦੀ ਪੂਰਤੀ ਕੀਤੀ ਜਾਵੇ। ਸਬੰਧਤ ਜ਼ੁੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

5. ਸੰਘਰਸ਼ ਕਰ ਰਹੇ ਲੋਕਾਂ ਉਪਰ ਪਾਏ ਝੂਠੇ ਕੇਸ ਤੁਰੰਤ ਵਾਪਸ ਲਏ ਜਾਣ ਅਤੇ ਮਾਫੀਏ ਵੱਲੋਂ ਲੋਕਾਂ ਉਪਰ ਕੀਤੇ ਹਮਲਿਆਂ ਲਈ ਉਨ੍ਹਾਂ ਉੱਪਰ ਮੁਕੱਦਮੇ ਦਰਜ ਕੀਤੇ ਜਾਣ।

**ਜਨਰਲ ਸਕੱਤਰ**

**ਸੂਬਾ ਕਮੇਟੀ, ਜਮਹੂਰੀ ਅਧਿਕਾਰ ਸਭਾ ਪੰਜਾਬ**

# ਪੰਜਾਬ ਦੇ ਪਰਵਾਸੀ ਪੈਨਸ਼ਨਰਜ਼ ਲਈ ਸਥਾਈ ਸੰਗਠਨ ਦੀ ਲੋੜ

ਪੰਜਾਬ ਸਰਕਾਰ ਵਲੋਂ ਵਿਦੇਸ਼ਾਂ ਵਿਚ ਰਹਿ ਰਹੇ ਪੰਜਾਬ ਦੇ ਪੈਨਸ਼ਨਰਜ਼ ਨੂੰ ਜਿਨ੍ਹਾਂ ਨੇ ਵਿਦੇਸ਼ੀ ਨਾਗਰਿਕਤਾ ਪ੍ਰਾਪਤ ਕਰ ਲਈ ਹੈ, ਦਾ ਮਹਿੰਗਾਈ ਭੱਤਾ ਅਤੇ ਮੈਡੀਕਲ ਭੱਤਾ ਬੰਦ ਕਰਨ ਸਬੰਧੀ 11 ਸਤੰਬਰ 2016 ਨੂੰ ਪੱਤਰ ਜਾਰੀ ਕਰ ਦਿੱਤਾ ਜਿਸ ਨਾਲ ਪ੍ਰਭਾਵਿਤ ਪੈਨਸ਼ਨਰਜ਼ ਵਿਚ ਵਿਆਪਕ ਰੋਸ ਪੈਦਾ ਹੋ ਗਿਆ। ਟਰਾਂਟੋ ਵੈਨਕੋਵਰ ਅਤੇ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਇਸ ਅਸੰਵਿਧਾਨਕ ਫੈਸਲੇ ਦਾ ਹਜ਼ਾਰਾਂ ਗਿਣਤੀ ਵਿਚ ਇਕੱਠੇ ਹੋ ਕੇ ਪੈਨਸ਼ਨਰਜ਼ ਨੇ ਵਿਰੋਧ ਪ੍ਰਗਟ ਕੀਤਾ। ਆਪਸੀ ਵਿਚਾਰਾਂ ਵਿਚ ਇਹ ਤੱਥ ਉਭਰਕੇ ਸਾਹਮਣੇ ਆਇਆ ਕਿ ਮਹਿੰਗਾਈ ਭੱਤਾ ਪੈਨਸ਼ਨ ਦਾ ਅਨਿੱਖੜਵਾਂ ਹਿੱਸਾ ਹੈ। ਅਜਿਹਾ ਮਾਰਚ 2007 ਵਿਚ ਪੰਜਾਬ ਦੇ ਵਿੱਤ ਵਿਭਾਗ ਵਲੋਂ ਸੀ. ਸੀ. ਐਸ. ਪੈਨਸ਼ਨ ਰੂਲਜ਼ ਦੇ ਹਵਾਲੇ ਦੇ ਕੇ ਸਪਸ਼ਟ ਕੀਤਾ ਹੋਇਆ ਹੈ ਕਿ ਮਹਿੰਗਾਈ ਭੱਤਾ ਅਤੇ ਹੋਰ ਅਲਾਊਂਸ ਹਟਾ ਇਹ ਕਰਮਚਾਰੀ ਦੇ ਵਿਦੇਸ਼ੀ ਨਾਗਰਿਕਤਾ ਪ੍ਰਾਪਤ ਕਰ ਲੈਣ 'ਤੇ ਕੱਟੇ ਨਹੀਂ ਜਾ ਸਕਦੇ ਕਿਉਂਕਿ ਇਹ ਅਰਕ ਕੀਤੀ ਹੋਈ ਪੈਨਸ਼ਨ ਹੈ। ਬੇਸ਼ੱਕ ਵਿਆਪਕ ਰੋਸ ਨੂੰ ਵੇਖਦਿਆਂ ਇਸ ਫੈਸਲੇ 'ਤੇ ਹਾਲ ਦੀ ਘੜੀ ਰੋਕ ਲਗਾ ਦਿੱਤੀ ਗਈ ਹੈ ਪਰ ਕਟੌਤੀ ਕਰਨ ਵਾਲੇ ਪੱਤਰ ਦੀ ਵਾਪਸੀ ਦੀ ਮੰਗ ਅਜੇ ਬਰਕਰਾਰ ਹੈ। ਅਸਲ ਵਿਚ ਵਿਦੇਸ਼ੀ ਨਾਗਰਿਕਤਾ ਪ੍ਰਾਪਤ ਕਰਨ ਦਾ ਵਿਸ਼ਾ ਕੇਂਦਰ ਦੇ ਅਧਿਕਾਰ ਖੇਤਰ ਵਿਚ ਹੀ ਆਉਂਦਾ ਹੈ। ਇਸ ਸਬੰਧ ਵਿਚ ਭਾਰਤ ਵਿਚ ਜਨਮੇ ਵਿਦੇਸ਼ੀ ਨਾਗਰਿਕਤਾ ਪ੍ਰਾਪਤ ਕਰ ਚੁੱਕੇ ਪਰਵਾਸੀਆਂ ਲਈ ਕੇਂਦਰ ਸਰਕਾਰ ਵਲੋਂ ਇੰਡੀਅਨ ਓਵਰਸੀਜ਼ ਸਿਟੀਜਨਸ਼ਿਪ ਦੇਕਾਰਡ ਬਣਾਏ ਜਾਂਦੇ ਹਨ ਜਿਸ ਵਿਚ ਉਨ੍ਹਾਂ ਦੇ ਆਰਥਿਕ ਅਤੇ ਵੀਜ਼ਾ ਸਬੰਧੀ ਅਧਿਕਾਰਾਂ ਦਾ ਵੇਰਵਾ ਦਰਜ ਕੀਤਾ ਜਾਂਦਾ ਹੈ ਪਰ ਪੰਜਾਬ ਸਰਕਾਰ ਦਾ ਪੱਤਰ ਕੇਵਲ ਇਸ ਦੇ ਸੰਵਿਧਾਨਕ ਅਧਿਕਾਰ ਖੇਤਰ ਤੋਂ ਬਾਹਰ ਹੀ ਨਹੀਂ ਸਗੋਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵਲੋਂ ਆਏ ਸਾਲ ਕੀਤੇ ਜਾਂਦੇ ਪਰਵਾਸੀ ਸੰਮੇਲਨਾਂ ਜਿਨ੍ਹਾਂ ਵਿਚ ਪਰਵਾਸੀਆਂ ਨੂੰ ਪੂੰਜੀ ਨਿਵਾਸ਼ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ, ਦੀ ਭਾਵਨਾ ਦੇ ਵੀ ਉਲਟ ਹੈ। ਇਸ ਸਾਰੇ ਘਟਨਾਕਰਮ ਨੇ ਪੰਜਾਬ ਦੇ ਪਰਵਾਸੀ ਪੈਨਸ਼ਨਰਜ਼ ਨੂੰ ਆਪਣਾ ਇਕ ਸਥਾਈ ਤੌਰ 'ਤੇ ਜਥੇਬੰਦਕ ਢਾਂਚਾ ਬਣਾਉਣ ਦੀ ਲੋੜ 'ਤੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇਸੇ ਲਈ ਟਰਾਂਟੋ ਅਤੇ ਵੈਨਕੁਵਰ ਵਿਚ ਬਕਾਇਦਾ ਮੈਂਬਰਸ਼ਿਪ ਕਰਕੇ ਜਥੇਬੰਦੀਆਂ ਬਣਾ ਲਈਆਂ ਗਈਆ ਹਨ ਉਨ੍ਹਾਂ ਦੀ ਵਧੀਆ ਅਗਵਾਈ ਅਤੇ ਯਤਨਾਂ ਨਾਲ ਅਤੇ ਮੀਡੀਏ ਦੇ ਸਹਿਯੋਗ ਨਾਲ ਪੱਤਰ 'ਤੇ ਰੋਕ ਲਗ ਗਈ ਹੈ। ਪਰਵਾਸੀ ਪੈਨਸ਼ਨਰਜ਼ ਸਮਾਜ ਦਾ ਪੜ੍ਹਿਆ ਲਿਖਿਆ ਸੂਝਵਾਨ ਅਤੇ ਸਿਆਸੀ ਤੌਰ 'ਤੇ ਚੇਤੰਨ ਵਰਗ ਹੈ ਜੋ ਸਮਾਜ ਦੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਖੇਤਰ ਵਿਚ ਦੂਰਦਰਸ਼ੀ ਪ੍ਰਭਾਵ ਪਾਉਂਦਾ ਹੈ। ਕੋਈ ਵੀ ਸਰਕਾਰ ਉਨ੍ਹਾਂ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੀ। ਬਹੁਤ ਵੱਡੀ ਗਿਣਤੀ ਵਿਚ ਪੈਨਸ਼ਨਰਜ਼ ਹਰ ਸਾਲ ਪੰਜਾਬ ਜਾਂਦੇ ਹਨ ਅਤੇ ਸਮਾਜਿਕ ਕੰਮ ਲਈ ਅਤੇ ਲੋਕ ਭਲਾਈ ਦੇ ਕੰਮਾਂ ਲਈ ਵੱਡੀ ਆਰਥਿਕ ਸਹਾਇਤਾ ਕਰਕੇ ਰਹਿੰਦੇ ਹਨ। ਸਾਰੇ ਪੰਜਾਬ ਦੇ ਪਰਵਾਸੀ ਪੈਨਸ਼ਨਰਜ਼ ਨੂੰ ਅਪੀਲ ਹੈ ਕਿ ਉਹ ਇਸ ਜਥੇਬੰਦੀ ਦੇ ਮੈਂਬਰ ਬਣਨ ਅਤੇ ਆਪਣੇ ਉਸਾਰੂ ਸੁਝਾਅ ਦੇ ਕੇ ਟੋਰਾਂਟੋ, ਵੈਨਕੁਵਰ ਅਤੇ ਅਮਰੀਕਾ ਵਿਚ ਰਹਿ ਰਹੇ ਪੰਜਾਬੀ ਪੈਨਸ਼ਨਰਜ਼ ਦਾ ਗੈਰ ਸਿਆਸੀ ਸਾਂਝਾ ਜਥੇਬੰਦਕ ਢਾਂਚਾ ਬਣਾਉਣ ਵਿਚ ਯੋਗਦਾਨ ਪਾਉਣ।

**ਮਹਿੰਦਰ ਸਿੰਘ ਮੋਹੀ, 416-669-1232**

# ਭਾਰਤ ਅੰਦਰ ਅਜ਼ਾਦੀ ਦੇ ਪਿੱਛੋਂ ਦੀ ਅਜੋਕੀ ਹਾਲਤ 'ਤੇ ਕੀ ਕਰਨਾ ਲੋੜੀਦਾ



ਹਰਚੰਦ ਸਿੰਘ ਬਾਸੀ

ਲਗਪਗ ਦੋ ਸੌ ਸਾਲ ਅੰਗਰੇਜ਼ਾਂ ਦੀ ਗੁਲਾਮੀ ਨੂੰ ਗੱਲੋਂ ਲਾਹੁਣ ਲਈ ਸਾਡੇ ਪੁਰਖਿਆਂ ਨੇ ਆਪਣੀਆਂ ਜਾਨਾਂ ਵਾਰੀਆਂ। ਆਪਣੇ ਬੱਚੇ, ਬੀਵੀਆਂ, ਮਾਂ ਬਾਪ ਭੈਣ ਭਰਾਵਾਂ ਦੇ ਮੋਹ ਨੂੰ ਛੱਡ ਕੇ ਡਾਗਾਂ ਖਾਧੀਆਂ, ਜੇਲ੍ਹੀਂ ਗਏ, ਕਾਲੇ ਪਾਣੀਆਂ ਦੀਆਂ ਸਜ਼ਾਵਾਂ ਝੱਲੀਆਂ ਫਾਸੀਆਂ ਤੇ ਚੜ੍ਹੇ ਪਤਾ ਨਹੀਂ ਹੋਰ ਕੀ ਕੀ ਦੁਖੜੇ ਜਰੇ। ਉਨ੍ਹਾਂ ਦਾ ਆਪਣਾ ਕੋਈ ਨਿੱਜੀ ਮੁਫਾਦ ਨਹੀਂ ਸੀ। ਉਹ ਤਾਂ ਆਪਣੇ ਲੋਕਾਂ ਨੂੰ ਵਿਦੇਸ਼ੀ ਹਕੂਮਤ ਹੇਠੋਂ ਕੱਢਣਾ ਚਾਹੁੰਦੇ ਸੀ। ਉਹਨਾਂ ਨੂੰ ਬਿਲਕੁਲ ਮਨਜ਼ੂਰ ਨਹੀਂ ਸੀ ਕਿ ਸਾਡੇ ਦੇਸ ਅਤੇ ਸਾਡੇ ਲੋਕਾਂ ਦੀ ਅਬਰੂ ਨੂੰ ਕੋਈ ਗੈਰ ਲਿਤਾੜੇ। ਉਹਨਾਂ ਦੇ ਮਨ ਵਿੱਚ ਇੱਕ ਸੁਪਣਾ ਇਹ ਵੀ ਸੀ ਕਿ ਅਜ਼ਾਦੀ ਤੋਂ ਪਿੱਛੋਂ ਦੇਸ ਨੂੰ ਕਿਸ ਲੀਹਾਂ ਤੇ ਚਲਾਇਆ ਜਾਵੇਗਾ ਆਪਣੇ ਲੋਕਾਂ ਨੂੰ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਸਮਾਨਤਾ ਵਾਲਾ ਸਾਸ਼ਨ ਦੇਣ ਦੀ ਗਰੰਟੀ ਦੇਵੇਗਾ। ਭਾਰਤ ਅਜ਼ਾਦ ਕਰਵਾ ਲਿਆ ਹੁਣ ਸੁਆਲ ਇਹ ਸੀ ਕਿ ਇਸ ਤੇ ਸਾਸ਼ਨ ਨੂੰ ਕਿਵੇਂ ਚਲਾਇਆ ਜਾਵੇ, ਸੰਵਿਧਾਨ ਬਣਾਇਆ ਗਿਆ। ਬੇਸ਼ੱਕ ਇੱਕ ਧਿਰ ਦੇ ਵਿਚਾਰਾਂ ਮੁਤਾਬਕ ਸੰਵਿਧਾਨ ਵਿੱਚ ਕੁੱਝ ਤਰੁਟੀਆਂ ਰਹਿ ਗਈਆਂ ਹੋਣ ਪਰ ਫਿਰ ਵੀ ਭਾਰਤ ਦਾ ਸਾਸ਼ਨ ਚਲਾਉਣ ਲਈ ਪਰਵਾਨ ਕਰ ਲਿਆ ਗਿਆ। ਇਸ ਮੁਤਾਬਕ ਵੀ ਸਹੀ ਅਰਥਾਂ ਵਿੱਚ ਜੇ ਸਾਸ਼ਕ ਚਲਾਉਂਦੇ ਤਾਂ ਲੋਕਾਂ ਲਈ ਉਪਯੋਗੀ ਹੁੰਦਾ। ਪਰ ਇਹ ਹੋ ਨਹੀਂ ਸਕਿਆ। ਵਿਸਥਾਰ ਵਿਚ ਜਾ ਕੇ ਪਤਾ ਲੱਗਦਾ ਹੈ ਇਹ ਜਿਸ ਤਰ੍ਹਾਂ ਬਣਿਆ ਹੈ ਠੀਕ ਹੈ ਪਰ ਜੇ ਕੁੱਛ ਰਹਿ ਗਿਆ ਹੈ ਤਾਂ ਲੋਕਾਂ ਦੀ ਬਿਹਤਰੀ ਲਈ ਸਾਫ ਨੀਅਤ ਨਾਲ ਹੋਰ ਵਾਧਾ ਕੀਤਾ ਜਾ ਸਕਦਾ ਹੈ। ਪਰ ਜਦੋਂ ਨੀਅਤ ਸਾਫ ਨਾ ਹੋਵੇ ਤਾਂ ਚੰਗੇ ਨੂੰ ਵੀ ਤਰੋੜ ਮਰੋੜ ਕੇ ਲੋਕਾਂ ਨੂੰ ਦਿੱਤੀਆਂ ਗ੍ਰੰਟੀਆਂ ਖੋਹ ਲਈਆਂ ਜਾ ਸਕਦੀਆਂ ਹਨ।

ਅੱਜ ਭਾਰਤ ਦੇ ਸੰਵਿਧਾਨ ਦੀ ਸਹੁੰ ਚੁੱਕਣ ਵਾਲੇ ਸੰਵਿਧਾਨ ਦੀ ਕਿਸੇ ਨਾ ਕਿਸੇ ਢੰਗ ਨਾਲ ਅਣਦੇਖੀ ਕਰਕੇ ਆਪਣੀ ਮਰਜ਼ੀ ਨਾਲ ਸਾਸ਼ਨ ਚਲਾਉਣ ਦੇ ਮਨਸੂਬੇ ਲਾਗੂ ਕਰ ਰਹੇ ਹਨ। ਦੇਸ ਦੀ ਧਰਮ ਨਿਰਪੱਖਤਾ ਨੂੰ ਇਸ ਵੇਲੇ ਸੱਭ ਤੋਂ ਵੱਧ ਖਤਰਾ ਹੈ । ਭਾਰਤ ਵਿੱਚ ਇੱਕ ਮਜ਼ਹਬ ਦਾ ਰਾਜ ਚਲਾਉਣ ਦੀ ਨੀਤੀ ਲਾਗੂ ਕਰਨ ਦੀ ਭਰਪੂਰ ਕੋਸ਼ਿਸ਼ ਹੋ ਰਹੀ ਹੈ।ਇਸ ਲਈ ਵਿਦਿਅਕ ਸੰਸਥਾਵਾਂ, ਯੂਨੀਵਰਸਿਟੀਆਂ ਦੇ ਉੱਚ ਅਹੁਦਿਆਂ ਤੇ ਚੁਣ ਚੁਣ ਕੇ ਫਿਰਕੂ ਸੋਚ ਵਾਲੇ ਬੰਦਿਆਂ ਨੂੰ ਨਿਯੁਕਤ ਕੀਤਾ ਜਾ ਰਿਹਾ ਹੈ। ਜੋ ਉਹ ਇਹ ਦੱਸਣਗੇ ਕਿ ਕੀ ਖਾਣਾ ਹੈ ਕੀ ਪੀਣਾ ਹੈ ਕੀ ਪਹਿਨਣਾ ਹੈ। ਬੋਲਣ ਤੇ ਪਾਬੰਦੀਆਂ ਲੱਗ ਰਹੀਆਂ ਹਨ। ਪ੍ਰੈਸ ਦੀ ਅਜ਼ਾਦੀ ਤੇ ਸਿਕੰਜਾ ਕਸਣ ਦੀ ਤਿਆਰੀ ਹੋ ਰਹੀ ਹੈ। ਕਾਰਪੋਰੇਟ ਸੈਕਟਰ ਨੂੰ ਹੋਰ ਰਿਆਇਤਾਂ ਦੇ ਕੇ ਕਾਮਿਆਂ ਨੂੰ ਬਦਤਰ ਹਾਲਤ ਵਿੱਚ ਧੱਕਣ ਦੀ ਪਾਲਿਸੀ ਲਾਗੂ ਕੀਤੀ ਜਾ ਰਹੀ ਹੈ। ਸਰਕਾਰੀ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਤੇ ਝੂਠੇ ਮੁਕੱਦਮੇ ਬਣਾ ਕੇ ਤਸ਼ੱਦਦ ਕਰਕੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ ਜਾਂ ਫਰਜ਼ੀ ਮੁਕਾਬਲੇ ਵਿੱਚ ਮਾਰ ਦਿੱਤਾ ਜਾਂਦਾ ਹੈ।

ਹਰ ਸੈਕਟਰ ਵਿੱਚ ਹਾਹਾਕਾਰ ਮੱਚੀ ਹੈ ਕਿਸਾਨ ਮਾੜੀ ਹਾਲਤ ਕਾਰਨ ਖੁਦਕਸ਼ੀਆਂ ਕਰ ਰਹੇ ਹਨ। ਮਜ਼ਦੂਰਾਂ ਨੂੰ ਢਿੱਡ ਭਰ ਕੇ ਦੋ ਡੰਗ ਦੀ ਰੋਟੀ ਨਹੀਂ ਮਿਲਦੀ। ਮਲਾਜ਼ਮਾਂ ਨੂੰ ਠੇਕੇ ਰੱਖ ਕੇ ਨਿੱਜੀ ਨੌਕਰਾਂ ਵਾਲਾ ਸਲੂਕ ਕੀਤਾ ਜਾਂਦਾ ਹੈ। ਵਿਦਿਅਕ ਸੰਸਥਾਵਾਂ ਬਜ਼ਾਰੂ ਬਣਾ ਦਿੱਤੀਆਂ ਗਈਆਂ ਹਨ। ਯੋਗਤਾ ਨਾਲ ਨਹੀਂ ਸਗੋਂ ਪੈਸੇ ਨਾਲ ਡਿਗਰੀਆਂ ਖਰੀਦੀਆਂ ਜਾ ਸਕਦੀਆਂ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਦੀ ਡਿਗਰੀ ਵੀ ਚਰਚਾ ਵਿੱਚ ਹੈ। ਸਮੇਂ ਸਿਰ ਤਨਖਾਹਾਂ ਨਹੀਂ ਮਿਲਦੀਆਂ। ਗਰੀਬ ਸਿਹਤ ਸੇਵਾਵਾਂ ਤੋਂ ਵਿਰਵੇ ਹਨ। ਇਸ ਸਮੇਂ ਦੇ ਮਹਿੰਗੇ ਇਲਾਜ ਆਮ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਧੱਕਦੇ ਹਨ।

ਲੋਕ ਰਾਜੀ ਇੰਸਟੀਚਿਊਸ਼ਨਜ਼ ਤਬਾਹ ਕੀਤੇ ਜਾ ਰਹੇ ਹਨ। ਚੋਣਾਂ ਮਹਿਜ਼ ਢਕੌਸਲਾ ਬਣ ਕੇ ਰਹਿ ਗਈਆਂ ਹਨ। ਚੋਣਾਂ ਲੜੀਆਂ ਨਹੀਂ ਜਾਂਦੀਆਂ ਸਗੋਂ ਪੈਸੇ, ਨਸ਼ੇ ਅਤੇ ਬਾਹੂਬਲੀਆਂ ਦੇ ਜ਼ੋਰ ਨਾਲ ਲੁਟੀਆਂ ਜਾਂਦੀਆਂ ਹਨ। ਪੰਚਾਇਤਾਂ ਨਗਰ ਪਾਲਕਾਵਾਂ, ਕਾਰਪੋਰੇਸ਼ਨਾਂ ਕਿਤੇ ਅਜ਼ਾਦ ਨਹੀਂ ਉਨ੍ਹਾਂ ਦੀਆਂ ਚੋਣਾਂ ਵਿੱਚ ਸਰਕਾਰੀ ਤੰਤਰ ਦੇ ਦਾਬੇ ਦੀ ਖੁੱਲ ਕੇ ਵਰਤੋਂ ਕੀਤੀ ਜਾਂਦੀ ਹੈ। ਜਿਲੇ ਦੇ ਮਹਿਕਮਿਆਂ ਨੂੰ ਡੀ ਸੀ, ਪੁਲਿਸ ਕਪਤਾਨ ਤੋਂ ਲੈ ਕੇ ਹਰ ਮਹਿਕਮੇ ਦਾ ਮੁਖੀ ਐਮ. ਐਲ. ਏ. ਦੇ ਨਿੱਜੀ ਨੌਕਰ ਵਾਗ ਬਣਾ ਕੇ ਰੱਖੇ ਹਨ। ਵਿਧਾਨਪਾਲਿਕਾ, ਕਾਰਜਪਾਲਿਕਾ ਅੱਜ ਨਿਆਂ ਪਾਲਿਕਾ ਦੇ ਹੁਕਮਾਂ ਨੂੰ ਟਿੱਚ ਕਰਕੇ ਜਾਣਦੀਆਂ ਹਨ। ਜਦੋਂ ਅਜਿਹੀ ਸਥਿਤੀ ਹੋਵੇ ਤਾਂ ਦੇਸ ਦਾ ਸਾਸ਼ਨ ਸਧਾਰਨ ਲੋਕਾਂ ਦੇ ਹੱਕਾਂ ਨੂੰ ਪੈਰਾਂ ਥੱਲੇ ਰੋਲ ਕੇ ਰੱਖਦਾ ਹੈ।

ਅਜਿਹਾ ਸਾਸ਼ਨ ਭੁੱਖਮਰੀ, ਡਕੈਤੀਆਂ, ਚੋਰੀਆਂ, ਬਲਾਤਕਾਰੀਆਂ, ਲੁੱਟਾਂ ਖੋਹਾਂ, ਧੱਕੇਸ਼ਹੀਆਂ ਨੂੰ ਜਨਮ ਦਿੰਦਾ ਹੈ ਇਕ ਵਰਗ ਉਹ ਪੈਦਾ ਹੋ ਜਾਂਦਾ ਹੈ ਜੋ ਸਰਕਾਰੀ ਜ਼ੋਰ ਤੇ ਮੌਜਾਂ ਮਾਣਦੀ ਹੈ ਅਤੇ ਦੂਜਾ ਵਰਗ ਉਨ੍ਹਾਂ ਦਾ ਭੋਜਨ ਬਣ ਜਾਦਾ ਹੈ। ਉਹਨਾਂ ਦੀ ਕੋਈ ਇੱਜ਼ਤ ਆਬਰੂ ਨਹੀਂ ਰਹਿੰਦੀ। ਬਹੂ ਬੇਟੀਆਂ ਦੀ ਆਬਰੂ ਲੁੱਟ ਵੀ ਲੈਂਦੇ ਹਨ ਤੇ ਬੋਲਣ ਵੀ ਨਹੀਂ ਦਿੰਦੇ। ਅੱਜ ਹਿੰਦੋਸਤਾਨ ਅਜਿਹੀ ਨਿਵਾਨ ਵੱਲ ਧੱਕਿਆ ਜਾ ਰਿਹਾ ਹੈ। ਹਰ ਥਾਂ ਤੇ ਦਲਾਲ ਕਿਸਮ ਦੇ ਲੋਕ ਪੈਦਾ ਕਰ ਦਿੱਤੇ ਹਨ। ਜੋ ਛੋਟੇ ਤੋਂ ਵੱਡੇ ਦਫਤਰਾਂ ਤੱਕ ਕੰਮਾਂ ਵਿੱਚ ਦਲਾਲੀ ਦੇ ਕੇ ਜਾਇਜ਼ ਨਜਾਇਜ ਕੰਮ ਕਰਾਉਂਦੇ ਹਨ। ਗਰੀਬ ਵਿਚਾਰਾ ਦਫਤਰਾਂ ਦੇ ਗੇੜੇ ਮਾਰ ਕੇ ਥੱਕ ਜਾਂਦਾ ਹੈ ਪਰ ਉਸ ਨੂੰ ਕੋਈ ਬਾਂਹ ਨਹੀਂ ਫੜਾਉਂਦਾ। ਦੇਸ ਦੀ ਰੱਖਿਆ ਦੇ ਸਬੰਧ ਵਿੱਚ ਵੀ ਵੱਡੇ ਕਹਾਉਣ ਵਾਲੇ ਲੋਕ ਦਲਾਲੀ ਲੈਕੇ ਜਵਾਨਾਂ ਦੇ ਨਾਲ ਖਿਲਵਾੜ ਕਰਦੇ ਹਨ।

ਦੇਸ ਵਿੱਚ ਵੱਡੇ ਵੱਡੇ ਘਪਲੇ ਸਾਹਮਣੇ ਆਉਂਦੇ ਹਨ ਜਨਤਾ ਨੂੰ ਸਾਂਤ ਕਰਨ ਲਈ ਮੁਕੱਦਮੇ ਦਰਜ ਕੀਤੇ ਜਾਂਦੇ ਹਨ ਪ੍ਰੰਤੂ ਪੈਸੇ ਅਤੇ ਸਰਕਾਰੀ ਲਿਹਾਜ ਨਾਲ ਮੁਕੱਦਮਿਆਂ ਵਿੱਚ ਫਲਾਅ ਰੱਖੇ ਜਾਂਦੇ ਹਨ। ਉਹਨਾਂ ਨੂੰ ਬਾਇੱਜ਼ਤ ਬਰੀ ਕੀਤਾ ਜਾਂਦਾ ਹੈ ਸਵਾਲ ਪੈਦਾ ਹੁੰਦਾ ਹੈ ਕਿ ਉਹ ਕੀਤੇ ਘਪਲੇ ਦਾ ਪੈਸਾ ਜਾਂ ਕਤਲ ਕੀਤਾ ਗਿਆ ਆਦਮੀ ਲਈ ਕਿਸ ਨੂੰ ਸਜ਼ਾ ਦਿਤੀ ਗਈ। ਇਸ ਲਈ ਅੱਜ ਨਵਾਂ ਕੁੱਝ ਹਾਸਲ ਕਰਨ ਨਾਲੋਂ ਜੋ ਖੁੱਸ ਗਿਆ ਜਾਂ ਖੁਸ ਰਿਹਾ ਹੈ ਉਸ ਨੂੰ ਬਚਾਉਣ ਦੀ ਚੁਣੌਤੀ ਹੈ। ਜੇ ਹਾਲ ਇਵੇਂ ਰਿਹਾ ਤ ਘਰਾਂ ਦੇ ਦੀਪ ਬੁਝ ਜਾਣਗੇ। ਆਉਣ ਵਾਲੀਆਂ ਨਸਲਾਂ ਸਾਡੇ ਤੇ ਸਵਾਲ ਕਰਨਗੀਆਂ। ਅਸੀਂ ਦੋਸ਼ਾਂ ਦੀ ਕਚਿਹਰੀ ਵਿੱਚ ਸ਼ਰਮਸਾਰ ਹੋਵਾਂਗੇ।

**ਬਰੈਪਟਨ (ਕਨੇਡਾ)**

# ਕਾਰਪੋਰੇਟ ਮੁਨਾਫ਼ਾ/ਕਾਮਿਆਂ ਦਾ ਘਾਣ



ਹਰੀਪਾਲ
403-714-4816

ਅੱਜ ਕੱਲ੍ਹ ਦੁਨੀਆਂ ਦੇ ਮੁਲਕਾਂ ਨੂੰ ਕੋਈ ਪ੍ਰਧਾਨ ਮੰਤਰੀ ਜਾਂ ਡਿਕਟੇਟਰ ਨਹੀਂ ਚਲਾ ਰਿਹਾ ਬਲਕਿ ਦੁਨੀਆਂ ਦੀਆਂ ਬਹੁਕੌਮੀ ਕੰਪਨੀਆਂ ਚਲਾ ਰਹੀਆਂ ਹਨ। ਇਨ੍ਹਾਂ ਕਾਰਪੋਰੇਸ਼ਨਾਂ ਕੋਲ ਪੈਸਾ ਹੈ, ਪ੍ਰਿੰਟ ਮੀਡੀਆ, ਇਲੈਕਟ੍ਰੋਨਿਕ ਮੀਡੀਆ ਹੈ, ਇਹ ਕਿਸੇ ਵੀ ਸੱਚ ਨੂੰ ਝੂਠ ਬਣਾ ਸਕਦੀਆਂ ਹਨ ਅਤੇ ਕਿਸੇ ਵੀ ਝੂਠ ਨੂੰ ਸੱਚ। ਕਿਸੇ ਵੀ ਮੁਲਕ ਵਿਚ ਇਹ ਕਾਰਪੋਰੇਸ਼ਨਾਂ ਕਿਸੇ ਵਿਅਕਤੀ ਵਿਸ਼ੇਸ਼ ਨੂੰ ਹੀਰੋ ਅਤੇ ਕਿਸੇ ਵੀ ਰਾਜਨੀਤਕ ਪਾਰਟੀ ਨੂੰ ਦੇਸ਼ ਦੀ ਸਰਵੋਤਮ ਪਾਰਟੀ ਬਣਾ ਸਕਦੀਆਂ ਹਨ। ਜਦ ਉਹ ਰਾਜ ਕਰ ਰਹੀ ਪਾਰਟੀ ਲੋਕਾਂ ਦੇ ਮਸਲੇ ਹੱਲ ਨਹੀਂ ਕਰ ਸਕਦੀ ਤਾਂ ਉਸਦੀ ਵਿਰੋਧੀ ਪਾਰਟੀ ਨੂੰ ਪ੍ਰਮੋਟ ਕੀਤਾ ਜਾਂਦਾ ਹੈ। ਇਹ ਰਾਜਨੀਤਕ ਪਾਰਟੀਆਂ ਨੇ ਕਾਰਪੋਰੇਸ਼ਨਾਂ ਦੇ ਹਿੱਤ ਪੂਰਨੇ ਹਨ ਉਹ ਲੋਕਾਂ ਦੇ ਮਸਲੇ ਕਿਵੇਂ ਵੀ ਨਹੀਂ ਹੱਲ ਕਰ ਸਕਦੀਆਂ। ਬੱਸ ਇਹ ਚੱਕਰ ਚਲਦਾ ਰਹਿੰਦਾ ਹੈ। ਲੋਕ ਚੋਣਾਂ ਦੀ ਮ੍ਰਿਗ ਤ੍ਰਿਸ਼ਨਾ ਵਿਚ ਗੁਆਚੇ ਰਹਿੰਦੇ ਹਨ ਜਿਸ ਤਰ੍ਹਾਂ ਕੈਨੇਡਾ ਵਿਚ ਕਦੇ ਲਿਬਰਲ ਕਦੇ ਕੰਜਰਵੇਟਿਵ ਦੀ ਸਰਕਾਰ ਆਉਂਦੀ ਜਾਂਦੀ ਰਹਿੰਦੀ ਹੈ ਇਸੇ ਤਰ੍ਹਾਂ ਅਮਰੀਕਾ ਵਿਚ ਕਦੇ ਡੈਮੋਕਰੇਟ ਅੱਗੇ ਆ ਜਾਂਦੀ ਹੈ ਅਤੇ ਕਦੇ ਰਿਪਬਲੀਕਨ। ਲੋਕਾਂ ਦੇ ਮਸਲੇ ਉਥੇ ਹੀ ਖੜ੍ਹੇ ਰਹਿੰਦੇ ਹਨ। ਜੇਕਰ ਕੋਈ ਲੋਕਪੱਖੀ ਪਾਰਟੀ ਜਾਂ ਵਿਅਕਤੀ ਅੱਗੇ ਆਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਦੇ ਸਾਰੇ ਰਸਤੇ ਰੋਕ ਦਿੱਤੇ ਜਾਂਦੇ ਹਨ। ਜਿਸ ਤਰ੍ਹਾਂ ਜਦੋਂ ਬਰਨੀ ਸੈਂਡਰਜ਼ ਨੇ ਡੈਮੋਕਰੇਟਿਕ ਪਾਰਟੀ ਦੀ ਨੌਮੀਨੇਸ਼ਨ ਜਿੱਤਣ ਦੀ ਕੋਸ਼ਿਸ਼ ਕੀਤੀ ਤਾਂ ਕਾਰਪੋਰੇਸ਼ਨ ਨੇ ਹਿਲੇਰੀ ਦੇ ਹੱਕ ਵਿਚ ਤਿਜੌਰੀਆਂ ਦੇ ਮੂੰਹ ਖੋਲ੍ਹ ਦਿੱਤੇ। ਹੁਣ ਉਸੇ ਬਰਨੀ ਸੈਂਡਰਜ਼ ਨੂੰ ਹਿਲੇਰੀ ਕਲਿੰਟਨ ਦੀ ਮਦਦ ਕਰਨੀ ਪੈ ਰਹੀ ਹੈ ਕਿਉਂਕਿ ਦੂਜੇ ਪਾਸੇ ਟਰੰਪ ਦੇ ਫਾਰਿਸ਼ਸ਼ਟ ਏਜੰਡੇ ਤੋਂ ਬਰਨੀ ਵੀ ਡਰਦੀ ਹੈ। ਖੈਰ ਆਪਣਾ ਸਵਾਲ ਇਥੇ ਅਮਰੀਕਾ ਦੀ ਸਿਆਸਤ ਬਾਰੇ ਵਿਚਾਰ ਕਰਨਾ ਨਹੀਂ ਆਪਣਾ ਏਜੰਡਾ ਤਾਂ ਕੈਨੇਡੀਅਨ ਕਾਰਪੋਰੇਸਨਾਂ ਦੇ ਮੁਨਾਫ਼ੇ ਅਤੇ ਵਰਕਿੰਗ ਕਲਾਸ ਦੇ ਘਾਣ ਬਾਰੇ ਹੈ।

**ਹੁੰਦਾ ਕੀ ਹੈ** : ਹੁਣ ਜਦੋਂ ਕਾਰਪੋਰੇਸ਼ਨਾਂ ਨੇ ਆਪਣੇ ਪੱਖ ਦੀ ਸਰਕਾਰ ਬਣਾ ਲਈ ਤਾਂ ਇਨ੍ਹਾਂ ਨੂੰ ਕਿਸ ਤਰ੍ਹਾਂ ਅਤੇ ਗੱਫੇ ਮਿਲਦੇ ਹਨ, ਆਓ ਜ਼ਰਾ ਦੇਖੀਏ। ਨੌਕਰੀਆਂ ਪੈਦਾ ਕਰਨ ਲਈ ਇਨ੍ਹਾਂ ਨੂੰ ਵੱਡੀਆਂ ਵੱਡੀਆਂ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ। ਭਾਵੇਂ ਉਨ੍ਹਾਂ ਵਿਚੋਂ ਬਹੁਤੀਆਂ ਨੌਕਰੀਆਂ ਟੈਂਪਰੇਰੀ ਹੁੰਦੀਆਂ ਹਨ। ਜਿਵੇਂ ਪ੍ਰੋਜੈਕਟ ਦੀ ਇਮਾਰਤ ਬਣਨ ਸਾਰ ਹੀ ਕੰਸਟਰਕਸ਼ਨ ਕਾਮਿਆਂ ਦੀ ਲੇਆਫ਼ ਹੋ ਜਾਂਦੀ ਹੈ। ਆਈ. ਐਮ. ਐਫ. ਦੀ ਰਿਪੋਰਟ ਮੁਤਾਬਕ ਸਿਰਫ਼ ਤੇਲ ਕੰਪਨੀਆਂ ਨੂੰ 34 ਬਿਲੀਅਨ ਡਾਲਰ ਦੀ ਸਲਾਨਾ ਗਰਾਂਟ ਮਿਲਦੀ ਹੈ। ਮੈਨੂਫੈਕਚਰ ਕੰਪਨੀਆਂ ਜਾਂ ਬਹੁਤ ਸਾਰੇ ਵਰਗਾਂ ਦੀਆਂ ਕੰਪਨੀਆਂ ਦੀਆਂ ਗਰਾਂਟਾਂ ਵੀ ਬਿਲੀਅਨ ਵਿਚ ਹਨ। ਕਈ ਵਾਰ ਪ੍ਰਾਈਵੇਟ ਅਦਾਰਿਆਂ ਨੂੰ ਗਰਾਂਟਾਂ ਨਾਲ ਪ੍ਰੋਜੈਕਟ ਦਾ 45% ਤੱਕ ਵੀ ਦਿੱਤੀਆਂ ਗਈਆਂ ਹਨ। ਪ੍ਰਾਈਵੇਟ ਸਕੂਲਾਂ ਕਾਲਜਾਂ ਦੀਆਂ ਗਰਾਂਟਾਂ ਤਾਂ 90% ਤੱਕ ਵੀ ਪਹੁੰਚ ਜਾਂਦੀਆਂ ਹਨ। ਕੈਨੇਡਾ ਵਿਚ ਅੱਜ ਕੱਲ੍ਹ ਕਾਰਪੋਰੇਸ਼ਨਾਂ ਜਾਂ ਬਹੁਕੌਮੀ ਕੰਪਨੀਆਂ ਦੀ ਨਿਗਾਹ ਸਾਰੇ ਏਅਰਪੋਰਟਾਂ 'ਤੇ ਹੈ। ਉਨ੍ਹਾਂ ਦੇ ਇਸ਼ਾਰੇ 'ਤੇ ਸਾਡੀ ਲਿਬਰਲ ਸਰਕਾਰ ਨੇ ਇਕ ਕਮਿਸ਼ਨ ਬਿਠਾਇਆ ਹੈ। ਇਸ ਕਮਿਸ਼ਨ ਵਿਚ 14 ਮੈਂਬਰ ਲਏ ਗਏ ਹਨ, ਉਹ ਵੱਡੀਆਂ ਵੱਡੀਆਂ ਕੰਪਨੀਆਂ ਦੇ ਮੁਖੀ ਹਨ, ਉਨ੍ਹਾਂ ਨੇ ਸਟੱਡੀ ਕਰਨੀ ਹੈ ਕਿ ਜੇਕਰ ਕੈਨੇਡਾ ਦੇ ਹਵਾਈ ਅੱਡਿਆਂ ਨੂੰ ਪ੍ਰਾਈਵੇਟ ਕਰ ਦੇਈਏ ਤਾਂ ਕਿੰਨਾ ਨਫ਼ਾ ਨਿਕਲਦਾ ਹੈ। ਟੈਕਸ ਪੇਅਰਜ਼ ਦੇ ਲੱਖਾਂ ਡਾਲਰ ਇਸ ਕਮਿਸ਼ਨ 'ਤੇ ਖਰਚੇ ਜਾਣੇ ਹਨ ਅਤੇ ਦੂਜੇ ਪਾਸੇ ਲਿਬਰਲ ਸਰਕਾਰ ਕਹਿ ਰਹੀਹੈ ਕਿ ਅਸੀਂ ਏਅਰਪੋਰਟ ਪ੍ਰਾਈਵੇਟ ਨਹੀਂ ਕਰਨੇ। ਫਿਰ ਇਸ ਕਮਿਸ਼ਨ ਬਣਾਉਣ ਦਾ ਕੀ ਫ਼ਾਇਦਾ। ਜਿਹੜੇ ਪਿੰਡ ਨਹੀਂ ਜਾਣਾ ਉਸਦਾ ਦਾ ਰਾਹ ਕੀ ਪੁੱਛਣਾ। ਦੂਜੇ ਨੰਬਰ 'ਤੇ ਸੜਕਾਂ ਅਤੇ ਪੁਲਾਂ ਦੇ ਠੇਕੇ ਬਹੁਕੌਮੀ ਕੰਪਨੀਆਂ ਨੂੰ ਦੇਣ ਦਾ ਯੋਜਨਾ ਚਲ ਰਹੀ ਹੈ। ਬਹੁਕੌਮੀ ਕੰਪਨੀਆਂ ਸੜਕਾਂ, ਪੁਲ ਬਣਾਉਣਗੀਆਂ, ਫੇਰ ਟੋਲ ਟੈਕਸ ਲਾਉਣਗੀਆਂ ਅਤੇ ਜਿੰਨਾ ਉਨ੍ਹਾਂ ਦਾ ਖਰਚ ਆਊਗਾ ਉਸ ਤੋਂ ਚੌਗੁਣੇ ਪੈਸੇ ਬਣਾ ਕੇ ਤੁਰਦੀਆਂ ਹੋਣਗੀਆਂ। ਉਸ ਤੋਂ ਬਾਅਦ ਹੋਰ ਪਬਲਿਕ ਅਦਾਰੇ ਜੇਲ੍ਹਾਂ, ਸਕੂਲ, ਗੌਰਮਿੰਟ ਬਿਲਡਿੰਗਾਂ ਦੀ ਵਾਰੀ ਆਊਗੀ।

**ਟੈਕਸਾਂ ਦਾ ਘਪਲਾ** : ਇਨ੍ਹਾਂ ਬਹੁਕੌਮੀ ਕੰਪਨੀਆਂ ਨੇ ਦੁਨੀਆ ਨੂੰ ਗਲੋਬਲ ਪਿੰਡ ਬਣਾ ਦਿੱਤਾ ਹੈ। ਇਹ ਦੁਨੀਆ ਇਕ ਪਿੰਡ ਬਣ ਗਈ ਪਰ ਸਿਰਫ਼ ਇਨ੍ਹਾਂ ਬਹੁਕੌਮੀ ਕੰਪਨੀਆਂ ਵਾਸਤੇ, ਮਜ਼ਦੂਰਾਂ ਲਈ ਨਹੀਂ। ਤਰ੍ਹਾਂ ਤਰ੍ਹਾਂ ਦੇ ਟਰੇਡ ਸਮਝੌਤਿਆਂ ਨਾਲ ਇਹ ਪੈਸੇ ਦੀ, ਮਸ਼ੀਨਾਂ ਦੀ ਕੱਚੇ ਪੱਕੇ ਮਾਲ ਦੀ ਮੂਵਮੈਂਟ ਕਰ ਸਕਦੇ ਹਨ। ਹੁਣ ਇਹ ਬਹੁਕੌਮੀ ਕੰਪਨੀਆਂ ਪੈਸਾ ਤਾਂ ਕੈਨੇਡਾ ਵਿਚ ਬਣਾਉਂਦੀਆਂ ਹਨ ਪਰ ਟੈਕਸ ਦੇ ਪੇਪਰ ਜਾ ਕੇ ਅਮਨ ਆਈਲੈਂਡ ਜਾਂ ਬਾਰਬੇਡੋ ਵਿਚ ਭਰਦੀਆਂ ਹਨ। ਸਿਰਫ਼ ਟੈਕਸ ਬਚਾਉਣ ਲਈ ਕਿਉਂਕਿ ਉਥੇ ਟੈਕਸ ਦੀ ਦਰ ਨਾਮਾਤਰ ਦੇ ਬਰਾਬਰ ਹੈ। ਸੁਆਦ ਦੀ ਗੱਲ ਇਹ ਹੈ ਕਿ ਉਨ੍ਹਾਂ ਦੇਸ਼ਾਂ ਵਿਚ ਇਨ੍ਹਾਂ ਨੇ ਦਫ਼ਤਰ ਵੀ ਨਹੀਂ ਖੋਲ੍ਹੇ ਹੋਏ, ਬੱਸ ਮੇਲ ਬਾਕਸ ਹੀ ਲਏ ਹੋਏ ਹਨ। ਪਹਿਲੀ ਗੱਲ ਇਨ੍ਹਾਂ ਤੇ ਟੈਕਸ ਦੀ ਦਰ ਪਹਿਲਾਂ ਹੀ ਘੱਟ ਹੋ ਜਾਣੀ ਹੈ ਕਿ 14% ਫਲੈਟ ਜਦਕਿ ਇਕ ਵਰਕਰ ਨੂੰਜਿਹੜਾ ਅੱਸੀ ਹਜ਼ਾਰ ਦੇ ਨੇੜੇ ਬਣਾਉਂਦਾ ਹੈ (87 ਹਜ਼ਾਰ) ਉਸ ਦੇ ਟੈਕਸ ਦੀ ਦਰ 32% ਹੈ। ਇਨ੍ਹਾਂ ਕੰਪਨੀਆਂ ਦਾ ਬਾਰਬੇਡੋ ਵਿਚ 200 ਬਿਲੀਅਨ ਡਾਲਰ ਪਿਆ ਹੈ। ਸਰਕਾਰ ਕੋਲ ਉਸ ਵੱਲ ਝਾਕਣ ਦੀ ਵੀ ਜੁਰਅਤ ਨਹੀਂ, ਕਿਉਂਕਿ ਸਰਕਾਰ ਕਾਰਪੋਰੇਸ਼ਨਾਂ ਦੀ ਨਰਾਜ਼ਗੀ ਮੁਲ ਨਹੀਂ ਲੈ ਸਕਦੀ। ਪਿਛਲੇ ਤਿੰਨ ਚਾਰ ਦਹਾਕਿਆਂ ਵਿਚ ਪੂੰਜੀਵਾਦ ਦਾ ਲਾਲਚ ਸਭ ਹੱਦਾਂ ਬੰਨ੍ਹੇ ਟੱਪ ਗਿਆ ਹੈ। ਮਜ਼ਦੂਰ ਜਮਾਤ ਨੂੰ ਤਾਂ ਇਹ ਸਿਰਫ਼ ਉਨਾ ਕੁ ਹੀ ਦੇ ਕੇ ਰਾਜ਼ੀ ਹਨ ਜਿਸ ਨਾਲ ਢਿੱਡ ਨੂੰ ਝੂਲਕਾ ਦੇ ਕੇ ਕੰਮ 'ਤੇ ਆ ਸਕਣ ਅਤੇ ਬਿਲ ਬੱਤੀਆਂ ਜਾਂ ਮੌਰਗੇਜਾਂ ਦੇ ਚੱਕਰ ਵਿਚ ਪੈ ਕੇ ਕਾਰਪੋਰੇਸ਼ਨਾਂ ਦੀਆਂ ਧਾਂਦਲੀਆਂ ਬਾਰੇ ਸੋਚ ਨਾ ਸਕਣ। ਪਿਛੇ ਜਿਹੇ ਅਲਬਰਟਾ ਵਿਚ ਘੱਟੋ ਘੱਟ ਉਜਰਤ ਇਕ ਡਾਲਰ ਵਧਾ ਦਿੱਤੀ ਗਈ ਤਾਂ ਤੁਸੀਂ ਹੈਰਾਨ ਹੋਵੋਗੇ ਕਿ ਸਭ ਤੋਂ ਵੱਧ ਰੌਲਾ ਇਕ ਕੰਪਨੀ ਦੇ ਸੀ.ਈ.ਓ. ਨੇ ਪਾਇਆ ਜਿਹੜਾ ਕਿ ਪੰਜ ਹਜ਼ਾਰ ਡਾਲਰ ਘੰਟੇ ਦੇ ਲੈਂਦੇ ਹੈ। ਹੁਣ ਜਿਹੜਾ ਸ਼ਾਅ ਕੇਬਲ ਸੀ.ਈ.ਓ. ਹੈ ਉਸਦੀ ਤਨਖਾਹ ਭੱਤੇ ਰਲਾ ਕੇ 15 ਮਿਲੀਅਨ ਡਾਲਰ ਹੈ ਜਿਸ ਦੀ ਕਿ ਇਕ ਘੰਟੇ ਦੀ ਤਨਖਾਹ 7 ਹਜ਼ਾਰ ਦੇ



ਨੇੜੇ ਬਣਦੀ ਹੈ। ਟੈਲਸ ਕੰਪਨੀ ਦੇ ਸੀ. ਈ. ਓ. ਦੀ ਤਨਖਾਹ 11 ਮਿਲੀਅਨ ਡਾਲਰ ਹੈ। ਜੇਕਰ ਅਲਬਰਟਾ ਵਿਚ ਫਾਰਮ ਵਰਕਰਾਂ ਨੂੰ ਡਬਲਿਊ. ਸੀ. ਬੀ. ਦੀ ਸਹੂਲਤ ਮਿਲਦੀ ਹੈ ਤਾਂ ਲੈਥ ਬਰਿਜ ਤੋਂ ਲੈ ਕੇ ਕੈਲਗਰੀ ਤੱਕ ਇਸ ਦੇ ਵਿਰੋਧ ਵਿਚ ਜਲੂਸ ਕੱਢਿਆ ਜਾਂਦਾਹੈ। ਕੀ ਗੱਲ ਫਾਰਮ ਵਰਕਰ ਇਨਸਾਨ ਨਹੀਂ ਹਨ?

ਚਲੋ ਹੁਣ ਆਪਾਂ ਘਰਾਂ ਦੀ ਗੱਲ ਕਰੀਏ। ਬੀ. ਸੀ. ਨੂੰ ਛੱਡ ਦੇ ਹਾਂ ਕਿਉਂਕਿ ਉਥੇ ਚੀਨਿਆਂ ਨੇ ਆ ਕੇ ਘਰ ਮਹਿੰਗੇ ਕਰ ਦਿੱਤੇ। ਅਲਬਰਟਾ ਵਿਚ ਕੈਲਗਰੀ ਵਿਚ 1999 ਵਿਚ ਘੱਟੋ ਘੱਟ ਉਜਰਤ 7 ਡਾਲਰ ਫੀ ਘੰਟਾ ਸੀ ਅਤੇ 1200 ਸੁਕੇਅਰ ਫੁੱਟਦਾ BI-Level ਘਰ 1 ਲੱਖ ਪੈਂਤੀ ਹਜ਼ਾਰ 'ਚ ਆ ਜਾਂਦਾ ਸੀ। ਹੁਣ 2016 ਵਿਚ ਉਹੀ ਘਰ ਚਾਰ ਲੱਖ ਦਾ ਹੋ ਗਿਆ। 2016 ਵਿਚ ਘੱਟੋ ਘਟ ਉਜਰਤ 11 ਡਾਲਰ ਫੀ ਘੰਟਾ ਹੋ ਗਈ। ਲਗਭਗ ਡੇਢ ਗੁਣਾ ਵਧ ਗਈ ਪਰ ਘਰ ਤਿੰਨ ਗੁਣਾ ਵਧ ਗਿਆ। ਜੇਕਰ ਘੱਟੋ ਘੱਟ ਉਜਰਤ ਨੂੰ ਵੀ ਤਿੰਨ ਗੁਣਾ ਵਧਾਇਆ ਜਾਂਦਾ ਹੈ ਤਾਂ 21 ਡਾਲਰ ਘੰਟੇ ਦੀ ਬਣਦੀ ਹੈ ਪਰ 11 ਡਾਲਰ ਤੇ ਕਿਸੇ 5000 ਡਾਲਰ ਘੰਟੇ ਦੀਲੈਣ ਵਾਲੇ ਸੀ.ਈ.ਓ. ਨੂੰ ਦੌਰਾ ਪੈ ਜਾਂਦਾ ਹੈ ਜੇਕਰ 21 ਡਾਲਰ ਘੰਟੇ ਦੀ ਘੱਟੋ ਘੱਟ ਉਜਰਤ ਹੋਵੇ ਤਾਂ ਫਿਰ ਉਸ ਸੀ.ਈ.ਓ. ਦਾ ਕੀ ਹਾਲ ਹੋਵੇਗਾ। ਟੈਕਸਾਂ ਦੇ ਮਾਮਲੇ ਵਿਚ ਕਾਰਪੋਰੇਸ਼ਨਾਂ ਆਪੂੰ ਪੁਆਏ ਘਾਟੇ ਨੂੰ ਕਈ ਕਈ ਸਾਲ ਤੱਕ ਕੈਰੀ ਕਰ ਸਕਦੀਆਂ ਹਨ। ਯਾਨੀਕਿ ਨਫ਼ੇ ਵਾਲੇ ਸਾਲਾਂ ਵਿਚ ਘਾਟੇ ਦੇ ਪਰੋਸ਼ਨ ਨੂੰ Deduct ਕਰਦੀਆਂ ਰਹਿੰਦੀਆਂ ਹਨ ਪਰ ਆਪ ਕੋਈ ਵੀ ਵਰਕਰ ਇਸ ਤਰ੍ਹਾਂ ਨਹੀਂ ਕਰ ਸਕਦਾ। ਇਹ ਸਹੂਲਤਾਂ ਇਨ੍ਹਾਂ ਨੂੰ ਸਰਕਾਰਾਂ ਦਿੰਦੀਆਂ ਹਨ ਕਿਉਂਕਿ ਸਰਕਾਰਾਂ ਹੀ ਇਕ ਕਿਸਮ ਨਾਲ ਇਨ੍ਹਾਂ ਦੀਆਂ ਹਨ।

ਅੱਜ ਕੱਲ੍ਹ ਇਕ ਹੋਰ ਗੱਲ ਸਾਡੇ ਕੁਝ ਸਿਆਸਤਦਾਨਾਂ ਨੂੰ ਫਲੈਟ ਟੈਕਸ ਦਾ ਦੌਰਾ ਪਿਆ ਹੈ। ਪਹਿਲਾਂ ਇਹ ਦੌਰਾ ਰੈਲਫ ਕਲਾਈਨ ਨੂੰ ਪਿਆ ਸੀ ਪਰ ਉਹ ਲਾਗੂ ਨਹੀਂ ਕਰ ਸਕਿਆ। ਮੋਟੇ ਸ਼ਬਦਾਂ ਵਿਚ ਇਹ ਹੈ ਕੀ? ਕੈਨੇਡਾ ਵਿਚ ਪ੍ਰੋਗਰੈਸਿਵ ਟੈਕਸ ਸਿਸਟਮ ਲਾਗੂ ਹੈ ਜਿਸ ਦੇ ਨਾਲ ਜਿਵੇਂ ਜਿਵੇਂ ਆਮਦਨ ਵਧਦੀ ਜਾਂਦੀ ਹੈ ਉਸੇ ਹਿਸਾਬ ਟੈਕਸ ਦੀਦਰ ਵਧਦੀ ਜਾਂਦੀ ਹੈ। ਜੇਕਰ ਤੁਹਾਡੀ ਆਮਦਨ ਜ਼ਿਆਦਾ ਹੈ ਤਾਂ ਤੁਸੀਂ ਟੈਕਸ ਜ਼ਿਆਦਾ ਦੇਵੋਗੇ ਅਤੇ ਜੇਕਰ ਤੁਹਾਡੀ ਆਮਦਨ ਘੱਟ ਹੈ ਤਾਂ ਤੁਸੀਂ ਘੱਟ ਟੈਕਸ ਦੇਵੋਗੇ। ਜੇਕਰ ਫਲੈਟ ਟੈਕਸ ਲਾਗੂ ਹੁੰਦਾ ਹੈ ਤਾਂ ਟੈਕਸ ਦੀ ਦਰ ਵੀ ਇਹੀ ਰਹੇਗੀ। ਫਰਜ਼ ਕਰੋ 43 ਹਜ਼ਾਰ ਤੇ ਪ੍ਰੋਗਰੈਕਸ ਟੈਕਸ 25% ਹੈ ਯਾਨੀਕਿ ਲਗਭਗ ਗਿਆਰਾਂ ਹਜ਼ਾਰ ਅਤੇ ਇਕ ਲੱਖ ਤੇ 36% ਯਾਨੀਕਿ ਲਗਭਗ 33 ਹਜ਼ਾਰ। ਹੁਣ ਜੇਕਰ ਫਲੈਟ ਟੈਕਸ ਲਾਗੂ ਹੈ ਫਰਜ਼ ਕਰੋ 30% ਤਾਂ 43 ਹਜ਼ਾਰ ਵਾਲੇ ਨੂੰ 12 ਹਜ਼ਾਰ ਨੌ ਸੌ ਲਗਭਗ 13 ਹਜ਼ਾਰ ਅਤੇ ਇਕ ਲੱਖ ਵਾਲੇ ਨੂੰ ਦੇਣਾ ਪਿਆ 30 ਹਜ਼ਾਰ ਯਾਨੀਕਿ ਪਹਿਲਾਂ ਨਾਲੋਂ 6 ਹਜ਼ਾਰ ਘੱਟ। ਘੱਟ ਆਮਦਨ ਵਾਲੇ ਨੂੰ 2 ਹਜ਼ਾਰ ਵੱਧ ਦੇਣਾ ਪੈ ਗਿਆ ਅਤੇ ਵੱਧ ਆਮਦਨ ਵਾਲੇ ਨੂੰ 6 ਹਜ਼ਾਰ ਦਾ ਫਾਇਦਾ ਹੋਇਆ। ਇਹੀ ਹੈ ਫਲੈਟ ਟੈਕਸ, ਅੰਨਾ ਵੰਡਾ ਸ਼ੀਰਨੀ ਮੁੜ ਮੁੜ ਆਪਣਿਆਂ ਨੂੰ ਯਾਨੀਕਿ ਕਾਮੇ ਦੀ ਜੇਬ 'ਚ ਕੋਈ ਪੈਸਾ ਰਹਿਣ ਨਹੀਂ ਦੇਣਾ।

ਇਹ ਪੂੰਜੀਵਾਦ ਦਾ ਅੱਖਰੀ ਦੌਰ ਹੈ। ਇਹ ਫਿਸ਼ ਟੈਂਕ ਦੀ ਐਲਜੀ (ਗੰਦ-ਮੰਦ) ਖਾਣ ਵਾਲੀ ਮੱਛੀ ਦੀ ਤਰ੍ਹਾਂ, ਜਿਹੜੀ ਕਿ ਖਾ ਖਾ ਕੇ ਆਪ ਦੀ ਮੌਤ ਆਪ ਹੀ ਮਰ ਜਾਂਦੀ ਹੈ ਇਹ ਹਾਲ ਪੂੰਜੀਵਾਦ ਦਾ ਹੋਣਾ ਹੈ।

**ਬੂਮ ਅਤੇ ਰਿਸੈਸ਼ਨ** : ਇਹ ਚੱਕਰ ਹੈ ਇਨ੍ਹਾਂ ਕਾਰਪੋਰੇਸ਼ਨਾਂ ਦਾ ਪੈਦਾ ਕੀਤਾ ਜਿਹੜਾ ਕਿ ਦੋਵੇਂ ਤਰ੍ਹਾਂ ਹੀ ਕਾਰਪੋਰੇਸ਼ਨਾਂ ਦਾ ਫਾਇਦਾ ਕਰਦਾ ਹੈ ਜਦੋਂ ਕਿਸੇ ਚੀਜ਼ ਦੀ ਪ੍ਰੋਡਕਸ਼ਨ ਵਧ ਜਾਂਦੀ ਹੈ ਤਾਂ ਸਪਲਾਈ ਦੇ ਡਿਮਾਂਡ ਦੇ ਹਿਸਾਬ ਨਾਲ ਉਸਦੀ ਕੀਮਤ ਘਟ ਜਾਂਦੀ ਹੈ ਜਿਵੇਂ ਹੁਣੇ ਹੀ ਤੇਲ ਦਾ ਹਾਲ ਹੋਇਆ ਹੈ। ਤੇਲ ਦੀ ਕੀਮਤ ਡਿੱਗੀ ਤਾਂ ਆਰਥਿਕ ਮੰਦਵਾੜੇ ਦਾ ਐਲਾਨ ਹੋ ਗਿਆ। ਜਦੋਂ ਕੰਪਨੀਆਂ ਘਾਟਾ ਸ਼ੋਅ ਕਰਦੀਆਂ ਹਨ ਤਾਂ ਉਨ੍ਹਾਂ ਦੇ ਸ਼ੇਅਰਾਂ ਦੀ ਕੀਮਤ ਡਿੱਗ ਪੈਂਦੀ ਹੈ। ਕੰਪਨੀਆਂ ਕੋਲ ਇਹ ਸੁਨਹਿਰੀ ਮੌਕਾ ਹੁੰਦਾਹੈ। ਆਮ ਲੋਕ ਪੈਨਿਕ ਵਿਚ ਹੁੰਦੇ ਹਨ। ਸ਼ੇਅਰਾਂ ਦੀ ਖਰੀਦਦਾਰ ਕੋਈ ਨਹੀਂ ਜਾਂ ਵੇਚਣ ਵਾਲੇ ਬਹੁਤੇ ਹਨ ਅਤੇ ਖਰੀਦਣ ਵਾਲੇ ਥੋੜ੍ਹੇ। ਫਰਜ਼ ਕਰੋ 50 ਡਾਲਰ ਵਾਲਿਆਂ ਸ਼ੇਅਰ ਲੋਕਾਂ ਨੂੰ 10 ਡਾਲਰ ਦਾ ਵੇਚਣਾ ਪੈ ਰਿਹਾ, ਇਸ ਤਰ੍ਹਾਂ ਹੁਣੇ ਹੀ ਹੋ ਕੇ ਹਟਿਆ ਹੈ, ਕੰਪਨੀਆਂ ਇਹ ਸ਼ੇਅਰ ਜਿਹੜਾ ਉਨ੍ਹਾਂ ਨੇ 50 ਡਾਲਰ ਦਾ ਵੇਚਿਆ ਸੀ 10 ਡਾਲਰ 'ਚ ਖਰੀਦ ਲੈਂਦੀਆਂ ਹਨ ਅਤੇ ਜਦੋਂ ਬੂਮ ਆ ਗਿਆ ਤਾਂ ਇਹੀ ਸ਼ੇਅਰ 50 ਡਾਲਰ ਦਾ ਫਿਰ ਵਿਕ ਜਾਵੇਗਾ। ਯਾਨੀਕਿ ਕੰਪਨੀ ਦਾ ਇਕ ਸ਼ੇਅਰ 80 ਡਾਲਰ ਦੇ ਗਿਆ ਅਤੇ ਕੰਪਨੀਆਂ ਦੇ ਸ਼ੇਅਰਾਂ ਦੀ ਗਿਣਤੀ ਮਿਲੀਅਨਾਂ ਜਾਂ ਬਿਲੀਅਨਾਂ 'ਚ ਹੁੰਦੀ ਹੈ। ਬਾਕੀ ਰਿਸੈਸ਼ਨ ਦੇ ਟਾਇਮ ਸਰਕਾਰਾਂ ਇਨ੍ਹਾਂ ਨੂੰ ਗਰਾਂਟਾਂ ਸਬਸਿਡੀਆਂ ਦੇ ਕੇ ਕੇ ਝੋਲੀ ਭਰ ਦਿੰਦੀਆਂ ਹਨ ਉਹ ਵੱਖ ਹੈ। ਜੇਕਰ ਆਮ ਵਰਕਰ ਰੋਜ਼ਮਰਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੇ ਤਾਂ ਸਰਕਾਰਾਂ ਨੂੰ ਕੋਈ ਫਰਕ ਨਹੀਂ।

**ਮਿਡਲ ਕਲਾਸ** : ਅਸੀਂ ਆਪ ਹੀ ਪੁਲੀਟੀਕਲ ਲੀਡਰਾਂ ਦੀਆਂ ਗੱਲਾਂ ਸੁਣਦੇ ਹਾਂ ਇਨ੍ਹਾਂ ਨੂੰ ਮਿਡਲ ਕਲਾਸ ਦਾ ਬਹੁਤ ਫਿਕਰ ਰਹਿੰਦਾ ਹੈ। ਇਹ ਕਦੇ ਵੀ ਵਰਕਿੰਗ ਕਲਾਸ ਦੀ ਗੱਲ ਨਹੀਂ ਕਰਦੇ। ਪਹਿਲੀ ਗੱਲ ਤਾਂ ਇਹ ਕਿ ਅਸੀਂ ਤੁਸੀਂ ਮਿਡਲ ਕਲਾਸ ਨਹੀਂ ਹਾਂ। ਜਿਨ੍ਹਾਂ ਦੀ ਆਮਦਨ ਡੇਢ ਲੱਖ ਤੋਂ ਉਪਰ ਹੈ ਉਹ ਮਿਡਲ ਕਲਾਸ ਹੈ। ਮਿਡਲ ਕਲਾਸ ਅਸਲ ਵਿਚ ਮਜ਼ਦੂਰਾਂ ਅਤੇ ਮਾਲਕਾਂ ਵਿਚ ਕੰਧ ਦਾ ਕੰਮ ਕਰਦੀ ਹੈ। ਇਹ ਕੰਧ ਸਥਾਪਤੀ ਨੂੰ ਬੇਲੈਂਸ ਕਰਦੀ ਹੈ। ਜਦ ਇਹ ਮਿਡਲ ਕਲਾਸ ਟੁੱਟਦੀ ਹੈ ਤਾਂ ਇਹ ਵਰਕਿੰਗ ਕਲਾਸ ਜਾਂ ਮਜ਼ਦੂਰ ਜਮਾਤ ਵਿਚ ਜਾ ਰਲਦੀ ਹੈ। ਮਜ਼ਦੂਰ ਜਮਾਤ ਦਾ ਪਲੜਾ ਭਾਰੀ ਹੋ ਜਾਂਦਾ ਹੈ। ਇਹ ਜਮਾਤੀ ਸੰਘਰਸ਼ ਦਾ ਸਿਖਰ ਹੈ। ਇਸ ਸੰਘਰਸ਼ ਤੋਂ ਹੀ ਪੂੰਜੀਪਤੀਆਂ ਨੂੰ ਕੰਬਣੀ ਛਿੜਦੀ ਹੈ। ਸਿਆਸਤਦਾਨ ਜਦ ਵੀ ਗੱਲ ਕਰਦੇ ਹਨ ਤਾਂ ਮਿਡਲ ਕਲਾਸ ਦਾ ਹੀ ਜ਼ਿਆਦਾ ਫ਼ਿਕਰ ਕਰਦੇ ਹਨ ਕਿਉਂਕਿ ਮਿਡਲ ਕਲਾਸ ਦਾ ਟੁੱਟਣਾ ਪੂੰਜੀਵਾਦ ਦੀ ਮੌਤ ਹੈ। ਅੱਜ ਕੱਲ੍ਹ ਸਭ ਤੋਂ ਵੱਧ ਖੋਰਾ ਮਿਡਲ ਕਲਾਸ ਨੂੰ ਹੀ ਲੱਗ ਰਿਹਾ ਹੈ। ਇਸ ਜਮਾਤ ਨੂੰ ਬਚਾਉਣ ਲਈ ਹੀ ਆਰ. ਆਰ. ਐਸ. ਪੀ., ਟੀ. ਐਫ. ਸੀ. ਏ. ਜਾਂ ਆਰ. ਈ. ਐਸ. ਪੀ. ਵਰਗੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਪਰ ਹਾਲਤ ਇਹ ਕਰ ਦਿੱਤੀ ਗਈ ਹੈ ਕਿ (ਪਿਛਲੇ 40 ਸਾਲਾਂ 'ਚ) ਕੈਨੇਡੀਅਨ ਟਿਪੀਕਲ ਫੈਮਿਲੀ (ਮੀਆਂ, ਬੀਵੀ ਬੱਚੇ) ਘਰ ਨਹੀਂ ਲੈ ਸਕੇਗੀ। ਇਸ ਕਰਕੇ ਹੀ ਕੰਡੋਮੀਨੀਅਮ ਜਾਂ ਟਾਊਨ ਹਾਊਸ ਧੜਾਧੜ ਬਣਾਏ ਜਾ ਰਹੇ ਹਨ।

**ਸਾਡਾ ਫਰਜ਼** : ਸਿਆਸਤਦਾਨ ਸਾਡੇ ਧਿਆਨ ਨੂੰ ਪਾਸੇ ਕਰਨ ਲਈ ਕਈ ਚਾਲਾਂ ਖੇਡਦੇ ਹਨ, ਪਾਰਲੀਮੈਂਟ ਵਿਚ ਅਖੰਡ ਪਾਠ ਕਰਾਉਣਾ, ਈਦ ਮਨਾਉਣੀ, ਸ਼ਿਵਰਾਤਰੀ ਜਾਂ ਕ੍ਰਿਸਮਿਸ ਮਨਾਉਣੀ। ਕੈਨੇਡਾ ਵਰਗੇ ਧਰਮ ਨਿਰਪੱਖ ਮੁਲਕ ਨੂੰ ਧਾਰਮਿਕ ਰੰਗਤ ਦੇਣੀ ਸਿਆਸਤਦਾਨਾਂ ਦੀ ਲੋੜ ਹੈ ਪਰ ਇਹ ਆਮ ਜਨਤਾ ਨਾਲ ਧੋਖਾ ਹੈ। ਸਾਨੂੰ ਇਸ ਬਾਰੇ ਬਹੁਤ ਚੇਤੰਨ ਹੋਣਾ ਪਵੇਗਾ। ਜੇਕਰ ਇਸ ਸਰਕਾਰ ਨੂੰ ਕੈਨੇਡੀਅਨ ਕਦਰਾਂ ਕੀਮਤਾਂ ਦੀ ਪ੍ਰਵਾਹ ਹੈ ਤਾਂ ਇਸ ਤਰ੍ਹਾਂ ਦੇ ਅਡੰਬਰ ਖਤਮ ਕਰਨੇ ਚਾਹੀਦੇ ਹਨ। ਬਿੱਲ ਸੀ-24, ਈ-51 ਨੂੰ ਖਤਮ ਕਰਨਾ ਹੋਵੇਗਾ। ਸਾਰੇ ਮੁਲਕ ਵਿਚ ਘੱਟੋ ਘੱਟ ਉਜਰਤ ਨਹੀਂ ਸਗੋਂ ਲਿਵਿੰਗ ਵੇਜ਼ ਲਾਗੂ ਕਰਨੀ ਹੋਵੇਗੀ। ਸਾਡਾ ਫਰਜ਼ ਹੈ ਇਸ ਸਰਕਾਰ ਨੂੰ ਮਜਬੂਰ ਕਰ ਦੇਈਏ ਕਿ ਮਜ਼ਦੂਰਾਂ ਨੂੰ ਵੀ ਜਿਉਣ ਦਾ ਹੱਕ ਹੈ, ਕਮਾਉਣ ਦਾ ਹੱਕ ਹੈ, ਇਕ ਵਧੀਆ ਲਿਵਿੰਗ ਸਟੈਂਡਰਡ ਸਾਡਾ ਸੁਪਨਾ ਹੈ ਇਕ ਹਕੀਕਤ ਹੈ।

(ਇਹ ਲੇਖ ਬਰਨੀ ਸੈਂਡਰਜ਼, ਜਾਰਜ ਵੂਲਡ, ਦੋ ਮਾਸਿਕੀ ਦੇ ਲੇਖਾਂ 'ਤੇ ਆਧਾਰਿਤ ਹੈ)

# ਇੱਕ ਦੁਰਲੱਭ ਇਤਿਹਾਸਿਕ ਦਸਤਾਵੇਜ਼

## ਬਾਬਾ ਸੋਹਣ ਸਿੰਘ ਭਕਨਾ ਵੱਲੋਂ ਸੁਆਲਾਂ ਦੇ ਜੁਆਬ

*ਨੋਟ :- ਇਹ ਅਹਿਮ ਲਿਖਤ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਉਰਦੂ ਵਿੱਚ ਲਿਖੀ ਗਈ ਸੀ। ਇਸ ਲਿਖਤ ਨੂੰ 'ਦੇਸ਼ ਭਗਤ ਯਾ...ਦਾ' ਨਾਂ ਦੇ ਅਖ਼ਬਾਰ ਵਿੱਚ ਦੇਣ ਲਈ ਬਾਬਾ ਜੀ ਨੂੰ ਕੁੱਝ ਸਵਾਲਾਂ ਦਾ ਜਵਾਬ ਦੇਣ ਲਈ ਬੇਨਤੀ ਕੀਤੀ ਗਈ ਸੀ। ਬਾਬਾ ਜੀ ਨੇ ਇਹਨਾਂ ਸਵਾਲਾਂ ਦੇ ਨਾਲ-ਨਾਲ ਕੁੱਝ ਹੋਰ ਸਵਾਲ ਜੋੜਕੇ ਉਹਨਾਂ ਦੇ ਜਵਾਬ ਦਿੱਤੇ ਸਨ। ਅਮਰੀਕਾ ਅੰਦਰ 4 ਅਪ੍ਰੈਲ 1968 ਨੂੰ ਮਾਰਟਿਨ ਲੂਥਰ ਕਿੰਗ ਦੇ ਕਤਲ ਤੋਂ ਪਿੱਛੋਂ ਦੇ ਹਾਲਾਤ ਵਿੱਚ ਬਾਬਾ ਜੀ ਨੇ ਸਮਾਜਵਾਦ, ਧਰਮ, ਦੇਸ਼ ਦੇ ਹਾਲਾਤ ਆਦਿਕ ਮਸਲਿਆਂ ਨੂੰ ਛੋਹਿਆ ਸੀ ਜਿਸ ਤੋਂ ਉਹਨਾਂ ਅਤੇ ਉਹਨਾਂ ਦੇ ਗ਼ਦਰ ਪਾਰਟੀ ਦੇ ਸਾਥੀਆਂ ਦੇ ਵਿਚਾਰਾਂ ਦੀ ਝਲਕ ਮਿਲਦੀ ਹੈ। ਵਰਤਮਾਨ ਸਮੇਂ ਦੇਸ਼ ਭਗਤਾਂ ਦੇ ਵਿਚਾਰਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਾਲਿਆਂ ਤੋਂ ਉਹਨਾਂ ਦੇ ਵਿਚਾਰਾਂ ਦੀ ਰਾਖੀ ਅਤੇ ਇਹਨਾਂ ਨੂੰ ਹੋਰ ਅੱਗੇ ਵਧਾਉਣ ਲਈ ਇਹ ਲਿਖਤ ਬੇਹੱਦ ਸਹਾਈ ਹੋਣ ਵਾਲੀ ਹੈ। ਇਸ ਇਤਿਹਾਸਕ ਅਣਪ੍ਰਕਾਸ਼ਿਤ ਲਿਖਤ ਦੇ ਪੰਜਾਬੀ ਅਨੁਵਾਦ ਦੀ ਕਾਪੀ ਪ੍ਰੋ. ਜਗਮੋਹਣ ਸਿੰਘ ਜਨਰਲ ਸਕੱਤਰ ਜਮਹੂਰੀ ਸਭਾ ਪੰਜਾਬ ਤੋਂ ਪ੍ਰਾਪਤ ਹੋਈ ਹੈ ਜਿਸਨੂੰ ਪ੍ਰੋਫੈਸਰ ਹੁਰਾਂ ਦੇ ਧੰਨਵਾਦ ਸਹਿਤ 'ਸਰੋਕਾਰਾਂ ਦੀ ਆਵਾਜ਼' ਅੰਦਰ ਛਾਪਿਆ ਜਾ ਰਿਹਾ ਹੈ।*

### ਦੇਸ਼ ਅਤੇ ਕੌਮ

**ਸੁਆਲ : ਦੇਸ਼ ਅਤੇ ਕੌਮ ਕਿਸ ਨੂੰ ਆਖਦੇ ਹਨ?**

ਜੁਆਬ : ਦੇਸ਼ ਨੂੰ ਅਸੀਂ ਮਾਤਰਭੂਮੀ ਵੀ ਆਖਦੇ ਹਾਂ। ਦੇਸ਼ ਜਾਂ ਮਾਤਰਭੂਮੀ ਉਸ ਖਿੱਤੇ ਦਾ ਨਾਮ ਹੈ ਜੋ ਜੁਗਰਾਫੀਆ ਦੀ ਦ੍ਰਿਸ਼ਟੀਕੋਣ ਤੇ ਦੂਸਰੇ ਦੇਸ਼ ਨਾਲੋਂ ਸਾਨੂੰ ਅੱਡ ਕਰਦੀ ਹੈ ਅਤੇ ਹੱਦ ਬੰਦੀ ਕਰ ਦਿੰਦੀ ਹੈ ਕਿ ਇਹ ਦੇਸ਼ ਫਲਾਣਾ ਹੈ। ਇਸ ਲਈ ਅਸੀਂ ਜਿਸ ਦੇਸ਼ ਵਿੱਚ ਪੈਦਾ ਹੁੰਦੇ ਹਾਂ ਉਸਨੂੰ ਮਾਤਰ ਭੂਮੀ ਕਹਿੰਦੇ ਹਾਂ ਅਤੇ ਉਸ ਨਾਲ ਮਾਂ ਵਾਂਗ ਪ੍ਰੇਮ ਕਰਦੇ ਹਾਂ ਅਤੇ ਉਸਦੇ ਅੰਨ, ਜਲ 'ਤੇ ਅਧਿਕਾਰ ਸਮਝਦੇ ਹਾਂ। ਉਸ ਦੇਸ਼ ਦੇ ਅੰਦਰ ਚਾਹੇ ਕਿਤਨੇ ਵੀ ਮਜ਼ਬੀ ਅਕੀਦੇ ਹੋਣ, ਸਾਨੂੰ ਇਕ ਜਾਤੀ ਜਾਂ ਕੌਮ ਹੋਣ ਤੋਂ ਰੋਕ ਨਹੀਂ ਸਕਦੇ। ਕਿਉਂਕਿ ਮਜ਼ਬ ਇੱਕ ਪ੍ਰਲੋਕੀ ਅਕੀਦਾ ਹੈ ਅਤੇ ਨੇਮ ਇਸ ਦੁਨੀਆਂ ਦੇ ਜੀਵਨ ਨਾਲ ਸੰਬੰਧਤ ਹੈ ਜਿਸਨੂੰ ਜੀਵਨ ਤੋਂ ਅੱਡ ਕਰ ਨਹੀਂ ਸਕਦੇ। ਮਜ਼ਬ ਤਬਦੀਲ ਹੋ ਸਕਦਾ ਹੈ ਅਤੇ ਕੌਮ ਨੀ। ਮੈਂ ਅੱਜ ਸਿੱਖ ਹਾਂ ਜੇ ਚਾਹਾਂ ਤਾਂ ਕੱਲ੍ਹ ਹੀ ਦੂਸਰਾ ਮਜ਼ਬ ਧਾਰਨ ਕਰ ਸਕਦਾ ਹਾਂ। ਇਹ ਸਾਡੀਆਂ ਅੱਖਾਂ ਦੇ ਸਾਹਮਣੇ ਹੁੰਦਾ ਹੈ। ਕੌਮ ਅਟੱਲ ਹੈ ਤੇ ਮਜ਼ਬ ਅਖਤਿਆਰੀ। ਮਜ਼ਬ ਦਾ ਅਰਥ ਹੈ ਰਸਤਾ। ਯਾਨੀ ਨੇਕ ਰਸਤਾ ਜੋ ਮਨੁੱਖ ਨਾਲ ਮਨੁੱਖ ਦਾ ਪਿਆਰ, ਨਿਆਏ, ਯੁੱਧ ਆਰਥਿਕ ਪ੍ਰਬੰਧ ਦਾ ਰਸਤਾ ਵਿਖਾਉਂਦਾ ਹੈ। ਯਾਨੀ ਆਪਣੀ ਨਿੱਤ ਦੀ ਰੋਟੀ, ਲੁੱਟ ਖਸੁੱਟ ਨੂੰ ਮਜ਼ਬ, ਧਰਮ ਪਾਪ ਆਖਦੇ ਹਨ।

**ਸੁਆਲ : ਜੇਕਰ ਮਜ਼ਬ ਅਤੇ ਧਰਮ ਏਨਾ ਹੀ ਪਿਆਰਾ ਨਿਆਏ ਤੇ ਆਰਥਿਕ ਸ਼ੁਧੀ ਨਾਲ ਭਰਿਆ ਪਿਆ ਹੈ ਤਾਂ ਮਜ਼ਬ ਤੇ ਧਰਮ ਦੇ ਨਾਂ 'ਤੇ ਕਤਲ ਤੇ ਖ਼ੂਨ ਕਿਉਂ ਹੁੰਦੇ ਹਨ?**

ਜੁਆਬ : ਅਸਲ ਗੱਲ ਇਹ ਹੈ ਕਿ ਮਨੁੱਖ ਮਾਤਰ ਦਾ ਅਸਲੀ ਧਰਮ ਤੇ ਮਜ਼ਬ ਇੱਕ ਹੀ ਹੈ। ਇਹ ਬੁਰਾਈਆਂ ਨਹੀਂ ਸਿਖਾਉਂਦੇ। ਇਹ ਬੁਰਾਈਆਂ ਜਦ ਫਿਰਕਾਪ੍ਰਸਤੀ ਦਾ ਜ਼ੋਰ ਹੁੰਦਾ ਹੈ ਤਾਂ ਆਪਣੀ ਰਾਜਸੀ ਹਵਸ ਪੂਰੀ ਕਰਨ ਲਈ ਅਤੇ ਕਮਜ਼ੋਰਾਂ ਨੂੰ ਗੁਲਾਮ ਬਣਾਉਣ ਲਈ ਫਿਰਕਾਪ੍ਰਸਤੀ, ਮਜ਼ਬ ਤੇ ਧਰਮ ਖਤਰੇ ਵਿੱਚ ਹੈ ਦਾ ਨਾਹਰਾ ਦੇ ਕੇ ਅਤੇ ਪਾੜ ਕੇ ਰਾਜ ਕਰਨ ਲਈ, ਭੋਲੇ ਭਾਲੇ ਲੋਕਾਂ ਵਿੱਚ ਕਤਲ ਤੇ ਖ਼ੂਨ, ਚਲਾਕੀ ਨਾਲ ਕਰਵਾ ਦਿੰਦੀ ਹੈ। ਫਿਰਕਾ ਪ੍ਰਸਤੀ ਅਸਲੀਅਤ ਵਿੱਚ ਦੇਸ਼ ਤੇ ਕੌਮ ਲਈ ਜਹਿਰ ਵਾਂਗ ਹੈ ਜਿਵੇਂ ਕਿ ਸਿਆਨਿਆਂ ਨੇ ਆਖਿਆ ਹੈ। ਜਦ ਤਕ ਫਿਰਕਾ ਪ੍ਰਸਤੀ ਮਲੀਆ ਮੇਟ ਨਹੀਂ ਕੀਤੀ ਜਾਂਦੀ, ਮਨੁੱਖ ਜਾਤੀ ਵਿੱਚੋਂ ਲੜਾਈਆਂ ਨਹੀਂ ਮੁੱਕ ਸਕਦੀਆਂ ਹਨ ਤੇ ਨਾ ਹੀ ਦੇਸ਼ ਤੇ ਕੌਮ ਇੱਕ ਹੋ ਸਕਦੇ ਹਨ।

**ਸੁਆਲ : ਜੇ ਮਜ਼ਬ ਤੇ ਧਰਮ ਪਿਆਰ ਤੇ ਨਿਆਏ ਸਿੱਖਲਾਉਂਦੇ ਹਨ ਤਾਂ ਕਿਹੜਾ ਮਜ਼ਬ ਤੇ ਧਰਮ ਹੈ ਜਿਹੜਾ ਤਲਵਾਰ ਦੀ ਛਾਂ ਹੇਠ ਨਹੀਂ ਵਧਿਆ ਫੁੱਲਿਆ?**


ਜੁਆਬ : ਇਹ ਠੀਕ ਹੈ ਪਰ ਸਾਨੂੰ ਇਨ੍ਹਾਂ ਲੜਾਈਆਂ ਦੀ ਤਾਰੀਖ ਦਾ ਮੁਤਾਲਿਆ ਕਰਨਾ ਜ਼ਰੂਰੀ ਹੈ। ਹਰ ਇੱਕ ਮਜ਼ਬ ਦੇ ਬਾਕੀ ਦੇ ਕੰਮ ਤੇ ਲੜਾਈਆਂ ਨੂੰ ਜਦ ਅਸੀਂ ਦੇਖੀਏ ਕਿ ਉਨ੍ਹਾਂ ਕਿਨ੍ਹਾਂ ਮਜਲੂਮਾਂ ਦੇ ਹੱਕ ਵਿੱਚ ਆਪਣੀਆਂ ਕੁਰਬਾਨੀਆਂ ਕੀਤੀਆਂ ਤੇ ਲੜਾਈਆਂ ਲੜੀਆਂ। ਜਿਨ੍ਹਾਂ ਨੂੰ ਉਨ੍ਹਾਂ ਦੇ ਪੈਰੋਕਾਰ ਅਵਤਾਰ ਪੀਰ ਪਗੰਬਰ, ਦੇ ਬੇਟੇ ਤੇ ਗੁਰੂ ਆਦਿ ਸਤਿਕਾਰਯੋਗ ਨਾਵਾਂ ਨਾਲ ਯਾਦ ਕਰਦੇ ਹਨ, ਜਦ ਅਸੀਂ ਯਸੂ, ਮੁਹੰਮਦ, ਅਵਤਾਰ ਔਰ ਮਜਲੂਮਾਂ ਦੇ ਹੱਕ ਵਿੱਚ ਲੜਨ ਵਾਲੀਆਂ ਦੇਵੀਆਂ ਤੇ ਗੁਰੂ ਸਾਹਿਬਾਂ ਦੀਆਂ ਜ਼ਿੰਦਗੀਆਂ ਦਾ ਮੁਤਾਲਿਆ ਕਰਦੇ ਹਾਂ ਤਾਂ ਸਾਨੂੰ ਮਜ਼ਬੀ ਲੜਾਈਆਂ ਦੇ ਦੋਵੇਂ ਪੱਖ ਸਾਫ ਨਜ਼ਰ ਆ ਜਾਂਦੇ ਹਨ ਇੱਕ ਪਵਿੱਤਰ ਤੇ ਦੂਸਰਾ ਅਪਵਿੱਤਰ। ਪਵਿੱਤਰ ਲੜਾਈਆਂ ਉਹ ਹਨ ਜੋ ਮਜਲੂਮਾਂ ਨੂੰ ਜਾਲਮਾਂ ਦੀ ਗੁਲਾਮੀ ਵਿੱਚੋਂ ਕੱਢਣ ਵਾਸਤੇ ਲੜੀਆਂ ਗਈਆਂ ਹਨ। ਅਪਵਿੱਤਰ ਉਹ ਹਨ ਜੋ ਰਾਜੇ ਬਾਦਸ਼ਾਹਾਂ ਨੇ ਕਮਜ਼ੋਰਾਂ ਨੂੰ ਗੁਲਾਮ ਰੱਖਣ ਅਤੇ ਆਪਣੀ ਐਸ਼ੋ ਇਸ਼ਰਤ ਨੂੰ ਪੂਰਾ ਕਰਨ ਲਈ ਕਤਲੋ ਖ਼ੂਨ, ਮਜ਼ਬ ਤੇ ਧਰਮ ਦੇ ਨਾਂ 'ਤੇ ਕੀਤੇ। ਜਿਵੇਂ ਔਰੰਗਜ਼ੇਬ ਤੇ ਉਸ ਵਰਗੇ ਦੂਸਰੇ ਬਾਦਸ਼ਾਹ।

**ਸੁਆਲ : ਤੁਸਾਂ ਫਿਰਕਾ ਪ੍ਰਸਤਾਂ ਤੇ ਹੋਰ ਸਮਾਜਕ ਬੁਰਾਈਆਂ ਕਰਨ ਵਾਲਿਆਂ ਨੂੰ ਤਾਂ ਕੋਸਿਆ ਹੈ ਪਰ ਜਿਹੜੀਆਂ ਪੁਲੀਟੀਕਲ ਪਾਰਟੀਆਂ ਸਵਾਏ ਗਲਤ ਪੋਲੀਟਕਸ ਤੇ ਪਾਰਟੀ ਪੋਲੀਟਕਸ ਦੇ ਹੋਰ ਕੋਈ ਕੰਮ ਨਹੀਂ ਕਰ ਰਹੀਆਂ ਜਿਨ੍ਹਾਂ ਰਾਤ ਦਿਨ ਇਸੇ ਹੀ ਸੁਗਲ ਨੂੰ ਪੇਸ਼ਾ ਬਣਾ ਰੱਖਿਆ ਹੈ, ਚਾਹੇ ਦੇਸ਼ ਕੌਮ ਤੇ ਮਿਹਨਤਕਸ਼ ਜਨਤਾ ਕਿਤਨੀ ਦੁਖੀ ਕਿਉਂ ਨਹੀਂ ਇਨ੍ਹਾਂ ਨੂੰ ਕੋਈ ਵੀ ਪ੍ਰਵਾਹ ਨਹੀਂ। ਇਹ ਬਾਬਾ ਕੀ ਖਿਆਲ ਹੈ?**

ਜੁਆਬ : ਸਮਾਜਕ ਬੁਰਾਈਆਂ ਕਰਨ ਵਾਲਿਆਂ ਲੋਕਾਂ ਨਾਲੋਂ ਇਹ ਕੋਈ ਘੱਟ ਖ਼ਤਰਨਾਕ ਨਹੀਂ ਬਲਕਿ ਜ਼ਿਆਦਾ ਹੀ ਹਨ। ਕਿਉਂਕਿ ਦੂਸਰੇ ਜੋ ਸਮਾਜਕ ਬੁਰਾਈਆਂ ਕਰਨ ਵਾਲੇ ਹਨ ਉਹ ਲੋਕਾਂ ਦੇ ਸਾਹਮਣੇ ਨੰਗੇ ਹਨ ਅਤੇ ਲੋਕ ਉਨ੍ਹਾਂ ਨੂੰ ਛੇਤੀ ਪਛਾਣ ਸਕਦੇ ਹਨ। ਪਰ ਇਹ ਦੇਸ਼ ਭਗਤੀ ਤੇ ਕੌਮਪ੍ਰਸਤੀ ਦਾ ਚੋਲਾ ਪਾਕੇ ਜਨਤਾ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਧੋਖਾ ਦੇ ਸਕਦੇ ਹਨ ਜਿਸ ਤਰ੍ਹਾਂ ਅੱਜਕਲ੍ਹ ਹੋ ਰਿਹਾ ਹੈ।

**ਸੁਆਲ : ਦੇਸ਼ ਅਤੇ ਕੌਮ ਲਈ ਸਾਡਾ ਕਰਤਵ ਕੀ ਹੈ?**

ਜੁਆਬ : ਮੈਂ ਪਿੱਛੇ ਦਸ ਚੁੱਕਾ ਹਾਂ ਕਿ ਤੇ ਦੇਸ਼ ਤੇ ਕੌਮ ਦੀ ਵਿਆਖਿਆ ਵੀ ਕਰ ਚੁੱਕਾ ਹਾਂ, ਭਈ ਜੋ ਜ਼ਮੀਨ ਦਾ ਖੱਤਾ ਜੁਗਰਾਫੀਏ ਦੇ ਲਿਹਾਜ ਨਾਲ ਦੂਸਰੇ ਖੱਤਿਆਂ ਨਾਲੋਂ ਅੱਡ ਕਰਦਾ ਹੈ। ਜਿਸਦੀ ਹੱਦ ਬੰਦੀ ਇੱਕ ਦੂਸਰਾ ਆਪਸ ਵਿੱਚ ਮਿਲਕੇ ਕਰ ਲੈਂਦੇ ਹਨ। ਇਹ ਸਾਰੇ ਸਾਡੇ ਪੜੋਸੀ ਤੇ ਹਮਸਾਏ ਹਨ। ਜਿਸ ਤਰ੍ਹਾਂ ਅਸੀਂ ਆਪਣੇ ਦੇਸ਼ ਅੰਦਰ ਆਜ਼ਾਦੀ ਤੇ ਬਰਾਬਰੀ ਦੇ ਹੱਕ ਰੱਖਦੇ ਹਾਂ ਉਸੇ ਤਰ੍ਹਾਂ ਸਾਡੇ ਪੜੋਸੀ ਵੀ। ਸਾਡਾ ਫ਼ਰਜ਼ ਠਹਿਰਦਾ ਹੈ ਕਿ ਅਸੀ ਆਪਣੀ ਆਜ਼ਾਦੀ ਤੇ ਬਰਾਬਰੀ ਨੂੰ ਕੀ ਆਰਥਿਕ ਕੀ ਰਾਜਨੀਤਕ ਤੇ ਕੀ ਸਮਾਜਿਕ ਜੀਵਨ ਦੇ ਹਰ ਪਹਿਲੂ ਵਿੱਚ ਕਾਇਮ ਰੱਖੀਏ ਇਸ ਦਾ ਨਾਂ ਹੈ ਸਮਾਜਿਕ ਪ੍ਰਬੰਧ। ਸਾਨੂੰ ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ ਸਮਾਜਵਾਦ ਤੋਂ ਬਿਨਾਂ ਕੋਈ ਦੇਸ਼ ਜਾਂ ਜਾਤੀ ਸੁਖੀ ਨਹੀਂ ਹੋ ਸਕਦੀ। ਜਿੱਥੇ ਲੁੱਟ ਖਸੁੱਟ ਤੇ ਸਾਮਰਾਜਵਾਦ ਹੈ ਉਥੇ ਕਦੀ ਸ਼ਾਂਤੀ ਤੇ ਆਨੰਦ ਨਹੀਂ ਹੋ ਸਕਦਾ, ਜੋ ਮਨੁੱਖ ਮਾਤਰ ਹੁੰਦਾ ਹੈ। ਇਸਦੇ ਇਲਾਵਾ ਆਜ਼ਾਦੀ ਤੇ ਬਰਾਬਰੀ ਦਾ ਨਜ਼ਰੀਆ ਸਾਡਾ ਆਪਣੇ ਦੇਸ਼ ਲਈ ਹੀ ਨਹੀਂ ਦੇਣਾਂ ਚਾਹੀਦਾ, ਸਗੋਂ ਸਾਰੀ ਦੁਨੀਆਂ ਦੀ ਆਜ਼ਾਦੀ ਬਰਾਬਰੀ ਤੇ ਸੱਚੀ ਜਮਹੂਰੀਅਤ (ਲੋਕ ਰਾਜ) ਦੀ ਇੱਜ਼ਤ ਸਾਡੇ ਲਈ ਜ਼ਰੂਰੀ ਹੈ। ਕਿ ਸਾਡੀ ਅਸਲੀ ਜਾਤੀ ਮਨੁੱਖ ਮਾਤਰ ਹੈ। ਅਤੇ ਦੁਨੀਆਂ ਭਰ ਦਾ ਮਨੁੱਖ ਸਾਡਾ ਭਾਈ ਹੈ। ਇਸ ਤੋਂ ਵੱਖ ਹੋ ਕੇ ਇਕੱਲੇ ਜਿਉਂਦੇ ਨਹੀਂ ਰਹਿ ਸਕਦੇ ਕਿਉਂਕਿ ਜੀਵਨ ਵਿਅਕਤੀਗਤ ਨਹੀਂ ਸਗੋਂ ਸਮਾਜਕ ਹੈ। ਕੋਈ ਇਕੱਲਾ ਵਿਅਕਤੀ ਆਪਣੀ ਸਾਰੀ ਲੋੜ ਜੋ ਜੀਵਨ ਵਿੱਚ ਉਸਨੂੰ ਹੈ ਉਹ ਪੂਰੀ ਨਹੀਂ ਕਰ ਸਕਦਾ ਤੇ ਨਾ ਹੀ ਆਪਣੇ ਖਿੱਤੇ (ਮੁਲਕ) ਦੀ ਹੋਂਦ ਵਿੱਚ ਕੈਦ ਹੋ ਕੇ ਤਰੱਕੀ



ਕਰ ਸਕਦਾ ਹੈ। ਇਸ ਲਈ ਜੇ ਅਸੀਂ ਸ਼ਾਂਤੀ ਤੇ ਸੁੱਖ ਚਾਹੁੰਦੇ ਹਾਂ ਤਾਂ ਜੋ ਪਿਆਰ ਸਾਨੂੰ ਆਪਣੀ ਮਾਤਰਭੂਮੀ ਨਾਲ ਹੈ ਉਹ ਪਿਆਰ ਸੱਚੇ ਦਿਲ ਨਾਲ ਸਾਰੇ ਦੁਨੀਆਂ ਦੇ ਦੇਸ਼ਾਂ ਨਾਲ ਕਰਨਾ ਹੋਵੇਗਾ। ਤਾਂ ਹੀ ਦੇਸ਼ ਭਗਤ ਤੇ ਕੌਮ ਪ੍ਰਸਤਾ ਕਹਾ ਸਕਦੇ ਹਾਂ। ਵਰਨਾ ਰਾਜਸੀ ਪਾਖੰਡ ਹੋਵੇਗਾ ਜੋ ਸਾਨੂੰ ਕਦੀ ਵੀ ਸੁਖੀ ਨਹੀਂ ਕਰ ਸਕਦਾ।

**ਸੁਆਲ : ਇਹ ਤਾਂ ਹੋਈ ਦੇਸ਼ ਭਗਤੀ ਜਿਸ ਤਰ੍ਹਾਂ ਅਸੀਂ ਆਪਣੇ ਦੇਸ਼ ਨਾਲ ਪਿਆਰ ਕਰਦੇ ਹਾਂ ਉਹੀ ਦੂਸਰੇ ਦੇਸ਼ਾਂ ਨਾਲ ਕਰੀਏ ਹੁਣ ਕੌਮਪ੍ਰਸਤੀ ਦੀ ਵਿਆਖਿਆ ਜ਼ਰੂਰੀ ਹੈ?**

ਜੁਆਬ : ਸਾਨੂੰ ਦੁਨਿਆਵੀ ਤੇ ਕੁਦਰਤੀ ਅਸੂਲਾਂ ਦੋਹਾਂ ਨੂੰ ਸਮਝਣ ਦੀ ਜ਼ਰੂਰਤ ਹੈ। ਰੂਹਾਨੀਅਤ ਤਾਂ ਸਾਨੂੰ ਇਹ ਕਹਿੰਦੀ ਹੈ ਕਿ ਸਾਰੀ ਕਾਇਨਾਤ ਦਾ ਜੀਵਨ ਇੱਕ ਹੈ ਅਤੇ ਇੱਕ ਲੜੀ ਵਿੱਚ ਪਰੋਂਦਾ ਹੈ। ਇਸ ਨੂੰ ਮਹਾਂ ਜੀਵਨ ਕਿਹਾ ਜਾਂਦਾ ਹੈ। ਇਹ ਕਾਇਨਾਤੀ ਮਹਾਂਜੀਵਨ ਦੇ ਹੀ ਅਨੇਕਾ ਨਾਮ ਹਨ। ਕੋਈ ਰੱਬ, ਕੋਈ ਰਹੀਮ, ਕੋਈ ਵਾਹਿਗੁਰੂ, ਕੋਈ ਗਾਡ ਅਨੇਕਾ ਨਾਮ ਘੜੇ ਹੋਏ ਹਨ। ਪਰ ਕੁਦਰਤੀ ਸ਼ਕਤੀ ਇੱਕ ਹੀ ਹੈ। ਜਿਸਨੂੰ ਨਿਰਾਕਾਰ ਜਾਂ ਪ੍ਰਕਿਰਤੀ (ਮਾਦਾ) ਵੀ ਕਹਿ ਸਕਦੇ ਹਾਂ। ਕਿਉਂਕਿ ਆਦਿ ਵਿੱਚ ਜੋ ਸੁਖਸ਼ਮ ਨਿਰਾਕਾਰ ਸ਼ਕਤੀ ਸੀ, ਸਾਰੇ ਗ੍ਰੰਥ, ਅੰਜੀਲ, ਕੁਰਾਨ, ਵੈਦ ਆਦਿ ਇਸ ਗੱਲ ਨੂੰ ਮੰਨਦੇ ਹਨ ਕਿ ਨਿਰਾਕਾਰ ਰੂਪ ਤੋਂ ਹੀ ਸਾਕਾਰ ਰੂਪ ਪੈਦਾ ਹੋਇਆ। ਚਾਹੇ ਹੋਣ ਵਿੱਚ ਮੱਤਭੇਦ ਹਨ ਕਿ ਕਿਵੇਂ ਇਹ ਹੋਇਆ। ਪ੍ਰੰਤੂ ਇਸ ਵਿੱਚ ਕੋਈ ਮੱਤਭੇਦ ਨਹੀਂ ਕਿ ਇਹ ਕਾਇਨਾਤ ਇੱਕ ਸ਼ਕਤੀ ਦਾ ਹੀ ਪ੍ਰਗਟਾਵਾ ਹੈ। ਚਾਹੇ ਉਸਨੂੰ ਬ੍ਰਹਮ ਕਹਿ ਲਓ ਜਾਂ ਪ੍ਰਕਿਰਤੀ। ਰੂਹਾਨੀਅਤ ਨੂੰ ਛੱਡ ਕੇ ਜੇ ਅਸੀਂ ਸਾਇੰਸ ਦੇ ਨਜ਼ਰੀਏ ਨਾਲ ਦੇਖੀਏ ਤਾਂ ਮਲੂਮ ਹੁੰਦਾ ਹੈ ਕਿ ਇਸ ਕਾਇਨਾਤ ਦਾ ਜੀਵਨ ਇੱਕ ਹੀ ਹੈ ਅਤੇ ਭਿੰਨ-ਭਿੰਨ ਸ਼ਕਤੀਆਂ ਦ੍ਰਿਸ਼ਟੀਗੋਚਰ ਹਨ। ਦਰਅਸਲ ਇਹ ਭਿੰਨ-ਭਿੰਨ ਨਹੀਂ। ਇੱਕ ਦੂਸਰਾ ਜੀਵਨ ਇੱਕ ਦੂਸਰੇ ਨਾਲ ਪੂਰਾ ਜੀਵਨ ਸਬੰਧ ਰੱਖਦਾ ਹੈ। ਤੇ ਇਸ ਤਰ੍ਹਾਂ ਦੂਸਰੇ ਜੀਵਨ ਨੂੰ ਜਿਉਂਦੇ ਰਹਿਣ ਵਿੱਚ ਮਦਦ ਦਿੰਦਾ ਹੈ। ਜਿਸ ਤਰ੍ਹਾਂ ਰੁੱਖ ਦੀ ਮਿਸਾਲ ਲਓ, ਸਾਡੇ ਗੰਦੇ ਸਾਹ ਲੈਂਦਾ ਤੇ ਸਾਫ਼ ਕਰਕੇ ਸਾਨੂੰ ਦਿੰਦਾ ਹੈ। ਜਿਸ ਕਰਕੇ ਸਾਡੀ ਅਰੋਗਤਾ ਕਾਇਮ ਰਹਿੰਦੀ, ਦੂਸਰੇ ਅੰਨ ਪਾਣੀ ਤੇ ਹਵਾ ਆਦਿ ਸਾਡੇ ਜੀਵਨ ਨੂੰ ਜ਼ਿੰਦਾ ਰੱਖਣ ਵਿੱਚ ਸਹਾਇਤਾ ਦਿੰਦੇ ਹਨ। ਏਸੇ ਤਰ੍ਹਾਂ ਮੁਖਾਲਫ ਸ਼ਕਤੀ ਵੀ ਆਪਣੇ ਕੁਦਰਤੀ ਅਸੂਲਾਂ ਦੇ ਫਰਜ ਨੂੰ ਪੂਰਾ ਕਰਦੀਆਂ ਹਨ। ਅਤੇ ਇਹ ਅਸੂਲ ਅਟੱਲ ਹੈ ਯਾਨੀ ਵਿਕਾਸ ਅਤੇ ਕ੍ਰਾਂਤੀ ਜੇ ਇਹ ਦੋ ਕੁਦਰਤੀ ਅਸੂਲ ਨਾ ਹੁੰਦੇ ਤਾਂ ਇਹ ਸੰਸਾਰ ਨਰਕ ਬਣ ਜਾਂਦਾ। ਵਿਕਾਸ ਕਾਇਨਾਤ ਨੂੰ ਸੁਚੱਜੇ ਢੰਗ ਨਾਲ ਪੈਦਾ ਕਰਦਾ ਹੈ ਤੇ ਪਾਲਦਾ ਵੀ ਹੈ। ਪਰ ਜਦ ਵਿਕਾਸ ਆਪਣਾ ਕੰਮ ਕਰ ਚੁੱਕਦਾ ਹੈ ਤੇ ਹਰ ਇੱਕ ਜੀਵਨ ਬੁਢਾਪੇ ਦੇ ਕਾਬੂ ਆਕੇ ਦੁਖੀ ਹੋ ਜਾਂਦਾ ਹੈ ਤਾਂ ਕ੍ਰਾਂਤੀ ਉਸ ਬੋਸੀਦਬੂ ਫੈਲਾਣ ਵਾਲੇ ਜੀਵਨ ਨੂੰ ਆਪਣੇ ਝਾੜੂ ਨਾਲ ਹੂੰਝ ਕੇ ਵੱਖ ਕਰ ਦਿੰਦੀ ਹੈ ਅਤੇ ਨਵੇਂ ਜੀਵਨਾਂ ਲਈ ਮੈਦਾਨ ਸਾਫ ਕਰਦੀ ਹੈ। ਤਾਂ ਕਿ ਉਹ ਇਸ ਦੁਨੀਆਂ ਦਾ ਸੁਖ ਮਾਣੇ। ਤੇ ਜੋ ਕੁਦਰਤ ਨੇ ਆਪਣੇ ਬੱਚਿਆਂ ਲਈ ਦੁਨੀਆਂ ਰੂਪੀ ਸੁੰਦਰ ਬਾਗ ਲਗਾਇਆ ਤੇ ਹਰ ਪ੍ਰਕਾਰ ਦੇ ਪਦਾਰਥ ਪੈਦਾ ਕੀਤੇ ਤਾਂ ਕਿ ਇਹ ਇੱਕ ਦੂਸਰੇ ਨਾਲ ਪਿਆਰ ਤੇ ਨਿਆਏ ਨਾਲ ਵਰਤਣ ਅਤੇ ਇਨ੍ਹਾਂ ਪਦਾਰਥਾਂ ਨੂੰ ਸੁੱਖ ਤੇ ਸ਼ਾਂਤੀ ਨਾਲ ਭੋਗਣ। ਪਰ ਬੱਚੇ ਏਨੇ ਨਾਲਾਇਕ ਹਨ ਜੋ ਆਪਣੇ ਫਲ ਖਾਕੇ ਵੀ ਦੂਸਰੇ ਦੇ ਹੱਥੋਂ ਉਹਨਾਂ ਦੀ ਖ਼ੁਰਾਕ ਖੋਹ ਲੈਂਦੇ ਹਨ। ਤੇ ਉਹਨਾਂ ਨੂੰ ਭੁੱਖ, ਮਹਾਂਮਾਰੀ, ਅਵਿੱਦਿਆ ਜੈਸੀਆਂ ਗਹਿਰੀਆਂ ਗਾਰਾਂ ਵਿੱਚ ਸੁੱਟਕੇ ਉਪਰੋਂ ਤੋੜੀਆਂ ਮਾਰਦੇ ਹਨ ਜਿਸਦੀ ਮਿਸ਼ਾਲ ਰੋਡੇਸ਼ੀਆ ਤੇ ਹੋਰ ਕਈ ਮੁਲਕਾਂ ਵਿੱਚ ਮਿਲਦੀ ਹੈ। ਜੇਕਰ ਅਸੀਂ ਕਾਇਨਾਤ ਸੰਬੰਧਾਂ ਨੂੰ ਛੱਡ ਵੀ ਦੇਈਏ ਤਾਂ ਵੀ ਮਨੁੱਖ ਜਾਤੀ ਦੀ ਏਕਤਾ ਤੋਂ ਮੁਨਕਰ ਨਹੀਂ ਹੋ ਸਕਦੇ। ਜਦ ਏਕਤਾ ਤੋਂ ਮੁਨਕਰ ਨਹੀਂ ਹੋ ਸਕਦੇ ਤਾਂ ਮਨੁੱਖ ਜਾਤੀ ਨੂੰ ਇੱਕ ਟੱਬਰ ਮੰਨਣਾ ਹੀ ਪਵੇਗਾ। ਜਦ ਅਸੀਂ ਇੱਕ ਟੱਬਰ ਮੰਨ ਲਵਾਂਗੇ ਜੋ ਕੁੱਝ ਸਮੇਂ ਦੇ ਬਾਅਦ ਮੰਨਣਾ ਹੀ ਪਵੇਗਾ ਤਾਂ ਮਨੁੱਖ ਜਾਤੀ ਦਾ ਦੁੱਖ ਤੇ ਸੁੱਖ ਇੱਕ ਹੋ ਜਾਵੇਗਾ, ਅਸੀਂ ਇਹ ਸਮਾਂ ਯੁੱਗ ਦੇ ਪਲਟਾਓ ਦਾ ਸਮਾਂ ਮੰਨਦੇ ਹਾਂ ਕਿਉਂਕਿ ਮਨੁੱਖ ਜਾਤੀ ਦਾ ਗਿਆਨ ਬੜੀ ਤੇਜੀ ਨਾਲ ਏਕਤਾ ਵਲ ਵਧ ਰਿਹਾ ਹੈ। ਇਸਨੂੰ ਕੋਈ ਤਾਕਤ ਨਹੀਂ ਰੋਕ ਸਕਦੀ। ਜਰਪ੍ਰਸਤੀ ਦਾ ਯੁੱਗ ਸਮਾਜਵਾਦ ਦੇ ਸਾਹਮਣੇ ਦੀਵਾਰਾਂ ਖੜ੍ਹੀਆਂ ਕਰ ਰਿਹਾ ਪਰ ਇਹ ਰੇਤ ਦੀਆਂ ਦੀਵਾਰਾਂ ਬਹੁਤ ਚਿਰ ਖੜ੍ਹੀਆਂ ਨਹੀਂ ਰਹਿ ਸਕਦੀਆਂ ਬਹੁਤ ਛੇਤੀ ਢਹਿ ਢੇਰੀ ਹੋਣ ਵਾਲੀਆਂ ਹਨ। ਪਰ ਸਾਨੂੰ ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਯੁੱਗ ਦਾ ਪਲਟਾਓ ਹਰ ਇੱਕ ਦੇਸ਼ ਦੇ ਅੰਦਰ ਹੀ ਹੋਣਾ ਹੈ ਅਤੇ ਉਸ ਦੇਸ਼ ਦੀ ਜਨਤਾ ਦੇਸ਼ ਦੇ ਸਪੁਰਦ ਹੀ ਕਰਨਾ ਹੈ। ਬਾਹਰ ਦੀ ਕਿਸੇ ਤਾਕਤ ਨੇ ਭਰੋਸਾ ਰੱਖਣਾ ਕਿ ਉਹ ਬਣਿਆ ਬਣਾਇਆ ਸਮਾਜਵਾਦ ਉਸਦੇ ਹੱਥ ਫੜਾ ਦੇਵੇਗੀ ਭੁੱਲ ਹੈ। ਹਰ ਇੱਕ ਦੇਸ਼ ਦੀ ਜਨਤਾ ਨੂੰ ਸਾਮਰਾਜ ਦੇ ਵਿਰੁੱਧ ਕੁਰਬਾਨੀ ਕਰਨੀ ਹੀ ਪਵੇਗੀ ਤੇ ਥੋੜ੍ਹੀ ਨਹੀਂ। ਸਾਮਰਾਜ ਮਰਦਾ ਹੋਇਆ ਵੀ ਘਿਰੀ ਕੋਈ ਬਿੱਲੀ ਵਾਂਗ ਜਦ ਦੇਖਦੀ ਹੈ ਕਿ ਮੇਰਾ ਬਚਾਓ ਨਾ ਤਾਂ ਸਿੱਧੀ ਗੱਲ ਨੂੰ ਚਕ ਮਾਰਨ ਦੀ ਕੋਸ਼ਿਸ਼ ਕਰਦੀ ਹੈ। ਇਸ ਆਖਰੀ ਸਾਮਰਾਜੀ ਵੇਲੇ ਨੂੰ ਖਿਆਲ ਵਿੱਚ ਰੱਖਣਾ ਚਾਹੀਦਾ ਤੇ ਹਰ ਤਰੱਕੀ ਕਰ ਰਹੇ ਮੁਲਕ ਤੇ ਮੁਲਕਾਂ ਦਾ ਸੰਗਠਨ ਬਹੁਤ ਜ਼ਰੂਰੀ ਹੈ। ਇਸ ਤੋਂ ਬਿਨਾਂ ਉਹ ਸਮਰਾਜਵਾਦ ਦੇ ਧੋਖੇ ਭਰੇ ਨਾਹਰਿਆਂ ਵਿੱਚ ਨਾ ਫਸਣ। ਮੁਲਕਾਂ ਦਾ ਇਹ ਖਿਆਲ ਹੈ ਕਿ ਸਾਮਰਾਜ ਦੇ ਸਮਾਜਵਾਦ ਇਹ ਜਗ੍ਹਾ ਇਕੱਠੇ ਰਹਿ ਸਕਦੇ ਹਨ। ਮੈਂ ਇਨ੍ਹਾਂ ਨਾਲ ਸਹਿਮਤ ਨਹੀਂ। ਅੰਧੇਰੇ ਤੇ ਉਜਾੜੇ ਦਾ ਕੋਈ ਮੇਲ ਨਹੀਂ ਹੋ ਸਕਦਾ। ਜਦ ਹਰ ਤਰੱਕੀ ਕਰ ਰਿਹਾ ਮੁਲਕ ਤੇ ਉਠ ਰਹੇ ਮੁਲਕ ਕੌਮੀਅਤ ਨੂੰ ਸਮਝ ਕੇ ਏਕਤਾ ਦੇ ਝੰਡੇ ਹੇਠਾਂ ਇੱਕ ਕੌਮੀ ਨਜ਼ਰੀਆ ਅਪਣਾ ਲਵੋਗੇ। ਤਦੋਂ ਹੀ ਮਨੁੱਖ ਜਾਤੀ ਦੀ ਇੱਕ ਸੱਚੀ ਤੇ ਸੁੱਚੀ ਕੌਮ ਬਣ ਜਾਵੇਗੀ ਅਤੇ ਸਾਰੀ ਮਨੁੱਖ ਜਾਤੀ ਦਾ ਦੁੱਖ ਸੁੱਖ ਸਾਂਝਾ ਹੋ ਜਾਵੇਗਾ। ਇਸ ਵੇਲੇ ਸਾਰੀ ਮਨੁੱਖਤਾ ਦੀ ਜੈ ਦਾ ਨਾਅਰਾ ਲਗਾਉਣ ਵਿੱਚ ਸਫ਼ਲ ਹੋਵਾਂਗੀ। ਉਠੇ ਨਹੀਂ। ਉਠੇ ਅਧੂਰਾ ਨਾਅਰਾ ਹੈ ਜੋ ਅੱਜ ਹੈ।

**ਸੁਆਲ : ਕੀ ਮੌਜੂਦਾ ਹਾਲਤ ਵਿੱਚ ਸਾਡਾ ਦੇਸ਼ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕਦਾ ਹੈ।**

ਜੁਆਬ : ਜਦ ਸਾਮਰਾਜੀ ਨੀਤੀ ਨੂੰ ਤਲਾਂਜਲੀ ਦਿੱਤੀ ਜਾਵੇ। ਉਰੇ ਨਹੀਂ। ਕਿਉਂਕਿ ਸਰਮਾਏਦਾਰੀ ਦਾ ਜੀਵਨ ਹੀ ਮੁਨਾਫਾਖੋਰੀ ਉੱਤੇ ਹੈ ਤੇ ਮੁਨਾਫਾਖੋਰੀ ਤਦ ਹੀ ਜ਼ਿੰਦਾ ਰਹਿ ਸਕਦੀ ਹੈ ਜਦ ਉਹ ਮਜ਼ਦੂਰ ਕਿਸਾਨ ਤੇ ਹੋਰ ਮਿਹਨਤਕਸ਼ਾਂ ਤੋਂ ਘੱਟ ਮਜ਼ਦੂਰੀ ਤੇ ਚੋਖਾ ਦਾਮ ਵਾਲੀ ਕਹਾਵਤ ਪੂਰੀ ਕਰਦੀ ਹੈ। ਕਰੇ। ਮਤਲਬ ਕਿ ਇਹਨਾਂ ਦੀ ਮਿਹਨਤ ਨੂੰ ਸਸਤੇ ਦਾਮਾਂ 'ਤੇ ਖਰੀਦੇ ਤੇ ਮਹਿੰਗੇ ਮੁੱਲ ਵੇਚੇ। ਜੋ ਲੋਕ ਮਹਿੰਗਾਈ ਦਾ ਰੌਲਾ ਪਾਉਂਦੇ ਹਨ ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਰਮਾਏਦਾਰਾਂ ਨਿਜ਼ਾਮ ਦਾ ਖਾਸਾ ਕੀ ਹੈ। ਉਹ ਜੋ ਕੁੱਝ ਕਰ ਰਿਹਾ ਹੈ

ਨਿਜਾਮ ਦਾ ਖਾਸਾ ਕੀ ਹੈ। ਉਹ ਜੋ ਕੁਛ ਕਰ ਰਿਹਾ ਹੈ ਆਪਣੇ ਆਦਰਸ਼ ਦੇ ਮਜ਼ਬ। ਅਗਰ ਕਮਜ਼ੋਰੀ ਹੈ ਤਾਂ ਉਹ ਆਮ ਮਿਹਨਤਕਸ਼ ਜਮਾਤ ਵਿੱਚ। ਜੋ ਆਪਣੀ ਬੁਜਦਿਲੀ ਦੇ ਅਸਰ ਹੇਠ ਆਪਣੀ ਲੁੱਟ ਖਸੁੱਟ ਕਰਵਾ ਰਹੀ ਹੈ। ਅਤੇ ਮਾਲਕ ਹੁੰਦੀ ਹੋਈ ਵੀ ਦਾਸੀ ਬਣੀ ਬੈਠੀ ਹੈ। ਦੱਸੋ ਘਰ ਤੇ ਕੋਠੀਆਂ, ਬੂਟ ਤੇ ਸੂਟ, ਅੰਨ, ਜਲ, ਦੁੱਧ, ਤਰਕਾਰੀਆਂ ਪੈਦਾ ਕਰਕੇ ਅਮੀਰ ਨੂੰ ਦੇਣ ਵਾਲੇ ਤੁਸੀਂ ਹੋ ਜਾਂ ਹੋਰ ਕੋਈ? ਉਹ ਅਪਾਹਜ ਤੇ ਵਿਹਲੜ, ਕੁਛ ਨਹੀਂ ਕਰਦਾ ਤੇ ਨਹੀਂ ਕੁਛ ਕਰ ਸਕਦਾ ਹੈ। ਰਾਜੇ, ਮਹਾਂਰਾਜੇ, ਜਾਗੀਰਦਾਰ ਤੇ ਮੌਜੂਦਾ ਹਕੂਮਤ ਸਭ ਤੁਹਾਡੇ ਜਾਚਕ ਹਨ। ਅਤੇ ਤੁਹਾਡੀ ਕਮਾਈ ਖਾ ਰਹੇ ਹਨ। 'ਮਾਲਕ' ਭੁੱਖਾ ਮਰਦਾ ਹੈ ਤੇ 'ਨੌਕਰ' ਲੁੱਟਦਾ ਹੈ। ਤੁਸੀਂ ਜਾਂ ਤਾਂ ਖੁਦ ਵੱਲ ਵੇਖ ਰਹੇ ਹੋ ਕਿ ਤੁਹਾਨੂੰ ਉਹ ਦੇਵੇਗਾ ਜਾਂ ਅਮੀਰ ਜਮਾਤ

ਦੇ ਜੂਠੇ ਟੁਕੜਿਆਂ ਵੱਲ ਜਾਂ ਬਾਜ਼ਾਰ ਵਿੱਚ ਕੇਲਿਆਂ ਦੀਆਂ ਜੂਠੀਆਂ ਛਿੱਲਾਂ ਵੱਲ ਜੋ ਤੁਹਾਡੇ ਬੱਚੇ ਚੁੱਕ ਚੁੱਕ ਖਾਂਦੇ ਹਨ। ਜਾਂ ਸਿਆਸੀ ਪਾਰਟੀਆਂ ਵੱਲ ਜੋ ਤੁਹਾਡੇ ਵੋਟ ਲੁੱਟ ਕੇ ਅਸੈਂਬਲੀਆਂ ਤੇ ਪਾਰਲੀਮੈਂਟ ਦੀਆਂ ਕੁਰਸੀਆਂ ਉੱਤੇ ਜਾ ਬੈਠਦੇ ਹਨ। ਜਦ ਇਜਲਾਸ ਹੁੰਦੇ ਹਨ ਤੇ ਚਾਰ ਦਿਨ ਫੋਕੀਆਂ ਚੁੰਝਾਂ ਲੜਾ ਕੇ ਤਨਖਾਹੀ ਤੇ ਸਫਰ ਖਰਚ ਲੈ ਕੇ ਕੋਠੀਆਂ ਵਿੱਚ ਜਾ ਆਰਾਮ ਕਰਦੇ ਹਨ। ਹਾਲਾਂਕਿ ਇਹਨਾਂ ਦਾ ਫ਼ਰਜ਼ ਸੀ ਕਿ ਫਾਲਤੂ ਵਕਤ ਵਿੱਚ ਆਪਣੇ ਵੋਟਰਾਂ ਪਾਸ ਅਪੜੋ ਤੇ ਉਹਨਾਂ ਦੇ ਦੁੱਖ ਸੁੱਖ ਨੂੰ ਦੇਖਣ ਦੀ ਸਰਮਿੰਦਗੀ ਦੀ ਇਹਨਾਂ ਨੇ ਕਸਮ ਚੁੱਕੀ ਹੈ। ਇਸ ਦੇ ਇਲਾਵਾ ਸਾਡੀ ਹਕੂਮਤ ਜਿਸ ਦੀ ਬਾਬਤ ਇੱਕ ਹੀ ਸ਼ਬਦ ਕਾਫੀ ਹੈ। ਉਹ ਇਹ ਕਿ ਇੱਕ ਨੂੰ ਕੀ ਰੋਨੀਂ ਏ ਊਤ ਗਿਆ ਆਵਾ। ਨਾ ਕੋਈ ਨਿੰਦਣ ਵਾਲਾ ਤੇ ਨਾ ਕੋਈ ਸਲਾਹੁਣ ਵਾਲਾ। ਰੋਜ਼ ਨਵੇਂ ਵਜੀਰ ਬਣਦੇ ਤੇ ਢਹਿੰਦੇ ਹਨ। ਸੌਦੇਬਾਜ਼ੀ ਦੀ ਮੰਡੀ ਗਰਮ ਹੈ। ਐਸੀ ਹਾਲਤ ਵਿੱਚ ਮੁਲਕ ਕਿਸ ਤਰ੍ਹਾਂ ਤਰੱਕੀ ਕਰ ਸਕਦਾ ਹੈ। ਹਰ ਇੱਕ ਮਹਿਕਮਾ ਖੁਦ ਮੁਖਤਾਰ ਹੈ। ਜ਼ਰਪ੍ਰਸਤੀ ਦਾ ਰਾਜ ਹੈ। ਮੁੱਠੀ ਗਰਮ ਕਰ ਦਿਓ ਤਾਂ ਸਭ ਕੁੱਝ ਮਿਲ ਸਕਦਾ ਹੈ ਬਲਕਿ ਖ਼ੂਨ ਵੀ ਕਰ ਦਿਓ ਤਾਂ ਤੁਹਾਨੂੰ ਪੁੱਛਣ ਵਾਲਾ ਕੋਈ ਨਹੀਂ। ਪੰਚਾਇਤਾਂ ਵਿੱਚ ਗੁੰਡਿਆਂ ਦਾ ਰਾਜ ਹੈ। ਤੇ ਇਹਨਾਂ ਦੇ ਅਸਰ ਹੇਠ ਪੰਚਾਇਤਾਂ ਦਾ ਕੰਮ ਹੁੰਦਾ ਹੈ। ਭਲਮਾਨਸੀ ਮਜ਼ਾਕ ਬਣੀ ਹੋਈ ਹੈ ਤੇ ਨੇਕੀ ਬੁਜਦਿਲੀ। ਅਫੀਮ ਤੋਂ ਸ਼ਰਾਬ ਚਿੱਟੇ ਦਿਨ ਖੁੱਲ੍ਹੀ ਵਿਕਦੀ ਹੈ। ਤੇ ਪੁਲੀਸ ਨੂੰ ਸਭ ਪਤਾ ਹੈ। ਅਤੇ ਖ਼ੁਦ ਪੁਲੀਸ ਵੇਚਣ ਵਾਲਿਆਂ ਕੋਲੋਂ ਆਪਣਾ ਹਿੱਸਾ ਲੈਂਦੀ ਹੈ। ਜੋ ਸਮੱਗਲਰਾਂ ਦੀਆਂ ਕਾਰਾਂ ਤੇ ਟਰੱਕ ਚਲਦੇ ਹਨ। ਅਤੇ ਇਹਨਾਂ ਦੇ ਪਾਸ ਅਹਿਮ ਰੂਟਾਂ ਦੇ ਲਾਇਸੰਸ ਹਨ। ਐਸੀ ਹਾਲਤ ਵਿੱਚ ਚਾਹੇ ਪ੍ਰਧਾਨ ਮੰਤਰੀ ਚਾਹੇ ਦੂਸਰੇ ਮੰਤਰੀ ਜਾਂ ਰਾਸ਼ਟਰਪਤੀ ਦੀ ਪੈਦਾਵਾਰ ਵਧਣ ਤੇ ਹੋਰ ਸਨਅਤੀ ਅਦਾਰੇ ਕਾਇਮ ਕਰਨ ਦੀਆਂ ਕਿੰਨੀਆਂ ਵੀ ਅਪੀਲਾਂ ਕਿਉਂ ਨਾ ਕਰਨ ਕੋਈ ਫਾਇਦਾ ਨਹੀਂ। ਕਿਉਂਕਿ ਹਕੂਮਤ ਦੇ ਇਹ ਸਾਰੇ ਜ਼ਿੰਮੇਵਾਰ ਅਸਲ ਵਿੱਚ ਕਮਜ਼ੋਰ ਹਨ। ਰੇਡੀਓ ਦਾ ਪ੍ਰਾਪੇਗੰਡਾ ਸਿਰਫ ਗੱਪਾਂ ਤੇ ਨੌਜਆਨ ਲੜਕੇ ਲੜਕੀਆਂ ਦੇ ਸਦਾਚਾਰ ਨੂੰ ਵਿਗਾੜਨ ਵਾਲੇ ਗੀਤਾਂ ਨਾਲ ਭਰਿਆ ਪਿਆ ਹੈ। ਕੋਈ ਪੰਜ ਚਾਰ ਸਾਲਾ ਪਲਟੋ ਦੀ ਅਗਲੀ ਰੂਪ ਰੇਖਾ ਹੁਣ ਤੋਂ ਸਾਹਮਣੇ ਆ ਗਈ ਹੈ। ਮੁਲਕ ਅੱਗੇ ਨਹੀਂ ਬਲਕਿ ਮੌਜੂਦਾ ਪਾਲਿਸੀ ਦੀ ਬਰਕਤ ਨਾਲ ਹੋਰ ਵੀ ਪਿੱਛੇ ਜਾਵੇਗਾ।

ਰਾਜਾਂ ਦੀਆਂ ਅਸੈਂਬਲੀਆਂ ਦੇ ਹੱਥ ਬੰਨ੍ਹ ਦਿੱਤੇ ਗਏ ਹਨ। ਤੇ ਉਹਨਾਂ ਦੇ ਸਿਰ 'ਤੇ ਰਾਜਪਾਲ ਪੂਰੇ ਅਖਤਿਆਰ ਦੇ ਕੇ ਬਿਠਾ ਦਿੱਤੇ ਗਏ ਹਨ। ਜਿਸ ਦਾ ਮਤਲਬ ਇਹ ਹੈ ਕਿ ਜਮਹੂਰੀਅਤ ਦਾ ਗਲਾ ਘੁੱਟਣਾ ਤੇ ਸ਼ਖਸ਼ੀ ਹਕੂਮਤ ਰਾਸ਼ਟਰਪਤੀ ਰਾਜ ਦਾ ਕਾਇਮ ਕਰਨਾ। ਇਹਨਾਂ ਸਾਰੀਆਂ ਬੁਰਾਈਆਂ ਤੇ ਕਮਜ਼ੋਰੀਆਂ ਦਾ ਆਧਾਰ ਇੱਕ ਹੀ ਹੈ। ਸਾਮਰਾਜਵਾਦ ਦਾ ਖਾਤਮਾ ਤੇ ਸਮਾਜਵਾਦੀ ਕਾਇਮੀ। ਪਰ ਇਹ ਜਨਤਾ ਦੀ ਕੁਰਬਾਨੀ ਤੇ ਸੂਝ ਦੀ ਮੰਗ ਕਰਦਾ ਹੈ।

**ਸੁਆਲ : ਕੀ ਸਮਾਜਵਾਦੀ ਨਿਜ਼ਾਮ ਵਿੱਚ ਕੰਮ ਚੋਰੀ ਜੈਸੀਆਂ ਬੁਰਾਈਆਂ ਨਹੀਂ ਹੋਣਗੀਆਂ ?**

ਜੁਆਬ : ਕਾਫ਼ੀ ਸਮੇਂ ਤੱਕ ਇਹ ਕਮਜ਼ੋਰੀਆਂ ਰਹਿਣਗੀਆਂ ਕਿਉਂਕਿ ਮਨੁੱਖ ਜਾਤੀ ਜਿਸ ਸਰਮਾਏਦਾਰੀ ਨਿਜ਼ਾਮ ਵਿੱਚੋਂ ਨਿਕਲੇਗੀ ਉਸ ਦਾ ਅਸਰ ਕਈ ਪੀੜ੍ਹੀਆਂ ਤੱਕ ਰਹੇਗਾ ਅਤੇ ਆਖਰ ਸਮਾਂ ਪਾਕੇ ਆਦਤਾਂ ਬਦਲ ਜਾਣਗੀਆਂ ਕਿਉਂਕਿ ਮਨੁੱਖ ਦਾ ਦਿਮਾਗ ... ... ਦੇ ਹਾਲਤ ਵਿੱਚ ਬਦਲ ਜਾਂਦਾ ਹੈ। ਮਨੁੱਖੀ ਦਿਮਾਗ ਦੀ ਜੜ੍ਹ ਨਹੀਂ ਚੇਤੰਨ ਹੈ। ਇਸਦਾ ਗਿਆਨ ਅੱਗੇ ਨੂੰ ਵਧਦਾ ਹੈ ਤਾਰੀਖ ਇਸ ਦੀ ਗਵਾਹ ਹੈ।

**ਸੁਆਲ : ਜਦ ਮਨੁੱਖ ਜਾਤੀ ਦਾ ਗਿਆਨ ਆਪਣੇ ਨਿਸ਼ਾਨੇ ਵੱਲ ਵਧੇਗਾ ਤਾਂ ਇਸ ਵਿੱਚ ਕਿਹੜੀਆਂ ਕਿਹੜੀਆਂ ਤਬਦੀਲੀਆਂ ਆਉਣਗੀਆਂ ?**

ਜਵਾਬ : ਪਹਿਲੀ ਤਬਦੀਲੀ ਤਾਂ ਇਹ ਆਵੇਗੀ ਕਿ ਅੱਡ ਅੱਡ ਮੁਲਕਾਂ, ਕੌਮਾਂ ਤੇ ਰੰਗਾਂ ਦੀ ਰੁਕਾਵਟ ਹੈਠ ਗਿਆਨ ਦੀ ਰੋਸ਼ਨੀ ਦੇ ਸਾਹਮਣੇ ਅਗਿਆਨ ਦੀ ਹਨੇਰੀ ਰਾਤ ਮੁੱਕ ਜਾਵੇਗੀ। ਮਨੁੱਖ ਦੁਨੀਆਂ ਦੇ ਜੋ ਕਿਸੇ ਵੀ ਹਿੱਸੇ ਵਿੱਚ ਜਾਵੇ ਉਹ ਉਸਦਾ ਘਰ ਤੇ ਉਥੇ ਰਹਿਣ ਵਾਲੇ ਭਾਈ ਭੈਣਾ ਹੋਣਗੇ, ਪਾਸਪੋਰਟਾਂ ਦੇ ਝਗੜੇ ਮੁੱਕ ਜਾਣਗੇ। ਸੱਚੇ ਅਰਥਾਂ ਵਿੱਚ ਸਾਰੀ ਦੁਨੀਆਂ ਇੱਕ ਦੇਸ਼ ਅਤੇ ਸਾਰੀ ਮਨੁੱਖ ਜਾਤੀ ਇੱਕ ਟੱਬਰ ਹੋ ਜਾਵੇਗੀ। ਉਦੋਂ ਮਨੁੱਖ ਜਾਤੀ ਦੇ ਮੱਥੇ ਉੱਤੇ ਅਨੇਕਤਾ ਦਾ ਕਾਲਾ ਦਾਗ ਨਹੀਂ ਹੋਵੇਗਾ ਸਗੋਂ ਏਕਤਾ ਦੀ ਖੂਬਸੂਰਤੀ ਨਾਲ ਚਿਹਰਾ ਚਮਕ ਉਠੇਗਾ। ਸਮਾਜਕ ਬੁਰਾਈਆਂ ਸਾਮਰਾਜ ਦੇ ਨਾਲ ਹੀ ਮੁੱਕ ਜਾਣਗੀਆਂ ਅਤੇ ਮੌਜੂਦਾ ਤਾਰੀਖ ਨੂੰ ਪੜ੍ਹਕੇ ਇਸ ਸਮੇਂ ਬਹਿਸ਼ੀ ਸਮੇਂ ਦਾ ਨਾਂ ਦਿੱਤਾ ਜਾਵੇਗਾ।

**ਸੁਆਲ : ਰਾਜ ਪ੍ਰਬੰਧ ਦੀ ਸ਼ਕਲ ਕੀ ਹੋਵੇਗੀ।**

ਜਵਾਬ : ਜਦ ਚੋਰੀ ਠੱਗੀ ਲੁੱਟ ਖਸੁੱਟ ਦਾ ਮਨੁੱਖ ਦੇ ਦਿਮਾਗ ਵਿੱਚੋਂ ਜਹਿਰ ਨਿਕਲ ਜਾਵੇਗਾ ਤਾਂ ਜਰਪ੍ਰਸਤੀ, ਮੁਲਕਗਿਰੀ ਨਾਲ ਨਾਲ ਹੀ ਖਤਮ ਹੋ ਜਾਣਗੀਆਂ। ਤਦ ਕੋਈ ਲੜਾਈ ਭੜਾਈ ਆਪਸ ਵਿੱਚ ਨਹੀਂ ਹੋਵੇਗੀ ਤੇ ਨਾ ਹੀ ਸਮਾਜਵਾਦੀ ਯੁੱਗ ਵਿੱਚ ਪੁਲੀਸ ਲੋੜ ਰਹੇਗੀ।

**ਸੁਆਲ : ਜਦ ਫੌਜ ਤੇ ਪੁਲੀਸ ਨਾ ਰਹੇਗੀ ਤਾਂ ਆਰਥਿਕ ਹਾਲਤ ਕਿਵੇਂ ਦਰੁਸਤ ਰਹੇਗੀ।**

ਜਵਾਬ : ਪੈਦਾਵਾਰ ਸਾਇੰਸ ਦੇ ਤਰੀਕੇ ਨਾਲ ਏਨੀ ਵਧ ਜਾਵੇਗੀ ਕਿ ਜੋ ਮਨੁੱਖ ਜਾਤੀ ਦੇ ਭੰਡਾਰ ਭਰਪੂਰ ਹੋਣਗੇ। ਕਾਲ ਭੁੱਖ ਬਿਮਾਰੀਆਂ ਤੇ ਅਗਿਆਨ ਮੌਜੂਦਾ ਜ਼ਮਾਨੇ ਦੀਆਂ ਬੁਰਾਈਆਂ ਤਾਰੀਖ ਦੇ ਪੰਨਿਆਂ ਉੱਤੇ ਹੀ ਰਹਿ ਜਾਣਗੀਆ ਇਸ ਦੁਨੀਆਂ ਵਿੱਚ ਕੋਈ ਥਾਂ ਨਹੀਂ ਰਹਿ ਜਾਵੇਗਾ।

ਹੁਣ ਸਾਰੀ ਦੁਨੀਆਂ ਇੱਕ ਹੋਵੇਗੀ ਤੇ ਰਾਜ ਡੰਡੇ ਦਾ ਨਹੀਂ, ਸੂਝ ਦਾ ਹੋਵੇਗਾ। ਦੁਨੀਆਂ ਦੇ ਜਿਸ ਹਿੱਸੇ ਵਿੱਚ ਕਿਸੇ ਜ਼ਿੰਦਗੀ ਦੀ ਲੋੜ ਹੋਵੇਗੀ ਤਾਂ ਆਰਥਕ ਭਾਈਚਾਰਾ ਬਿਨਾਂ ਕਿਸੇ ਮੁੱਲ ਦੇ ਆਪਣਾ ਘਰ ਟੱਬਰ ਸਮਝ ਕੇ ਮੁਫ਼ਤ ਪਹੁੰਚਾਏਗਾ।

**ਸੁਆਲ : ਕੀ ਪਹੁੰਚਣ ਵਾਲੇ ਹਵਾਈ ਜਹਾਜ, ਬਹਿਰੀ ਜਹਾਜ ਤੇ ਉਨ੍ਹਾਂ ਦਾ ਅਸਲਾ ਤੇ ਰੇਲਵਾਈ ਤੇ ਆਦਿ ਆਵਾਜਾਈ ਦੇ ਸਾਧਨ ਹੋਣਗੇ ਕੀ ਕੁੱਝ ਨਹੀਂ ਲੈਣਗੇ, ਮੁਫਤ ਸੇਵਾ ਕਰਨਗੇ ?**

ਜਵਾਬ : ਕੋਈ ਕਿਸੇ ਦਾ ਨੌਕਰ (ਗੁਲਾਮ ਨਹੀਂ ਹੋਵੇਗਾ) ਸਭ ਕੋਈ ਆਪਣੇ ਭੈਣਾਂ ਤੇ ਭਰਾਵਾਂ ਦੀ ਸੇਵਾ ਕਰਨਾ ਆਪਣਾ ਫਰਜ ਸਮਝੇਗਾ। ਕਿਉਂਕਿ ਹੁਣ ਸਾਰੀ ਦੁਨੀਆਂ ਇੱਕ ਟੱਬਰ ਹੈ।

**ਸੁਆਲ : ਭਿੰਨ ਭਿੰਨ ਸਿਧਾਂਤ, ਮਜ੍ਹਬ ਤੇ ਧਰਮ ਮਨੁੱਖ ਜਾਤੀ ਨੂੰ ਖੇਰੂੰ ਖੇਰੂੰ ਨਹੀਂ ਕਰਨਗੇ ?**

ਜਵਾਬ : ਸਭ ਸਿਧਾਂਤ, ਮਜ੍ਹਬ ਤੇ ਧਰਮ ਉਸ ਵੇਲੇ ਤੱਕ ਖਤਮ ਹੋ ਜਾਣਗੇ। ਮਨੁੱਖ ਮਾਤਰ ਦਾ ਇੱਕ ਹੀ ਧਰਮ ਜਾਂ ਮਜ੍ਹਬ ਰਹਿ ਜਾਵੇਗਾ। ਪਿਆਰ, ਨਿਆਏ ਅਤੇ ਸੇਵਾ।

**ਸੁਆਲ : ਸ਼ਾਦੀ ਦਾ ਰਿਵਾਜ ਕੀ ਹੋਵੇਗਾ ?**

ਜੁਆਬ : ਸ਼ਾਦੀ ਦਾ ਅਰਥ ਹੈ ਖੁਸ਼ੀ, ਖੁਸ਼ੀ ਸੱਚੇ ਪਿਆਰ ਵਿੱਚੋਂ ਆ ਸਕਦੀ ਹੈ ਨਾ ਕਿ ਨਰੜ ਵਿੱਚੋਂ, ਸ਼ਾਦੀਆਂ ਪਿਆਰ ਮਈ ਹੋਣਗੀਆਂ ਬਿਨਾਂ ਕਿਸੇ ਲਾਲਚ ਜਾਂ ਦਬਾਅ ਦੇ।

**ਸੁਆਲ : ਬਚਪਨ, ਜੁਆਨੀ ਤੇ ਬੁਢੇਪਾ ਦੀ ਸੰਭਾਲ ਕਿਵੇਂ ਹੋਵੇਗੀ ?**

ਜੁਆਬ : ਹੁਣ ਮਨੁੱਖੀ ਸਮਾਜ ਮੌਜੂਦਾ ਸਮੇਂ ਦੀ ਤਰ੍ਹਾਂ ਲਾਵਾਰਸ ਨਹੀਂ ਹੋਣਗੇ, ਬੱਚੇ ਬੁੱਢੇ ਬਿਮਾਰ ਦੀ ਸੰਭਾਲ ਸਮਾਜ ਕਰੇਗਾ ਨੌਜਵਾਨ ਆਪਣਾ ਫਰਜ ਸਮਝਕੇ ਜੋ ਵੀ ਸਮਾਜ ਵਲੋਂ ਸੇਵਾ ਮਿਲੇਗੀ ਖਿੜੇ ਮੱਥੇ ਕਰਨਗੇ।

**ਸੁਆਲ : ਤੁਸੀਂ ਆਖਦੇ ਹੋ ਸਮਾਜਵਾਦ ਤੋਂ ਬਿਨਾਂ ਨਾ ਹੀ ਪੈਦਾਵਾਰ ਹੋ ਸਕਦੀ ਹੈ ਤੇ ਨਾ ਹੀ ਸੱਚੀ ਖੁਸ਼ੀ ਆ ਸਕਦੀ ਹੈ ਤੇ ਨਾ ਹੀ ਰੋਟੀ ਦੀ ਕਾਣੀ ਵੰਡ ਦੂਰ ਹੋ ਸਕਦੀ ਹੈ। ਅਮਰੀਕਾ ਸਾਮਰਾਜੀ ਦੇਸ਼ ਹੈ ਉਸਦੀ ਪੈਦਾਵਾਰ ਸਮਾਜਵਾਦੀ ਦੇਸ਼ਾਂ ਨਾਲੋ ਵੀ ਵਧੀ ਹੋਈ ਹੈ ਦੁਨੀਆਂ ਦਾ 70 ਫੀਸਦੀ ਧਨ ਉਸਦੇ ਪਾਸ ਇਕੱਠਾ ਹੋਇਆ ਹੈ।**

ਜਵਾਬ : ਸਾਨੂੰ ਪਹਿਲਾ ਅਮਰੀਕਾ ਦੀ ਤਰੀਖ ਨੂੰ ਸਮਝਣਾ ਹੋਵੇਗਾ ਕਿ ਉਸਦੇ ਪਾਸ ਧਨ ਇਕੱਠਾ ਹੋਇਆ। ਜਦ ਕੋਲੰਬਸ ਨਵੀਂ ਦੁਨੀਆਂ ਦੀ ਖੋਜ ਵਿੱਚ ਨਿਕਲਿਆ ਜੋ ਉਸਦੇ ਦਿਮਾਗ ਵਿੱਚ ਯਕੀਨੀ ਆ ਚੁੱਕੀ ਸੀ ਕਿ ਨਵੀਂ ਦੁਨੀਆਂ ਜ਼ਰੂਰ ਹੈ। ਸਮੁੰਦਰ ਵਿੱਚ ਕੋਨਾ ਕੋਨਾ ਸਖਤ ਮਿਹਨਤ ਦੇ ਬਾਅਦ ਇੱਕ ਟਾਪੂ ਨਾਲ ਜਾ ਲੱਗਾ ਅਤੇ ਉਸ ਨੂੰ ਭਾਰਤ ਸਮਝਿਆ। ਉਸ ਟਾਪੂ ਦੇ ਨਕਲੀ ਵਾਸੀਆਂ ਨੂੰ Red 9ndian ਦੇ ਨਾਂ ਨਾਲ ਪੁਕਾਰਿਆ। ਹੁਣ Red 9ndian ਦੀ ਬਾਬਤ ਵੀ ਜਾਨਣਾ ਜ਼ਰੂਰੀ ਹੈ। ਜਿਨ੍ਹਾਂ ਨੂੰ ਲੇਖਕ ਨੇ ਖ਼ੁਦ ਅੱਖੀਂ ਦੇਖਿਆ ਤੇ ਗੱਲਾਂ ਕੀਤੀਆਂ। ਇਨ੍ਹਾਂ ਦਾ ਰਹਿਣ ਸਹਿਣ ਇਸਾਈ ਦੁਨੀਆਂ ਵਾਲਾ ਹੈ। ਸਿਰ ਦੇ ਵਾਲਾਂ ਦੀਆਂ ਗੁੱਤਾਂ ਗੁੰਦ ਕੇ ਪਿੱਛੇ ਸੁੱਟ ਦਿੰਦੇ ਹਨ। ਮਰਦ ਤੇ ਜਨਾਨੀਆਂ ਦੋਵੇਂ। ਜਨਾਨੀਆਂ ਏਸ਼ੀਆਈ ਔਰਤਾਂ ਵਾਂਗ ਘੱਗਰੀਆਂ ਪਹਿਨਦੀਆਂ ਹਨ ਤੇ ਇਨ੍ਹਾਂ ਵਾਂਗ ਹੀ ਸ਼ਰਮੀਲੀਆਂ ਹਨ। ਅੱਖਾਂ ਤੇ ਨੱਕ ਮੰਗੋਲ ਜਾਤੀ ਨਾਲ ਮਿਲਦਾ ਜੁਲਦਾ ਹੈ ਅਤੇ ਆਰੀਆਂ ਨਾਲ ਨਹੀਂ। ਸਿੱਖਾਂ ਦੇ ਵਾਲ ਦੇਖਕੇ ਬਹੁਤ ਖੁਸ਼ ਹੁੰਦੇ ਅਤੇ ਟੁੱਟੀ ਫੁੱਟੀ ਅੰਗਰੇਜ਼ੀ ਵਿੱਚ ਗੱਲਾਂ ਬਾਤਾਂ ਕਰਦੇ। ਗੋਰੀ ਚਮੜੀ ਪਾਸੋਂ ਸਖਤ ਘਿਰਨਾ ਹੈ ਕਿਉਂਕਿ ਗੋਰਿਆਂ ਨੇ ਇਨ੍ਹਾਂ ਨੂੰ ਖੁਸ਼ਕ ਪਗੜੀਆਂ (ਅਲੱਗ ਬਸਤੀਆਂ) ਤੇ ਕੈਦ ਕਰ ਰੱਖਿਆ ਹੈ। ਜਦ ਕੋਲੰਬਸ ਨੇ ਟਾਪੂ ਨੂੰ ਲੱਭਣ ਦਾ ਢੰਡੋਰਾ ਯੂਰਪ ਵਿੱਚ ਦਿੱਤਾ ਤਾਂ ਯੂਰਪ ਦੇ ਮੁਲਕ ਕੀ ਅੰਗਰੇਜ਼ੀ, ਫਰਾਂਸੀਸੀ, ਜਰਮਨ ਵਗੈਰਾ ਅਮਰੀਕਾ ਨੂੰ ਨੱਸ ਪਏ ਅਤੇ ਦੱਖਣੀ ਹਿੱਸੇ ਵਿੱਚ ਜੰਗਲ ਸਾਫ ਕਰਕੇ ਖੇਤੀ ਦਾ ਕੰਮ ਸ਼ੁਰੂ ਕੀਤਾ। ਪਰ ਜੰਗਲ ਏਨੇ ਗਾੜ੍ਹੇ ਸਨ ਕਿ ਯੂਰਪੀਨਾਂ ਇਕੱਲਿਆਂ ਦੀ ਸ਼ਕਤੀ ਇਨ੍ਹਾਂ ਨੂੰ ਸਾਫ ਕਰਨ ਵਿੱਚ ਅਸਮਰੱਥ ਸੀ। ਹੁਣ ਇਨ੍ਹਾਂ ਯੂਰਪੀਨਾਂ ਮੁਲਕਾਂ ਦੀਆਂ ਵਪਾਰੀ ਕੰਪਨੀਆਂ ਨੇ ਇੱਕ ਵਪਾਰੀ ਲੱਭਾ ਉਹ ਇਹ ਕਿ ਅਫਰੀਕਾ ਦੇ ਹਬਸ਼ੀਆਂ ਨੂੰ ਕੁੱਝ ਲਾਲਚ ਦੇ ਕੇ ਉਨ੍ਹਾਂ ਨੂੰ ਖਰੀਦ ਕੇ ਅਮਰੀਕਾ ਲੈ ਜਾਂਦੇ ਉਥੋਂ ਦੇ ਗੋਰੇ ਜਿਮੀਂਦਾਰਾ ਕੋਲ ਵੇਚਣਾ ਸ਼ੁਰੂ ਕੀਤਾ। ਹੁਣ ਇਹ ਖਰੀਦੇ ਹੋਏ ਹਬਸ਼ੀ ਗੁਲਾਮ, ਭੇਡਾਂ ਬੱਕਰੀਆਂ ਦੀ ਤਰ੍ਹਾਂ ਉਨ੍ਹਾਂ ਦੇ ਜਰ ਖਰੀਦ ਗੁਲਾਮ ਸਮਝੇ ਜਾਣ ਲੱਗੇ। ਜੰਗਲ ਸਾਫ ਕਰਣ ਦੇ ਇਲਾਵਾ, ਪਾਲੇ ਸ਼ੇਰਾਂ ਨਾਲ ਮੁਕਾਬਲਾ ਕਰਾਕੇ ਅਤੇ ਸ਼ੇਰਾਂ ਪਾਸੋਂ ਮਾਸ ਦੀਆਂ ਬੋਟੀਆਂ ਤੁੜਾ ਕੇ ਸ਼ੁਗਲ ਦੇਖਣਾ ਅਤੇ ਖੁਸ਼ੀਆਂ ਕਰਨ ਵਿੱਚ ਆਪਣੀ ਬਡਪਣ ਦਾ ਸਬੂਤ ਦਿੰਦੇ। ਦੱਖਣੀ ਅਮਰੀਕਾ ਦੀ ਜ਼ਿਮੀਦਾਰੀ ਇਨ੍ਹਾਂ ਦੇ ਗੁਲਾਮਾਂ ਨੂੰ ਹੁਣ ਆਪਣਾ ਮਾਣ ਸਮਝਦੀ ਸੀ ਤੇ ਉਸਨੂੰ ਹਰ ਤਰ੍ਹਾਂ ਦਾ ਹੱਕ ਸੀ ਕਿ ਜੋ ਚਾਹੁਣ ਉਹ ਇਨ੍ਹਾਂ ਨਾਲ ਕਰਨ। ਕਾਨੂੰਨ ਵੱਲੋਂ ਪੂਰੀ ਖੁੱਲ੍ਹ ਸੀ।

ਇਸਤੋਂ ਪਿੱਛੇ ਜਦ ਯੂਰਪ ਦੀਆਂ ਸਨਅਤੀ ਕੰਪਨੀਆਂ ਨੇ ਸਿਮਾਲੀ ਅਮਰੀਕਾ ਦੀਆਂ ਬੰਦਰਗਾਹਾਂ ਤੇ ਦਰਿਆ ਤੇ ਪੂਰਾ ਕਬਜਾ ਕਰ ਲਿਆ ਤੇ ਦਰਿਆਵਾਂ ਤੇ ਲੱਕੜੀ ਦੇ ਕਾਰਖਾਨੇ ਬਣਾ ਲਏ ਤਾਂ ਲਕੜੀ ਕੱਟਣ ਤੇ ਚੀਰਣ ਲਈ ਮਜ਼ਦੂਰਾਂ ਦੀ ਲੋੜ ਪਈ। ਉਨ੍ਹਾਂ ਨੂੰ ਜੋ ਮਜ਼ਦੂਰ ਚਾਹੀਦੇ ਸਨ ਉਹ ਕਿਸੇ ਹੱਦ ਤੱਕ ਆਜ਼ਾਦ ਹੋਣੇ ਚਾਹੀਦੇ ਸਨ ਤਾਂ ਕਿ ਉਹ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਲਿਜਾਏ ਜਾ ਸਕਣ। ਪਰ ਦੱਖਣੀ ਅਮਰੀਕਾ ਦੀ ਜਿਮੀਂਦਾਰੀ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਮਜਦੂਰ ਜਦ ਚਾਹੇ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਚਲਾ ਜਾਵੇ। ਇਸ ਲਈ ਜਿਮੀਂਦਾਰੀ ਨੇ ਇਸ ਕਾਨੂੰਨ ਦੀ ਵਿਰੋਧਤਾ ਕੀਤੀ, ਇਹ ਵਿਰੋਧਤਾ ਏਥੇ ਤੱਕ ਅੱਪੜ ਗਈ ਕਿ ਇਬਰਾਹੀਮ ਲਿੰਕਨ ਦੀ ਨੇਤਾਗਿਰੀ ਵਿੱਚ ਗੁਲਾਮਾਂ ਦੀ ਆਜ਼ਾਦੀ ਦਾ ਨਾਹਰਾ ਦੇ ਕਿ ਉਤਰੀ ਅਮਰੀਕਾ ਦੀ ਕਾਰਖਾਨੇਦਾਰੀ ਨੇ ਲੜਾਈ ਲੜੀ ਤੇ ਉਹ ਕਾਮਯਾਬ ਵੀ ਹੋ ਗਏ। ਗੁਲਾਮਾਂ ਨੂੰ ਬਿਨਾਂ ਰੋਕ ਟੋਕ ਦੇ ਇੱਕ ਜਗ੍ਹਾ ਤੋਂ ਕੰਮ ਛੱਡ ਕੇ ਦੂਸਰੀ ਜਗ੍ਹਾ ਜਾਣ ਦਾ ਹੱਕ ਦੇ ਦਿੱਤੇ। ਅਸਲ ਵਿੱਚ ਇਸ ਲੜਾਈ ਵਿੱਚ ਗੁਲਾਮਾਂ ਦੀ ਆਜ਼ਾਦੀ ਦਾ ਸੁਆਲ ਨਹੀਂ ਸੀ, ਸਗੋਂ ਕਾਰਖਾਨੇਦਾਰੀ ਤੇ ਜਿਮੀਂਦਾਰੀ ਦੇ ਆਪਣੇ ਮੁਹਫਾਜ ਦਾ ਸੁਆਲ ਸੀ। ਪਰ ਕਾਰਖਾਨੇਦਾਰੀ ਨੇ ਇਸਨੂੰ ਅਮਰੀਕਾ ਦੀ ਖੁੱਲਦਿਲੀ ਦਾ ਨਾਂ ਦਿੱਤਾ। ਅਮਰੀਕਾ ਦਾ ਹਰ ਇੱਕ ਬੱਚਾ ਬੱਚਾ ਇਹ ਦਾਅਵਾ ਕਰਨ ਲੱਗਾ ਕਿ ਅਮਰੀਕਾ ਹੀ ਪਹਿਲਾ ਜਮਹੂਰੀ ਦੇਸ਼ ਹੈ ਜਿਸਨੇ ਗੁਲਾਮ ਹਬਸ਼ੀਆਂ ਨੂੰ ਆਜ਼ਾਦ ਕਰਾਣ ਲਈ ਭਰਾਵਾਂ ਦਾ ਵੀ ਲਿਹਾਜ ਨਾ ਕੀਤਾ ਤੇ ਇਸ ਆਜ਼ਾਦੀ ਦੇ ਆਦਰਸ਼ ਲਈ ਆਪਣੇ ਖ਼ੂਨ ਵਹਾਣੇ। ਏਸ ਕਾਮਯਾਬੀ ਨੇ ਅਮਰੀਕਨ ਨੌਜਵਾਨਾਂ ਦੇ ਹੌਸਲੇ ਵਧਾ ਦਿੱਤੇ। ਤੇ ਅਮਰੀਕਨ ਗੌਰਮਿੰਟ ਨੇ ਵੀ ਨੌਜਵਾਨਾਂ ਨੂੰ ਸੰਭਾਲਣ ਵਿੱਚ ਕੋਈ ਕਸਰ ਨਾ ਰੱਖੀ। ਚਾਹੇ ਅਮਰੀਕਾ ਗੌਰਮਿੰਟ ਦਾ ਖਾਸਾ ਸਰਮਾਏਦਾਰਾਨਾਂ ਹੀ ਸੀ, ਪਰ ਮੁਲਕ ਦੇ ਨੌਜਵਾਨਾਂ ਨੂੰ ਸੰਭਾਲਿਆ।

ਪਹਿਲਾਂ ਕਦਮ ਹਰ ਇੱਕ ਕੌਮੀ ਗੌਰਮਿੰਟ ਦਾ ਇਹ ਹੁੰਦਾ ਹੈ ਕਿ ਉਹ ਵਿੱਦਿਆ ਵੱਲ ਪੂਰਾ ਧਿਆਨ ਦੇਵੇ। ਬੋਲੀ ਨੂੰ ਸਹਿਲ ਤੇ ਆਮ ਬਣਾਏ। ਵਿੱਦਿਆ ਨੂੰ ਸਸਤੀ ਤੇ ਪੈਦਾਵਾਰ ਨੂੰ ਸਾਇੰਸੀ ਤਰੀਕੇ ਵਿੱਚ ਢਾਲੇ। ਫੀਸ ਕਿਤਾਬਾਂ ਆਦਿ ਦਾ ਖਰਚ ਬਿਲਕੁੱਲ ਮਾਮੂਲੀ ਹੋਵੇ ਤੇ ਫਿਰ ਕੋਸ਼ਿਸ਼ ਕੀਤੀ ਜਾਵੇ ਕਿ ਹਰ ਇੱਕ ਬੱਚੇ ਨੂੰ ਮੁਫਤ ਵਿੱਦਿਆ ਹੋਵੇ। ਪ੍ਰਾਇਮਰੀ ਤੋਂ ਲੈ ਕੇ ਉਪਰ ਤੱਕ ਹਰ ਇੱਕ ਸਕੂਲ ਦੇ ਨਾਲ ਬੱਚਿਆਂ ਦੀ ਤਾਕਤ ਤੇ ਉਸਦੇ ਉਮਰ ਦੇ ਹਿਸਾਬ ਕਾਰਖਾਨੇਦਾਰੀ ਕੀਤੀ ਜਾਵੇ ਜਿਸ ਵਿੱਚ ਕਿਤਾਬੀ ਪੜ੍ਹਾਈ ਦੇ ਛੁੱਟ ਦਸਤਕਾਰੀ ਸਿਖਾਈ ਜਾਵੇ। ਅਮਰੀਕਾ ਵਿੱਚ ਹਰ ਘਰ ਵਿੱਚ ਜੋ ਘਰ ਵਾਸਤੇ ਨਲਕੇ ਹੋਣਗੇ ਉਹ ਛੋਟੇ ਛੋਟੇ ਇੰਜਣ ਨਾਲ ਚਲਾਏ ਜਾਂਦੇ ਹਨ, ਉਹ ਸਭ ਇੰਜਣ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੇ ਹੱਥੀ ਬਣੇ ਹੋਣਗੇ। ਹੁਣ ਲਓ ਅਮਰੀਕਾ M.1. 2.1 ਪੜ੍ਹਿਆ ਲਿਖਿਆ ਨੌਜਵਾਨ ਗਰਮੀ ਸਰਦੀ ਵਿੱਚ ਟਰੈਕਟਰ ਉੱਤੇ ਏਨਾ ਸਖਤ ਕੰਮ ਕਰਦਾ ਹੈ। ਮਕਸੀਕੋ ਹੱਦ ਦੇ ਨੇੜੇ ਏਨੀ ਗਰਮੀ ਹੁੰਦੀ ਹੈ ਜੋ ਪੰਜਾਬ ਦੇ ਨਾਲੋਂ ਡਿਉਢੀ ਦੁੱਗਣੀ, ਅਮਰੀਕੀ ਨੌਜਵਾਨ ਇਸਦੀ ਪ੍ਰਵਾਹ ਕਰਦਾ ਹੈ ਨਾ ਹੀ ਐਤਵਾਰ ਤੋਂ ਸਿਵਾਏ ਆਰਾਮ। ਜਦ ਤੁਸੀਂ ਇੱਕ ਅਮਰੀਕਨ ਕਿਸਾਨ ਨੌਜਵਾਨ ਨੂੰ ਪੁੱਛੋਗੇ ਕਿ ਤੂੰ ਲਿਖਿਆ ਪੜ੍ਹਿਆ ਹੋ ਕੇ ਦਫ਼ਤਰੀ ਨੌਕਰੀ ਕਿਉਂ ਨਹੀਂ ਕੀਤੀ ਤਾਂ ਉਹ ਹੱਸ ਕੇ ਕਹੇਗਾ ਇਹ ਔਰਤਾਂ ਦਾ ਕੰਮ ਹੈ, ਮੇਰਾ ਕੰਮ ਪੈਦਾਵਾਰ ਕਰਨਾ ਹੈ।

**ਸੁਆਲ : ਕੀ ਉਹ ਇਕੱਲਾ ਹੀ ਏਨੀ ਪੈਦਾਵਾਰ ਕਰਦਾ ਹੈ ਜਿਤਨੀ ਅਮਰੀਕਾ ਵਿੱਚ ਹੁੰਦੀ ਹੈ ?**

ਜਵਾਬ : ਨਹੀਂ ! ਇਕੱਲਾ ਇਨਸਾਨ ਏਨੀ ਪੈਦਾਵਾਰ ਕਿਸੇ ਮੁਲਕ ਵਿੱਚ ਵੀ ਨਹੀਂ ਕਰ ਸਕਦਾ ਜਿੰਨਾ ਚਿਰ ਮਹਿਕਮਾ ਖੇਤੀ ਆਪਣੇ ਫਰਜ ਨੂੰ ਪੂਰਾ ਨਹੀਂ ਕਰਦਾ।


**ਸੁਆਲ : ਮਹਿਕਮਾ ਖੇਤੀ ਦੇ ਕੀ ਫਰਜ਼ ਹਨ ?**

ਜੁਆਬ : ਸੁਣੀਏ! ਇਹ ਕੋਈ ਖਿਤਾਬੀ ਜਾਂ ਸੁਣੀਆਂ ਸੁਣਾਈਆਂ ਹਵਾਈ ਗੱਲਾਂ ਨਹੀਂ ਹਨ ਸਗੋਂ ਅੱਖੀਂ ਦੇਖੀ ਤੇ ਕੈਲੀਫੋਰਨੀਆਂ ਦੇ ਬਾਗਾਂ ਵਿੱਚ ਅਮਰੀਕਨ ਕਿਸਾਨ ਦੇ ਨਾਲ ਮਜ਼ਦੂਰ ਦੀ ਹੈਸੀਅਤ ਵਿੱਚ ਕੰਮ ਕਰਨ ਦੇ ਤਜਰਬੇ 'ਤੇ ਅਧਾਰਿਤ ਹੈ। ਪਹਿਲੇ ਜਦ ਕਿਸਾਨ ਬਾਗ ਜਾਂ ਖੇਤੀ ਵਾਸਤੇ ਜ਼ਮੀਨ ਤਿਆਰ ਕਰਦਾ ਹੈ ਤਾਂ ਮਾਧਿਅਮ ਕਾਸ਼ਤ ਦੇ ਕਾਰਕੁਨ ਖੁਦ ਖੇਤੀ ਦੀ ਮਿੱਟੀ ਲਿਜਾ ਕੇ ਮੁਲਾਹਜਾ ਕਰਦੇ ਹਨ, ਕਿਸਾਨ ਨੂੰ ਕੋਈ ਖੇਚਲ ਨਹੀਂ ਕਰਨੀ ਪੈਂਦੀ। ਤੇ ਫਿਰ ਸਲਾਹ ਦਿੰਦੇ ਹਨ ਕਿ ਫਲਾਣੀ ਜਿਨਸ ਬੀਜ। ਜੇ ਚੰਗੇ ਬੀਜ ਜਾਂ ਖਾਦ ਦੀ ਜ਼ਰੂਰਤ ਹੋਵੇ ਤਾਂ ਖੁਦ ਲਿਆਕੇ ਦਿੰਦੇ ਹਨ, ਜੇ ਬਾਗ ਲਾਉਣਾ ਹੋਵੇ ਤਾਂ ਚੰਗੇ।





ਬਾਬਾ ਬੂਝਾ ਸਿੰਘ ਪ੍ਰਕਾਸ਼ਨ ਦੀ ਨਵੀਂ ਪੇਸ਼ਕਸ਼




ਅਨੁਵਾਦ : ਬੂਟਾ ਸਿੰਘ

ਰਾਣਾ ਅਯੂਬ ਦੀ ਮਸ਼ਹੂਰ ਕਿਤਾਬ
ਗੁਜਰਾਤ ਫ਼ਾਈਲਾਂ
ਪੰਜਾਬੀ ਵਿਚ ਛਪਕੇ ਆ ਗਈ ਹੈ ਜੋ
☛ ਤਰਕਭਾਰਤੀ ਪ੍ਰਕਾਸ਼ਨ ਬਰਨਾਲਾ
☛ ਕੇਸਰ ਸਿੰਘ ਦੇਸ਼ਭਗਤ ਯਾਦਗਾਰ ਹਾਲ ਜਲੰਧਰ
☛ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਪੰਜਾਬੀ ਭਵਨ ਲੁਧਿਆਣਾ ਵਿਖੇ ਉਪਲਭਦ ਹੋਵੇਗੀ।
ਸੰਪਰਕ ਫ਼ੋਨ 94634-74342

# ਕਰੰਸੀ ਨੋਟ ਬੰਦ ਕਰਨ ਦੇ ਫੈਸਲੇ ਤੋਂ ਸਾਬਤ ਹੁੰਦਾ ਹੈ ਕਿ ਉਹ ਪੂੰਜੀਵਾਦ ਨੂੰ ਸਮਝਦੇ ਨਹੀਂ : ਪ੍ਰਭਾਤ ਪਟਨਾਇਕ

## (ਇੱਕ ਪ੍ਰਸਿੱਧ ਅਰਥਸਾਸ਼ਤਰੀ ਅਤੇ ਜਵਾਹਰ ਲਾਲ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਐਮਰਾਈਟਸ)

**(ਅਸਲ ਵਿੱਚ ਕਾਰਪੋਰੇਟ ਪੂੰਜੀ ਦੀ ਇੱਕ ਹੋਰ ਚਾਲ ਹੈ: ਅਨੁਵਾਦਕ)**

**(12/11/2015 ਨੂੰ ਯਹਨਵੀ ਸੈਨ ਦੁਆਰਾ ਵਾਇਰ ਵਿੱਚ ਪ੍ਰਕਾਸ਼ਤ )**

**(500 ਅਤੇ 1000 ਦੇ ਨੋਟ ਬੰਦ ਕਰਨ ਦੇ ਸਰਕਾਰੀ ਫੈਸਲੇ ਬਾਰੇ ਅਰਥ ਸਾਸ਼ਤਰੀ ਪ੍ਰਭਾਤ ਪਟਨਾਇਕ ਨਾਲ ਗੱਲਬਾਤ)**

ਅੱਠ ਨਵੰਬਰ ਨੂੰ ਰਾਤ ਅੱਠ ਵਜੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇਸ਼ ਨੂੰ ਸੰਬੋਧਿਤ ਹੁੰਦਿਆਂ ਐਲਾਨ ਕੀਤਾ ਕਿ ਅੱਧੀ ਰਾਤ ਪਿੱਛੋਂ 500 ਅਤੇ 1000 ਰੁਪਏ ਦੇ ਨੋਟ ਕਾਨੂੰਨੀ ਤੌਰ 'ਤੇ ਨਕਾਰਾ ਹੋ ਜਾਣਗੇ। ਉਸ ਨੇ ਕਿਹਾ ਕਿ ਕਾਲੇ ਧਨ ਦੀ ਬਿਮਾਰੀ ਨੂੰ ਨੱਥ ਪਾਉਣ ਲਈ ਇਹ ਕਦਮ ਲੋੜੀਂਦਾ ਸੀ।

ਉਸ ਵੇਲੇ ਤੋਂ ਵੱਡੀ ਪੱਧਰ 'ਤੇ ਆਮ ਲੋਕਾਂ ਦਾ ਇਸ ਕਦਮ ਨਾਲ ਪ੍ਰਭਾਵਿਤ ਹੋਣ ਅਤੇ ਏਟੀਐਮਜ਼ ਦੇ ਬਾਹਰ ਅਤੇ ਬੈਂਕਾਂ ਅੰਦਰ ਲੰਬੀਆਂ ਲਾਈਨਾ ਲੱਗਣ ਦੀਆਂ ਬਹੁਤ ਰਿਪੋਰਟਾਂ ਹਨ। ਕੀ ਇਹ ਚਾਲ ਆਪਣੇ ਮੰਤਵਾਂ ਵਿੱਚ ਕਾਮਯਾਬ ਹੋਵੇਗੀ ? ਇਸ ਲਈ ਵਾਇਰ ਪ੍ਰਸਿੱਧ ਅਰਥਸਾਸ਼ਤਰੀ ਅਤੇ ਜਵਾਹਰ ਲਾਲ ਯੂਨੀਵਰਸਿਟੀ ਦੇ ਪ੍ਰੋ. ਐਮੀਰਾਇਟਸ ਪ੍ਰਭਾਤ ਪਟਨਾਇਕ ਨਾਲ ਕਾਲੇ ਧੰਦੇ, ਇਸ ਫੈਸਲੇ ਦੀ ਅਸਰਕਾਰੀ ਅਤੇ ਆਬਾਦੀ ਦੇ ਵੱਡੇ ਹਿੱਸੇ ਨੂੰ ਇਸ ਦੁਆਰਾ ਖੜੀਆਂ ਕੀਤੀਆਂ ਦਿੱਕਤਾਂ ਦੇ ਜਾਰੀ ਰਹਿਣ ਸਬੰਧੀ ਗੱਲਬਾਤ ਕੀਤੀ ਅਤੇ ਇਸ ਤੋਂ ਅਗਾਂਹ ਉਹਨਾਂ ਨੇ ਹਾਲ ਵਿੱਚ ਹੀ ਕਾਲੇ ਧਨ ਦੇ ਵਿਚਾਰ ਦੁਆਲੇ ਮੌਜੂਦ ਗਲਤ ਸਮਝਦਾਰੀਆਂ ਬਾਰੇ ਵੀ ਲਿਖਿਆ ਹੈ।

**-ਕਾਲਾ ਧਨ ਅਸਲ ਵਿੱਚ ਹੈ ਕੀ ?**

–ਆਮ ਤੌਰ 'ਤੇ ਇਹ ਸਮਝਿਆ ਜਾਂਦਾ ਹੈ ਕਿ ਕਾਲੇਧਨ ਅਸਲ ਵਿੱਚ ਸਰਾਣਿਆਂ, ਟਰੰਕਾਂ, ਬੋਰੀਆਂ ਜਾਂ ਧਰਤੀ ਹੇਠ ਦੱਬੇ ਹੋਏ ਪੈਸਿਆਂ ਦੇ ਜਖੀਰਾ ਹੈ। ਪਰ ਮਾਮਲਾ ਇਉਂ ਨਹੀਂ ਹੈ। ਕਾਲਾਧਨ ਅਸਲ ਵਿੱਚ ਉਹ ਸਾਰੀਆਂ ਕਾਰੋਬਾਰੀ ਸਰਗਰਮੀਆਂ ਦੀ ਕਮਾਈ ਹੈ ਜਿਹੜੀਆਂ ਗੈਰ ਕਾਨੂੰਨੀ ਜਾਂ ਟੈਕਸਾਂ ਤੋਂ ਬਚਣ ਲਈ ਕੀਤੀਆਂ ਜਾਦੀਆਂ ਹਨ।

ਦੂਜੇ ਸ਼ਬਦਾਂ ਵਿੱਚ ਕੋਈ ਹਥਿਆਰਾਂ ਦਾ ਵਪਾਰ ਜਾਂ ਨਸ਼ਿਆਂ ਦਾ ਕਾਰੋਬਾਰ ਆਦਿ ਚਲਾਇਆ ਜਾ ਸਕਦਾ ਹੈ ਜਿਹੜੇ ਮੁਕੰਮਲ ਤੌਰ 'ਤੇ ਗੈਰ ਕਾਨੂੰਨੀ ਹਨ। ਜਾਂ ਅਜਿਹੇ ਕਾਰੋਬਾਰ ਹਨ ਜਿਹੜੇ ਕਾਨੂੰਨੀ ਹਨ ਪਰ ਟੈਕਸ ਤੋਂ ਬਚਣ ਲਈ ਗੁਪਤ ਤੌਰ 'ਤੇ ਚਲਾਏ ਜਾਂਦੇ ਹਨ। ਇਸ ਕਰਕੇ ਸਾਨੂੰ ਸੱਚੀਉਂ ਹੀ ਕਾਲੇ ਧਨ ਦਾ ਵਿਰੋਧ ਕਰਨ ਸਮੇਂ ਕਾਲੇ ਜਾਂ ਗੁਪਤ ਕਾਰੋਬਾਰ ਦੇ ਢੰਗ ਤਰੀਕੇ ਬਾਰੇ ਸੋਚਣਾ ਚਾਹੀਦਾ ਹੈ। ਹਰ ਕਾਰੋਬਾਰ ਵਿੱਚ ਧਨ ਦੀ ਵਰਤੋਂ ਕੀਤੀ ਜਾਂਦੀ ਹੈ। ਜਦੋਂ ਤੁਸੀਂ ਘੱਟ ਜਾਂ ਵੱਧ ਸਮੇਂ ਲਈ ਨੋਟਾਂ ਦੀ ਵਰਤੋਂ ਕਰਦੇ ਹੋ ਤਾਂ ਤੁਸੀ ਨਗਦੀ ਨੂੰ ਰੋਕ ਰਹੇ ਹੋਵੋਂਗੇ। ਕਾਲੇ ਧੰਦੇ ਸਮੇਤ ਇਹ ਹਰ ਕਾਰੋਬਾਰ ਲਈ ਸੱਚ ਹੈ। ਮਾਮਲਾ ਇਹ ਨਹੀਂ ਕਿ ਕੇਵਲ ਕਾਲਾ ਧੰਦਾ ਹੀ ਨਗਦੀ ਨਾਲ ਕੀਤਾ ਜਾਂਦਾ ਹੈ ਅਤੇ ਆਮ ਕਾਰੋਬਾਰ ਚੈਂਕਾਂ ਜਾਂ ਬੈਂਕਾਂ ਰਾਹੀ ਕੀਤਾ ਜਾਂਦਾ ਹੈ। ਕਿਉਂਕਿ ਸਾਧਾਰਨ ਕਾਰੋਬਾਰ ਨੂੰ ਵੀ ਨਗਦ ਲੈਣ ਦੇਣ ਕਰਨਾ ਪੈਂਦਾ ਹੈ ਇਸ ਕਰਕੇ ਆਮ ਨਗਦੀ ਰੱਖਣ ਅਤੇ ਕਾਲਾ ਧਨ ਰੱਖਣ ਕੋਈ ਸਿਫਤੀ ਤੌਰ 'ਤੇ ਦੋ ਵੱਖ ਵੱਖ ਚੀਜਾਂ ਨਹੀਂ ਹਨ ਅਤੇ ਸਿੱਟੇ ਵਜੋਂ ਜੇ ਕਹਿਣਾ ਹੋਵੇ ਕਿ ਅਸੀਂ ਇੱਕ ਹੱਦ ਤੱਕ ਦੀ ਨਗਦੀ ਉਪਰ ਰੋਕ ਲਾ ਕੇ ਕਾਲੇ ਧਨ ਨੂੰ ਫੜਨ ਵਿੱਚ ਕਾਮਯਾਬ ਹੋ ਜਾਵਾਂਗੇ, ਦਰੁਸਤ ਨਹੀਂ ਹੈ ਕਿਉਂਕਿ ਹਰ ਇੱਕ ਨੂੰ ਲੈਣ ਦੇਣ ਕਰਨ ਲੋੜ ਪੈਂਦੀ ਹੈ। ਇਸੇ ਕਰਕੇ ਕਾਲਾ ਧੰਦਾ ਆਮ ਕਾਰੋਬਾਰ ਦੇ ਲੇਖੇ ਜੋਖੇ ਤੋਂ ਬਾਹਰਲਾ ਕਾਲੇ ਧਨ ਨੂੰ ਨਗਦੀ ਵਿੱਚ ਬਦਲਣ ਦੀ ਮੱਦਦ ਲਈ ਬਹੁੜੇਗਾ।

**- ਅਜਿਹੇ ਗੁਪਤ ਕਾਰੋਬਾਰ ਦੀ ਕਮਾਈ ਦਾ ਕਿੰਨਾ ਹਿੱਸਾ ਨਗਦੀ ਦੇ ਰੂਪ 'ਚ ਰੱਖਿਆ ਜਾਵੇਗਾ ?**

ਅਤੇ ਕਮਾਈ ਫੇਰ ਕਿਉਂਕਿ ਇਹ ਵੀ ਆਮ ਕਾਰੋਬਾਰ ਵਾਂਗ ਕੀਤਾ ਜਾਂਦਾ ਕਾਰੋਬਾਰ ਹੀ ਹੈ। ਤੁਸੀਂ ਕਮਾਈ ਨੂੰ ਕਾਰੋਬਾਰ ਵਧਾਉਣ ਲਈ ਨਿਵੇਸ਼ ਕਰਦੇ ਹੋ। ਇਹ ਬਿਲਕੁਲ ਕਿਸੇ ਦੂਜੇ ਕਾਰੋਬਾਰ ਦੀ ਤਰ੍ਹਾਂ ਹੀ ਹੈ, ਫਰਕ ਕੇਵਲ ਇਹ ਹੈ ਕਿ ਇਸਦਾ ਖੁਲਾਸਾ ਸਰਕਾਰ ਜਾਂ ਟੈਕਸ ਅਧਿਕਾਰੀਆਂ ਨੂੰ ਨਹੀਂ ਕੀਤਾ ਜਾਂਦਾ। ਇਸ ਕਰਕੇ ਇਹ ਕੇਵਲ ਨਗਦੀ ਨੂੰ ਦਬਾਉਣਾ ਜਾਂ ਛੁਪਾਉਣਾ ਨਹੀਂ। ਅਸਲ ਵਿੱਚ ਮਾਰਕਸ ਨੇ ਕੰਜੂਸ ਅਤੇ ਪੂੰਜੀਪਤੀ ਵਿੱਚ ਨਿਖੇੜਾ ਕੀਤਾ। ਕੰਜੂਸ ਸਮਝਦਾ ਹੈ ਕਿ ਤੁਸੀਂ ਨਗਦੀ ਨੂੰ ਜਮਾਂ ਕਰਕੇ ਅਮੀਰ ਬਣ ਸਕਦੇ ਹੋ, ਜਦੋਂ ਕਿ ਪੂੰਜੀਪਤੀ ਦਾ ਵਿਸ਼ਵਾਸ਼ ਹੈ ਕਿ ਤੁਸੀਂ ਨਗਦੀ ਨੂੰ ਅਸਲ ਵਿੱਚ ਵਰਤਕੇ ਇਸ ਨੂੰ ਕਾਰੋਬਾਰ ਦੇ ਗੇੜ ਵਿੱਚ ਪਾਕੇ ਅਮੀਰ ਬਣਦੇ ਹੋ। ਕਾਲੇ ਧਨ ਦੇ ਮਾਲਕ ਕੰਜੂਸ ਨਹੀਂ ਸਗੋਂ ਪੂੰਜੀਪਤੀ ਹਨ। ਉਹ ਆਪਣੇ ਧੰਦੇ ਦਾ ਆਮ ਕਾਰੋਬਾਰ ਵਾਂਗ ਹੀ ਵਿਸਥਾਰ ਕਰਨਾ ਚਾਹੁੰਦੇ ਹਨ। ਉਹ ਹਮੇਸ਼ਾਂ ਆਪਣੀ ਨਗਦੀ ਨੂੰ ਵਾਪਸ ਲੈਣ ਦੇਣ ਦੇ ਗੇੜ ਵਿੱਚ ਪਾਉਂਦੇ ਹਨ। ਕਿਸੇ ਵੀ ਸਮੇਂ ਉਹਨਾਂ ਦੇ ਕੁੱਲ ਲੈਣ ਦੇਣ ਦਾ ਇੱਕ ਛੋਟਾ ਹਿੱਸਾ ਹੀ ਉਹਨਾਂ ਕੋਲ ਨਗਦੀ ਦੀ ਸ਼ਕਲ ਵਿੱਚ ਜਮਾਂ ਹੁੰਦਾ ਹੈ।

**- ਕਾਲੇ ਧਨ ਨੂੰ ਖਤਮ ਕਰਨ ਵਿੱਚ ਸਰਕਾਰ ਦੀ 500 ਅਤੇ 1000 ਰੁਪਏ ਦੇ ਨੋਟ ਬੰਦ ਕਰਨ ਦਾ ਕਦਮ ਕਿੰਨਾ ਕੁ ਫਾਇਦੇਮੰਦ ਹੋਵੇਗਾ ?**

ਇਹ ਕਦਮ ਸਰਕਾਰ ਦੀ ਪੂੰਜਾਵਾਦ ਬਾਰੇ ਸਮਝਦਾਰੀ ਦੀ ਘਾਟ ਦਾ ਸਿੱਟਾ ਹੈ। ਖਾਸ ਤੌਰ 'ਤੇ ਅਜਿਹੇ ਹਾਲਤਾਂ ਵਿੱਚ ਪੂੰਜੀਵਾਦ ਵਿੱਚ ਕੀ ਹੁੰਦਾ ਹੈ ਕਿ ਪੁਰਾਣੇ ਕਰੰਸੀ ਨੋਟਾਂ ਦੀ ਨਵੇਂ ਕਰੰਸੀ ਨੋਟਾਂ ਵਿੱਚ ਤਬਦੀਲ ਕਰਨ ਦਾ ਨਵਾਂ ਕਾਰੋਬਾਰ ਖੁੱਲ੍ਹ ਜਾਂਦਾ ਹੈ। ਇਹ ਸਕੰਪੀਟਰ ਦੇ ਨਾਮ ਨਾਲ ਖੋਜ ਸੀ ਅਤੇ ਪੂੰਜੀਵਾਦ ਵਿੱਚ ਹਮੇਸ਼ਾਂ ਇੰਝ ਹੀ ਹੁੰਦਾ ਰਿਹਾ ਹੈ। ਕਾਰੋਬਾਰੀਆਂ ਦਾ ਇੱਕ ਵਰਗ ਅੱਗੇ ਆਵੇਗਾ ਅਤੇ ਕਹੇਗਾ ਕਿ ਉਹ 1000 ਰੁਪਏ ਲੈਣ ਬਦਲੇ ਤੁਹਾਨੂੰ 800 ਜਾਂ 700 ਜਾਂ ਇਸ ਤੋਂ ਵੀ ਘੱਟ ਦੇ ਦੇਵਾਂਗੇ। ਸਿੱਟੇ ਵਜੋਂ ਕਾਲੇ ਧੰਦੇ ਦੀ ਰੋਕਥਾਮ ਦੀ ਬਜਾਏ ਅਸਲ ਵਿੱਚ ਇਹ ਕਾਲੇ ਕਾਰੋਬਾਰ ਵਿੱਚ ਹੋਰ ਵਾਧਾ ਕਰਨ ਵਿੱਚ ਮੱਦਦਗਾਰ ਹੋਵੇਗਾ। ਇਸੇ ਤਰ੍ਹਾਂ ਮਿਸਾਲ ਵਜੋਂ ਕਾਰੋਬਾਰ ਦੇ ਇੱਕ ਹਿੱਸੇ ਵਿੱਚ ਲੱਗੇ ਕਾਲੇ ਧਨ ਅਤੇ ਕਾਰੋਬਾਰ ਦੇ ਦੂਸਰੇ ਹਿੱਸੇ ਵਿੱਚ ਲੱਗੇ ਸਫੈਦ ਧਨ ਵਿੱਚ ਕੋਈ ਪਹਿਚਾਣ ਨਹੀਂ ਹੋਵੇਗੀ। ਕਾਲੇ ਧੰਦੇ ਵਿੱਚ ਗ੍ਰਸਤ ਲੋਕਾਂ ਚੋਂ ਬਹੁਤੇ ਨੋਟ ਬਦਲੀ ਦੇ ਸਫੈਦ ਕਾਰੋਬਾਰ ਵਿੱਚ ਲੱਗੇ ਪ੍ਰਤੀਤ ਹੋਣਗੇ। ਅਤੇ ਉਹ ਪਿਛਲੀਆਂ ਤਰੀਕਾਂ ਬਿਲ ਬਣਾਕੇ ਉਹਨਾਂ ਤੋਂ ਜ਼ਾਹਰਾ ਰੂਪ ਵਿੱਚ ਖਰੀਦ ਲੈਣਗੇ। ਇਸ ਤਰਾਂ ਦੇ ਲੱਖਾਂ ਲੈਣ ਦੇਣ ਹੋਣਗੇ। ਅਤੇ ਜੇ ਉਹ ਇਉਂ ਕਰਦੇ ਹਨ ਤਾਂ ਕੋਈ ਵੀ ਟੈਕਸ ਅਥਾਰਟੀ ਉਹਨਾਂ ਨੂੰ ਫੜ ਨਹੀਂ ਸਕੇਗੀ। ਕਾਲੇਧਨ ਨੂੰ ਨੰਗਾ ਕਰਨ ਦਾ ਇਹ ਢੰਗ ਕਾਲੇਧਨ ਨੂੰ ਅਸਲ ਵਿੱਚ ਰੋਕਣ ਦੀ ਥਾਂ ਵੱਡੇ ਪੱਧਰ 'ਤੇ ਲੋਕਾਂ ਨੂੰ ਮੁਸ਼ਕਲਾਂ ਖੜ੍ਹੀਆਂ ਕਰਦਾ ਹੈ।

**-ਪਿਛਲੇ ਸਮੇਂ ਵਿੱਚ ਵੱਡੀ ਪੱਧਰ 'ਤੇ ਕਰੰਸੀ ਨੂੰ ਬੰਦ ਕੀਤਾ ਗਿਆ ਹੈ। ਕੀ ਇਹ ਕਾਲੇ ਧਨ ਨਾਲ ਨਜਿੱਠਣ ਦਾ ਸਫਲ ਇਤਿਹਾਸ ਹੈ ?**

ਅਸਲ ਵਿੱਚ ਨੋਟਬੰਦੀ ਜਦੋਂ ਵੀ ਕੀਤੀ ਗਈ ਇਹ ਬਹੁਤ ਵੱਡੇ ਕਰੰਸੀ ਨੋਟਾਂ ਨਾਲ ਕੀਤੀ ਗਈ। ਅਜਿਹੀ ਕਰੰਸੀ ਜਿਹੜੀ ਆਮ ਲੋਕਾਂ ਨੇ ਵਰਤਣ ਦੀ ਗੱਲ ਛੱਡੋ ਦਰਸ਼ਨ ਵੀ ਨਹੀਂ ਕੀਤੇ ਹੁੰਦੇ। ਇਸ ਕਰਕੇ ਇਹ ਲੋਕਾਂ ਨੂੰ ਪੂਰੀ ਤਰ੍ਹਾਂ ਮੁਸੀਬਤ ਰਹਿਤ ਸੀ। ਪਿਛਲੇ ਸਮੇਂ 1946 ਵਿੱਚ ਬਸਤੀਵਾਦੀ ਪ੍ਰਸਾਸ਼ਨ ਹੇਠ ਪਹਿਲੀ ਨੋਟਬੰਦੀ ਕੀਤੀ ਗਈ, ਅਸਲ ਵਿੱਚ ਉਹ ਉੱਚ ਕੀਮਤ ਦੇ ਨੋਟਾਂ ਦੀ ਬੰਦੀ ਸੀ। ਉਸ ਤੋਂ ਬਾਅਦ ਆਜਾਦੀ ਪਿੱਛੋਂ ਦੇ ਭਾਰਤ ਵਿੱਚ 'ਚ ਮੁਰਾਰਜੀ ਦੇਸਾਈ ਸਰਕਾਰ ਨੇ 1978 ਵਿੱਚ 1000, 5000, 10,000 ਰੁਪਏ ਦੇ ਨੋਟਾਂ ਦਾ ਅਮੁਦਰੀਕਰਨ ਕੀਤਾ। 1978 ਵਿੱਚ 1000 ਰੁਪਏ ਦਾ ਨੋਟ ਕਾਫੀ ਕੀਮਤ ਰੱਖਦਾ ਸੀ ਅਤੇ ਸਿੱਟੇ ਵਜੋਂ ਜਿੰਦਗੀ ਪਹਿਲਾਂ ਦੀ ਤਰ੍ਹਾਂ ਚਲਦੀ ਰਹੀ। ਮੈਂ ਨਹੀਂ ਸੋਚਦਾ ਕਿ ਇਹ ਕਾਲੇ ਧੰਦੇ ਨੂੰ ਹਿਲਾਉਣ ਵਿੱਚ ਕੋਈ ਕਾਮਯਾਬ ਹੋਈ, ਪਰ ਇਸ ਨੇ ਕਿਸੇ ਨੂੰ ਮੁਸ਼ਕਲ ਨਹੀਂ ਖੜੀ ਕੀਤੀ। ਪਰ ਹੁਣ ਅਸੀਂ ਅਜਿਹੀ ਸਥਿਤੀ ਵਿੱਚ ਹਾਂ ਜਿੱਥੇ ਲੋਕਾਂ ਨੂੰ ਬੇਅਰਾਮੀ ਹੋ ਰਹੀ ਹੈ ਜਿਵੇਂ ਬੈਂਕਾਂ ਅੱਗੇ ਵੱਡੀਆਂ ਲਾਈਨਾ ਦਾ ਲੱਗਣਾ। ਇਸ ਤੋਂ ਵੀ ਅੱਗੇ ਕਿਸਾਨੀ ਨੇ ਹਾਲ ਵਿੱਚ ਹੀ ਫਸਲ ਦੀ ਕਟਾਈ ਕੀਤੀ ਹੈ ਅਤੇ ਉਹ ਫਸਲ ਵੇਚਣੀ ਹੈ। ਜੇ ਉਹਨਾਂ ਨੂੰ ਨਗਦੀ ਨਹੀਂ ਮਿਲਦੀ ਤਾਂ ਫਸਲਾਂ ਮੰਡੀ ਵਿੱਚ ਪਈਆਂ ਰਹਿ ਜਾਣਗੀਆਂ ਅਤੇ ਖਰਾਬ ਵੀ ਹੋ ਸਕਦੀਆਂ ਹਨ। ਇਹ ਕਾਲੇ ਧਨ ਨੂੰ ਨੰਗਾ ਕਰਨ ਵਿੱਚ ਖਾਸ ਅਸਰਦਾਇਕ ਹੋਣ ਦੀ ਬਜਾਏ ਆਮ ਲੋਕਾਂ ਨੂੰ ਲਈ ਵੱਡੀਆਂ ਮੁਸ਼ਕਲਾਂ ਖੜ੍ਹੀਆਂ ਕਰ ਰਹੀ ਹੈ।

**-ਤੁਸੀ ਕਿਵੇਂ ਕਹਿੰਦੇ ਹੋ ਕਿ ਇਹ ਕਦਮ ਗੈਰ ਰਸਮੀ ਆਰਥਿਕਤਾ ਅਤੇ ਬੈਂਕ ਖਾਤਿਆਂ ਰਹਿਤ ਲੋਕਾਂ ਉਪਰ ਅਸਰ ਅੰਦਾਜ਼ ਹੋਵੇਗੀ ?**

ਮੈਨੂੰ ਇੱਕ ਰਲਦੀ ਮਿਲਦੀ ਮਿਸਾਲ ਦੇਣ ਦਿਓ। ਜੇ ਕਿਸੇ ਖਾਸ ਇਲਾਕੇ ਵਿੱਚ ਕੋਈ ਅਪਰਾਧ ਹੋ ਜਾਂਦਾ ਹੈ , ਤੁਸੀ ਅਪਰਾਧੀ ਲੱਭਣ ਲਈਂ ਜਾਂਦੇ ਹੋ ਅਤੇ ਖੂਨ ਲਿਬੜੇ ਹੱਥਾਂ ਜਾਂ ਅੱਖਾਂ ਉਪਰ ਖੂਨ ਦੇ ਨਿਸ਼ਾਨ ਵਾਲ ਲੋਕ ਲੱਭਣ ਲਈ ਉਸ ਇਲਾਕੇ ਦੇ ਸਾਰੇ ਲੋਕਾਂ ਨੂੰ ਠਾਣੇ ਬੁਲਾ ਲੈਂਦੇ ਹੋ। ਜਦੋਂ ਕਿ ਚਾਹੀਦਾ ਇਹ ਹੈ ਕਿ ਤੁਸੀਂ ਮਾਮਲੇ ਦੀ ਪੈਰਵਾਈ ਕਰਦੇ ਹੋਏ ਤਫ਼ਤੀਸ਼ ਕਰੋ। ਇਹੀ ਢੰਗ ਕਾਲੇ ਧਨ ਨੂੰ ਲੱਭਣ ਲਈ ਅਪਣਾਉ। ਆਦਰਸ਼ ਹਾਲਤਾਂ ਵਿੱਚ ਜੇਕਰ ਆਮਦਨ ਦਰ ਵਿਭਾਗ ਇਮਾਨਦਾਰ ਹੈ ਅਤੇ ਬਿਨਾਂ ਕਿਸੇ ਦਖਲ ਅੰਦਾਜੀ ਦੇ ਕੰਮ ਕਰਦਾ ਹੈ ਤਾਂ ਮਾਮਲਾ ਭਾਵੇਂ ਬੇਕਸੂਰਾਂ ਨੂੰ ਛੱਡਣ ਦਾ ਹੋਵੇ ਜਾਂ ਦੋਸ਼ੀਆਂ ਨੂੰ ਪਕੜਣ ਦਾ ਹੋਵੇ ਕੇਵਲ ਗੰਭੀਰ ਯਤਨਾਂ ਨਾਲ ਹੀ ਕਿਸੇ ਵੀ ਸਮੇਂ ਕਾਲੇ ਧਨ ਦੀ ਤਗੜੀ ਮਾਤਰਾ ਨੂੰ ਨੰਗਾ ਕੀਤਾ ਜਾ ਸਕਦਾ ਹੈ। ਜੇਕਰ ਚੋਣਵੇਂ ਮਹੱਤਵਪੂਰਨ ਮਾਮਲਿਆਂ ਦੀ ਢੰਗ ਨਾਲ ਪੈਰਵਾਈ ਹੋਵੇ ਤਾਂ ਉਹ ਦੂਜਿਆਂ ਲਈ ਚਿਤਾਵਨੀ ਵੀ ਹੋਵੇਗੀ। ਇਹ ਕੁਝ ਦੂਸਰੇ ਦੇਸ਼ਾਂ ਵਿੱਚ ਹੁੰਦਾ ਹੈ, ਪ੍ਰੰਤੂ ਅਸੀਂ ਨਹੀਂ ਕਰ ਰਹੇ। ਅਸੀ ? 500 ਅਤੇ 1000 ਰੁਪਏ ਦੇ ਨੋਟ ਬੰਦ ਕਰਕੇ ਲੋਕਾਂ ਨੂੰ ਤੰਗ ਪੇਸ਼ਾਨ ਕਰ ਰਹੇ ਹਾਂ। ਇਹ ਆਰਥਿਕਤਾ ਉੱਪਰ ਹਰ ਢੰਗ ਦਾ ਅਸਰਅੰਦਾਜ਼ ਹੋਵੇਗਾ ਅਤੇ ਕਈ ਦਿਨ ਕਾਰੋਬਾਰ ਜਾਮ ਰਹੇਗਾ। ਜੇਕਰ ਕਾਰੋਬਾਰੀਏ ਧਨ ਤੋਂ ਵਸਤਾਂ ਖਰੀਦਣ ਵੱਲ ਨੂੰ ਚੱਲ ਪਏ ਤਾਂ ਮਹਿੰਗਾਈ ਵਿੱਚ ਅਚਾਨਕ ਵਾਧਾ ਹੋਵੇਗਾ। ਦੂਜੇ ਲਫਜ਼ਾਂ ਵਿੱਚ ਇਹਨਾਂ ਘਟਨਾਵਾਂ ਦਾ ਸੌਖਿਆਂ ਅਨੁਮਾਨ ਨਹੀਂ ਲਾਇਆ ਜਾ ਸਕਦੇ ਕਿਉਂਕਿ ਇਹ ਆਮ ਜ਼ਿੰਦਗੀ ਵਿੱਚ ਨਹੀਂ ਵਾਪਰਦੀਆਂ। ਪਰ ਦੂਜੇ ਹੱਥ ਇਸ ਕਰਕੇ ਆਮ ਲੋਕਾਂ ਨੂੰ ਤੰਗ ਕਰਨਾ ਕਿ ਇਸ ਨਾਲ ਕਾਲਾ ਧਨ ਨੰਗਾ ਹੋ ਜਾਵੇਗਾ ਮੇਰੇ ਅਨੁਸਾਰ ਮੂਰਖਤਾ ਹੈ (ਅਸਲ ਵਿੱਚ ਮੋਦੀ ਸਰਕਾਰ ਮੂਰਖ ਨਹੀਂ ਲੋਕਾਂ ਨੂੰ ਮੂਰਖ ਬਣਾ ਰਹੀ ਹੈ : ਅਨੁਵਾਦਕ)

–ਸਰਕਾਰ ਕੋਲ ਲੋਕਾਂ ਦੇ ਵਿਦੇਸ਼ੀ ਖਾਤਿਆਂ ਬਾਰੇ ਹੁਣ ਜਾਣਕਾਰੀ ਹੈ, ਜਿਵੇਂ ਤੁਸੀਂ ਕਿਹਾ ਕਿ ਉਹਨਾਂ ਤੋਂ ਅੱਗੇ ਪੈੜ ਕੱਢਕੇ ਪੜਤਾਲ ਕੀਤੀ ਜਾ ਸਕਦੀ ਹੈ। ਸੱਟਾ ਬਾਜ਼ਾਰ ਵਿੱਚ ਲੋਕਾਂ ਕੋਲ 'ਪਾਰਟੀਸੀਪੇਟਰੀ ਨੋਟ' ਹੋਣ ਦਾ ਵੀ ਮਾਮਲਾ ਹੈ (ਜਿਵੇਂ ਕਈਆਂ ਨੇ ਦਲੀਲ ਦਿੱਤੀ ਹੈ ਕਿ ਇਹ ਵੀ ਕਾਲੇ ਧਨ ਨੂੰ ਨਿਵੇਸ਼ ਕਰਨ ਦਾ ਆਸਾਨ ਢੰਗ ਹੈ)। ਫਿਰ ਵੀ ਸਰਕਾਰ ਨੇ ਕਾਲੇ ਧਨ ਦੇ ਮਾਮਲੇ ਨਾਲ ਨਜਿੱਠਣ ਲਈ ਇਹੀ ਰਸਤਾ ਕਿਉਂ ਚੁਣਿਆ ਗਿਆ ?

ਇਹ ਵਿਸ਼ੇਸ ਢੰਗ ਕੌਮਾਤਰੀ ਪੱਧਰ ਉੱਪਰ ਹੋ ਰਹੇ ਕਾਲੇ ਕਾਰੋਬਾਰ ਉਪਰ ਕਿਸੇ ਵੀ ਤਰ੍ਹਾਂ ਅਸਰ–ਅੰਦਾਜ ਨਹੀ. ਹੋਵੇਗਾ। ਜਿਹੜੇ ਅਜਿਹਾ ਕਾਰੋਬਾਰ ਕਰਦੇ ਹਨ ਅਤੇ ਆਪਣਾ ਧਨ ਸਵਿਸ਼ ਬੈਂਕਾਂ ਵਿੱਚ ਰਖਦੇ ਹਨ, ਨੋਟ ਬੰਦ ਕਰਨ ਨਾਲ ਪ੍ਰਭਾਵਿਤ ਨਹੀਂ ਹੋਣਗੇ। ਸਿੱਟੇ ਵਜੋਂ ਭਾਵੇਂ ਕਹਿਣ ਨੂੰ ਇਹ ਕਾਲੇ ਧਨ ਉੱਪਰ ਹਮਲਾ ਹੈ ਪਰ ਅਸਲ ਵਿੱਚ ਇਹ ਉਸਦੇ ਮੁਕਾਲਬਤਨ ਕਿਨਕੇ(ਭੋਰੇ) ਵੱਲ ਹੀ ਸੇਧਤ ਹੈ। ਮੇਰੇ ਵਿਚਾਰ ਅਨੁਸਾਰ ਇਹ ਪ੍ਰਭਾਵ ਦੇਣ ਦਾ ਨਾਟਕ ਹੈ ਕਿ ਸਰਕਾਰ ਕੁੱਝ ਕਰ ਰਹੀ ਹੈ। ਪਰ ਦੂਜੇ ਹੱਥ ਇਹ ਲੋਕਾਂ ਨੂੰ ਭੇਡਾਂ ਬਕਰੀਆਂ ਸਮਝ ਰਹੀ ਹੈ।

**- ਸਰਕਾਰ ਨੇ 2000 ਅਤੇ 500 ਰੁਪਏ ਦੇ ਨੋਟ ਜਾਰੀ ਕਰਨ ਦਾ ਐਲਾਨ ਕੀਤਾ ਹੈ ਅਤੇ ਹੁਣੇ ਹੀ 1000 ਰੁਪਏ ਦਾ ਨਵਾਂ ਨੋਟ ਵੀ। ਪਰ ਜੇ ਨਗਦੀ ਦੇ ਵੱਡੇ ਜਖੀਰੇ ਰੋਕਣ ਅਤੇ ਨਗਦੀ ਰਹਿਤ ਆਰਥਿਕਤਾ ਵੱਲ ਵਧਣ ਦਾ ਕਦਮ ਹੈ ਤਾਂ ਕੀ ਇਹ ਵਾਜਬ ਕਦਮ ਹੈ ?**

ਤੁਸੀਂ ਲੋਕਾਂ ਦੀ ਪੁੜਪੜੀ ਨਾਲ ਬੰਦੂਕ ਲਾਕੇ ਉਹਨਾਂ ਨੂੰ ਨਗਦੀ ਰਹਿਤ ਆਰਥਿਕਤਾ ਵੱਲ ਵੱਧਣ ਲਈ ਨਹੀਂ ਕਹਿ ਸਕਦੇ। ਇਹ ਸੁਭਾਵਿਕ ਹੀ ਹੋ ਸਕਦਾ ਹੈ ਕਿਉਂਕਿ ਇਹ ਕਰਨਾ ਸੌਖਾ ਅਤੇ ਗੜਬੜ ਰਹਿਤ ਹੋਵੇਗਾ। ਮਾਮਲਾ ਸਿੱਧਾ ਸਾਦਾ ਨਹੀਂ ਹੈ। ਜੇਕਰ ਤੁਸੀਂ ਹੁਣ ਭਾਰਤੀ ਸਟੇਟ ਬੈਂਕ ਵਿੱਚ ਖਾਤਾ ਖੋਲਣਾ ਚਾਹੁੰਦੇ ਹੋ ਤਾਂ ਤੁਹਾਨੂੰ 16 ਸਫਿਆਂ ਦਾ ਪ੍ਰਸ਼ਨ ਪੱਤਰ ਭਰਨਾ ਹੋਵੇਗਾ। ਨੁਕਤਾ ਇਹ ਹੈ ਕਿ ਇਹ ਬਹੁਤ ਔਖਾ ਸਫਰ ਹੋਵੇਗਾ ਅਤੇ ਇਸ ਤੋਂ ਵੀ ਅੱਗੇ ਹਰੇਕ ਚੈਕ ਦੇ ਭੁਗਤਾਨ ਉੱਪਰ ਬੈਂਕ ਕੱਝ ਖਰਚਾ(ਚਾਰਜ) ਵੀ ਵਸੂਲਦੇ ਹਨ। ਇਸ ਲਈ ਅਸਰਦਾਰ ਢੰਗ ਨਾਲ ਆਮ ਲੋਕਾਂ ਦੀ ਕਮਾਈ ਨੂੰ ਬੈਂਕਾਂ ਦੀਆਂ ਜੇਬਾਂ ਵਿੱਚ ਪਾਇਆ ਜਾ ਰਿਹਾ ਹੈ। ਪਰ ਆਮ ਨਗਦ ਲੈਣ ਦੇਣ ਵਿੱਚ ਮਾਮਲਾ ਇਉਂ ਨਹੀਂ ਹੈ। ਅਤੇ ਉਸ ਹਾਲਤ ਵਿੱਚ ਜਦੋਂ ਲੋਕ ਚੈਂਕਾਂ ਦੇ ਭੁਗਤਾਨ ਦੇ ਆਦੀ ਨਹੀਂ ਅਤੇ ਉਹ ਦਸਤਖਤ ਵੀ ਇਕਸਾਰ ਨਹੀਂ ਕਰ ਸਕਦੇ, ਤਾਂ ਬਹੁਤ ਵੱਡੀ ਮੁਸ਼ਕਲ ਹੋਣ ਵਾਲੀ ਹੈ। ਮੇਰੇ ਵਿਚਾਰ ਮੁਤਾਬਕ ਨਗਦੀ ਰਹਿਤ ਲੈਣ ਦੇਣ ਵਾਲੀ ਆਰਥਿਕਤਾ ਵੱਲ ਤਬਦੀਲੀ ਵੱਧ ਸਹਿਜ ਅਤੇ ਆਮ ਵਿਧੀ ਨਾਲ ਹੋਣੀ ਚਾਹੀਦੀ ਹੈ।

**-ਕੀ ਇਹ ਖਾਸ ਕਦਮ ਕਾਲੇ ਕਾਰੋਬਾਰ ਜਾਂ ਕਾਲੇ ਧਨ ਦੀ ਪੈਦਾਇਸ਼ ਉੱਪਰ ਅਸਰਦਾਇਕ ਹੋਵੇਗਾ ?**

ਮੈਨੂੰ ਨਹੀਂ ਲਗਦਾ ਅਜਿਹਾ ਹੋਵੇਗਾ। ਮੰਨ ਲਓ ਸਰਕਾਰੀ ਨੁਕਤਾ ਨਜ਼ਰ ਤੋਂ ਸੱਭ ਤੋਂ ਬਿਹਤਰ ਦ੍ਰਿਸ਼ ਕਿ ਕਾਲੇ ਧਨ ਵਾਲਿਆਂ ਤੋਂ ਕਰੰਸੀ ਨੋਟਾਂ ਦੀ ਇੱਕ ਮਾਤਰਾ ਸਰਕਾਰ ਕੋਲ ਤਬਦੀਲ ਹੋ ਜਾਂਦੀ ਹੈ। ਪ੍ਰੰਤੂ ਜਿਵੇਂ ਮੈਂ ਕਿਹਾ ਹੈ ਕਿ ਕਾਲਾਧਨ ਇੱਕ ਧੰਦਾ ਹੈ ਅਤੇ ਧੰਦੇ ਉੱਪਰ ਅਸਰ ਪਵੇਗਾ ਕਿਉਂਕਿ ਕਾਰੋਬਾਰ ਸਪੱਸ਼ਟ ਤੌਰ 'ਤੇ ਮੁਨਾਫਾ ਕਮਾ ਰਿਹਾ ਹੈ। ਮਿਸਾਲ ਵਜੋਂ ਅੱਗ ਨਾਲ ਫੈਕਟਰੀ ਤਬਾਹ ਹੋ ਜਾਂਦੀ ਹੈ, ਪਰ ਸਾਰੀ ਸਨਅੱਤ ਬੰਦ ਨਹੀਂ ਹੁੰਦੀ। ਸਭ ਤੋਂ ਵਧੀਆਂ ਮਨੌਤ ਵਿੱਚ ਵੀ ਕੁੱਝ ਕਾਰੋਬਾਰੀ ਇਸ ਨਾਲ ਇੱਕ ਵਾਰ ਵੱਡਾ ਨੁਕਸਾਨ ਉਠਾਉਣਗੇ। ਪ੍ਰੰਤੂ ਦੂਜੇ ਹੱਥ ਉਹ ਕਾਲਾਧਨ ਪੈਦਾ ਕਰਨਾ ਜਾਰੀ ਰੱਖਣਗੇ। ਕਾਲਾ ਧਨ ਜਖੀਰਾ ਨਹੀਂ ਸਗੋਂ ਵਹਾਅ ਹੈ ਇਹ ਗੱਲ ਬੁਨਿਆਦੀ ਹੈ।

**-ਜੇ ਸਰਕਾਰ ਇਸ ਸਬੰਧੀ ਕੋਈ ਗੰਭੀਰ ਕਦਮ ਚੁੱਕਣਾ ਚਾਹੁੰਦੀ ਹੈ ਤਾਂ ਉਹ ਕੀ ਹੋ ਸਕਦਾ ਹੈ?**

ਮੇਰੇ ਵਿਚਾਰ ਅਨੁਸਾਰ ਸਰਕਾਰ ਕੋਲ ਬਹੁਤ ਸਾਰੇ ਸੁਰਾਖ ਹਨ। ਇਸ ਨੂੰ ਵਿਦੇਸ਼ੀ ਜਮਾਂ ਰਾਸ਼ੀ ਅਤੇ ਵਿਦੇਸ਼ੀ ਕਾਰੋਬਾਰ ਬਾਰੇ ਸੁਰਾਖ ਹਨ। ਮੈਨੂੰ ਲਗਦਾ ਹੈ ਕਿ ਕਾਲੇਧਨ ਦੇ ਵੱਡੇ ਕਾਰੋਬਾਰੀਆਂ ਨੂੰ ਫੜ ਕੇ ਅਤੇ ਸਜ਼ਾ ਦੇ ਕੇ ਇੱਕ ਮਿਸਾਲ ਬਣਾਈ ਜਾਵੇ। ਸਟੈਫੀ ਗਿਰਾਫ਼ ਦੇ ਪਿਉ ਨੂੰ ਜ਼ੇਲ ਦੀ ਹਵਾ ਖਾਣੀ ਪਈ ਪਰ ਇੱਥੇ ਅਜਿਹਾ ਨਹੀਂ ਹੋਣ ਲੱਗਿਆ ਜਿੱਥੇ ਸਰਕਾਰ ਦੇ ਇੱਕ ਲਿਹਾਜ਼ਦਾਰ ਬੇਈਮਾਨ ਕਾਰੋਬਾਰੀਏ ਨੂੰ ਫੜੇ ਜਾਣ ਬਾਰੇ ਤੁਸੀਂ ਸੋਚ ਹੀ ਨਹੀਂ ਸਕਦੇ। ਸੋ ਮੇਰੇ ਵਿਚਾਰ ਅਨੁਸਾਰ ਇੱਕ ਇਮਾਨਦਾਰ ਸਖਤ ਮਿਹਨਤੀ ਕਰ ਪ੍ਰਸਾਸ਼ਨ ਅਤੇ ਸਰਕਾਰ ਪੱਖੋਂ ਮੰਤਵ ਪ੍ਰਤੀ ਇਮਾਨਦਾਰੀ ਦੀ ਬੇਹੱਦ ਲੋੜ ਹੈ।

**-ਸਰਕਾਰ ਨੇ ਆਪਣੇ ਇਸ ਕਦਮ ਦੇ ਪੱਖ ਵਿੱਚ ਕੁਝ ਹੋਰ ਕਾਰਨ ਵੀ ਦਿੱਤੇ ਹਨ -ਨਕਲੀ ਕਰੰਸੀ ਦੀ ਹੋਂਦ ਹੈ ਦਹਿਸ਼ਗਰਦੀ ਦੇ ਵਿੱਤੀ ਸ੍ਰੋਤਾਂ ਉੱਪਰ ਲਗਾਮ ਆਦਿ।**

ਫਰਜ਼ ਕਰੋ ਨਕਲੀ ਕਰੰਸੀ ਚੱਲ ਰਹੀ ਹੈ ਅਤੇ ਤੁਸੀ ? ਇੱਕ ਪ੍ਰਕਾਰ ਦੇ ਨੋਟ ਬਦਲਕੇ ਦੂਜੇ ਪ੍ਰਕਾਰ ਦੇ ਨੋਟ ਚਲਾਉਣੇ ਚਾਹੁੰਦੇ ਹੋ ਤਾਂ ਉਸ ਨੂੰ ਇੱਕ ਮਿਆਦੀ ਸਮੇਂ ਵਿੱਚ ਕੀਤਾ ਜਾ ਸਕਦਾ ਹੈ। ਅਗਲੇ ਇੱਕ ਦੋ ਦਿਨਾਂ ਵਿੱਚ ਭਾਰਤੀ ਬਾਜ਼ਾਰ ਵਿੱਚ ਨਕਲੀ ਕਰੰਸੀ ਦਾ ਹੜ ਆਉਣ ਵਾਲਾ ਹੈ। ਸਾਡੇ ਕੋਲ ਨੋਟ ਗਾਇਬ ਹੋਣ ਵਾਲੇ ਹਨ ਅਤੇ ਨਵੇਂ ਨੋਟ ਹੋਂਦ ਵਿੱਚ ਆ ਰਹੇ ਹਨ। ਕੋਈ ਵਕਤ ਸੀ ਕਿ ਸਾਡੇ ਕੋਲ ਆਨੇ ਅਤੇ ਪੈਸੇ ਆਦਿ ਸਨ, ਪਰ ਹੁਣ ਨਹੀਂ। ਉਸ ਕਿਸਮ ਦਾ ਬਦਲਾਅ ਜਿੱਥੇ ਮੌਜੂਦਾ ਨਕਲੀ ਨੋਟ ਖਤਮ ਕੀਤੇ ਜਾ ਰਹੇ ਸਨ, ਨਕਲੀ ਨੋਟਾਂ ਤੋਂ ਛੁਟਕਾਰਾ ਪਾਉਣ ਦਾ ਤਰੀਕਾ ਸੀ।ਨਵੇਂ ਨਕਲੀ ਨੋਟਾਂ ਤੋਂ ਜੇ ਕਰ ਬਚਾਅ ਹੋ ਸਕਦਾ ਹੈ ਤਾ ਵਧੀਆਂ ਹੈ, ਪਰ ਫੇਰ ਵੀ ਜੇਕਰ ਨਵੇਂ ਨਕਲੀ ਤੋਂ ਬਚਾਅ ਕਰਨਾ ਸੀ ਤਾਂ ਵੀ ਲੋਕਾਂ ਨੂੰ ਮੁਸ਼ਕਲ ਵਿੱਚ ਧੱਕਣ ਤੋਂ ਬਗੈਰ, ਇੱਕ ਮਿੱਥੇ ਆਮ ਮਿਆਦ ਸਮੇਂ ਵਿੱਚ ਕੀਤਾ ਜਾ ਸਕਦਾ ਸੀ।

ਇਉਂ ਲੱਗਦਾ ਹੈ ਸਰਕਾਰ ਇਸ ਕਦਮ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸੀ – ਜ਼ਿਹ ਰਿਪੋਰਟਾਂ ਆਈਆਂ ਹਨ ਕਿ ਬੈਂਕਾਂ ਕੋਲ 2000 ਰੁਪਏ ਦੇ ਨੋਟ ਪਏ ਹਨ ਅਤੇ ਅਤੇ ਛੋਟੀ ਕਰੰਸੀ ਖਤਮ ਹੋ ਗਈ, ਕਿਸੇ ਕੋਲ ਵੀ ਟੁੱਟੇ ਨੋਟ ਨਹੀਂ ਹਨ। – ਦੇਸ਼ ਵਿੱਚ ਕੁਲ ਨਗਦੀ 100 ਰੁਪਏ ਦੇ ਨੋਟ ਕੇਵਲ 15ਪ੍ਰਤੀਸ਼ਤ ਹੀ ਹਨ। ਤੁਹਾਡੇ ਮੁਤਾਬਕ ਹਾਲਤਾਂ ਨੂੰ ਆਮ ਹੋਣ ਵਿੱਚ ਵਿੱਚ ਕਿੰਨਾ ਸਮਾਂ ਲੱਗੇਗਾ ?

ਇਹ ਕਹਿਣਾ ਮੁਸ਼ਕਲ ਹੈ ਪਰ ਪਰ ਕੁੱਝ ਹਫਤੇ ਹੋਰ ਜ਼ਿੰਦਗੀ ਵੱਡੀ ਗਿਣਤੀ ਆਮ ਲੋਕਾਂ ਲਈ ਨਿਰਬਾਹ ਔਖਾ ਰਹੇਗਾ। ਪਰ ਮੈਂ ਹੈਰਾਨ ਹਾਂ ਕਿ ਜੇਕਰ ਰਿਜ਼ਬਰ ਬੈਂਕ ਦੇ ਗਵਰਨਰ ਦੇ ਇਹ ਗੱਲ ਧਿਆਨ ਵਿੱਚ ਸੀ ਤਾਂ ਇਸ ਤਰ੍ਹਾਂ ਦਾ ਆਪਰੇਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਉਹਨਾਂ ਨੇ ਨਵੇਂ ਨੋਟਾਂ ਨਾਲ ਬਣਦੀ ਤਿਆਰੀ ਕਿਉਂ ਨਹੀਂ ਕੀਤੀ। ਇਹ ਹਰੇ ਇੱਕ ਲਈ ਔਖਾ ਹੈ। ਤੁਸੀਂ (ਰਿਜ਼ਰਵ ਬੈਂਕ) ਬਦਲਵੇਂ ਨੋਟਾਂ ਤੋਂ ਬਿਨਾਂ ਚੱਲ ਬਹੀ ਕਰੰਸੀ ਦਾ ਵੱਡਾ ਹਿੱਸਾ ਕਿਵੇਂ ਬੰਦ ਕਰ ਸਕਦੇ ਹੋ ? ਹੁਣ ਕੁਝ ਸਮਾਂ ਤਾਂ ਬਹੁਤ ਹੀ ਬੁਰਾ ਹੋਵੇਗਾ। ਆਓ ਆਪਾਂ ਸਪੱਸ਼ਟ ਹੋਈਏ ਕਿ ਹਰ ਇੱਕ ਕੁੱਝ ਹੱਦ ਤੱਕ ਨਗਦ ਲੈਣ ਦੇਣ ਕਰਦਾ ਹੈ। ਤੁਹਾਡੇ ਕੋਲ ਸਬਜ਼ੀਆਂ ਅਤੇ ਭਾਂਡੇ ਚਰੀਦਣ ਲਈ ਬੈਂਕ ਚੈੱਕ ਨਹੀਂ ਹਨ। ਇਸ ਕਰਕੇ ਕੇਵਲ ਬੈਂਕ ਖਾਤਿਆਂ ਵਾਲੇ। ਹੀ ਨਹੀਂ ਸਗੋਂ ਹਰੇਕ ਮਸੀਬਤ ਵਿੱਚ ਹੈ। ਮੇਰੀ ਮੁਸ਼ਕਲ ਹੈ ਕਿ ਮੈਂ ਆਟੋਰਿਕਸ਼ਾ ਨਹੀਂ ਲੈ ਸਕਦਾ। ਇਹ ਬਿਨਾ ਸੋਚਿਆ ਵਿਚਾਰਿਆ ਕਦਮ ਹੈ। (ਇਹ ਆਮ ਲੋਕਾਂ ਦੇ ਕਾਰੋਬਾਰ ਅਤੇ ਕਿਰਤ ਕਮਾਈ ਖੋਹਣ ਦਾ ਸੋਚਿਆ ਸਮਝਿਆ ਕਦਮ ਹੈ : ਅਨੁਵਾਦਕ)

**ਅਨੁਵਾਦ:ਪ੍ਰਿਤਪਾਲ ਸਿੰਘ ਬਠਿੰਡਾ**

# ਭਾਰਤ-ਅਮਰੀਕਾ ਯੁੱਧਨੀਤਕ ਸਮਝੌਤੇ ਦੀ ਅਸਲੀਅਤ

- ਮੋਹਨ ਸਿੰਘ

29 ਅਗਸਤ 2016 ਨੂੰ ਭਾਰਤੀ ਰੱਖਿਆ ਮੰਤਰੀ ਮਨੋਹਰ ਪਰੀਕਰ ਅਤੇ ਉਸ ਦੇ ਹਮਰੁਤਬਾ ਅਮਰੀਕੀ ਰੱਖਿਆ ਮੰਤਰੀ ਐਸ਼ਟਨ ਕਾਰਟਰ ਵੱਲੋਂ ਲੋਜਿਸਟਿਕਸ ਐਕਸਚੇਂਜ ਮੈਮੋਰੰਡਮ ਆਫ ਐਗਰੀਮੈਂਟ (ਲੈਮੋਆ) ਯੁੱਧਨੀਤਕ ਕਰਾਰ ਸਹੀਬੰਦ ਕੀਤਾ ਗਿਆ ਹੈ। ਇਸ ਕਰਾਰ ਅਨੁਸਾਰ ਦੋਵਾਂ ਦੇਸ਼ਾਂ ਦੀਆਂ ਫੌਜਾਂ ਸਵੈ ਤੌਰ 'ਤੇ ਇਕ ਦੂਜੇ ਦੇਸ਼ ਦੇ ਸਮੁੰਦਰੀ ਅਤੇ ਫ਼ੌਜੀ ਅੱਡਿਆਂ ਦੀ ਵਰਤੋਂ ਕਰਦਿਆਂ ਇਕ ਦੂਜੇ ਨੂੰ ਫ਼ੌਜੀ ਸਾਜੋ ਸਮਾਨ ਦਾ ਅਦਾਨ ਪ੍ਰਦਾਨ, ਮੁਰੰਮਤ ਅਤੇ ਮਾਲ ਸਪਲਾਈ ਕਰ ਸਕਣਗੀਆਂ। ਦੋਵਾਂ ਦੇਸ਼ਾਂ ਦਾ ਦਾਅਵਾ ਹੈ ਕਿ ਇਸ ਕਰਾਰ ਨਾਲ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਦੀ ਆਪਸੀ ਮਿਲਵਰਤੋਂ ਨਾਲ ਫ਼ੌਜੀ ਅਪਰੇਸ਼ਨਾਂ ਦੀ ਆਕਰਮਕ ਸਮਰੱਥਾ ਵਿੱਚ ਵਾਧਾ ਹੋਵੇਗਾ। ਮੋਦੀ ਸਰਕਾਰ ਵੱਲੋਂ ਅਮਰੀਕਾ ਨੂੰ ਆਪਣੇ ਅੱਡੇ ਵਰਤਣ ਦੇਣ ਦਾ ਕਰਾਰ ਕਰਨਾ ਭਾਰਤ ਦੀ 'ਪ੍ਰਭੂਸਤਾ' ਨੂੰ ਖੋਰਾ ਲਾਉਣ ਦੇ ਤੁੱਲ ਹੋਣ ਕਰਕੇ ਰੱਖਿਆ ਮੰਤਰੀ ਪਰੀਕਰ ਨੂੰ ਸਮਝੌਤਾ ਸਹੀਬੰਦ ਕਰਨ ਤੋਂ ਫੌਰੀ ਬਾਅਦ ਪੈਂਟਾਗਨ 'ਚ ਸਾਂਝੀ ਕਾਨਫਰੰਸ 'ਚ ਕਹਿਣਾ ਪਿਆ ਕਿ 'ਲਮੋਆ' ਕਰਾਰ ਵਿੱਚ ਅਮਰੀਕਾ ਵੱਲੋਂ ਭਾਰਤ ਅੰਦਰ ਫ਼ੌਜੀ ਅੱਡੇ ਬਣਾਉਣ ਦੀ ਕੋਈ ਗੱਲ ਨਹੀਂ ਹੈ। ਪਰ ਪਰੀਕਰ ਨੇ ਨਾਲ ਹੀ ਕਿਹਾ ਕਿ ਇਸ ਕਰਾਰ ਨੂੰ ਸੰਚਾਲਿਤ ਕਰਨ ਲਈ ਇਕ ਸੰਸਥਾਗਤ ਢਾਂਚਾ ਮੁਹੱਈਆ ਕਰਾਉਣ ਦੀ ਵਿਵਸਥਾ ਵੀ ਕੀਤੀ ਗਈ ਹੈ ਜਿਸ ਵਿੱਚ ਖਾਣਾ, ਪਾਣੀ, ਰਿਹਾਇਸ਼, ਟਰਾਂਸਪੋਰਟ, ਪੈਟਰੋਲੀਅਮ, ਤੇਲ, ਲੁਬਰੀਕੈਂਟ, ਕਪੜੇ, ਸਿਹਤ ਸੇਵਾਵਾਂ, ਕਲਪੁਰਜੇ, ਮੁਰੰਮਤ ਅਤੇ ਦੇਖਭਾਲ ਸੇਵਾਵਾਂ, ਟਰੇਨਿੰਗ ਸੇਵਾਵਾਂ ਅਤੇ ਹੋਰ ਸਾਜੋ ਸਮਾਨ ਦੀਆਂ ਵਸਤਾਂ ਅਤੇ ਸੇਵਾਵਾਂ ਸ਼ਾਮਿਲ ਹਨ। ਸਾਂਝੇ ਬਿਆਨ ਵਿੱਚ ਦੱਸਿਆ ਗਿਆ ਕਿ 'ਉਹ ਇਸ ਗੱਲ 'ਤੇ ਵੀ ਇਕਮੱਤ ਹੋਏ ਹਨ ਕਿ ਇਹ ਢਾਂਚਾ ਰੱਖਿਆ ਤਕਨੀਕ ਅਤੇ ਵਪਾਰ ਸਹਿਯੋਗ ਵਿੱਚ ਸ਼ਾਨਦਾਰ ਤੇ ਆਧੁਨਿਕ ਮੌਕੇ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਅਮਰੀਕਾ ਇਸ ਸਬੰਧ ਵਿੱਚ ਭਾਰਤ ਨਾਲ ਰੱਖਿਆ, ਵਪਾਰ ਅਤੇ ਤਕਨੀਕੀ ਭਾਈਵਾਲੀ ਨੂੰ ਉਸ ਪੱਧਰ ਤੱਕ ਲਿਜਾਣ ਲਈ ਸਹਿਮਤ ਹੋਇਆ ਹੈ ਜੋ ਉਸ ਦੇ ਨਜਦੀਕੀ ਸਹਿਯੋਗੀਆਂ ਤੇ ਭਾਈਵਾਲਾਂ ਨੂੰ ਹਾਸਿਲ ਹੈ'। ਇਸ ਦਾ ਇਹ ਅਰਥ ਹੈ ਕਿ ਭਾਰਤੀ ਸਰਕਾਰ ਅਮਰੀਕੀ ਸੈਨਾਵਾਂ ਲਈ ਭਾਰਤ 'ਚ 'ਰੋਟੀ, ਕੱਪੜਾ ਅਤੇ ਮਕਾਨ' ਖਾਣਾ, ਪਾਣੀ, ਕਪੜੇ ਅਤੇ ਰਿਹਾਇਸ਼ ਤੋਂ ਵੱਧ ਕੇ ਸਿਹਤ ਸੇਵਾਵਾਂ ਆਦਿ ਸਭ ਕਾਸੇ ਦਾ ਪ੍ਰਬੰਧ ਕਰੇਗੀ। ਪਰ ਅਮਰੀਕਾ ਭਾਰਤ ਨਾਲ 'ਰੱਖਿਆ, ਵਪਾਰ ਅਤੇ ਤਕਨੀਕੀ ਭਾਈਵਾਲੀ ਨੂੰ ਉਸ ਪੱਧਰ ਤੱਕ ਲਿਜਾਣ ਲਈ ਸਹਿਮਤ ਹੋਇਆ ਹੈ ਜੋ ਉਸ ਦੇ ਨਜਦੀਕੀ ਸਹਿਯੋਗੀਆਂ ਤੇ ਭਾਈਵਾਲਾਂ ਨੂੰ ਹਾਸਿਲ ਹੈ' ਇਸ ਦਾ ਇਹ ਅਰਥ ਹੈ ਕਿ ਅਮਰੀਕਾ ਭਾਰਤ ਨੂੰ ਅਤਿ-ਆਧੁਨਿਕ ਅਤੇ ਅਤਿ-ਸੂਖਮ ਤਕਨੀਕ ਨਹੀਂ ਦੇਵੇਗਾ। ਮੋਦੀ ਸਰਕਾਰ ਨੇ ਕੇਵਲ ਹਵਾਈ ਅਤੇ ਸਮੁੰਦਰੀ ਅੱਡੇ ਹੀ ਅਮਰੀਕਾ ਲਈ ਨਹੀਂ ਖੋਲੇ ਸਗੋਂ ਇਸ ਨੇ ਵਿਦੇਸ਼ੀ ਨਿਵੇਸ਼ਕਾਰਾਂ ਨੂੰ, (ਪਾਕਿਸਤਾਨ ਅਤੇ ਚੀਨ ਨੂੰ ਛੱਡ ਕੇ) ਜਿਨਾਂ ਨੇ 18 ਮਹੀਨਿਆਂ ਵਿੱਚ 10 ਕਰੋੜ ਰੁਪਏ ਜਾਂ 36 ਮਹੀਨਿਆਂ ਵਿੱਚ 25 ਕਰੋੜ ਦਾ ਸਿੱਧਾ ਨਿਵੇਸ਼ ਕੀਤਾ ਹੋਵੇ ਅਤੇ ਜਿਨਾਂ ਨੇ 20 ਭਾਰਤੀਆਂ ਨੂੰ ਰੁਜ਼ਗਾਰ ਦਿੱਤਾ ਹੋਵੇ, ਨੂੰ 10 ਸਾਲਾਂ ਦਾ ਪੱਕਾ ਰਿਹਾਇਸ਼ੀ ਸਟੇਟਸ ਦੇਣ ਦੀ ਕਾਨੂੰਨੀ ਇਜਾਜ਼ਤ ਦੇ ਦਿੱਤੀ ਹੈ। ਇਹ ਰਿਹਾਇਸ਼ੀ ਮਨਜ਼ੂਰੀ 10 ਸਾਲਾਂ ਬਾਅਦ ਵਾਰ ਵਾਰ ਨਵਿਆਈ ਜਾ ਸਕਦੀ ਹੈ ਭਾਵ ਨਿਵੇਸ਼ਕਾਰ ਪੱਕੇ ਤੌਰ 'ਤੇ ਭਾਰਤ ਵਿੱਚ ਰਹਿ ਸਕਦੇ ਹਨ। ਜਿਸ ਦਾ ਅਰਥ ਇਹ ਹੈ ਕਿ ਅਮਰੀਕਾ ਦਾ ਫ਼ੌਜੀ ਅਮਲਾ ਫੈਲਾ ਭਾਰਤ ਵਿੱਚ ਪੱਕਾ ਡੇਰਾ ਲਾ ਸਕਦਾ ਹੈ।

ਇਸ ਤਰ੍ਹਾਂ ਇਸ ਕਰਾਰ ਨਾਲ ਭਾਜਪਾ ਦੀ ਮੋਦੀ ਸਰਕਾਰ ਨੇ ਦੁਨੀਆਂ ਦੀ ਇਕੋ ਇਕ ਮਹਾਂਸ਼ਕਤੀ ਅਮਰੀਕਾ ਨਾਲ ਆਪਣੀ ਕਰੰਘੜੀ ਹੋਰ ਮਜਬੂਤ ਕਰ ਲਈ ਹੈ। ਭਾਵੇਂ ਅਟੱਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਭਾਜਪਾ ਦੀ ਐਨਡੀਏ ਸਰਕਾਰ ਹੋਵੇ ਅਤੇ ਭਾਵੇਂ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਹੋਵੇ, ਦੋਨਾਂ ਨੇ ਹੀ ਸੋਵੀਅਤ ਯੂਨੀਅਨ ਦੇ ਖਿੰਡਣ ਬਾਅਦ 1990ਵਿਆਂ 'ਚ ਅਮਰੀਕਾ ਨਾਲ ਆਪਣੇ ਸਬੰਧ ਵਧਾਉਣੇ ਸ਼ੁਰੂ ਕਰ ਦਿੱਤੇ ਸਨ। ਅਟੱਲ ਬਿਹਾਰੀ ਵਾਜਪਾਈ ਨੇ ਭਾਜਪਾ ਦੀ ਐਨਡੀਏ ਸਰਕਾਰ ਸਮੇਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਅਮਰੀਕਾ ਭਾਰਤ ਦਾ ਕੁਦਰਤੀ ਸੰਗੀ ਹੈ ਅਤੇ ਇਹ ਦੋਵੇਂ ਦੇਸ਼ ਦੁਨੀਆਂ ਦੀਆਂ ਸਭ ਤੋਂ ਵੱਡੀਆਂ ਜਮਹੂਰੀਅਤਾਂ ਹਨ। ਵਾਜਪਾਈ ਸਰਕਾਰ ਨੇ 1995 'ਚ ਅਮਰੀਕਾ ਨਾਲ 'ਸੁਰੱਖਿਆ ਲਈ ਸਹਿਮਤੀ ਮਸੌਦਾ' ਤਿਆਰ ਕਰਕੇ ਇਸ ਨੂੰ ਅਮਰੀਕਾ-ਭਾਰਤੀ ਸਬੰਧਾਂ 'ਚ ਇਕ ਨਵਾਂ ਅਧਿਆਇ ਕਿਹਾ ਗਿਆ। ਇਸ ਤੋਂ ਬਾਅਦ ਮਨਮੋਹਨ ਸਿੰਘ ਦੀ ਯੂਪੀਏ ਸਰਕਾਰ ਵੱਲੋਂ 2005 'ਚ 'ਭਾਰਤ-ਅਮਰੀਕਾ ਸੁਰੱਖਿਆ ਮਿਲਵਰਤਨ ਸਮਝੌਤਾ' ਕੀਤਾ ਗਿਆ। 2005 ਵਿੱਚ ਹੀ ਅਮਰੀਕਾ-ਭਾਰਤ ਪ੍ਰਮਾਣੂ ਸਮਝੌਤੇ ਲਈ ਸ਼ੁਰੂ ਹੋਈ ਗੱਲਬਾਤ ਦਾ ਸਿੱਟਾ 'ਭਾਰਤ-ਅਮਰੀਕਾ ਪ੍ਰਮਾਣੂ ਸਮਝੌਤੇ 2008' ਵਿੱਚ ਨਿਕਲਿਆ। ਭਾਰਤ ਨੂੰ ਆਪਣਾ ਸਿਵਲ ਅਤੇ ਫੌਜੀ ਪ੍ਰਮਾਣੂ ਪ੍ਰੋਗਰਾਮ ਨੂੰ ਅਲੱਗ ਅਲੱਗ ਕਰਕੇ ਪ੍ਰਮਾਣੂ ਧਮਾਕੇ ਨਾ ਕਰਨ ਦਾ ਭਰੋਸਾ ਦੇਣਾ ਪਿਆ। ਪਰ ਭਾਰਤ ਵੱਲੋਂ ਅਮਰੀਕਾ ਨੂੰ ਦੋਸਤੀ ਦੀ ਗੁਹਾਰ ਲਾਉਣ ਦੇ ਬਾਵਜੂਦ ਅਮਰੀਕਾ ਨੇ ਉਸ ਨੂੰ ਇਕ ਪ੍ਰਮਾਣੂ ਸੰਪੰਨ ਤਾਕਤ ਦੇ ਤੌਰ 'ਤੇ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਅਮਰੀਕਾ ਨੇ ਭਾਰਤ ਉਪਰ ਦਬਾਅ ਜਾਰੀ ਰੱਖਦਿਆਂ 2007-08 ਦੌਰਾਨ ਤਿੰਨ ਬੁਨਿਆਦੀ ਕਰਾਰ ਕੀਤੇ ਜਿਨਾਂ ਵਿੱਚ ਲੌਜਿਸਟਿਕ ਸਪੋਰਟ ਐਗਰੀਮੈਂਟ (ਐਲਐਸਏ), ਕਮਿਊਨੀਕੇਸ਼ਨ ਇੰਟਰਪੈਰੇਬਲਟੀ ਐਂਡ ਸਿਕਿਊਰਟੀ ਮੈਮੋਰੈਂਡਮ ਐਗਰੀਮੈਂਟ (ਸੀ. ਐਸ. ਆਈ. ਐਮ. ਓ) ਅਤੇ ਮੁੱਢਲਾ ਵਟਾਂਦਰਾ ਅਤੇ ਮਿਲਵਰਤਨ ਸਮਝੌਤਾ (ਬੀ. ਈ. ਸੀ. ਏ) ਸ਼ਾਮਿਲ ਹਨ। ਇਨ੍ਹਾਂ ਵਿੱਚ ਕਿਹਾ ਗਿਆ ਕਿ ਅਮਰੀਕਾ-ਭਾਰਤ ਦੇ ਸੁਰੱਖਿਆ ਤਕਨੀਕ ਦੇ ਤਬਾਦਲੇ, ਲਾਈਸੈਂਸ ਦੇਣ, ਖੋਜ ਕਰਨ, ਸੇਵਾਵਾਂ, ਸਾਂਝਾ ਵਿਕਾਸ ਅਤੇ ਮਿਲਵਰਤਣ ਵਿੱਚ ਇਕ ਦੂਜੇ ਨਾਲ ਸਾਂਤੀ ਲਈ ਹਿੱਤ ਸਾਂਝੇ ਹਨ।




ਹੁਣ ਸਵਾਲ ਪੈਦਾ ਹੁੰਦਾ ਹੈ ਕਿ ਭਾਰਤੀ ਹਾਕਮਾਂ ਨੂੰ ਅਮਰੀਕਾ ਨਾਲ ਅਜਿਹੇ ਸਮਝੌਤੇ ਕਰਨ ਦੀ ਕੀ ਲੋੜ ਸੀ? ਦਰਅਸਲ ਭਾਰਤੀ ਹੁਕਮਰਾਨਾ ਨੇ 1947 ਤੋਂ ਬਾਅਦ ਕਦੇ ਵੀ ਸੁਤੰਤਰ ਨੀਤੀਆਂ ਨਹੀਂ ਅਪਣਾਈਆ। ਇਹ ਕਦੇ ਇਕ ਅਤੇ ਕਦੇ ਦੂਜੀ ਮਹਾਂ-ਸ਼ਕਤੀ ਦੇ ਲੜ ਲੱਗ ਕੇ ਭਾਰਤੀ ਉਪ-ਮਹਾਂਦੀਪ ਵਿੱਚ ਆਪਣੀ ਚੌਧਰ ਜਮਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ ਪਰ ਅਜਿਹਾ ਕਰਨ ਲਈ ਇਨ੍ਹਾਂ ਨੂੰ ਕਿਸੇ ਮਹਾਂ-ਸ਼ਕਤੀ ਦੀ ਛਤਰੀ ਦੀ ਲੋੜ ਲੈਣੀ ਪੈਂਦੀ ਹੈ। ਅਟੱਲ ਬਿਹਾਰੀ ਵਾਜਪਾਈ ਨੇ ਪੂਰਬੀ ਪਾਕਿਸਤਾਨ 'ਤੇ ਹਮਲਾ ਕਰਨ ਸਮੇਂ ਇੰਦਰਾ ਗਾਂਧੀ ਨੂੰ ਦੁਰਗਾ ਦਾ ਦਰਜਾ ਦਿੱਤਾ ਸੀ। ਪਰ ਇਸ 'ਦੁਰਗਾ' ਨੂੰ 1971 ਵਿੱਚ ਪੂਰਬੀ ਪਾਕਿਸਤਾਨ 'ਤੇ ਹਮਲਾ ਕਰਕੇ ਬੰਗਲਾ ਦੇਸ਼ ਬਣਾਉਣ ਸਮੇਂ ਸੋਵੀਅਤ ਯੂਨੀਅਨ ਨਾਲ ੨੦ ਸਾਲਾ ਸੰਧੀ ਕਰਨੀ ਪਈ ਸੀ। ਮੋਦੀ ਸਰਕਾਰ ਦਾ ਅਮਰੀਕਾ ਨਾਲ ਸਾਂਝ ਵਧਾਉਣ ਦਾ ਇਕ ਵੱਡਾ ਕਾਰਨ ਚੀਨ ਦਾ ਇਕ ਵੱਡੀ ਤਾਕਤ ਬਣ ਕੇ ਉਭਰਨਾ ਹੈ। ਚੀਨ ਵੱਲੋਂ ਭਾਰਤ ਦੇ ਗੁਆਂਢੀ ਮੁਲਕਾਂ ਨੇਪਾਲ, ਪਾਕਿਸਤਾਨ, ਸ੍ਰੀਲੰਕਾ, ਮੀਆਂਮਾਰ ਅਤੇ ਬੰਗਲਾਦੇਸ਼ ਨਾਲ ਆਪਣੇ ਸਬੰਧ ਵਧਾਉਣ ਕਰਕੇ ਭਾਰਤ ਦੇ ਇਹ ਗੁਆਂਢੀ ਮੁਲਕ ਭਾਰਤੀ ਹਾਕਮਾਂ ਦੀ ਚੌਧਰ ਕਬੂਲ ਨਹੀਂ ਕਰਦੇ। ਪਰ ਭਾਰਤ ਦਾ ਦੁਖਾਂਤ ਇਹ ਹੈ ਕਿ ਭਾਰਤ ਨੇ 1947 ਤੋਂ ਬਾਅਦ ਪੂੰਜੀਵਾਦੀ ਵਿਕਾਸ ਦਾ ਜੋ ਮਾਡਲ ਅਖਤਿਆਰ ਕੀਤਾ ਹੈ, ਉਹ ਵਿਕਸਤ ਅਤੇ ਵਿਸ਼ੇਸ਼ ਕਰਕੇ ਅਮਰੀਕਾ 'ਤੇ ਨਿਰਭਰਤਾ ਵਾਲਾ ਮਾਡਲ ਹੈ ਜਿਸ ਕਾਰਨ ਭਾਰਤ ਕਿਸੇ ਵੀ ਖੇਤਰ ਵਿੱਚ ਕੌਮਾਂਤਰੀ ਮੰਡੀ ਵੱਚ ਮੁਕਾਬਲੇਬਾਜ਼ੀ ਵਿੱਚ ਪੈਣ ਜੋਗਾ ਨਾ ਹੋਣ ਕਰਕੇ ਇਹ ਵਿਸ਼ਵ ਮੰਡੀ ਵਿੱਚ ਆਪਣੀ ਥਾਂ ਨਹੀਂ ਬਣਾ ਸਕਿਆ। ਪਰ ਚੀਨ ਦੀ ਵਧਦੀ ਤਾਕਤ ਏਸ਼ੀਆ 'ਚ ਅਮਰੀਕਾ ਦੇ ਗਲਬੇ ਨੂੰ ਚੁਣੌਤੀ ਦੇ ਰਹੀ ਹੈ। ਅੰਤਰਰਾਸ਼ਟਰੀ ਟ੍ਰਿਬਿਊਨਲ ਵੱਲੋਂ ਦੱਖਣੀ ਚੀਨੀ ਸਾਗਰ ਬਾਰੇ ਚੀਨ ਦੇ ਉਲਟ ਫੈਸਲਾ ਦੇਣ ਦੇ ਬਾਵਜੂਦ ਚੀਨ ਇਸ ਉਪਰ ਆਪਣਾ ਏਕਾਅਧਿਕਾਰ ਜਮਾ ਰਿਹਾ ਹੈ ਅਤੇ ਅਜਿਹਾ ਕਰਨ ਲਈ ਇਹ ਰੂਸ ਨਾਲ ਫ਼ੌਜੀ ਮਸ਼ਕਾਂ ਕਰ ਰਿਹਾ ਹੈ।

ਉਧਰ ਅਮਰੀਕਾ ਦਾ ਦੁਨੀਆਂ 'ਤੇ ਗਲਬਾ ਲਗਾਤਾਰ ਘਟ ਰਿਹਾ ਹੈ। ਅਮਰੀਕਾ ਨੂੰ ਦਰਮੇਸ਼ ਆਰਥਿਕ ਸੰਕਟ ਨੇ ਦੁਨੀਆਂ 'ਚ ਅਮਰੀਕੀ ਆਰਥਿਕਤਾ ਦੇ ਸਰਬਸ਼ਕਤੀਮਾਨ ਹੋਣ ਦੇ ਭੁਲੇਖੇ ਨੂੰ ਦੂਰ ਕਰ ਦਿੱਤਾ ਹੈ। ਚੀਨੀ ਆਰਥਿਕਤਾ ਵੀ ਭਾਵੇਂ ਸੰਕਟ ਵਿੱਚ ਹੈ ਪਰ ਫਿਰ ਵੀ ਚੀਨ ਦੀ ਵਧਦੀ ਕੁੱਲ ਘਰੇਲੂ ਪੈਦਾਵਾਰ, ਵਪਾਰ ਅਤੇ ਫ਼ੌਜੀ ਸ਼ਕਤੀ ਕਾਰਨ ਚੀਨ ਦਾ ਵਿਸ਼ਵ ਵਿੱਚ ਅਤੇ ਵਿਸ਼ੇਸ਼ ਕਰਕੇ ਪੂਰਬੀ ਏਸ਼ੀਆ 'ਚ ਪ੍ਰਭਾਵ ਵੱਧ ਰਿਹਾ ਹੈ। ਉਧਰ ਅਫ਼ਗਾਨਿਸਤਾਨ ਅਤੇ ਇਰਾਕ 'ਤੇ ਅਮਰੀਕੀ ਹਮਲਿਆਂ ਦੀਆਂ ਅਸਫਲਤਾਵਾਂ ਕਾਰਨ ਮੱਧ ਏਸ਼ੀਆ 'ਚ ਸੀਰੀਆ, ਇਰਾਕ, ਇਰਾਨ, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਅਮਰੀਕਾ ਲਈ ਭਰੋਸੇਯੋਗ ਸੰਗੀ ਨਹੀਂ ਰਹੇ। ਇਸ ਕਰਕੇ ਅਮਰੀਕਾ ਨੂੰ ਚੀਨ ਅਤੇ ਰੂਸ ਨੂੰ ਘੇਰਨ ਲਈ ਭਰੋਸੇਯੋਗ ਪਿੱਠੂਆਂ ਦੀ ਜ਼ਰੂਰਤ ਹੈ। ਸੋਵੀਅਤ ਯੂਨੀਅਨ ਦੇ ਖਿੰਡਣ ਬਾਅਦ ਭਾਰਤੀ ਹਾਕਮ ਅਮਰੀਕਨ ਬੇੜੇ ਦੇ ਸਵਾਰ ਹੋ ਗਏ ਹਨ। ਭਾਰਤ ਨੇ ਅਮਰੀਕਾ ਨਾਲ ਦੁਵੱਲੇ ਫ਼ੌਜੀ ਅੱਡੇ ਵਰਤਣ ਦਾ ਜੋ ਸਮਝੌਤਾ ਕੀਤਾ ਹੈ, ਉਨਾਂ ਨੂੰ ਅਸਲ ਇਹ ਅਮਰੀਕਾ ਵਰਤੇਗਾ। ਭਾਰਤ ਕੋਲ ਅਮਰੀਕਾ ਦੇ ਅੱਡੇ ਵਰਤ ਸਕਣ ਦੀ ਪਰੋਖੋਂ ਨਹੀਂ ਹੈ। ਭਾਰਤ ਆਰਥਿਕ ਤੌਰ 'ਤੇ ਇਕ ਕਮਜ਼ੋਰ ਮੁਲਕ ਹੈ। ਭਾਰਤ ਦਾ ਕੁੱਲ ਫ਼ੌਜੀ ਬਜਟ ਕੇਵਲ 48 ਅਰਬ ਡਾਲਰ ਹੈ, ਉਸ ਦੇ ਮੁਕਾਬਲੇ ਅਮਰੀਕਾ ਦਾ ਫ਼ੌਜੀ ਬਜਟ 597 ਅਰਬ ਡਾਲਰ ਹੈ। ਜਿਥੇ ਭਾਰਤ ਕੋਲ 2080 ਹਵਾਈ, 295 ਸਮੁੰਦਰੀ ਜਹਾਜ ਅਤੇ ਛੋਟੇ ਛੋਟੇ ਦੇਸ਼ਾਂ 'ਚ 7 ਅੱਡੇ ਹਨ, ਉਥੇ ਅਮਰੀਕਾ ਕੋਲ ਅਤਿ-ਆਧੁਨਿਕ 13,444 ਹਵਾਈ, 415 ਸਮੁੰਦਰੀ ਜਹਾਜ ਅਤੇ ਦੁਨੀਆਂ ਭਰ 'ਚ 130 ਦੇਸ਼ਾਂ ਵਿੱਚ 900 ਫ਼ੌਜੀ ਅੱਡੇ ਹਨ ਜਿਨਾਂ 'ਤੇ 150 ਅਰਬ ਡਾਲਰ ਸਾਲਾਨਾ ਖ਼ਰਚਾ ਆਉਂਦਾ ਹੈ ਜੋ ਭਾਰਤ ਦੇ ਕੁੱਲ ਫ਼ੌਜੀ ਬਜਟ ਦੇ ਤਿਗਣੇ ਤੋਂ ਵੀ ਵੱਧ ਹੈ। ਅਮਰੀਕਾ ਦੀ ਸੰਸਾਰ ਫੌਜੀ ਯੁੱਧ ਨੀਤੀ ਰੂਸ ਅਤੇ ਚੀਨ ਨੂੰ ਘੇਰ ਕੇ ਸਾਰੀ ਦੁਨੀਆਂ ਉਤੇ ਚੌਧਰ ਸਥਾਪਤ ਕਰਨ ਦੀ ਹੈ। ਪਹਿਲਾਂ ਠੰਡੀ ਜੰਗ ਵੇਲੇ ਅਮਰੀਕਾ ਨੇ ਸੋਵੀਅਤ ਯੂਨੀਅਨ ਦੀ ਘੇਰਾਬੰਦੀ ਕਰਨ ਲਈ ਬਹੁਤੇ ਅੱਡੇ ਯੂਰਪੀ ਦੇਸ਼ਾਂ 'ਚ ਬਣਾ ਕੇ ਆਪਣੀਆਂ ਮਿਜ਼ਾਈਲਾਂ ਸੋਵੀਅਤ ਯੂਨੀਅਨ ਵੱਲ ਨੂੰ ਬੀੜੀਆਂ ਹੋਈਆਂ ਸਨ ਅਤੇ ਦੂਜੇ ਪਾਸੇ ਸੋਵੀਅਤ ਯੂਨੀਅਨ ਨੇ ਵੀ ਅਜਿਹਾ ਹੀ ਕੀਤਾ ਹੋਇਆ ਸੀ। ਇਸ ਕਰਕੇ ਠੰਡੀ ਜੰਗ ਸਮੇਂ ਸੰਸਾਰ ਜੰਗ ਦੇ ਅਖਾੜੇ ਲਈ ਯੂਰਪ ਕੇਂਦਰ ਬਣਿਆ ਹੋਇਆ ਸੀ। ਉਸ ਸਮੇਂ ਜੰਗ ਰੋਕਣ ਲਈ ਯੂਰਪ ਵਿੱਚ ਇਕ ਤਾਕਤਵਰ ਸ਼ਾਂਤੀ ਲਹਿਰ ਦਾ ਉਠਾਣ ਹੋਇਆ ਸੀਭ ਹੁਣ ਵੀ ਭਾਵੇਂ ਅਮਰੀਕਾ ਲਈ ਰੂਸ ਵੀ ਇਕ ਫ਼ੌਜੀ ਚੁਣੌਤੀ ਬਣਿਆ ਹੋਇਆ ਹੈ ਪਰ ਹੁਣ ਰੂਸ ਨਾਲੋਂ ਉਸ ਲਈ ਵੱਡੀ ਚੁਣੌਤੀ ਚੀਨ ਬਣ ਕੇ ਉਭਰਿਆ ਹੈ। ਸੋਵੀਅਤ ਯੂਨੀਅਨ ਦੇ ਖਿੰਡਣ ਤੋਂ ਬਾਅਦ 1990ਵਿਆਂ ਵਿੱਚ ਭਾਰਤ ਨੇ ਨਵੀਂਆਂ ਆਰਥਿਕ ਨੀਤੀਆਂ ਦੇ ਨਾਂ 'ਤੇ ਅਮਰੀਕਾ ਅਤੇ ਹੋਰ ਸਾਮਰਾਜੀ ਮੁਲਕਾਂ ਲਈ ਆਪਣੀ ਆਰਥਿਕਤਾ ਦੇ ਸਾਰੇ ਦਰਵਾਜੇ ਖੋਲ ਦਿੱਤੇ। ਪਰ ਮੋਦੀ ਸਰਕਾਰ ਨੇ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਥੋਕ ਰੂਪ 'ਚ ਸੱਦਾ ਦੇ ਕੇ ਹੁਣ ਤੱਕ ਦੇ ਸਾਰੇ ਰਿਕਾਰਡਾਂ ਨੂੰ ਮਾਤ ਪਾ ਦਿੱਤੇ ਹਨ। ਮੋਦੀ ਸਰਕਾਰ ਨੇ ਬੈਂਕਾਂ, ਰੇਲਵ, ਫੌਜੀ ਸਾਜੋਸਮਾਨ, ਪ੍ਰਾਈਵੇਟ ਸੁਰੱਖਿਆ, ਸੂਚਨਾ ਅਤੇ ਪ੍ਰਸਾਰਣ, ਹਵਾਈ ਅੱਡਿਆਂ 'ਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ 100 ਪ੍ਰਤੀਸ਼ਤ , ਦਵਾਈ ਸਨਅਤ ਅਤੇ ਇਕਹਿਰੇ ਬਰਾਂਡ 'ਚ ਸਥਾਨਿਕ ਖ਼ਰੀਦ ਦੀਆਂ ਸ਼ਰਤਾਂ 'ਚ ਸ਼ਰਤਾਂ ਨਰਮ ਕਰਕੇ ਅਤੇ ਪ੍ਰਾਈਵੇਟ ਸੁਰੱਖਿਆ ਏਜੰਸੀਆਂ, ਢੋਆ ਢੁਆਈ ਸੇਵਾਵਾਂ ਅਤੇ ਪਸ਼ੂ ਪਾਲਨ ਨੂੰ ਵੀ ਸਿੱਧੇ ਵਿਦੇਸ਼ੀ ਨਿਵੇਸ਼ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਯੂਪੀਏ ਸਰਕਾਰ ਨੇ ਵੀ ਭਾਵੇਂ ਇਨਾਂ ਕਦਮਾਂ 'ਤੇ ਹੀ ਚਲ ਰਹੀ ਸੀ ਪਰ ਮੋਦੀ ਸਰਕਾਰ ਨੇ ਹਵਾਈ ਤੇ ਸਮੁੰਦਰੀ ਅੱਡੇ ਅਮਰੀਕਾ ਨੂੰ ਵਰਤਣ ਲਈ ਦੇਣ ਲਈ ਭਾਰਤ ਦੀ ਪ੍ਰਭੂਸਤਾ ਨੂੰ ਹੋਰ ਖੋਰਾ ਲਾਇਆ ਹੈ।


RushLube Inc.
Complete Truck Repairs & Truck Wash with Drive Thru Truck Services
Jaskaranjit Singh (Jas)

TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1

STARLINE Painting Ltd.
STARLINE PAINTING LTD.
RESIDENTIAL • COMMERCIAL • INDUSTRIAL
• Hotel • Motel • Exterior & Interior
• Office Painting • Drywall Fixing
• Spray Painting
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
100% Satisfaction Guarantee
Call Sukhi for FREE Estimate

416.230.4000 • 647.409.1092
www.starlinepainting.com

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਵਿਚ ਭਖਦੇ ਮਸਲਿਆਂ 'ਤੇ ਹੋਈ ਵਿਚਾਰ-ਚਰਚਾ

## ਭਾਰਤ-ਪਾਕਿਸਤਾਨ ਅਤੇ ਕਸ਼ਮੀਰ ਮਸਲਾ, ਮੀਡੀਆ ਦੀ ਅਜ਼ਾਦੀ ਤੇ ਹਮਲਾ, ਅਮਰੀਕਨ ਸਾਮਰਾਜਵਾਦ, ਪੂੰਜੀਵਾਦ ਦਾ ਸੰਕਟ, ਡਕੋਟਾ ਪਾਈਪ-ਲਾਈਨ ਅਤੇ ਕੈਨੇਡਾ ਦੇ ਹੈਲਥ ਅਤੇ ਸਿੱਖਿਆ ਰਹੇ ਭਾਰੂ ਮੁੱਦੇ









ਕੈਲਗਰੀ : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਕੋਸੋ ਹਾਲ ਵਿਖੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਪਾਕਿਸਤਾਨ ਕੈਨੇਡਾ ਕਲਚਰਲ ਐਸੋਸੀਏਸ਼ਨ ਅਲਬਰਟਾ ਦੇ ਪ੍ਰਧਾਨ ਅਸ਼ਜਦ ਬੁਖਾਰੀ ਨੇ ਕਿਹਾ ਕਿ ਦੋਹਾਂ ਦੇਸ਼ਾਂ ਦੇ ਹਾਕਮਾਂ ਪਾਸ ਲੋਕਾਂ ਦੇ ਮਸਲੇ ਹੱਲ ਕਰਨ ਦਾ ਕੋਈ ਪ੍ਰੋਗਰਾਮ ਨਾ ਹੋਣ ਕਾਰਨ, ਲੋਕਾਂ ਦਾ ਘਾਣ ਕਰਨ ਲਈ ਸੰਭਾਵੀ ਜੰਗ ਠੋਸੀ ਜਾ ਰਹੀ ਹੈ। ਇਸ ਦਾ ਫਾਇਦਾ ਹਥਿਆਰ ਵੇਚਣ ਵਾਲੇ ਸਾਮਰਾਜੀ ਦੇਸ਼ਾਂ ਨੂੰ ਹੋਵੇਗਾ। ਦੁੱਖ ਦੀ ਗੱਲ ਹੈ ਕਿ ਅੱਧੀ ਸਦੀ ਬੀਤਣ 'ਤੇ ਵੀ ਕਸ਼ਮੀਰ ਦੇ ਮਸਲੇ ਨੂੰ ਹੱਲ ਕਰਨ ਦੀ ਬਜਾਏ ਫੌਜ ਰਾਹੀਂ ਲੋਕਾਂ ਤੇ ਬੇਤਹਾਸ਼ਾ ਜ਼ੁਲਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਦੇ ਲੋਕਾਂ ਵਲੋਂ ਵਿਦੇਸ਼ਾਂ ਤੋਂ ਵੀ ਜੰਗ ਨੂੰ ਰੋਕਣ ਦਾ ਦਬਾਅ ਪਾਉਣਾ ਚਾਹੀਦਾ ਹੈ।

ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਪਰਹਾਰ ਨੇ ਕਿਹਾ ਕਿ ਸਾਰੇ ਸੰਸਾਰ ਵਿਚ ਮੀਡੀਆ ਤੇ ਕਾਰਪੋਰੇਸ਼ਨਾਂ ਵਲੋਂ ਮਨਾਪਲੀ ਬਣਾਈ ਜਾ ਰਹੀ ਹੈ। ਸਰਕਾਰਾਂ 'ਤੇ ਦਬਾਅ ਪਾ ਕੇ ਮੀਡੀਆ ਦੀ ਅਜ਼ਾਦੀ 'ਤੇ ਹਮਲਾ ਕੀਤਾ ਜਾ ਰਿਹਾ ਹੈ। ਐਨ. ਆਰ. ਆਈ. ਮੀਡੀਆ ਤੇ ਕੌਂਸਲੇਟਾਂ ਰਾਹੀਂ ਪ੍ਰੈਸ਼ਰ ਪਾਇਆ ਜਾ ਰਿਹਾ ਹੈ। ਉਨ੍ਹਾਂ ਆਪਣੀ ਗੱਲ ਕੈਨੇਡਾ ਦੇ ਮੀਡੀਆ ਤੇ ਕੇਂਦਰਤ ਕਰਦਿਆਂ ਦੱਸਿਆ ਕਿ 1990 ਵਿਚ ਕੈਨੇਡਾ 'ਚ 17% ਪ੍ਰਿੰਟ ਮੀਡੀਆ ਅਜ਼ਾਦ ਅਤੇ 83% ਕਾਰਪੋਰੇਸ਼ਨਾਂ ਰਾਹੀਂ ਚਲਦਾ ਸੀ ਪ੍ਰੰਤੂ 2015 ਵਿਚ 1% ਅਜ਼ਾਦ ਅਤੇ 99% ਕਾਰਪੋਰੇਸ਼ਨਾਂ ਰਾਹੀਂ ਚਲਦਾ ਹੈ। ਕੈਨੇਡਾ ਦੀਆਂ 12 ਕਾਰਪੋਰੇਸ਼ਨਾਂ ਸਾਰਾ ਮੀਡੀਆ ਰਨ ਕਰਦੀਆਂ ਹਨ। 30% ਮੀਡੀਆ 'ਤੇ ਵੈਲ ਦਾ ਕਬਜ਼ਾ ਹੈ। 100 ਤੋਂ ਉਪਰ ਕ੍ਰਿਸਚੀਅਨ ਰੇਡੀਓ ਸਟੇਸ਼ਨ ਹਨ। ਜੇ ਇਹ ਵਰਤਾਰਾ ਜਾਰੀ ਰਹਿੰਦਾ ਹੈ ਤਾਂ ਇਸ ਦੇ ਖਤਰਨਾਕ ਨਤੀਜੇ ਨਿਕਲਣਗੇ। ਲੋਕਾਂ ਦੇ ਮਸਲਿਆਂ ਦੀ ਗੱਲ ਬਿਲਕੁਲ ਹੀ ਬੰਦ ਹੋ ਜਾਵੇਗੀ। ਇਸ ਲਈ ਲੋਕਾਂ ਨੂੰ ਜਾਗਣ ਦੀ ਲੋੜ ਹੈ। ਗੁਰਿੰਦਰਪਾਲ ਬਰਾੜ ਨੇ ਨਾਰਥ ਡਕੋਟਾ ਪਾਈਪ ਲਾਈਨ ਰਾਹੀਂ ਲੋਕਾਂ ਨੂੰ ਤਬਾਹ ਕਰਨ ਦੀ ਗੱਲ ਕਰਦਿਆਂ ਕਿਹਾ ਕਿ ਮਿਡਲ ਈਸਟ ਵਿਚ ਪਹਿਲਾਂ ਹੀ ਤੇਲ ਦੀ ਬਹੁਤਾਤ ਹੈ। ਇਸ ਦੇ ਵਿਰੁੱਧ ਉਥੋਂ ਦੇ ਲੋਕ ਸੰਘਰਸ਼ ਕਰ ਰਹੇ ਹਨ। ਉਨ੍ਹਾਂ 'ਤੇ ਭਾਰੀ ਅੱਤਿਆਚਾਰ ਕੀਤਾ ਜਾ ਰਿਹਾ ਹੈ। ਕਮਲਪ੍ਰੀਤ ਨੇ ਵੀ ਇਸ ਵਿਸ਼ੇ 'ਤੇ ਵਿਚਾਰ ਸਾਂਝੇ ਕੀਤੇ। ਸੋਹਨ ਮਾਨ ਨੇ ਅਮਰੀਕਨ ਸਾਮਰਾਜ ਦੇ ਢਹਿ ਢੇਰੀ ਹੋਣ ਬਾਰੇ ਗੱਲ ਕਰਦਿਆਂ ਕਿਹਾ ਕਿ ਸੰਸਾਰ ਨੂੰ ਜੰਗ ਦੀ ਭੱਠੀ ਵਿਚ ਝੋਕਣ ਦੀ ਨੀਤੀ ਨੇ ਬਹੁਤ ਨੁਕਸਾਨ ਕੀਤਾ ਹੈ। ਦੇਸ਼ਾਂ ਦੀ ਮਦਦ ਕਰਨ ਦੇ ਬਹਾਨੇ ਉਨ੍ਹਾਂ ਦੇ ਨੈਚਰਲ ਰੀਸੋਰਸਜ ਨੂੰ ਲੁੱਟਿਆ ਜਾ ਰਿਹਾ ਹੈ ਜਿਸ ਕਾਰਨ ਬਹੁਤ ਸਾਰੇ ਦੇਸ਼ ਉਸ ਦਾ ਖਹਿੜਾ ਛੱਡਦੇ ਜਾ ਰਹੇ ਹਨ।

ਰਿਸ਼ੀ ਨਾਗਰ ਨੇ ਕੈਨੇਡਾ ਦੇ ਸਿਹਤ ਅਤੇ ਸਿੱਖਿਆ ਤੰਤਰ 'ਤੇ ਟਿਪਣੀਆਂ ਕਰਦਿਆਂ



ਕਿਹਾ ਕਿ ਸਿਹਤ ਵਿਭਾਗ ਦੀ ਆਪਣੀ ਸਿਹਤ ਹੀ ਖਰਾਬ ਹੋ ਰਹੀ ਹੈ ਇਸ ਕਰਕੇ ਸੁਧਾਰ ਦੀ ਸਖ਼ਤ ਲੋੜ ਹੈ। ਸਿੱਖਿਆ ਵਿਭਾਗ ਬਾਰੇ ਉਨ੍ਹਾਂ ਕਿਹਾ ਕਿ ਉਚ ਅਧਿਕਾਰੀ ਆਪ ਤਾਂ ਵੱਡੀਆਂ ਤਨਖਾਹਾਂ ਨਾਲ ਮਾਲਾ ਮਾਲ ਹੋ ਰਹੇ ਹਨ ਪ੍ਰੰਤੂ ਬੱਚਿਆਂ ਦੀਆਂ ਫੀਸਾਂ/ਖਰਚਿਆਂ 'ਚ ਭਾਰੀ ਵਾਧਾ ਕਰਕੇ ਲੋਕਾਂ 'ਤੇ ਬਹੁਤ ਬੋਝ ਪਾਇਆ ਜਾ ਰਿਹਾ ਹੈ।

ਹਰੀਪਾਲ ਨੇ ਪੂੰਜੀਵਾਦੀ ਪ੍ਰਬੰਧ ਦੀ ਗੱਲ ਕਰਦਿਆਂ ਕਿਹਾ ਕਿ ਹਰ ਦੇਸ਼ ਨੂੰ ਕਾਰਪੋਰੇਸ਼ਨਾਂ ਚਲਾਉਂਦੀਆਂ ਹਨ। ਸਰਕਾਰਾਂ ਤਾਂ ਸਿਰਫ਼ ਉਨ੍ਹਾਂ ਦੀਆਂ ਕਠਪੁਤਲੀਆਂ ਹਨ। ਵੱਡੀਆਂ ਕੰਪਨੀਆਂ ਦੇ ਮੁਨਾਫ਼ੇ ਦਿਨੋ ਦਿਨ ਵਧ ਰਹੇ ਹਨ। ਲੋਕਾਂ ਦਾ ਘਾਣ ਹੋ ਰਿਹਾ ਹੈ। ਸਮਾਜਵਾਦੀ ਪ੍ਰਬੰਧ ਦੀ ਸਥਾਪਤੀ ਤੋਂ ਬਿਨਾਂ ਲੋਕਾਂ ਦਾ ਗੁਜ਼ਾਰਾ ਨਹੀਂ।

ਸੁਖਵਿੰਦਰ ਤੂਰ, ਮਾਂ ਬਚਿੱਤਰ ਗਿੱਲ, ਹਰਨੇਕ ਬੱਧਨੀ ਨੇ ਇਨਕਲਾਬੀ ਗੀਤਾਂ ਰਾਹੀਂ ਹਿੱਸਾ ਪਾਇਆ। ਇੰਜ. ਗੁਰਦਿਆਲ ਸਿੰਘ ਖਹਿਰਾ ਨੇ ਵੀ ਵਿਚਾਰ ਸਾਂਝੇ ਕੀਤੇ। ਗੁਰਬਚਨ ਬਰਾੜ ਨੇ ਮੀਟਿੰਗ ਵਿਚ ਵਿਚਾਰੇ ਮਾਮਲਿਆਂ ਤੇ ਬੜੇ ਪ੍ਰਭਾਵਸ਼ਾਲੀ ਵਿਚਾਰ ਪੇਸ਼ ਕੀਤੇ। ਮੰਚ ਸੰਚਾਲਨ ਕਰਦੇ ਮਾ. ਭਜਨ ਨੇ ਦੱਸਿਆ ਕਿ ਹਾਕਸ ਫੀਲਡ ਅਕੈਡਮੀ ਅਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਫਰੀ ਪੰਜਾਬੀ ਕਲਾਸਾਂ ਹਰ ਐਤਵਾਰ ਜੈਨਸਸ ਸੈਂਟਰ 'ਚ ਸਵੇਰ 9.45 ਤੋਂ 11.45 ਤੋਂ ਲੱਗਦੀਆਂ ਹਨ। ਅੱਜ ਦੇ ਇਕੱਠ 'ਚ ਦੋ ਮਤੇ ਪਾਸ ਕੀਤੇ ਗਏ

1. ਭਾਰਤ/ਪਾਕਿਸਤਾਨ ਦੇ ਹਾਕਮਾਂ ਵਲੋਂ ਲੋਕਾਂ ਦੇ ਜਜ਼ਬਾਤਾਂ ਨੂੰ ਭੜਕਾਅ ਕੇ ਕੀਤੇ ਜਾ ਰਹੇ ਜੰਗੀ ਮਨਸੂਬਿਆਂ ਦੀ ਸਖ਼ਤ ਨਿਖੇਧੀ ਕੀਤੀ ਗਈ। ਅੱਜ ਦਾ ਇਕੱਠ ਮੰਗ ਕਰਦਾ ਹੈ ਕਿ ਜੰਗ ਨੂੰ ਹਰ ਹਾਲਤ ਰੋਕਿਆ ਜਾਵੇ। ਕਸ਼ਮੀਰੀ ਲੋਕਾਂ ਤੇ ਫੌਜ ਰਾਹੀਂ ਕੀਤਾ ਜਾ ਰਿਹਾ ਜ਼ੁਲਮ ਤੁਰੰਤ ਬੰਦ ਕਰਕੇ ਸਾਂਝਾ ਹੱਲ ਕੱਢਿਆ ਜਾਵੇ।

2. ਸੰਸਾਰ ਭਰ 'ਚ ਮੀਡੀਆ ਦੀ ਅਜ਼ਾਦੀ ਨੂੰ ਯਕੀਨੀ ਬਣਾਇਆ ਜਾਵੇ। ਮੀਡੀਆ 'ਤੇ ਦਬਾਅ, ਦਖ਼ਲ-ਅੰਦਾਜ਼ੀ ਬੰਦ ਕੀਤੀ ਜਾਵੇ। ਭਾਰਤ ਦੀ ਮੋਦੀ ਸਰਕਾਰ ਵਲੋਂ ਐਨ.ਡੀ. ਟੀ.ਵੀ. ਅਤੇ ਹੋਰ ਮੀਡੀਆ ਤੇ ਬਦਲਾ ਲਊ ਕਾਰਵਾਈ ਤੁਰੰਤ ਬੰਦ ਕੀਤੀ ਜਾਵੇ। ਐਨ.ਆਰ.ਆਈ. ਮੀਡੀਆ ਤੇ ਕੌਂਸਲੇਟਾਂ ਰਾਹੀਂ ਦਬਾਅ ਬੰਦ ਕੀਤਾ ਜਾਵੇ।

ਦਸੰਬਰ ਮਹੀਨੇ ਦੀ ਮੀਟਿੰਗ 4 ਦਸੰਬਰ ਨੂੰ ਹੋਵੇਗੀ। ਹੋਰ ਜਾਣਕਾਰੀ ਲਈ ਮਾ. ਭਜਨ ਨੂੰ ਸੰਪਰਕ ਕਰ ਸਕਦੇ ਹੋ।

ਫੋਨ : 403-455-4220


Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling Franchises, Shareholder Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)



FOR ALL YOUR REAL ESTATE NEEDS
Contact Long time trusted name in the community
Gurbachan Singh Brar
MLS MULTIPLE LISTING SERVICE
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates

urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

# ਪ੍ਰੋਗਰੈਸਿਵ ਪੀਪਲਜ਼ .ਫ਼ਾਊਂਡੇਸ਼ਨ ਵਲੋਂ ਨਸਲਵਾਦੀ ਘਟਨਾਵਾਂ ਦੀ ਜ਼ੋਰਦਾਰ ਨਿਖੇਧੀ

ਐਡਮਿੰਟਨ : 19 ਸਤੰਬਰ ਨੂੰ ਯੂਨੀਵਰਸਿਟੀ ਆਫ਼ ਅਲਬਰਟਾ ਵਿੱਚ ਪੱਗ ਵਾਲੇ ਪੋਸਟਰਾਂ ਦਾ ਲੱਗਣਾ, 4 ਅਕਤੂਬਰ ਵਾਲੇ ਦਿਨ ਯੂਨੀਵਰਸਿਟੀ ਆਫ਼ ਕੈਲਗਰੀ ਵਿੱਚ 40 ਮੁਸਲਮਾਨ ਵਿਰੁੱਧੀ ਪੋਸਟਰਾਂ ਦਾ ਲੱਗਣਾ, 12 ਅਕੂਤਬਰ ਨੂੰ ਕੇਂਦਰੀ ਅਲਬਰਟਾ ਦੇ ਟਾਊਨ ਬਾਸ਼ਾ ਵਿੱਚ ਇਕ ਪੰਜਾਬੀ ਪਰਿਵਾਰ ਦੇ ਸਾੜ ਕੇ ਸੁਆਹ ਕਰ ਦਿੱਤੇ ਗਏ ਮੋਟਲ ਕੋਲੋਂ ਨਸਲਵਾਦੀ ਚਿੱਤਰਾਂ ਦਾ ਮਿਲਣਾ ਅਤੇ ਅਸਟਰੇਲੀਆ ਦੇ ਸ਼ਹਿਰ ਬ੍ਰਿਸਬੇਨ ਵਿੱਚ ਇਕ ਭਿਆਨਕ ਘਟਨਾ ਦੌਰਾਨ ਭਾਰਤੀ ਮੂਲ ਦੇ ਨੌਜਵਾਨ ਮਨਮੀਤ ਅਲੀਸ਼ੇਰ ਦਾ ਸਹਿਮੀਆਂ ਹੋਈਆਂ ਸਵਾਰੀਆਂ ਸਾਹਮਣੇ ਜਿੰਦਾ ਸਾੜ ਦਿੱਤੇ ਜਾਣਾ ਵਰਗੀਆਂ ਦੁਖਦਾਈ ਘਟਨਾਵਾਂ ਦਰਸਾਉਂਦੀਆਂ ਹਨ ਕਿ ਨਸਲਵਾਦ ਅੱਜ ਵੀ ਲੋਕ ਸ਼ੋਸ਼ਣ ਦਾ ਧੁਰਾ ਹੈ।

ਸਮਾਜਕ ਸਬੰਧਾਂ ਅੰਦਰ ਨਸਲਵਾਦੀ ਤੰਦਾਂ ਦੀਆਂ ਜੜ੍ਹਾਂ ਪੂੰਜੀਵਾਦੀ ਵਿਕਾਸ ਨਾਲ ਜੁੜੀਆਂ ਹੋਈਆਂ ਹਨ, ਜੋ ਕਿ ਵਿਸ਼ਵ-ਵਿਵਸਥਾ ਦਾ ਰੂਪ ਧਾਰਨ ਕਰ ਗਿਆ। ਇਹ ਯੂਰਪੀਨ ਬਸਤੀਵਾਦੀ ਰਾਜ ਨੂੰ ਸਥਾਪਤ ਕਰਨ ਲਈ ਲੜੇ ਗਏ ਅਨੇਕਾਂ ਯੁੱਧਾਂ ਅਤੇ ਮਨੁੱਖੀ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਣ ਦਾ ਹਥਿਆਰ ਬਣਦਾ ਰਿਹਾ ਹੈ। ਖਾਸ ਤੌਰ ’ਤੇ ਕਨੇਡਾ ਵਿਚ 1914 ਦੀ ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ, ਚੀਨੀਆਂ ਉਪਰ ਹੈਡ ਟੈਕਸ ਅਤੇ ਰਹਾਇਸ਼ੀ ਸਕੂਲਾਂ ਅੰਦਰ ਸਭਿਆਚਾਰਕ ਨਸਲਕੁਸ਼ੀ ਕੋਈ ਆਪ ਮੁਹਾਰੇ ਵਾਪਰੀਆਂ ਘਟਨਾਵਾਂ ਨਹੀਂ ਸਗੋਂ ਪ੍ਰਭਾਵੀ ਸਮਾਜ ਵਲੋਂ ਸਭਿਆਚਾਰਕ ਤਬਾਹੀ ਅਤੇ ਕਨੇਡਾ ਨੂੰ ਚਿੱਟੇ (ਗੋਰੇ) ਲੋਕਾਂ ਦਾ ਦੇਸ਼ ਬਣਾਉਣ ਲਈ ਵਿਉਂਤਬੱਧ ਕਰਵਾਈਆਂ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਲਬਰਟਾ ਦੀ ਪ੍ਰੀਮੀਅਰ ਰੇਚਲ ਨੋਟਲੇ ਨੇ ਕਿਹਾ ਕਿ ਇਸ ਤਰ੍ਹਾਂ ਮੁਸਲਮ ਵਿਰੋਧੀ ਅਤੇ ਸਿੱਖ ਵਿਰੋਧੀ ਪੋਸਟਰਾਂ ਦਾ ਲੱਗਣਾ ਬਹੁਤ ਹੀ ਦੁਖਦਾਈ ਹੈ ਅਤੇ ਮੈਂ ਇਸ ਦੀ ਜ਼ੋਰਦਾਰ ਨਿੰਦਿਆ ਕਰਦੀ ਹਾਂ। ਉਨ੍ਹਾਂ ਕਿਹਾ ਕਿ ਮੈਨੂੰ ਯਕੀਨ ਹੈ ਕਿ ਅਲਬਰਟਾ ਦੇ ਵਿਸ਼ਾਲ ਹਿਰਦਿਆਂ ਨੂੰ ਮੇਰੇ ਵਾਂਗ ਹੀ ਇਨ੍ਹਾਂ ਘਟਨਾਵਾਂ ਨਾਲ ਬਹੁਤ ਵੱਡਾ ਧੱਕਾ ਲੱਗਾ ਹੈ। ਕਨੇਡਾ ਦੇ ਪ੍ਰਧਾਨ ਮੰਤਰੀ ਸ੍ਰੀ ਜਸਟਿਨ ਟਰੂਡੋ ਨੇ ਵੀ ਨਸਲਵਾਦੀ ਕਾਰਵਾਈਆਂ ਦੀ ਵਿਰੋਧੀ ਸੁਰ ਵਿੱਚ ਸੁਰ ਮਿਲਾਉਂਦਿਆਂ ਇਨ੍ਹਾਂ ਘਟਨਾਵਾਂ ਦੀ ਨਿਖੇਧੀ ਕੀਤੀ ਹੈ।

ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ, ਅਲਬਰਟਾ ਅਤੇ ਕਨੇਡਾ ਵਾਸੀਆਂ ਨਾਲ ਇਕਮੁਠਤਾ ਦਾ ਇਜ਼ਹਾਰ ਕਰਦਿਆਂ ਇਨ੍ਹਾਂ ਅਤਿਅੰਤ ਦੁਖਦਾਈ ਘਟਨਾਵਾਂ ਦੀ ਨਿੰਦਿਆ ਕਰਦੀ ਹੈ। 28 ਅਕਤੂਬਰ 2016 ਨੂੰ ਮੀਟਿੰਗ ਦੌਰਾਨ ਮੈਂਬਰਾਂ ਵਲੋਂ ਨਸਲਵਾਦੀ ਘਟਨਾਵਾਂ ’ਤੇ ਫ਼ਿਕਰਮੰਦੀ ਜਾਹਰ ਕਰਦਿਆਂ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਦੇ ਮੈਂਬਰਾਂ ਵਲੋਂ ਸਰਬਸੰਮਤੀ ਨਾਲ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ :-

ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਦੇ ਮੈਂਬਰ ਸਮਝਦੇ ਹਨ ਕਿ ਨਸਲਾਂ, ਜਾਤਾਂ ਅਤੇ ਧਰਮ ਨੂੰ ਸਮਾਜ ਵਿਚ ਨਫ਼ਰਤ ਅਤੇ ਅਪਰਾਧ ਫ਼ੈਲਾਉਣ ਲਈ ਵਰਤਿਆ ਜਾਂਦਾ ਹੈ। ਭਾਵੇਂ ਇਥੇ ਸਭਿਆਚਾਰਕ ਅਤੇ ਧਾਰਮਕ ਭਿੰਨਤਾ ਨੂੰ ਮਾਣਿਆ ਅਤੇ ਸਤਿਕਾਰਿਆ ਜਾਂਦਾ ਹੈ ਪਰ ਫਿਰ ਵੀ ਕਨੇਡਾ ਵਿਚ ਨਫ਼ਰਤ ਅਤੇ ਅਪਰਾਧ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਕਨੇਡਾ ਦੇ ਇਤਿਹਾਸਕ ਪ੍ਰਸੰਗ ਵਿਚ ਜਾਤੀਗਤ ਅਤੇ ਸੰਸਥਾਗਤ ਨਸਲਵਾਦ ਦੀ ਝਲਕ ਕਨੇਡਾ ਦੀਆ ਸਖ਼ਤ ਇੰਮੀਗ੍ਰੇਸ਼ਨ ਪਾਲਿਸੀਆਂ ਵਿਚ, ਕਨੇਡੀਅਨ ਮੂਲਵਾਸੀਆਂ ਨਾਲ ਵਿਵਹਾਰ ਵਿਚ ਅਤੇ ਗੈਰ-ਗੋਰੇ ਇੰਮੀਗ੍ਰੇਟਾਂ ਖਾਸ ਤੌਰ ’ਤੇ ਏਸ਼ੀਅਨਾਂ, ਕਾਲਿਆਂ ਅਤੇ ਜੂਹ ਦੇ ਨਾਲ ਵਰਤਾਉ ਵਿੱਚ ਦੇਖੀ ਜਾ ਸਕਦੀ ਹੈ। ਸਾਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਹਰੇਕ ਪਿਛੋਕੜ ਵਾਲੇ ਵਿਅਕਤੀਆਂ ਅਤੇ ਸਮੂਹਾਂ ਦੇ ਸਭਿਆਚਾਰਕ ਵਿਖਾਵੇ ਅਤੇ ਵਿਭਿੰਨਤਾ ਦੀ ਰੱਖਿਆ ਲਈ ਕਨੇਡਾ ਅੰਦਰ ਫ਼ੈਡਰਲ ਅਤੇ ਪ੍ਰੋਵੇਸ਼ੀਅਲ ਕਾਨੂੰਨ ਬਣੇ ਹੋਏ ਹਨ। ਪਰ ਅਫ਼ਸੋਸ ਨਾਲ ਫਿਰ ਵੀ ਨਸਲਵਾਦੀ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ।

ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਅਲਬਰਟਾ ਦੇ ਬੋਰਡ ਮੈਂਬਰ :- ਪ੍ਰਧਾਨ ਡਾ. ਪ੍ਰਿਥਵੀਰਾਜ ਕਾਲੀਆ, ਮੀਤ ਪ੍ਰਧਾਨ ਗੁਰਬਰਿੰਦਰ ਗਿੱਲ, ਮੀਤ ਪ੍ਰਧਾਨ ਗੁਰਸੇਵਕ ਮਾਨ, ਸਕੱਤਰ ਕਿਰਤਮੀਤ ਕੋਹਾੜ, ਖ਼ਜ਼ਾਨਚੀ ਜੋਗਿੰਦਰ ਰੰਧਾਵਾ, ਡਾਇਰੈਕਟਰ ਬਖ਼ਸ਼ ਸੰਘਾ, ਦਲਬੀਰ ਸਾਂਗਿਆਣ, ਗੁਰਚਰਨ ਬਰਾੜ, ਗੁਰਮਿੰਦਰ ਮੂਮ, ਹਰਚੰਦ ਗਰੇਵਾਲ, ਜਗਦੇਵ ਸੋਹੀ, ਜਸਬੀਰ ਦਿਓਲ, ਕਸ਼ਮੀਰ ਬਦੇਸ਼ਾ, ਨਵਤੇਜ ਬੈਂਸ, ਸੁਰਿੰਦਰ ਦਿਓਲ, ਮਹਿੰਦਰ ਸਿੰਘ ਸੀਲੋ ਕਲਾਂ, ਰਬਿੰਦਰ ਸਰਾਂ ਅਤੇ ਰਾਜ ਪੰਧੇਰ।












# ਸਾਡੀਆਂ ਸੰਸਥਾਵਾਂ ਤੇ ਮੀਡੀਏ ਦੀ ਮਾਨਸਿਕਤਾ !



**ਹਰਚਰਨ ਸਿੰਘ ਪਰਹਾਰ**
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com

ਹਰੇਕ ਮਹੀਨੇ ਗੁਰੂ ਸਾਹਿਬਾਨ ਦੇ ਗੁਰਪੁਰਬ ਦੁਨੀਆਂ ਭਰ ਦੇ ਗੁਰਦੁਆਰਿਆਂ ਵਿੱਚ ਬੜੀ ਧੂਮ-ਧਾਮ ਤੇ ਸ਼ਰਧਾ ਨਾਲ ਮਨਾਏ ਜਾਂਦੇ ਹਨ। ਅਖੰਡ ਪਾਠਾਂ ਦੀ ਲੜੀਆਂ ਚੱਲਣ ਦੇ ਨਾਲ-ਨਾਲ ਵੱਡੇ-ਵੱਡੇ ਨਗਰ ਕੀਰਤਨ, ਪ੍ਰਭਾਤ ਫੇਰੀਆਂ ਤੇ ਲੰਗਰ ਵੀ ਚਲਦੇ ਹਨ। ਅਜਿਹੇ ਮੌਕਿਆਂ ਤੇ ਸਾਡੀਆਂ ਗੁਰਦੁਆਰਾ ਕਮੇਟੀਆਂ, ਹੋਰ ਸਮਾਜਿਕ, ਰਾਜਨੀਤਕ, ਸਾਹਿਤਕ, ਸੀਨੀਅਰਜ਼ ਸੰਸਥਾਵਾਂ ਤੇ ਮੀਡੀਏ ਦੇ ਰੋਲ ਬਾਰੇ ਇਸ ਲੇਖ ਵਿੱਚ ਚਰਚਾ ਕਰਾਂਗੇ। ਗੱਲ ਮੀਡੀਏ ਤੋਂ ਸ਼ੁਰੂ ਕਰਦੇ ਹਾਂ। ਮੀਡੀਆ ਕੋਈ ਵੀ ਹੋਵੇ, ਉਸਦਾ ਕੰਮ ਜਿਥੇ ਖ਼ਬਰਾਂ, ਸੂਚਨਾਵਾਂ ਨੂੰ ਸਹੀ ਸੰਦਰਭ ਵਿੱਚ ਲੋਕਾਂ ਤੱਕ ਪਹੁੰਚਾਣਾ ਹੁੰਦਾ ਹੈ। ਉਥੇ ਸਮਾਜ ਵਿੱਚ ਵਾਪਰ ਰਹੇ ਵਰਤਾਰਿਆਂ ਪ੍ਰਤੀ ਲੋਕਾਂ ਨੂੰ ਸਹੀ ਸਮਝ ਦੇਣਾ ਵੀ ਹੁੰਦਾ ਹੈ। ਮੀਡੀਏ ਦਾ ਖੇਤਰ ਬੇਸ਼ਕ ਬਹੁਤ ਵਿਸ਼ਾਲ ਹੈ। ਪਰ ਹਰ ਤਰ੍ਹਾਂ ਦੇ ਮੀਡੀਏ ਰਾਹੀਂ ਅਸੀਂ ਸਮਾਜ ਪ੍ਰਤੀ ਆਪਣਾ ਫਰਜ਼ ਜਰੂਰ ਨਿਭਾ ਸਕਦੇ ਹਾਂ। ਮੀਡੀਏ ਨੂੰ ਜਿਥੇ ਲੋਕਤੰਤਰ ਦਾ ਚੌਥਾ ਥੰਮ ਕਿਹਾ ਜਾਂਦਾ ਹੈ, ਉਥੇ ਇਸਨੂੰ ਸਮਾਜ ਦਾ ਦਰਪਨ ਵੀ ਮੰਨਿਆ ਜਾਂਦਾ ਹੈ। ਲੋਕ ਹਮੇਸ਼ਾਂ ਮੀਡੀਏ ਤੋਂ ਆਸ ਰੱਖਦੇ ਹਨ ਕਿ ਉਹ ਸਮਾਜ ਨੂੰ ਜਿਥੇ ਸਹੀ ਜਾਣਕਾਰੀ ਦੇਵੇ, ਉਥੇ ਮੀਡੀਆ ਨਿਰਪੱਖਤਾ ਨਾਲ ਕੰਮ ਕਰੇ। ਪਰ ਜਿਥੇ ਹੌਲੀ-ਹੌਲੀ ਵੱਡਾ ਮੀਡੀਆ, ਆਪਣੀ ਨਿਰਪੱਖਤਾ ਤੇ ਆਜ਼ਾਦ ਹਸਤੀ ਨੂੰ ਗੁਆ ਕੇ ਵੱਡੀਆਂ ਕਾਰਪੋਰੇਸ਼ਨਾਂ ਤੇ ਸਿਆਸੀ ਪਾਰਟੀਆਂ ਦਾ ਧੁਤੂ ਬਣਦਾ ਜਾ ਰਿਹਾ ਹੈ। ਉਥੇ ਦੁਨੀਆਂ ਭਰ ਦਾ ਵੱਡਾ ਮੀਡੀਆ, ਸਿਰਫ ਕੁਝ ਕੁ ਕਾਰਪੋਰੇਸ਼ਨਾਂ ਦਾ ਬਿਜਨੈਸ ਬਣ ਕੇ ਰਹਿ ਗਿਆ ਹੈ। ਜੋ ਸਿਰਫ ਆਪਣੇ ਅਤੇ ਸਿਆਸੀ ਆਕਾਵਾਂ ਦੇ ਹਿੱਤਾਂ ਨੂੰ ਹੀ ਪਾਲ਼ਦਾ ਹੈ।ਛੋਟਾ ਤੇ ਆਜ਼ਾਦ ਮੀਡੀਆ, ਇਸ ਸਭ ਵਰਤਾਰੇ ਵਿੱਚ ਵਿਚਾਰਾ ਬਣਦਾ ਜਾ ਰਿਹਾ ਹੈ। ਪਰ ਫਿਰ ਵੀ ਸੋਸ਼ਲ ਮੀਡੀਆ ਆਪਣੀ ਗੱਲ ਨਿਰਪੱਖਤਾ ਨਾਲ ਕਹਿਣ ਦਾ ਇੱਕ ਵਧੀਆ ਸਾਧਨ ਬਣ ਰਿਹਾ ਹੈ। ਜੋ ਕਿ ਚੰਗਾ ਸ਼ਗਨ ਹੈ।

ਇਥੇ ਮੈਂ ਗੱਲ ਪੰਜਾਬੀ ਮੀਡੀਆ ਦੇ ਇੱਕ ਹਿੱਸੇ ਦੀ ਕਰਨ ਜਾ ਰਿਹਾ ਹਾਂ। ਪੰਜਾਬੀ ਮੀਡੀਏ ਦਾ ਇੱਕ ਵੱਡਾ ਹਿੱਸਾ ਸਮਾਜ ਵਿੱਚ ਫੈਲੇ ਸਿਆਸੀ ਭ੍ਰਿਸ਼ਟਾਚਾਰ ਤੇ ਧਾਰਮਿਕ ਅੰਧ ਵਿਸ਼ਵਾਸ਼ ਨੂੰ ਫੈਲਾਉਣ ਵਿੱਚ ਹੀ ਯੋਗਦਾਨ ਪਾ ਰਿਹਾ ਹੈ। ਜਿਸ ਤਰ੍ਹਾਂ ਅਸੀਂ ਦੇਖ ਰਹੇ ਹਾਂ ਕਿ ਪਿਛਲ਼ੇ ਕੁਝ ਸਾਲਾਂ ਤੋਂ ਮੀਡੀਏ ਵਿੱਚ ਇੱਕ ਨਵਾਂ ਰੁਝਾਨ ਸ਼ੁਰੂ ਹੋਇਆ ਹੈ ਕਿ ਵੱਖ-ਵੱਖ ਰੇਡੀਉ ਤੇ ਟੀ. ਵੀ. ਸਟੇਸ਼ਨ ਗੁਰਪੁਰਬਾਂ ਮੌਕੇ ਆਪਣੇ ਚੈਨਲਾਂ ਤੋਂ ਅਖੰਡ ਪਾਠਾਂ ਦਾ ਸਿੱਧਾ ਪ੍ਰਸਾਰਨ ਕਰਦੇ ਹਨ। ਗੁਰਦੁਆਰਿਆਂ ਜਾਂ ਡੇਰਿਆਂ ਵਿੱਚ ਚਲਦੀਆਂ ਅਖੰਡ ਪਾਠਾਂ ਦੀਆਂ ਲੜੀਆਂ ਨੂੰ ਤੇ ਸੁਣਨ ਵਾਲਾ ਕੋਈ ਨਹੀਂ ਹੁੰਦਾ, ਧਰਮ ਦੇ ਨਾਮ ਤੇ ਅਜਿਹਾ ਪਾਖੰਡ ਸਭ ਪਾਸੇ ਚੱਲ ਰਿਹਾ ਹੈ। ਮੀਡੀਏ ਦੀ ਜ਼ਿੰਮੇਵਾਰੀ ਤਾਂ ਇਹ ਬਣਦੀ ਹੈ ਕਿ ਉਹ ਅਜਿਹੇ ਪਾਖੰਡਾਂ, ਅੰਧ ਵਿਸ਼ਾਵਾਸ਼ਾਂ ਤੋਂ ਲੋਕਾਂ ਨੂੰ ਜਾਗਰੂਕ ਕਰਨ ਅਤੇ ਲੋਕਾਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਯਤਨ ਕਰਨ। ਪਰ ਇਸਦੇ ਉਲਟ ਮੀਡੀਆ ਹੁਣ ਆਪਣੇ ਚੈਨਲਾਂ ਤੋਂ ਅਖੰਡ ਪਾਠਾਂ ਦੇ ਪ੍ਰਸਾਰਨ ਕਰ ਰਿਹਾ ਹੈ। ਵੱਖ-ਵੱਖ ਚੈਨਲਾਂ ਤੇ ਪਾਖੰਡੀ ਸਾਧ ਅਤੇ ਭਵਿੱਖ ਦੱਸਣ ਵਾਲੇ ਅਖੌਤੀ ਜੋਤਿਸ਼ੀ ਆਪਣਾ ਅੰਧ ਵਿਸ਼ਵਾਸ਼ ਦਾ ਸਮਾਨ ਵੇਚ ਰਹੇ ਹਨ। ਭਾਰਤੀ ਮੀਡੀਏ ਦੇ ਬਹੁਤ ਸਾਰੇ ਚੈਨਲ ਜੋ ਵਿਦੇਸ਼ਾਂ ਵਿੱਚ ਚੱਲ ਰਹੇ ਹਨ, ਉਨ੍ਹਾਂ ਵਿੱਚ ਕੁਝ ਵੀ ਸੰਜੀਦਾ ਦੇਖਣ ਸੁਣਨ ਨੂੰ ਨਹੀਂ ਮਿਲਦਾ? ਇਨ੍ਹਾਂ ਚੈਨਲਾਂ ਤੇ ਦਿਖਾਏ ਜਾਂਦੇ ਸੀਰੀਅਲ ਆਮ ਜੀਵਨ ਤੋਂ ਕੋਹਾਂ ਦੂਰ ਹਨ, ਅੰਧ ਵਿਸ਼ਵਾਸ਼ ਫੈਲਾਉਣ ਵਾਲੇ ਹਨ ਤੇ ਪਰਿਵਾਰਕ ਸਾਜ਼ਿਸ਼ਾਂ ਨਾਲ ਭਰਪੂਰ, ਟਾਈਮ ਕਿੱਲ ਕਰਨ ਤੋਂ ਵੱਧ ਕੁਝ ਨਹੀਂ ਹਨ। ਕੀ ਅਜਿਹੇ ਬੇਸਿਰ ਪੈਰ ਸੀਰੀਅਲਾਂ ਨੂੰ ਦੇਖ ਕੇ ਸਮਾਂ ਖਰਾਬ ਕਰਨ ਦੀ ਥਾਂ ਅਸੀਂ ਕੋਈ ਚੰਗੀ ਕਿਤਾਬ ਨਹੀਂ ਪੜ੍ਹ ਸਕਦੇ? ਕੁਝ ਸਮਾਂ ਪਹਿਲਾਂ ਮੀਡੀਏ ਦੇ ਕੁਝ ਹਿੱਸੇ ਅਤੇ ਲੇਖਕਾਂ-ਵਿਦਵਾਨਾਂ ਵਲੋਂ ਕੀਤੇ ਪ੍ਰਚਾਰ ਨਾਲ ਅਨੇਕਾਂ ਪਾਖੰਡੀ ਸਾਧਾਂ ਦਾ ਪਰਦਾਫਾਸ਼ ਹੋਇਆ ਅਤੇ ਅਨੇਕਾਂ ਨੂੰ ਜ਼ੇਲਾਂ ਦੀ ਹਵਾ ਖਾਣੀ ਪਈ ਸੀ।ਆਪਣਾ ਧੰਦਾ ਬੰਦ ਹੁੰਦਾ ਦੇਖ ਕੇ ਬਹੁਤ ਸਾਰੇ ਡੇਰਿਆਂ ਤੇ ਸਾਧਾਂ ਵਲੋਂ ਆਪਣੀ ਮਾਰਕੀਟਿੰਗ ਦਾ ਨਵਾਂ ਤਰੀਕਾ ਲੱਭਿਆ, ਉਨ੍ਹਾਂ ਨੇ ਆਪਣੇ ਡੇਰਿਆਂ ਦੇ ਨਾਲ ਸਕੂਲ, ਕਾਲਿਜ਼, ਹਸਪਤਾਲ ਆਦਿ ਖੋਲਣੇ ਸ਼ੁਰੂ ਕਰ ਦਿੱਤੇ, ਸੜਕਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਜੋ ਕੰਮ ਸਰਕਾਰਾਂ ਦੇ ਕਰਨ ਦੇ ਸਨ, ਉਹ ਕੰਮ ਇਨ੍ਹਾਂ ਸਾਧਾਂ ਨੇ ਸ਼ੁਰੂ ਕਰ ਦਿੱਤੇ। ਇਸ ਨਾਲ ਲੋਕ ਵੀ ਖੁਸ਼ ਕੇ ਬਾਬੇ ਸਮਾਜ ਲਈ ਵਧੀਆ ਕੰਮ ਕਰ ਰਹੇ ਹਨ, ਸਕੂਲ-ਕਾਲਿਜ਼-ਹਸਪਤਾਲ-ਸੜਕਾਂ ਆਦਿ ਬਣਾ ਰਹੇ ਹਨ ਤੇ ਦੂਜੇ ਪਾਸੇ ਸਰਕਾਰਾਂ ਵੀ ਖੁਸ਼ ਨੇ, ਕੇ ਲੋਕਾਂ ਦਾ ਧਿਆਨ ਉਨ੍ਹਾਂ ਵਲੋਂ ਕੁਝ ਤੇ ਹਟਿਆ ਕਿ ਸਰਕਾਰਾਂ ਲੋਕਾਂ ਲਈ ਕੁਝ ਨਹੀਂ ਕਰ ਰਹੀਆਂ। ਇਸ ਤਰ੍ਹਾਂ ਲੋਕ ਵੀ ਖੁਸ਼, ਸਰਕਾਰਾਂ ਵੀ ਖੁਸ਼, ਬਾਬੇ ਵੀ ਮਾਲੋਮਾਲ। ਲੋਕਾਂ ਨੇ ਸ਼ਰਧਾ ਵਿੱਚ ਬਾਬਿਆਂ ਲਈ ਖੁੱਲੇ ਦਿਲ ਨਾਲ ਸਕੂਲਾਂ, ਕਾਲਿਜ਼ਾਂ, ਹਸਪਤਾਲਾਂ, ਬਿਰਧ ਆਸ਼ਰਮਾਂ ਆਦਿ ਲਈ ਦਾਨ ਦੇਣੇ ਸ਼ੁਰੂ ਕਰ ਦਿੱਤੇ। ਪਿਛਲ਼ੇ ਕੁਝ ਸਮੇਂ ਤੋਂ ਅਜਿਹਾ ਰੁਝਾਨ ਮੀਡੀਏ ਦੇ ਕੁਝ ਹਿੱਸੇ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ। ਲੋਕਾਂ ਨੂੰ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਤੋਂ ਜਾਣੂ ਕਰਾ ਕੇ ਮੀਡੀਏ ਦਾ ਅਸਲੀ ਫਰਜ਼ ਨਿਭਾਉਣ ਦੀ ਥਾਂ ਮੀਡੀਏ ਦੇ ਇੱਕ ਹਿੱਸੇ ਵਲੋਂ ਹਸਪਤਾਲਾਂ, ਸਕੂਲਾਂ, ਯੂਨੀਵਰਸਿਟੀਆਂ ਵਿੱਚ ਧਰਮ ਅਧਾਰਿਤ ਚੇਅਰਾਂ ਸਥਾਪਿਤ ਕਰਨ, ਪਾਰਕਾਂ ਆਦਿ ਵਿੱਚ ਕਿਸੇ ਧਾਰਮਿਕ ਵਿਅਕਤੀ ਦੇ ਪੱਥਰ ਲਾਉਣ ਆਦਿ ਲਈ ਰੇਡੀਉ ਥਾਨ, ਫੰਡ ਰੇਜ਼ਿੰਗ ਡਿਨਰ ਆਦਿ ਕਰਨੇ ਆਰੰਭੇ ਹੋਏ ਹਨ, ਇਸ ਨਾਲ ਬਹੁਤ ਸਾਰੇ ਸ਼ਰਧਾਲੂ ਵੀ ਖੁਸ਼ ਹੋ ਜਾਂਦੇ ਹਨ ਕਿ ਉਨ੍ਹਾਂ ਦੀ ਮਾਇਆ ਧਰਮ ਦੇ ਅਰਥ ਲੱਗ ਕੇ ਸਫਲ ਹੋ ਗਈ, ਸਰਕਾਰਾਂ ਵੀ ਖੁਸ਼ ਹਨ ਕਿ ਲੋਕ ਉਨ੍ਹਾਂ ਨੂੰ ਪੁਛਦੇ ਨਹੀਂ ਕਿ ਜਦੋਂ ਅਸੀਂ ਆਪਣੀ ਮਿਹਨਤ ਦੀ ਕਮਾਈ ਦਾ ਤੀਜਾ ਹਿੱਸਾ ਟੈਕਸਾਂ ਵਿੱਚ ਦੇ ਰਹੇ ਹਾਂ ਤਾਂ ਫਿਰ ਤੁਹਾਡੇ ਕੋਲੋਂ ਹਸਪਤਾਲ, ਸਕੂਲ, ਕਾਲਿਜ਼, ਯੂਨੀਵਰਸਿਟੀਆਂ ਕਿਉਂ ਨਹੀਂ ਚੱਲ ਰਹੀਆਂ? ਕਿਉਂ ਲੋਕਾਂ ਨੂੰ 10 ਤੋਂ 12 ਘੰਟੇ ਐਮਰਜੈਂਸੀ ਵਿੱਚ ਬੈਠਣਾ ਪੈਂਦਾ ਹੈ? ਕਿਉਂ ਲੋਕਾਂ ਨੂੰ ਜਰੂਰੀ ਸਰਜਰੀਆਂ ਜਾਂ ਐਮ ਆਰ ਆਈ ਜਾਂ ਸੀ ਟੀ ਸਕੈਨ ਆਦਿ ਲਈ 6 ਤੋਂ 12 ਮਹੀਨੇ ਜਾਂ ਕਈ ਵਾਰ ਸਾਲ ਤੋਂ ਉਪਰ ਇੰਤਜ਼ਾਰ ਕਰਨਾ ਪੈਂਦਾ ਹੈ? ਕਿਉਂ ਹਰ ਸਾਲ ਕਾਲਿਜ਼ਾਂ-ਯੂਨੀਵਰਸਿਟੀਆਂ ਦੀ ਵਧਦੀ ਫੀਸ ਕਾਰਨ ਉਚ ਵਿਦਿਆ ਆਮ ਲੋਕਾਂ ਦੇ ਬੱਚਿਆਂ ਦੀ ਪਹੁੰਚ ਤੋਂ ਬਾਹਰ ਹੋ ਰਹੀ ਹੈ? ਚਾਹੀਦਾ ਤਾਂ ਇਹ ਹੈ ਕਿ ਗੁਰੂ ਨਾਨਕ ਸਾਹਿਬ ਵਾਂਗ ਮੀਡੀਆ ਵੀ 'ਸਚੁ ਸੁਣਾਇਸੀ



ਸਚ ਕੀ ਬੇਲਾ' ਦੀ ਬਾਤ ਪਾਉਂਦਾ। ਆਪਣੇ ਮੀਡੀਏ ਤੇ ਸਮੇਂ ਦੇ ਹਾਕਮਾਂ ਨੂੰ ਸੱਦ ਕੇ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕਰਦਾ? ਪਰ ਅਜਿਹਾ ਨਹੀਂ ਹੋ ਰਿਹਾ, ਕਿਉਂਕਿ ਮੀਡੀਆ ਹੁਣ ਵਪਾਰ ਬਣਦਾ ਜਾ ਰਿਹਾ ਹੈ।ਪੱਤਰਕਾਰੀ ਸਿਰਫ ਧੰਦਾ ਬਣ ਕੇ ਰਹਿ ਗਈ ਹੈ।

ਜੇ ਮੀਡੀਆ ਨੂੰ ਸਮਾਜ ਸੇਵਾ ਦਾ ਜ਼ਿਆਦਾ ਸ਼ੌਕ ਹੈ ਤੇ ਕਮਿਉਨਿਟੀ ਲਈ ਕੁਝ ਕਰਨਾ ਚਾਹੁੰਦੇ ਹਨ ਤਾਂ ਕੈਲਗਰੀ ਵਿੱਚ ਸਾਡੇ ਕੋਲ ਕੋਈ ਅਜਿਹਾ ਕਮਿਉਨਿਟੀ ਸੈਂਟਰ ਨਹੀਂ ਹੈ, ਜਿਥੇ ਕਮਿਉਨਿਟੀ ਦੇ ਸਾਂਝੇ ਫੰਕਸ਼ਨ, ਸੈਮੀਨਾਰ, ਸਭਾਵਾਂ ਦੀਆਂ ਮੀਟਿੰਗਾਂ ਜਾਂ ਘੱਟ ਇਨਕਮ ਵਾਲੇ ਲੋਕ ਵਿਆਹ ਜਾਂ ਕੋਈ ਘਰੇਲੂ ਫੰਕਸ਼ਨ ਕਰ ਸਕਣ। ਬਜ਼ੁਰਗਾਂ ਦੀਆਂ 6-7 ਸੁਸਾਇਟੀਆਂ ਵਲੋਂ ਸਰਕਾਰਾਂ ਤੋਂ ਗਰਾਂਟਾਂ ਲੈ ਕੇ ਆਪਣੇ ਛੋਟੇ-ਛੋਟੇ ਕਈ ਦਫਤਰ ਖੋਲ੍ਹੇ ਹੋਏ ਹਨ, ਜਿਤਨਾ ਖਰਚਾ ਇਨ੍ਹਾਂ ਸੁਸਾਇਟੀਆਂ ਵਲੋਂ ਰਲ਼ ਕੇ ਕੀਤਾ ਜਾਂਦਾ ਹੈ, ਅਗਰ ਉਹ ਸਾਰੇ ਬਜ਼ੁਰਗ ਇਕੱਠੇ ਹੋ ਕੇ ਇੱਕ ਵੱਡੀ ਸੰਸਥਾ ਬਣਾ ਲੈਣ, ਜਿਥੇ ਉਨ੍ਹਾਂ ਦੇ ਬੈਠਣ ਲਈ ਵੀ ਜਗ੍ਹਾ ਹੋਵੇ, ਆਮ ਲੋਕਾਂ ਲਈ ਸੇਵਾਵਾਂ ਵੀ ਦਿੱਤੀਆਂ ਜਾਣ, ਛੋਟੇ ਫੰਕਸ਼ਨ ਵੀ ਹੋ ਸਕਣ, ਲਾਇਬ੍ਰੇਰੀ, ਪੰਜਾਬੀ ਸਕੂਲ ਆਦਿ ਵੀ ਹੋਵੇ। ਪਰ ਅਸੀਂ ਸਾਰੇ ਇੱਕ ਦੂਜੇ ਤੇ ਦੋਸ਼ ਲਗਾਉਂਦੇ ਹਾਂ ਕਿ ਉਹ ਇਕੱਠੇ ਨਹੀਂ, ਪਰ ਸਾਰੀ ਉਮਰ ਦੇ ਤਜ਼ਰਬੇ ਦੇ ਮਾਲਕ ਬਜ਼ੁਰਗ ਵੀ ਇਕੱਠੇ ਹੋਣ ਲਈ ਤਿਆਰ ਨਹੀਂ ਹਨ। ਸਮਾਜ ਨੂੰ ਸੇਧ ਦੇਣ ਦਾ ਦਾਅਵਾ ਕਰਨ ਵਾਲੇ ਲੇਖਕ ਇਕੱਠੇ ਨਹੀਂ ਚੱਲ ਸਕਦੇ? ਇਸੇ ਤਰ੍ਹਾਂ ਸਾਡੀ ਕਮਿਉਨਿਟੀ ਨੂੰ ਇੱਕ 'ਸੀਨੀਅਰ ਕੇਅਰ ਫਸਿਲਟੀ' ਦੀ ਸਖਤ ਲੋੜ ਹੈ, ਜਿਥੇ ਬੀਮਾਰੀ ਜਾਂ ਬਿਰਧ ਅਵਸਥਾ ਵਿੱਚ ਬਜ਼ੁਰਗ ਆਪਣਾ ਆਖਰੀ ਸਮਾਂ ਆਪਣੇ ਭਾਈਚਾਰਕ ਮਾਹੌਲ ਵਿੱਚ ਗੁਜ਼ਾਰ ਸਕਣ, ਪਰ ਇਸ ਵੱਲ ਕਿਸੇ ਦਾ ਧਿਆਨ ਨਹੀਂ ਹੈ, ਕਿਉਂ ਨਹੀਂ ਮੀਡੀਆ ਜਾਂ ਹੋਰ ਸੰਸਥਾਵਾਂ ਇਸ ਲਈ ਫੰਡ ਇਕੱਠਾ ਕਰਦੀਆਂ? ਕੁਝ ਵਿਅਕਤੀਆਂ ਵਲੋਂ ਯਤਨ ਕੀਤਾ ਗਿਆ, ਤਾਂ ਕੁਝ ਸਿਆਸੀ ਲੋਕਾਂ ਤੇ ਕਮਿਉਨਿਟੀ ਦੇ ਚੌਧਰੀਆਂ ਨੇ ਲੱਤਾਂ ਖਿੱਚਣੀਆਂ ਸ਼ੁਰੂ ਕਰ ਦਿੱਤੀਆਂ ਤੇ ਉਹ ਪ੍ਰੋਜੈਕਟ ਫੇਲ੍ਹ ਹੋ ਗਿਆ। ਫਿਉਨਰਲ ਹੋਮ ਦੀ ਕਮਿਉਨਿਟੀ ਨੂੰ ਜਰੂਰਤ ਹੈ, ਜਿਥੇ ਘੱਟ ਖਰਚੇ ਤੇ ਅੰਤਮ ਸੰਸਕਾਰ ਹੋ ਸਕਣ। ਜੇ ਕੁਝ ਲੋਕਾਂ ਵਲੋਂ ਫਿਉਨਰਲ ਹੋਮ ਬਣਾਉਣ ਲਈ ਯਤਨ ਆਰੰਭਿਆ ਗਿਆ ਸੀ ਤਾਂ ਉਸਨੂੰ ਸਾਡੇ ਗੁਰਦੁਆਰਿਆਂ ਤੇ ਕੁਝ ਸਿਆਸੀ ਲੋਕਾਂ ਨੇ ਆਪਣੀ ਹਉਮੈ ਗ੍ਰਸੀ ਸੋਚ ਅਧੀਨ ਸਿਰੇ ਨਹੀਂ ਚੜ੍ਹਨ ਦਿੱਤਾ।

ਗੁਰਦੁਆਰਿਆਂ ਵਿੱਚ ਅਖੰਡ ਪਾਠਾਂ ਦੀ ਲੜੀਆਂ ਚਲਾ ਕੇ, ਆਪੇ ਤਿਆਰ ਕੀਤੇ ਭਾਂਤ-ਸੁਭਾਂਤੇ ਲੰਗਰ ਆਪੇ ਖਾ ਕੇ, ਗੁਰਪੁਰਬਾਂ ਤੇ ਪਟਾਕਿਆਂ ਦਾ ਪ੍ਰਦੂਸ਼ਨ ਫੈਲਾ ਕੇ, ਘਰ ਆਉਣ ਨਾਲੋਂ ਸਾਡੇ ਧਾਰਮਿਕ ਲੀਡਰ ਸਮੇਂ ਦੇ ਬਾਬਰਾਂ-ਜ਼ਾਬਰਾਂ ਨੂੰ ਬਾਬੇ ਨਾਨਕ ਵਾਂਗ ਵੰਗਾਰਦੇ, ਉਨ੍ਹਾਂ ਦੇ ਗਲ਼ਾਂ ਵਿੱਚ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਸਿਰੋਪੇ ਪਾਉਣ ਦੀ ਥਾਂ ਸਾਫੇ ਪਾਉਂਦੇ ਅਤੇ ਅਜਿਹੇ ਸਮਾਜ ਵਿਰੋਧੀ ਅਨਸਰਾਂ ਨੂੰ ਲੋਕ ਕਚਹਿਰੀ ਵਿੱਚ ਜੁਆਬਦੇਹ ਬਣਾਉਂਦੇ? ਪਰ ਧਰਮ ਵੀ ਧੰਦਾ, ਰੁਜ਼ਗਾਰ ਤੇ ਸਿਆਸਤ ਲਈ ਪਉੜੀ ਬਣ ਕੇ ਰਹਿ ਗਿਆ ਹੈ। ਸਿਆਸੀ ਆਗੂ ਜੋ ਵੋਟਾਂ ਵੇਲੇ ਫੋਨ ਤੇ ਫੋਨ ਕਰਕੇ ਜਾਂ ਡੋਰ ਨੌਕਿੰਗ ਕਰਕੇ ਤੁਹਾਡਾ ਪਿੱਛਾ ਨਹੀਂ ਛੱਡਦੇ, ਉਨ੍ਹਾਂ ਨਾਲ ਫੰਕਸ਼ਨਾਂ ਵਿੱਚ ਫੋਟੋਆਂ ਖਿਚਾਉਣ, ਆਪਣੇ ਘਰੇਲੂ ਪ੍ਰੋਗਰਾਮਾਂ ਵਿੱਚ ਆਪਣੀ ਫੋਕੀ ਟੌਰ ਬਣਾਉਣ ਲਈ ਸੱਦਣ, ਉਨ੍ਹਾਂ ਤੋਂ ਸਮਾਗਮਾਂ ਵਿੱਚ ਸਨਮਾਨ ਦਿਵਾਉਣ ਤੱਕ ਹੀ ਸੀਮਿਤ ਨਾ ਰਹੀਏ, ਉਨ੍ਹਾਂ ਨੂੰ ਪੁਛੀਏ ਕਿ ਉਹ ਅਸੰਬਲੀ ਜਾਂ ਪਾਰਲੀਮੈਂਟ ਕਿਤਨੀ ਵਾਰ ਕਿਸੇ ਮਸਲੇ ਤੇ ਬੋਲੇ ਹਨ? ਉਹ ਜਿਸ ਪਾਰਟੀ ਨਾਲ ਸਬੰਧਤ ਹਨ, ਕੀ ਉਸ ਪਾਰਟੀ ਦੀਆਂ ਨੀਤੀਆਂ ਲੋਕ ਮਾਰੂ ਤੇ ਨਹੀਂ ਹਨ? ਉਨ੍ਹਾਂ ਦੀ ਪਾਰਟੀ ਜਾਂ ਸਰਕਾਰ ਲੋਕ ਮਸਲਿਆਂ, ਹੈਲਥ, ਐਜੂਕੇਸ਼ਨ, ਇਮੀਗਰੇਸ਼ਨ ਆਦਿ ਲਈ ਕੀ ਕਰ ਰਹੀ ਹੈ? ਸਿਰਫ ਇਤਨੇ ਨਾਲ ਹੀ ਖੁਸ਼ ਨਾ ਹੋ ਜਾਈਏ ਕਿ ਇਤਨੇ ਸਿੱਖ ਜਾਂ ਪੱਗ ਵਾਲੇ ਜਾਂ ਪੰਜਾਬੀ ਆਦਿ ਸਿਟੀ

(ਬਾਕੀ ਸਫ਼ਾ 21 'ਤੇ)






# ਦੇਸ਼ ਧ੍ਰੋਹੀ ਕੌਣ ਅਤੇ ਜੰਗ ਕਿਸ ਦੀ ਕੀਮਤ 'ਤੇ



ਡਾ. ਅਜੀਤਪਾਲ ਸਿੰਘ ਬਠਿੰਡਾ
98156-29301

**ਅੰਗਹੀਣ ਫੌਜੀਆਂ ਦੀ ਪੈਨਸ਼ਨ 'ਚ ਕਟੌਤੀ ਕਰ ਦਿੱਤੀ ਜਾਂਦੀ ਹੈ ਅਤੇ ਉਹ ਚੁੱਪ ਰਹਿੰਦੇ ਹਨ? ਕਿਰਤ ਕਾਨੂੰਨਾਂ ਨੂੰ ਬਦਲ ਦਿੱਤਾ ਜਾਂਦਾ ਹੈ, ਚੁੱਪ ਰਹਿੰਦੇ ਹਨ। ਉਨ੍ਹਾਂ ਦੀ ਦੇਸ਼ ਭਗਤੀ ਸੰਘ ਪਾੜ ਕੇ ਚੀਕਣ ਦੀ ਦੌੜ ਅਤੇ ਗਾਲੀ ਗਲੋਚ ਵਿਚ ਹੈ? ਪਹਿਲੀ ਵਾਰੀ ਇਹ ਹੋਇਆ ਕਿ ਸਰਜੀਕਲ ਸਟਰਾਇਕ ਪਿਛੋਂ ਫੌਜ ਨੂੰ ਪ੍ਰੈਸ ਕਾਨਫਰੰਸ ਰਾਹੀਂ ਜਾਣਕਾਰੀ ਦੇਣੀ ਪਈ?**

ਵਾਤਾਨੁਕੂਲਿਤ ਖਬਰੀ ਕਮਰਿਆਂ (ਵਾਰ ਰੂਮ) 'ਚ ਬੈਠ ਕੇ ਕੁਝ ਮੀਡੀਆ ਘਰਾਣੇ, ਅਦਾਰੇ ਤੇ ਵਿਅਕਤੀ ਲੋਕਾਂ ਨੂੰ ਦੇਸ਼ ਭਗਤੀ ਦੇ ਸਰਟੀਫਿਕੇਟ ਵੰਡਣ 'ਚ ਲੱਗੇ ਹੋਏ ਹਨ। ਸਰਜੀਕਲ ਸਟਰਾਇਕ ਦੇ ਦਿਨਾਂ 'ਚ ਇਹੀ ਰੋਲ ਨਿਭਾਇਆ ਗਿਆ। ਇਕ ਫੌਜੀ ਦੇ ਹੱਥ 'ਚ ਜੋ ਬੰਦੂਕ ਹੈ, ਉਸ ਨੂੰ ਵਧਾਇਆ ਕਹਿਨੇ-ਮਜ਼ਦੂਰ ਹੈ, ਸੈਨਾ ਦੀ ਬੁਲੇਟ ਪਰੂਫ ਜੈਕਟ, ਵਰਦੀ, ਰਾਸ਼ਨ, ਦਵਾ ਆਦਿ ਨੂੰ ਬਣਾਉਣ ਵਾਲਾ ਆਖ਼ਰਕਾਰ ਇਕ ਮਿਹਨਤਕਸ਼ ਹੀ ਤਾਂ ਹੈ। ਫਿਰ ਉਹ ਮਜ਼ਦੂਰ ਜਾਂ ਕਿਸਾਨ ਦੇਸ਼ ਭਗਤ ਨਹੀਂ? ਜਦੋਂ ਸਰਜੀਕਲ ਸਟਰਾਇਕ ਚਲ ਰਿਹਾ ਸੀ ਤਾਂ ਉਸ ਸਮੇਂ ਹੌਂਡਾ ਦੇ ਫੈਕਟਰੀ ਕਾਮੇ ਆਪਣੇ ਰੁਜ਼ਗਾਰ ਦੀ ਰਾਖੀ ਲਈ ਦਿੱਲੀ ਜੰਤਰ ਮੰਤਰ 'ਤੇ ਅਨਮਿਥੇ ਸਮੇਂ ਭੁੱਖ ਹੜਤਾਲ 'ਤੇ ਬੈਠੇ ਹੋਏ ਸਨ, ਉਸ ਸਮੇਂ ਨੋਇਡਾ ਦੇ ਮਿਹਨਤਕਸ਼ ਕਾਮਿਆਂ 'ਤੇ ਲਾਠੀਆਂ ਦਾ ਮੀਂਹ ਵਰ੍ਹਾਇਆ ਜਾ ਰਿਹਾ ਸੀ, ਉਸ ਸਮੇਂ ਦਿੱਲੀ ਦੇ ਅਲੀਪੁਰ 'ਚ ਕਰੰਟ ਲੱਗਣ ਨਾਲ ਇਕ ਮਜ਼ਦੂਰ ਮੌਤ ਦਾ ਸ਼ਿਕਾਰ ਹੋਇਆ। ਕੀ ਕਦੀ ਮੀਡੀਆ ਨੇ ਇਨ੍ਹਾਂ ਦੀਆਂ ਤਕਲੀਫ਼ਾਂ ਤੇ ਸਮੱਸਿਆਵਾਂ ਨੂੰ ਕਦੀ ਖ਼ਬਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ? 2014 ਦੇ ਮੁਕਾਬਲੇ 2015 'ਚ 40 ਫੀਸਦੀ ਵੱਧ ਕਿਸਾਨਾਂ ਨੂੰ ਖੁਦਕਸ਼ੀ ਕਰਨੀ ਪਈ। ਕੀ ਏਅਰਕੰਡੀਸ਼ਨਡ ਕਮਰੇ 'ਚ ਬੈਠ ਕੇ ਮੀਡੀਆ ਕਰਮੀਆਂ ਨੇ ਕਿਸਾਨਾਂ ਬਾਰੇ ਵਿਚਾਰ ਵਟਾਂਦਰਾ ਕਰਨ ਦੀ ਸੋਚੀ? ਆਦੀਵਾਸੀ ਲੜਕੀ ਮੜਕਮ ਹਿਡਮੇ ਨਾਲ ਬਲਾਤਕਾਰ ਕਰਕੇ ਉਸ ਦਾ ਕਤਲ ਕਰ ਦਿੱਤਾ ਗਿਆ ਅਤੇ ਉਸਦੇ ਕਾਤਲਾਂ ਨੂੰ ਸੂਬਾ ਸਰਕਾਰ ਨੇ ਇਨਾਮ ਨਾਲ ਵੀ ਨਿਵਾਜਿਆ। ਇਕ ਬਜ਼ੁਰਗ ਬਾਪ ਸਿਰਫ ਇਸ ਲਈ ਜਿੰਦਾ ਹੈ ਕਿ ਉਹ ਆਪਣੀ ਬੇਗੁਨਾਹ ਧੀ ਮੀਨਾ ਖਲਕੋ (15 ਸਾਲ) ਦੇ ਕਤਲ ਪਿਛੋਂ ਜਦ ਉਸ ਦੀ ਰਿਪੋਰਟ ਵਿਧਾਨ ਸਭਾ ਦੀ ਮੇਜ਼ 'ਤੇ ਰੱਖੀ ਗਈ ਤਾਂ ਇਕ 'ਦੇਸ਼ਭਗਤ' ਮੰਤਰੀ ਨੇ ਕਿਹਾ ਕਿ ਮੀਨਾ ਸੈਕਸ ਦੀ ਆਦੀ ਸੀ। ਖੇਤਰ 'ਚ ਆਉਣ ਵਾਲੇ ਟਰੱਕ ਡਰਾਈਵਰਾਂ ਨਾਲ ਉਸ ਦੇ ਸਬੰਧ ਸਨ। ਨਿਆਂਇਕ ਜਾਂਚ 'ਚ ਜਦ ਇਹ ਗੱਲ ਸਾਬਤ ਹੋ ਗਈ ਕਿ ਮੀਨਾ ਖਲਕੋ ਬੇਗੁਨਾਹ ਸੀ, ਉਸ ਦਾ ਕਤਲ ਕਰਨ ਤੋਂ ਪਹਿਲਾਂ ਉਸ ਦਾ ਬਲਾਤਕਾਰ ਹੋਇਆ ਸੀ, ਉਸ ਦੇ ਇਕ ਸਾਲ ਪਿਛੋਂ ਵੀ ਛਤੀਸ਼ਗੜ੍ਹ ਦੇ ਗ੍ਰਹਿ ਮੰਤਰੀ ਰਾਮਸੇਵਕ ਪਕੇਰਾ ਨੇ ਵਿਧਾਨ ਸਭਾ 'ਚ ਦੱਸਿਆ ਕਿ ਇਸ ਕੇਸ 'ਚ ਕੋਈ ਚਲਾਨ ਹੀ ਪੇਸ਼ ਨਹੀਂ ਕੀਤਾ ਗਿਆ, ਨਾ ਹੀ ਬਲਾਤਕਾਰ ਦੀ ਧਾਰਾ ਜੋੜੀ ਗਈ ਹੈ। 16 ਅਗਸਤ 19 ਸਾਲਾ ਅਰਜਨ ਮਰਕਾਮ ਦੀ ਹੱਤਿਆ ਮਾਓਵਾਦੀ ਦੱਸਕੇ ਕਰ ਦਿੱਤੀ ਜਾਂਦੀ ਹੈ ਜਦਕਿ ਉਹ ਬਿਨਾ ਨਾਗਾ ਅਦਾਲਤੀ ਕੇਸ ਦੀ ਤਰੀਕ 'ਤੇ ਜਾਂਦਾ ਸੀ। ਅਰਜਨ ਮਰਕਾਮ ਦੀ ਹੱਤਿਆ ਇਸ ਲਈ ਕੀਤੀ ਗਈ ਕਿ ਉਸ ਨੂੰ ਜਿਸ ਕੇਸ 'ਚ ਫਸਾਇਆ ਗਿਆ ਸੀ, ਉਥੋਂ ਉਹ ਬੇਗੁਨਾਹ ਸਾਬਤ ਹੋ ਜਾਂਦਾ। ਇਸ ਨਾਬਾਲਗ ਲੜਕੇ ਨੂੰ 2015 'ਚ ਪੁਲਿਸ ਵਾਲਿਆਂ ਨੇ 30 ਸਾਲਾ ਅਰਜਨ ਮਰਕਾਮ ਕਹਿ ਕੇ ਫੜਿਆ ਸੀ। ਉਹ ਬਾਇੱਜ਼ਤ ਬਰੀ ਹੋ ਸਕਦਾ, ਇਸ ਤੋਂ ਪਹਿਲਾਂ ਹੀ ਉਸ ਦੀ ਹੱਤਿਆ ਕਰ ਦਿੱਤੀ ਗਈ। ਕੀ ਮੀਡੀਆ ਕਰਮੀ ਮੜਕਮ ਹਿੜਮੇ ਕੀ ਮੀਨਾ ਖਲਕੋ, ਅਰਜਨ ਮਾਰਕਮ ਵਰਗੇ ਹਜ਼ਾਰਾਂ ਆਦੀਵਾਸੀਆਂ ਦੀ ਕਹਾਣੀ ਲੋਕਾਂ ਨੂੰ ਦੱਸੇਗੀ? ਆਪਾਂ, ਕਸ਼ਮੀਰੀਆਂ ਤੇ ਉਤਰ ਪੂਰਬ ਦੇ ਲੋਕਾਂ ਦੀ ਗੱਲ ਹੀ ਨਹੀਂ ਕਰਦੇ, ਕਿਉਂਕਿ ਉਹ ਮੀਡੀਆ ਦੀਆਂ ਨਜ਼ਰਾਂ 'ਚ ਹਮੇਸ਼ਾ 'ਦੇਸ਼ ਧਰੋਹੀ' ਹਨ, ਉਹ ਤਾਂ ਅਜ਼ਾਦੀ ਦੀ ਗੱਲ ਕਰਦੇ ਹਨ ਤੇ ਅਜ਼ਾਦ ਰਹਿਣ ਚਾਹੁੰਦੇ ਹਨ। ਸੀ. ਆਰ. ਪੀ. ਐਫ. ਨੇ ਜੰਮੂ-ਕਸ਼ਮੀਰ ਹਾਈਕੋਰਟ 'ਚ ਹਲਫਨਾਮਾ ਦੇ ਕੇ ਦੱਸਿਆ ਹੈ ਕਿ 32 ਦਿਨਾਂ 'ਚ 13 ਲੱਖ ਪੈਲਟਗੰਨ ਦੀ ਵਰਤੋਂ ਕਸ਼ਮੀਰੀਆਂ 'ਤੇ ਕੀਤੀ ਗਈ ਹੈ। ਬੱਸ ਸਾਕਮਾਂ ਨੂੰ ਤਾਂ ਕਸ਼ਮੀਰ ਚਾਹੀਦਾ ਹੈ, ਕਸ਼ੀਮਰੀਆਂ ਨਾਲ ਕੀ ਮਤਲਬ, ਅਸੀਂ ਉਨ੍ਹਾਂ ਮੁਸਲਮਾਨਾਂ ਦੀ ਗੱਲ ਹੀ ਨਹੀਂ ਕਰਦੇ ਜਿਨ੍ਹਾਂ ਦੇ ਵੱਡ-ਵਡੇਰੇ ਅਸ਼ਫਾਕ ਉਲਾ ਖਾਂ, ਵੀਰ ਅਬਦੁਲ ਹਮੀਦ ਵਰਗੇ ਲੋਕ ਵੀ ਰਹੇ ਹੋਣਗੇ ਕਿਉਂਕਿ ਉਹ ਤਾਂ ਮੀਡੀਆ ਦੀਆਂ ਨਜ਼ਰਾਂ 'ਚ 'ਦੇਸ਼ ਧ੍ਰੋਹੀ' ਹਨ, "ਪਾਕਿਸਤਾਨ ਜਿੰਦਾਬਾਦ ਦਾ ਨਾਅਰਾ ਲਾਉਂਦੇ ਹਨ"। ਤਾਂ ਹੀ ਤਾਂ ਤੁਹਾਡੇ ਮੀਡੀਆ ਵਾਲੇ ਏਅਰ ਕੰਡੀਸ਼ਨ ਕਮਰੇ 'ਚ ਬੈਠ ਕੇ ਉਨ੍ਹਾਂ ਦੇ ਘਰ ਦੇ ਫਰਿਜ਼ 'ਤੇ ਨਜ਼ਰ ਰੱਖਦੇ ਹਨ ਕਿ ਉਥੇ ਰੱਖਿਆ ਕੀ ਹੋਇਐ ਅਤੇ ਉਸ ਬੰਦੇ ਦੀ ਮੌਤ ਨੂੰ ਜਾਇਜ਼ ਮੰਨ ਲੈਂਦੇ ਹਨ। ਅਖਲਾਕ ਦੀ ਹੱਤਿਆ ਦੇ ਦੋਸ਼ੀ ਦੀ ਲਾਸ਼ ਨੂੰ ਤਿਰੰਗੇ 'ਚ ਲਪੇਟ ਕੇ ਰੱਖਣਾ ਤਿਰੰਗਾ ਦਾ ਅਪਮਾਨ ਨਹੀਂ ਦਿਸਦਾ, ਇਹ ਤਾਂ ਉਸ ਲਈ ਖੁਸ਼ਕਿਸਮਤ ਦੀ ਗੱਲ ਲੱਗਦੀ ਹੈ। ਅਜਿਹੀਆਂ ਥਾਵਾਂ 'ਤੇ ਹਮਾਇਤ ਜਾਹਿਰ ਕਰਨ ਲਈ ਕੇਂਦਰੀ ਮੰਤਰੀ, ਸਾਂਸਦ ਤੇ ਵਿਧਾਇਕ ਤੱਕ ਪਹੁੰਚ ਜਾਂਦੇ ਹਨ। ਇਹ ਮੀਡੀਆ ਨਾ ਤਾਂ ਤਿਰੰਗੇ ਦੇ ਅਪਮਾਨ 'ਤੇ ਸਵਾਲ ਕਰਦਾ ਹੈਅਤੇ ਨਾ ਹੀ ਸਾਂਸਦਾਂ, ਵਿਧਾਇਕਾਂ ਨੂੰ ਕਟਹਿਰੇ 'ਚ ਖੜ੍ਹਾ ਕਰਦਾ ਹੈ। ਏਅਰਕੰਡੀਸ਼ਨ ਕਮਰੇ 'ਚ ਬੈਠੇ ਐਂਕਰਾਂ ਦੇ ਜਹਿਨ 'ਚ ਸਵਾਲ ਹੀ ਪੈਦਾ ਨਹੀਂ ਹੁੰਦਾ। ਕੀ ਬ੍ਰਾਹਮਣਵਾਦੀ ਕਾਰਪੋਰੇਟ ਜਗਤ ਦੀ ਦਲਾਲੀ ਕਰਨ ਵਾਲੇ ਮੀਡੀਆ ਲਈ ਦਲਿਤਾਂ, ਆਦੀ ਵਾਸੀਆਂ, ਔਰਤਾਂ, ਮਜ਼ਦੂਰਾਂ, ਕਿਸਾਨਾਂ ਦੀਆਂ ਰੋਜ਼ਾਨਾ ਦੀਆਂ ਹੱਤਿਆਵਾਂ ਅਤੇ ਜਬਰ ਪ੍ਰਾਈਮ ਟਾਈਮ 'ਚ ਜਗ੍ਹਾ ਹਾਸਲ ਕਰ ਸਕਦੀਆਂ ਹਨ? ਕੀ ਇਹ ਸਭ ਸ਼ੂਦਰ ਲੋਕ ਹਨ ਜੋ ਆਏ ਹੀ ਦੂਜਿਆਂ ਦੀ ਸੇਵਾ ਕਰਨ ਲਈ ਹਨ? ਇਨ੍ਹਾਂ ਦੀ ਕੀ ਔਕਾਤ ਹੈ, ਇਹ ਤਾਂ ਸਾਡੇ ਬਜ਼ਾਰ ਦਾ ਹਿੱਸਾ ਵੀ ਨਹੀਂ ਸਨ ਇਹ ਤਾਂ ਜੰਗਲ-ਜਲ-ਜ਼ਮੀਨ 'ਤੇ ਕਬਜ਼ਾ ਕਰੀ ਬੈਠੇ ਹਨ,



ਜੋ ਪੂੰਜੀਪਤੀਆਂ ਦੀ ਹੈ। ਲੋਕ ਜਾਨਣਾ ਚਾਹੁੰਦੇ ਹਨ ਕਿ ਤੁਹਾਡੇ ਵਾਂਗੂੰ ਠੰਢੇ ਕਮਰਿਆਂ 'ਚ ਬੈਠ ਕੇ ਆਪਣੇ ਜੰਗੀ ਜਨੂੰਨੀ 'ਤੇ ਤਾੜੀਆਂ ਮਾਰਦੇ ਹੋਏ ਉਹ ਜੋ ਆਪਦੇ ਬਾਜ਼ਾਰ ਦਾ ਹਿੱਸਾ ਹਨ ਉਨ੍ਹਾਂ ਬਾਰੇ। ਲੋਕ ਜਾਨਣਾ ਚਾਹੁੰਦੇ ਹਨ ਕਿ ਹਰਿਆਣੇ ਦੇ ਮੂਰਥਲ ਵਿਚ ਗੱਡੀਆਂ 'ਚੋਂ ਖਿੱਚ ਕੇ ਜਿਨ੍ਹਾਂ ਔਰਤਾਂ ਨਾਲ ਗੈਂਗ ਰੇਪ ਕੀਤਾ ਗਿਆ ਕੀ ਉਨ੍ਹਾਂ ਨੂੰ ਨਿਆਂ ਮਿਲੂਗਾ? ਕੀ ਬੀ. ਕੇ. ਬਾਂਸਲ ਦੇ ਪਰਿਵਾਰ ਬਾਰੇ (ਜੇ ਬੀ. ਕੇ. ਬਾਂਸਲ ਨੂੰ ਰਿਸ਼ਵਤਖੋਰ ਮੰਨ ਵੀ ਲਈਏ ਤਾਂ ਉਨ੍ਹਾਂ ਦੀ ਪਤਨੀ ਬੇਟੀ, ਬੇਟੇ ਤਾਂ ਬੇਕਸੂਰ ਸਨ) ਜਿਨ੍ਹਾਂ ਨੇ ਆਤਮਹੱਤਿਆ ਕੀਤੀ। ਬੀ. ਕੇ. ਬਾਂਸਲ ਤੇ ਉਨ੍ਹਾਂ ਦੇ ਬੇਟੇ ਯੋਗੇਸ਼ ਦੇ ਸੁਈਸਾਇਡ ਨੋਟ, ਜਿਸ 'ਚ ਸੀ. ਬੀ. ਆਈ. ਅਧਿਕਾਰੀਆਂ ਦਾ ਨਾਂ ਆਇਆ, ਉਸ 'ਤੇ ਕੀ ਕਾਰਵਾਈ ਹੋਈ ਜਾਂ ਹੋ ਰਹੀ ਹੈ? ਕੀ ਉਸ ਦਾ ਜਾਇਜ਼ਾ ਲੈਣ ਲਈ ਮੀਡੀਆ ਕਰਮੀ 'ਵਾਰ ਰੂਪ' 'ਚੋਂ ਬਾਹਰ ਨਿਕਲੇ? ਪਰ ਸੀ. ਬੀ. ਆਈ. ਤਾਂ ਸਰਕਾਰਾਂ ਦੇ ਪਿੰਜਰੇ ਦਾ ਤੋਤਾ ਹੈ। ਬੀ. ਕੇ. ਬਾਂਸਲ ਦੇ ਖੁਦਕਸ਼ੀ ਨੋਟ ਵਿਚ ਡੀ. ਆਈ. ਜੀ. ਸੰਜੀਵ ਗੌਤਮ ਤੇ ਅਮਿਤਸ਼ਾਹ ਦੇ ਸਬੰਧਾਂ ਦੀ ਚਰਚਾ ਕੀਤੀ ਹੈ, ਜਿਸ ਦੇ ਜ਼ੋਰ 'ਤੇ ਸੰਜੀਵ ਗੌਤਮ ਨੇ ਬੀ. ਕੇ. ਬਾਂਸਲ ਦੇ ਪਰਿਵਾਰ 'ਤੇ ਜਬਰ ਢਾਹਿਆ। ਇਹ ਅਮਿਤਸ਼ਾਹ ਦੇਸ਼ ਦਾ ਸਭ ਤੋਂ ਵੱਡਾ 'ਦੇਸ਼ ਭਗਤ' ਬਣਿਆ ਹੋਇਆ ਹੈ ਅਤੇ ਲੋਕਾਂ ਨੂੰ 'ਦੇਸ਼ ਭਗਤੀ' ਦੇ ਸਰਟੀਫਿਕੇਟ ਵੰਡ ਰਿਹਾ ਹੈ। ਇਸ ਘਟਨਾ ਪਿਛੋਂ ਮੀਡੀਆ ਨਾਲ ਅਮਿਤਸ਼ਾਹ ਦੀ ਪ੍ਰੈਸ ਕਾਨਫਰੰਸ 'ਚ ਮੁਲਾਕਾਤ ਵੀ ਹੋਈ ਪਰ ਕੀ ਮੀਡੀਆ ਕਾਮਿਆਂ ਨੇ ਉਨ੍ਹਾਂ ਨਾਲ ਬਾਂਸਲ ਖੁਦਕਸ਼ੀ ਵਿਸ਼ੇ ਸਬੰਧੀ ਕੋਈ ਸਵਾਲ ਕੀਤਾ? ਮੀਡੀਆ ਕਰਜ਼ੇ ਵਿਚ ਡੁੱਬੇ ਵਪਾਰੀ ਮੋਹਨ ਅਰੋੜਾ ਦੇ ਪਰਿਵਾਰ ਦੇ ਆਤਮਹੱਤਿਆਂ ਦੇ ਕਾਰਨ ਦੇ ਵਿਸ਼ੇ ਬਾਰੇ ਨਹੀਂ ਸੋਚਦਾ, ਜਿਸ ਦੇ ਘਰ ਵਿਚ 70 ਸਾਲ ਤੋਂ ਲੈ ਕੇ 15 ਸਾਲਾਂ ਤੱਕ ਦੇ ਪੰਜ ਲੋਕਾਂ ਨੇ ਸਮੂਹਿਕ ਆਤਮ ਹੱਤਿਆ ਕਰ ਲਈ। ਆਏ ਦਿਨ ਫੌਜੀ/ਅਰਧ ਫੌਜੀ ਫੋਰਸ ਦੇ ਜਵਾਨ ਆਤਮ ਹੱਤਿਆ ਕਰ ਰਹੇ ਹਨ। ਕੀ ਇਹ ਖ਼ਬਰ ਵੀ ਮੀਡੀਆ ਦੇ ਖ਼ਬਰ ਰੂਮ ਦੀ ਖ਼ਬਰ ਨਹੀਂ ਬਣਦੀ? ਮੀਡੀਆ ਕਰਮੀ ਆਪਣੇ ਏਅਰਕੰਡੀਸ਼ਨ 'ਵਾਰ ਰੂਮਾਂ' 'ਚ ਬੈਠ ਕੇ ਚਾਂਦ ਬਾਬੂ ਲਾਲ ਚੌਹਾਨ ਨਾਮਕ ਫੌਜੀ ਦੀ ਗੱਲ ਕਰਦੇ ਹਨ ਜੋ ਪਾਕਿਸਤਾਨੀ ਕਬਜ਼ੇ ਵਿਚ ਹੈ। ਘੱਟੋ ਘੱਟ ਮੀਡੀਆ ਉਸ ਨੂੰ ਪਾਕਿਸਤਾਨ ਕਬਜ਼ੇ 'ਚੋਂ ਛੁਡਾਉਣ ਲਈ ਹੀ ਸਰਕਾਰ 'ਤੇ ਦਬਾਅ ਬਣਾਉਂਦਾ। ਕਿਥੇ ਹੈ ਇਸ ਦਾ ਫੌਜੀ ਪ੍ਰੇਮ? ਪਿਛਲੇ ਕੁਝ ਸਾਲਾਂ ਤੋਂ (ਖਾਸ ਕਰਕੇ ਐਨ. ਡੀ. ਏ. ਸਰਕਾਰ ਦੇ ਸਮੇਂ ਤੋਂ ਇਹ ਵੱਧ ਹੋਇਆ ਹੈ) ਗੱਲ ਗੱਲ 'ਤੇ 'ਦੇਸ਼ ਧ੍ਰੋਹੀ' ਦਾ ਸਰਟੀਫਿਕੇਟ ਵੰਡਣ ਦਾ ਰਿਵਾਜ ਭਾਰਤ 'ਚ ਤੇਜ਼ੀ ਨਾਲ ਵਧਿਆ ਹੈ। ਆਪਣੇ ਆਪ ਹੀ ਐਲਾਨੇ 'ਦੇਸ਼ ਭਗਤੀ' ਨੂੰ ਹੀ ਇਥੋਂ ਦਾ ਮੀਡੀਆ ਹਵਾ ਦੇ ਰਿਹਾ ਹੈ। ਰਾਸ਼ਟਰਪਤੀ ਕਹਿੰਦੇ ਹਨ ਕਿ ਵਿਰੋਧੀ ਵਿਚਾਰ ਨਾਲ ਲੋਕਤੰਤਰ ਮਜ਼ਬੂਤ ਹੁੰਦਾ ਹੈ, ਵਿਰੋਧੀ ਵਿਚਾਰਾਂ ਨੂੰ ਵੀ ਤਰਜੀਹ ਦੇਣੀ ਚਾਹੀਦੀ ਹੈ ਪਰ ਇਸ ਦੇ ਉਲਟ ਦੇਸ਼ ਦੇ ਕੁਝ ਅਖੌਤੀ 'ਰਾਸ਼ਟਰ ਭਗਤ' ਮੀਡੀਆ, ਸੰਗਠਨ ਤੇ ਵਿਅਕਤੀਆਂ ਦਾ ਗਠਜੋੜ ਕੰਮ ਕਰ ਰਿਹਾ ਹੈ। ਵਿਰੋਧੀ ਵਿਚਾਰਾਂ ਨੂੰ ਦਬਾਉਣ ਲਈ ਐਂਕਰ ਚੀਕਾਂ ਮਾਰਨ ਲੱਗਦਾ ਹੈ ਅਤੇ ਉਸ ਦੀ ਗੱਲ ਪੂਰੀ ਨਹੀਂ ਹੋਣ ਦਿੰਦੇ ਅਤੇ ਉਸ 'ਤੇ ਸਵਾਲਾਂ ਦੀ ਝੜੀ ਲਾ ਦਿੰਦੇ ਹਨ। ਉਹ ਆਪਣੇ ਵਿਰੋਧੀ 'ਤੇ ਇਸ ਤਰ੍ਹਾਂ ਚੀਕ ਚੀਕ ਕੇ ਸਵਾਲ ਦਾਗਣੇ ਸ਼ੁਰੂ ਕਰ ਦਿੰਦਾ ਹੈ ਜਿਵੇਂ ਜੰਗ ਦੇ ਮੈਦਾਨ 'ਚ ਖੜ੍ਹਾ ਹੋਵੇ। ਗੋਲੇ ਦਾਗਣ ਪਿਛੋਂ ਸ਼ੁਰੂ ਹੁੰਦਾ ਹੈ 'ਰਾਸ਼ਟਰ ਭਗਤਾਂ' ਵਲੋਂ ਉਸ ਦਾ ਪੁਤਲਾ ਫੂਕਣਾ, ਘਰਾਂ-ਦਫਤਰਾਂ 'ਤੇ ਪੱਥਰ ਮਾਰਨੇ, ਚੀਕਣਾ, ਉਸ ਖ਼ਬਰ ਦੀ ਕਿਲਪਿੰਗ ਵਿਖਾਉਣਾ ਅਤੇ ਦੱਸਣਾ ਕਿ ਇਹ ਦੇਸ਼ ਦਾ ਗੱਦਾਰ ਹੈ। 'ਰਾਸ਼ਟਰ ਭਗਤ ਵਿਅਕਤੀਆਂ ਵਲੋਂ ਸ਼ੋਸ਼ਲ ਮੀਡੀਆ 'ਤੇ ਫਰਜ਼ੀ ਅਕਾਊਂਟ ਦੇ ਜ਼ਰੀਏ ਸ਼ੁਰੂ ਹੋ ਜਾਂਦਾ ਹੈ। ਮਾਵਾਂ-ਭੈਣਾਂ ਦੀਆਂ ਗਾਲਾਂ ਦੇ ਨਾਲ ਪਾਕਿਸਤਾਨ ਭੇਜਣ ਦਾ ਸਿਲਸਿਲਾ। 'ਸਰਜੀਕਲ ਸਟਰਾਇਕ' ਪਿਛੋਂ ਮਹਾਂਰਾਸ਼ਟਰ ਨਵਨਿਰਮਾਣ ਸੈਨਾ (ਮਨਸੇ) ਨੇ ਪਾਕਿਸਤਾਨੀ ਕਲਾਕਾਰਾਂ ਨੂੰ 48 ਘੰਟਿਆਂ 'ਚ ਮੁੰਬਈ ਛੱਡਕੇ ਜਾਣ ਦਾ ਅਲਟੀਮੇਟਮ ਦਿੱਤਾ। ਸਲਮਾਨ ਖਾਨ ਤੋਂ ਪਾਕਿਸਤਾਨੀ ਕਲਾਕਾਰਾਂ ਨੂੰ ਦੇਸ਼ ਛੱਡਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਇਕ ਕਲਾਕਾਰ, ਕਲਾਕਾਰ ਹੁੰਦਾ ਹੈ, ਦਹਿਸ਼ਤਗਰਦ ਨਹੀਂ। ਉਸ ਨੂੰ ਦੇਸ਼ ਦੀ ਸਰਕਾਰ ਵੀਜ਼ਾ ਦਿੰਦੀ ਹੈ ਆਉਣ ਲਈ ਤਾਂ ਉਹ ਆਉਂਦਾ ਹੈ। ਸਲਮਾਨ ਖਾਨ ਦੀ ਇਸ ਛੋਟੀ ਤੇ ਸਹੀ ਗੱਲ 'ਤੇ ਭਾਰਤੀ ਮੀਡੀਆ 'ਚ ਸੰਘ ਪਾੜ ਪਾੜ ਕੇ ਚੀਕਣ ਦਾ ਮੁਕਾਬਲਾ ਸ਼ੁਰੂ ਹੋ ਗਿਆ। ਅਜਿਹੀ ਹੀ ਇਕ ਦੌੜ 'ਚ ਓਮਪੁਰੀ ਫਸ ਗਏ। ਐਂਕਰ ਚੀਕ ਚੀਕ ਕੇ ਉਸ ਦੀ ਰਾਇ ਜਾਨਣਾ ਚਾਹ ਰਿਹਾ ਸੀ। ਉਹ ਆਪਣੀ ਰਾਇ ਦੇ ਰਹੇ ਸਨ 'ਇਜ਼ਰਾਇਲ ਤੇ ਫਿਲਸਤੀਨ ਮੱਤ ਬਣਾਓ, ਇਕ ਹਫ਼ਤੇ ਤੋਂ ਹੋਰ ਕੋਈ ਮੁੱਦਾ ਨਹੀਂ ਮਿਲ ਰਿਹਾ ਤੁਹਾਨੂੰ। ਦੇਸ਼ 'ਚ 22 ਕਰੋੜ ਮੁਸਲਮਾਨ ਹਨ, ਉਨ੍ਹਾਂ ਨੂੰ ਨਾ ਭੜਕਾਓ। ਤੁਸੀਂ ਲੋਕ ਪਤਾ ਨਹੀਂ ਕਿਹੋ ਕਿਹੋ ਜਿਹੀਆਂ ਫਿਲਮਾਂ ਬਣਾ ਕੇ ਪਾਕਿਸਤਾਨ 'ਤੇ ਥੁਕਦੇ ਹੋ, ਬੇਸ਼ਰਮੋ, ਮੈਂ ਫੌਜ ਦਾ ਸਤਿਕਾਰ ਕਰਦਾ ਹਾਂ। ਫੌਜ ਨੂੰ ਸਾਡੀ ਲੋੜ ਨਹੀਂ। ਓਮਪੁਰੀ ਦੀਆਂ ਇਨ੍ਹਾਂ ਗੱਲਾਂ 'ਚ ਐਂਕਰ ਸੁਮਿਤ ਅਵਸਥੀ ਨੂੰ ਮਜ਼ਾ ਨਹੀਂ ਆ ਰਿਹਾ ਸੀ। ਓਮਪੁਰੀ ਦੀ ਗੱਲ ਪੂਰੀ ਵੀ ਨਹੀਂ ਹੋਣ ਦੇ ਰਿਹਾ ਸੀ ਅਤੇ ਸਵਾਲ ਤੇ ਸਵਾਲ ਪੁੱਛੀ ਜਾ ਰਿਹਾ ਸੀ। ਫੌਜ ਦੀ ਸ਼ਹਾਦਤ ਬਾਰੇ ਓਮਪੁਰੀ ਨੇ ਬੋਲ ਦਿੱਤਾ ਕਿ ਅਸੀਂ ਕਿਹਾ ਸੀ ਕਿ ਫੌਜ 'ਚ ਭਰਤੀ ਹੋਵੇ। ਬੱਸ ਇਹੀ ਗੱਲ ਫੌਜ ਲਈ ਬੇਇੱਜ਼ਤੀ ਹੋ ਗਈ। ਸੁਮਿਤ ਅਵਸਥੀ ਨੇ ਚੀਕਣਾ ਸ਼ੁਰੂ ਕਰ ਦਿੱਤਾ ਕਿ ਓਮਪੁਰੀ ਨੇ ਫੌਜੀ ਦੀ ਬੇਇੱਜ਼ਤੀ ਕੀਤੀ। ਉਸ ਸਮੇਂ ਸ਼ੋਸ਼ਲ ਮੀਡੀਆ 'ਤੇ ਓਮਪੁਰੀ ਖਿਲਾਫ਼ ਗਾਲਾਂ ਦੁਪੜ ਸ਼ੁਰੂ ਹੋ ਗਿਆ। ਦੂਜੇ ਦਿਨ ਅਖ਼ਬਾਰ 'ਚ ਸੁਰਖੀ ਬਣੀ, 'ਓਮਪੁਰੀ ਦੇ ਬੇਤੁਕੇ ਬਿਆਨ, ਵਿਗੜੇ ਬੋਲ, ਸ਼ਹੀਦਾਂ ਦਾ ਅਪਮਾਨ ਕੀਤਾ।' ਆਦਿ। ਕੋਈ ਉਸ ਨੂੰ ਪਾਕਿਸਤਾਨ ਭੇਜਣ ਲੱਗਿਆ ਤਾਂ ਕਿਸੇ ਨੇ ਉਸ ਨੂੰ ਨਸ਼ੇੜੀ ਆਖ ਦਿੱਤਾ। ਕੀ ਓਮਪੁਰੀ ਦੀ ਗੱਲ ਗਲਤ ਸੀ? ਦਿੱਲੀ ਦੇ ਜੰਤਰ ਮੰਤਰ 'ਤੇ 50 ਦਿਨਾਂ ਤੋਂ ਦੇਸ਼ ਭਰ ਦੇ ਕੁਝ ਨੌਜਵਾਨ ਧਰਨੇ 'ਤੇ ਬੈਠੇ ਹਨ ਕਿ ਉਨ੍ਹਾਂ ਨੂੰ ਭਰਤੀ ਕੀਤਾ ਜਾਵੇ, ਖਾਲੀ ਅਸਾਮੀਆਂ ਭਰੀਆਂ ਜਾਣ। ਇਸ ਤਰ੍ਹਾਂ ਇਕ ਬਹਿਸ 'ਚ ਨਿਊਜ਼ ਐਂਕਰ ਅਰਨਵ ਗੋਸਵਾਮੀ ਦੇ ਚੀਕ ਚਿਹਾੜੇ ਪਾਉਣ 'ਤੇ ਹੀਰੋਇਨ ਮੀਤਾ ਵਿਸ਼ਿਸ਼ਟ ਨੂੰ ਬਹਿਸ ਵਿਚ ਛੱਡ ਕੇ ਜਾਣਾ ਪਿਆ। ਕੁਝ 'ਦੇਸ਼ ਭਗਤ' ਅਭਿਨੇਤਾ ਹਨ ਜੋ ਖੁਦ ਭਾਰਤੀ ਨਾਗਰਿਕਤਾ ਛੱਡ ਕੇ ਕੈਨੇਡਾ ਦੀ ਨਾਗਰਿਕਤਾ ਅਤੇ ਪਾਸਪੋਰਟ ਲਈ ਬੈਠੇ ਹਨ, ਉਹ ਪਾਕਿਸਤਾਨੀ ਕਲਾਕਾਰਾਂ 'ਤੇ ਗਲਬਾਜ਼ੀ ਕਰ ਰਹੇ ਹਨ ਕਿਥੇ ਹਨ ਉਹ 'ਦੇਸ਼ ਭਗਤ'। ਅੰਗਹੀਣ ਫੌਜੀਆਂ ਦੀ ਪੈਨਸ਼ਨ 'ਚ ਕਟੌਤੀ ਕਰ ਦਿੱਤੀ ਜਾਂਦੀ ਹੈ ਅਤੇ ਉਹ ਚੁੱਪ ਰਹਿੰਦੇ ਹਨ? ਕਿਰਤ ਕਾਨੂੰਨਾਂ ਨੂੰ ਬਦਲ ਦਿੱਤਾ ਜਾਂਦਾ ਹੈ, ਚੁੱਪ ਰਹਿੰਦੇ ਹਨ। ਉਨ੍ਹਾਂ ਦੀ ਦੇਸ਼ ਭਗਤੀ ਸੰਘ ਪਾੜ ਕੇ ਚੀਕਣ ਦੀ ਦੌੜ ਅਤੇ ਗਾਲੀ ਗਲੋਚ ਵਿਚ ਹੈ? ਪਹਿਲੀ ਵਾਰੀ ਇਹ ਹੋਇਆ ਕਿ ਸਰਜੀਕਲ ਸਟਰਾਇਕ ਪਿਛੋਂ ਫੌਜ ਨੂੰ ਪ੍ਰੈਸ ਕਾਨਫਰੰਸ ਰਾਹੀਂ ਜਾਣਕਾਰੀ ਦੇਣੀ ਪਈ? ਪੰਜ ਰਾਜਾਂ 'ਚ ਚੋਣ ਕਾਰਨ ਬੀ.ਜੇ.ਪੀ. ਨੇ ਯੂ. ਪੀ. 'ਚ ਪੋਸਟਰ ਲਾਏ ਜਿਸ 'ਚ ਫੌਜੀਆਂ ਦੀ ਥਾਂ ਫੋਟੋ ਰਾਜਸੀ ਆਗੂਆਂ ਦੀਆਂ ਹਨ ਤੇ ਇਕ ਡਾਇਲਾਗ ਸੀ 'ਅਸੀਂ ਤੁਹਾਨੂੰ ਮਾਰਾਂਗੇ, ਪਰ ਉਹ ਬੰਦੂਕ ਸਾਡੀ, ਗੋਲੀ ਸਾਡੀ, ਵਕਤ ਸਾਡਾ, ਬਸ ਜਗ੍ਹਾ ਥੋੜੀ ਹੋਵੇਗੀ' ਇਸ ਤਰ੍ਹਾਂ ਦਾ ਡਾਇਲਾਗ ਰਾਜਨਾਥ ਸਿੰਘ ਦਾ ਸੀ, ਗੋਲੀਆਂ ਦੀ ਗਿਣਤੀ ਨਹੀਂ ਕੀਤੀ ਜਾਵੇਗੀ। ਪਿਛੋਂ ਲੋਕਾਂ ਦੀਆਂ ਮੁਸ਼ਕਿਲਾਂ ਵਧੀਆਂ, ਜੰਗੀ ਜਨੂੰਨ ਦਾ ਮਾਹੌਲ ਬਣਿਆ। ਸਿੱਖਿਆ ਸਿਹਤ ਆਦਿ ਦੇ ਬਜਟ 'ਚ ਕਟੌਤੀ ਕਰਕੇ ਹਥਿਆਰ ਖਰੀਦੇ ਗਏ। ਬਾਰਡਰ ਏਰੀਆ ਖਾਲੀ ਕਰਵਾਇਆ। 21 ਹਜ਼ਾਰ ਕਿਸਾਨਾਂ ਦੀ 25 ਹਜ਼ਾਰ ਏਕੜ ਜ਼ਮੀਨ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਦੀ ਲਪੇਟ 'ਚ ਆ ਕੇ ਬੇਕਾਰ ਹੋ ਚੁੱਕੀ ਹੈ। ਫੌਜ ਤੇ ਪੁਲਿਸ ਬਿਨਾਂ ਦੇਸ਼ 'ਚ ਕੋਈ ਸਥਾਈ ਨੌਕਰੀ ਨਹੀਂ ਹੈ। ਬੱਸ ਕੇਂਦਰ ਸਰਕਾਰ ਆਪਣੀਆਂ ਨਾਕਾਮੀਆਂ ਛੁਪਾ ਰਹੀ ਹੈ।

(ਸੁਸ਼ੀਲ ਕੁਮਾਰ, ਆਰ. ਸਟਾਰ ਨਵੰਬਰ 16)



# ਕ੍ਰਾਂਤੀਕਾਰੀ ਪ੍ਰੇਮ ਦੱਤ

## ਭਗਤ ਸਿੰਘ, ਸੁਖਦੇਵ ਸਿੰਘ ਹੋਰਾਂ ਦਾ ਸਾਥੀ

ਰਾਕੇਸ਼ ਕੁਮਾਰ

ਭਗਤ ਸਿੰਘ ਤੇ ਉਸਦੇ ਕ੍ਰਾਂਤੀਕਾਰੀ ਸਾਥੀਆਂ ਨੇ ਅੰਗਰੇਜ਼ਾਂ ਤੋਂ ਦੇਸ਼ ਨੂੰ ਆਜ਼ਾਦ ਕਰਵਾ ਕੇ ਨਵੇਂ ਢਾਂਚੇ ਤੇ ਨਵੇਂ ਰਾਜ ਪ੍ਰਬੰਧ ਦੀ ਸਥਾਪਨਾ ਲਈ ਕ੍ਰਾਂਤੀਕਾਰੀ ਪਾਰਟੀ ਬਣਾਈ ਤੇ ਉਸ ਦੀਆਂ ਸਰਗਰਮੀਆਂ ਦੇਸ਼ ਦੇ ਵੱਖ ਵੱਖ ਹਿੱਸੀਆਂ 'ਚ ਗੁਪਤ ਰੂਪ 'ਚ ਕੀਤੀਆਂ। ਪ੍ਰੇਮ ਦੱਤ ਵੀ ਉਸ ਕ੍ਰਾਂਤੀਕਾਰੀ ਪਾਰਟੀ ਦਾ ਮੈਂਬਰ ਸੀ।

ਪ੍ਰੇਮ ਦੱਤ ਮੁੱਹਲਾ ਕਿਲਾ ਢਾਕੀ ਗੁਜਰਾਤ ਸ਼ਹਿਰ, ਪੰਜਾਬ (ਹੁਣ ਪਾਕਿਸਤਾਨ) ਦਾ ਰਹਿਣ ਵਾਲਾ ਸੀ। ਉਹ ਮੈਟ੍ਰਿਕ ਪਾਸ ਕਰਨ ਤੋਂ ਬਾਅਦ 20 ਜੂਨ 1927 ਨੂੰ ਉਚੇਰੀ ਸਿੱਖਿਆ ਲਈ ਡੀ. .ਏ. ਵੀ. ਕਾਲਜ ਲਾਹੌਰ ਦਾਖਲ ਹੋਇਆ ਉਹ ਗੁਰੂਦੱਤ ਭਵਨ ਵਿੱਚ ਰਹਿੰਦਾ ਸੀ ਉਥੇ ਉਸ ਦੀ ਸਾਂਝ ਆਪਣੇ ਨਾਲ ਪੜ੍ਹਦੇ ਕਿਸ਼ੋਰੀ ਲਾਲ ਨਾਲ ਵੱਧ ਗਈ। ਜੋ ਕ੍ਰਾਂਤੀਕਾਰੀ ਪਾਰਟੀ ਦਾ ਮੈਂਬਰ ਸੀ ਜਿਸ ਨੇ ਉਸ ਨੂੰ ਕ੍ਰਾਂਤੀਕਾਰੀ ਪਾਰਟੀ ਦਾ ਸਾਹਿਤ ਮੁਹੱਈਆ ਕਰਵਾਇਆ। ਪ੍ਰੇਮ ਦੱਤ ਨੇ ਕਿਸ਼ੋਰੀ ਲਾਲ ਤੋਂ ਲੇ ਕੇ ਕਈ ਕ੍ਰਾਂਤੀਕਾਰੀ ਕਿਤਾਬਾਂ ਪੜ੍ਹੀਆਂ ਤੇ ਕਿਸ਼ੋਰੀ ਲਾਲ ਰਾਹੀਂ ਉਹ ਸੁਖਦੇਵ, ਭਗਤ ਸਿੰਘ ਤੇ ਹੋਰ ਕ੍ਰਾਂਤੀਕਾਰੀਆਂ ਦੇ ਸੰਪਰਕ ਵਿਚ ਆ ਗਿਆ ਅਤੇ ਪਾਰਟੀ ਵਿਚ ਸਾਹੋ ਗਿਆ ਉਹ 24 ਜਨਵਰੀ 1929 ਨੂੰ ਜਦੋਂ ਡੀ.ਏ. ਵੀ. ਕਾਲਜ ਵਿਚ ਦੂਜੇ ਸਾਲ ਦਾ ਵਿਦਿਆਰਥੀ ਸੀ ਤਾਂ ਪੜ੍ਹਾਈ ਛੱਡ ਕੇ ਕੁਲਵਕਤੀ ਪਾਰਟੀ ਕਾਰਕੁਨ ਬਣ ਗਿਆ ਤੇ ਪਾਰਟੀ ਵੱਲੋਂ ਦਿੱਤੀਆਂ ਜਾਂਦੀਆਂ ਜ਼ਿੰਮੇਵਾਰੀਆਂ ਨਿਭਾਉਣ ਲੱਗਿਆ ਪਾਰਟੀ ਨੇ ਉਸ ਦੀ ਅਸਲੀ ਪਹਿਚਾਣ ਛਿਪਾਉਣ ਲਈ ਉਸ ਦੇ ਫਰਜ਼ੀ ਨਾਮ ਪਹਿਲਾ ਰਾਮ ਨਾਥ ਫੇਰ ਅੰਮ੍ਰਿਤ ਲਾਲ ਰੱਖ ਦਿੱਤਾ। ਇਹ ਪੜ੍ਹਾਈ ਲਿਖਾਈ ਵਿੱਚ ਚੰਗਾ ਸੀ।

ਸੁਖਦੇਵ ਜਿਸ ਨੂੰ ਉਨ੍ਹਾਂ ਦਿਨਾਂ ਦਿਆਲ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਨੇ ਮਾਰਚ 1929 ਦੇ ਆਖਿਰ ਵਿਚ ਉਸ ਨੂੰ 15 ਰੁਪਏ ਦਿੱਤੇ ਤੇ ਫਿਰੋਜ਼ਪੁਰ ਜਾ ਕਿ ਟਾਈਪ ਕਾਲਜ ਵਿੱਚ ਟਾਇਪਿੰਗ ਸਿਖਣ ਲਈ ਭੇਜਿਆ। ਇਹ ਇਕ ਰਾਤ ਫਿਰੋਜ਼ਪੁਰ ਦੇ ਸਹਿਨਸ਼ਾਹ ਹੋਟਲ ਵਿੱਚ ਰਿਹਾ ਤੇ ਫੇਰ ਕੂਚਾ ਪਟਵਾਰੀਆਂ ਵਾਲਾ ਦੇ ਮਕਾਨ ਵਿੱਚ ਪੰਜ ਰਪਏ ਮਹੀਨੇ ਕਿਰਾਏ ਤੇ ਗੁਪਤ ਰੂਪ ਨਾਲ ਇਕ ਕਮਰਾ ਲੈ ਲਿਆ ਇਹ ਇਸ ਮਕਾਨ ਵਿੱਚ 20-22 ਦਿਨ ਰਿਹਾ ਇਸ ਨੇ ਦਿੱਲੀ ਗੇਟ ਦੇ ਅੰਦਰ ਟਾਈਪ ਸ਼ਾਰਟ ਹੈਂਡ ਕਾਲਜ ਫਿਰੋਜ਼ਪੁਰ ਸ਼ਹਿਰ 'ਚ ਦਾਖਲਾ ਲੈ ਲਿਆ।

12 ਅਪ੍ਰੈਲ 1929 ਨੂੰ ਕ੍ਰਾਂਤੀਕਾਰੀ ਕਿਸ਼ੋਰੀ ਲਾਲ ਇਸ ਨੂੰ ਮਿਲਣ ਫਿਰੋਜ਼ਪੁਰ ਸ਼ਹਿਰ ਵੀ ਆਇਆ ਸੀ।

ਇਸ ਨੇ ਪਾਰਟੀ ਦੇ ਕਹਿਣ ਤੇ ਬੰਬ ਬਣਾਉਣ ਦੇ ਫਾਰਮੂਲੇ ਨੂੰ ਕਾਪੀ 'ਚ ਨਕਲ ਕੀਤਾ। 15 ਅਪ੍ਰੈਲ 1929 ਨੂੰ ਜੈ ਗੋਪਾਲ, ਸੁਖਦੇਵ ਅਤੇ ਕਿਸ਼ੋਰੀ ਲਾਲ ਦੀ ਗ੍ਰਿਤੋ ਬਾਅਦ 20 ਅਪ੍ਰੈਲ ਦੇ ਲਾਗੇ ਪ੍ਰੇਮ ਦੱਤ ਜਦੋਂ ਫਿਰੋਜ਼ਪੁਰ ਸੀ ਨੂੰ ਕਿਸ਼ੋਰੀ ਲਾਲ ਦੇ ਗ੍ਰਿਫਤਾਰ ਹੋਣ ਦੀ ਸੂਚਨਾ ਮਿਲੀ ਤਾਂ ਉਹ ਲਾਹੌਰ ਲਈ ਰਵਾਨਾ ਹੋ ਗਿਆ ਤੇ ਉਥੋ ਪਾਰਟੀ ਦੇ ਗਵਾਲਮੰਡੀ ਲਾਹੌਰ ਦੇ ਉੱਤਮ ਨਿਵਾਸ ਗੁਪਤ ਟਿਕਾਣੇ ਤੋਂ ਕਿਤਾਬਾਂ ਤੇ ਪਾਰਟੀ ਦਾ ਹੋਰ ਸਮਾਨ ਲੈ ਕੇ ਆਪਣੇ ਘਰ ਗੁਜਰਾਤ ਚਲਾ ਗਿਆ।

5 ਮਈ 1929 ਨੂੰ ਪੁਲਸ ਨੇ ਕ੍ਰਾਂਤੀਕਾਰੀ ਪ੍ਰੇਮ ਦੱਤ ਨੂੰ ਉਸ ਦੇ ਗੁਜਰਾਤ ਸਥਿਤ ਘਰ ਤੋਂ ਗ੍ਰਿਫਤਾਰ ਕਰ ਲਿਆ

16 ਜੂਨ 1929 ਨੂੰ ਪ੍ਰੇਮ ਦੱਤ ਨੇ ਆਪਣੇ ਬਿਆਨ 'ਚ ਮੰਨਿਆ ਸੀ ਕਿ ਪਾਰਟੀ ਦੇ ਕਹਿਣ ਤੇ ਉਹ ਟਾਈਪ ਸਿੱਖਣ ਲਈ ਕੁਝ ਦੇਰ ਫਿਰੋਜ਼ਪੁਰ ਸ਼ਹਿਰ ਕਿਰਾਏ ਦੇ ਮਕਾਨ ਵਿਚ ਰਿਹਾ ਫਿਰੋਜ਼ਪੁਰ ਸ਼ਹਿਰ ਦੇ ਗਵਾਹਾ ਰਾਮ ਲਾਲ, ਮੁਕੰਦ ਲਾਲ, ਰੋਸ਼ਨ ਲਾਲ ਅਤੇ ਵਸਾਊ ਰਾਮ ਨੇ ਉਸ ਦੀ ਸ਼ਨਾਖਤ ਕੀਤੀ ਸੀ।

ਪ੍ਰੇਮ ਦੱਤ ਵੱਲੋਂ ਅਪਣੇ ਗੁਆਂਢੀ ਰੇਲਵੇ ਕਲਰਕ ਰੋਸ਼ਨ ਲਾਲ ਤੋਂ ਉਧਾਰ ਲਈਆਂ ਦੋ ਕਿਤਾਬਾਂ "ਹਊ ਟੂ ਸਟੈਗਥਨ ਦਾ ਲੈਂਗਜ" ਅਤੇ "ਹਊ ਟੂ ਇੰਨਕਰੀਜ਼ ਦਾ ਹਾਈਟ" ਜਿਸ ਉੱਤੇ ਰੇਲਵੇ ਇੰਸਟੀਚਿਊਟ ਦੀ ਮੋਹਰ ਸੀ ਪੁਲਿਸ ਵੱਲੋਂ ਗੁਜਰਾਤ ਤੋਂ ਪ੍ਰੇਮ ਦੱਤ ਦੇ ਸਮਾਨ ਵਿਚੋਂ ਬਰਾਮਦ ਕੀਤੀਆਂ ਸਨ।

ਰਾਮ ਲਾਲ (ਗਵਾਹ 298) ਨੇ ਆਪਣੇ ਬਿਆਨ ਵਿੱਚ ਦੱਸਿਆ ਸੀ ਕਿ ਮੈਨੈ ਆਪਣਾ ਚੁਬਾਰਾ ਪ੍ਰੇਮ ਦੱਤ ਨੂੰ ਕਿਰਾਏ ਤੇ ਦਿੱਤਾ ਸੀ ਇਹ ਇਥੇ 20-22 ਦਿਨ ਰਿਹਾ।

ਮੁਕੰਦ ਲਾਲ ( ਗਵਾਹ 299) ਪ੍ਰਿੰਸੀਪਲ ਟਾਈਪ ਸਾਰਟ ਹੈਂਡ ਕਾਲਜ ਫਿਰੋਜ਼ਪੁਰ ਨੇ ਦੱਸਿਆ ਕਿ ਕੇ ਪ੍ਰੇਮ ਦੱਤ ਨੇ ਟਾਈਪ ਸਿੱਖਣ ਲਈ ਇਥੇ ਕਾਲਜ ਵਿੱਚ ਦਾਖਲਾ ਲਿਆ ਸੀ।

ਪੁਲਿਸ ਨੇ ਪ੍ਰੇਮ ਦੱਤ ਨੂੰ ਰੇਲਵੇ ਡਵੀਜ਼ਨਲ ਸੁਪਰਡੈਂਟ ਦਫਤਰ ਫਿਰੋਜ਼ਪੁਰ,ਐਨ. ਡਬਲਿਊ. ਆਰ. ਲੈ ਜਾ ਕੇ ਕਲਰਕ ਰੋਸ਼ਨ ਲਾਲ ਤੋਂ ਕਰਵਾਈ ਸੀ ਜਿਹੜਾ ਉਸ ਦਾ ਗੁਆਂਢੀ ਸੀ ਪ੍ਰੇਮ ਦੱਤ ਨੇ ਉਸ ਤੋਂ ਦੋ ਕਿਤਾਬਾਂ ਉਧਾਰੀਆਂ ਲਈਆਂ ਸਨ ਤੇ 2 ਰੁਪਏ ਲਾਹੌਰ ਜਾਣ ਤੋ ਪਹਿਲਾ ਉਧਾਰੇ ਲਏ ਸਨ।

ਫਿਰੋਜ਼ਪੁਰ ਸ਼ਹਿਰ ਦੇ ਸਹਿਨਸ਼ਾਹ ਹੋਟਲ ਦੇ ਮਾਲਕ ਵਸਾਊ ਰਾਮ ਨੇ ਵੀ ਪ੍ਰੇਮ ਦੱਤ ਦੀ ਸਨਾਖਤ ਕੀਤੀ ਤੇ ਬਿਆਨ ਦਿੱਤਾ ਕਿ ਉਹ ਕਈ ਦਿਨ ਮੇਰੇ ਹੋਟਲ ਵਿਚ ਖਾਣਾ ਖਾਂਦਾ ਰਿਹਾ ਸੀ।

ਲੈਫਟੀਨੈਂਟ ਸੱਯਦ ਆਸ਼ਿਕ ਹੁਸੈਨ ਐੱਕਸਟਰਾ ਅਸਿਸਟੈਂਟ ਕਮਿਸ਼ਨਰ ਮੁਲਤਾਨ (ਗਵਾਹ 453) ਪ੍ਰੇਮ ਦੱਤ ਨੂੰ 17 ਮਈ 1929 ਨੂੰ ਉਹਨਾਂ ਸਾਰੇ ਟਿਕਾਣਿਆਂ ਦੀ ਸ਼ਨਾਖਤ ਲਈ ਲੈ ਕੇ ਗਿਆ। ਜਿਥੇ ਜਿਥੇ ਉਹ ਰਿਹਾ ਸੀ।

ਪੁਲਿਸ ਨੇ 5,7 ਅਤੇ 12 ਮਈ 1929 ਨੂੰ ਉਸਦੇ ਘਰ ਤੇ ਉਸ ਦੇ ਰਿਸ਼ਤੇਦਾਰਾਂ ਦੇ ਘਰ ਦੀ ਤਲਾਸ਼ੀ ਲਈ ਜਿਸ ਵਿਚ ਪਾਰਟੀ ਦਾ ਸਮਾਨ ਤੇ ਢੇਰ ਸਾਰੀਆਂ ਕਿਤਾਬਾਂ ਬਰਾਮਦ ਕੀਤੀਆਂ ਜਿਵੇ ਚਾਂਦ ਪ੍ਰਤਿੱਕਾ ਦਾ ਫਾਂਸ਼ੀ ਅੰਕ, ਭਾਰਤ ਦਾ ਇਤਿਹਾਸ, ਬੰਦੀ ਜੀਵਨ, ਭਾਰਤ ਵਰਸ ਦਾ ਇਤਿਹਾਸ, ਟਰੇਡ ਯੁਨੀਅਨ ਮੁਵਮੈਂਟ, ਟਾਲਸਟਾਏ ਦੇ ਲੇਖ ਤੇ ਚਿੱਠੀਆਂ ਆਦਿ

ਪੁਲਿਸ ਨੇ ਫਿਰੋਜ਼ਪੁਰ ਦੇ ਉਸ ਘਰ 'ਚੋਂ ਜਿਥੇ ਪ੍ਰੇਮ ਦੱਤ ਰਿਹਾ ਸੀ ਤੋਂ ਬਾਲਟੀ, ਅਲਮੀਨੀਅਮ ਦਾ ਕੱਪ, ਲਾਲਟੇਨ, ਪੁਰਾਣੀ ਕਮੀਜ ਆਦਿ ਬਰਾਮਦ ਕੀਤਾ ਸੀ।

ਕ੍ਰਾਂਤੀਕਾਰੀਆਂ ਦੇ ਫੜੇ ਜਾਣ ਤੋਂ ਬਾਅਦ ਸਪੈਸ਼ਲ ਟ੍ਰਿਬਿਊਨਲ ਨੇ 15 ਕ੍ਰਾਂਤੀਕਾਰੀਆਂ ਤੇ ਮੁਕੱਦਮਾ ਚਲਾਇਆ ਸੀ ਅਤੇ 7 ਅਕਤੂਬਰ 1930 ਨੂੰ ਫੈਸਲਾ ਸੁਣਾਇਆ ਸੀ ਉਹਨਾਂ ਵਿਚ ਕ੍ਰਾਂਤੀਕਾਰੀ ਪ੍ਰੇਮ ਦੱਤ ਵੀ ਸੀ ਜਿਸ ਵਿੱਚ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ਤੇ ਹੋਰਾਂ ਨੂੰ ਕਾਲੇ ਪਾਣੀ ਤੇ ਹੋਰ ਸਜਾਵਾ ਦਿੱਤੀਆਂ ਸਨ ਪ੍ਰੇਮ ਦੱਤ ਨੂੰ ਪੰਜ ਸਾਲ ਦੀ ਬਮੁਸੱਕਤ ਕੈਦ ਦੀ ਸਜ਼ਾ ਦਿੱਤੀ ਗਈ ਸੀ।

9779232276















# ਇੰਟਰਨੈਸ਼ਨਲ ਸਟੂਡੈਂਟਸ ਦੇ ਮਸਲਿਆਂ ਨੂੰ ਸੰਜੀਦਗੀ ਨਾਲ ਵਿਚਾਰਨ ਦੀ ਲੋੜ



ਨਾਹਰ ਸਿੰਘ ਔਜਲਾ

ਟੋਰਾਂਟੋ ਅਤੇ ਆਸ ਪਾਸ ਦੇ ਸ਼ਹਿਰਾਂ ’ਚ ਪੜ੍ਹਦੇ ਪੰਜਾਬੀ ਕਮਿਊਨਿਟੀ ਨਾਲ ਸਬੰਧਤ ਇੰਟਰਨੈਸ਼ਨਲ ਸਟੂਡੈਂਟਸ ਦਾ ਮਸਲਾ ਸਾਰੀ ਕਮਿਊਨਿਟੀ ਲਈ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪਿਛਲੇ ਕੁਝ ਸਾਲਾਂ ਤੋਂ ਕਾਫ਼ੀ ਵੱਡੀ ਗਿਣਤੀ ’ਚ ਪੰਜਾਬੀ ਸਟੂਡੈਂਟਸ ਕੈਨੇਡਾ ਦੇ ਵੱਖਰੇ-ਵੱਖਰੇ ਸ਼ਹਿਰਾਂ ’ਚ ਪਹੁੰਚੇ ਹਨ। ਜਿਹੜੇ ਸ਼ਹਿਰਾਂ ’ਚ ਪੰਜਾਬੀਆਂ ਦੀ ਵਸੋਂ ਵੱਧ ਹੈ ਉਹਨਾਂ ਥਾਵਾਂ ’ਤੇ ਇਹ ਸਟੂਡੈਂਟਸ ਵੀ ਵੱਧ ਗਿਣਤੀ ’ਚ ਆਏ ਹਨ। ਇਸ ਗਿਣਤੀ ਮਿਣਤੀ ਦੇ ਤਵਾਜਨ ਅਨੁਸਾਰ ਕਈ ਕਾਲਜਾਂ ਦੀ ਤਾਂ ਦਿੱਖ ਹੀ ਪੂਰੀ ਤਰ੍ਹਾਂ ਨਾਲ ਬਦਲ ਗਈ ਹੈ। ਅੱਜ ਤੋਂ ਕੁਝ ਦਹਾਕੇ ਪਹਿਲਾਂ ਇਨ੍ਹਾਂ ਕਾਲਜਾਂ ’ਚ ਗਿਣਤੀ ਦੇ ਹੀ ਇੰਡੀਅਨ ਹੁੰਦੇ ਸਨ ਬਾਕੀ ਸਭ ਗੋਰੇ ਕਾਲੇ। ਅੱਜ ਹਾਲਾਤ ਇਸ ਤੋਂ ਵੱਖਰੇ ਹਨ। ਕਈ ਕਾਲਜਾਂ ’ਚ ਜਾ ਕੇ ਇਸ ਤਰ੍ਹਾਂ ਹੀ ਲੱਗਦਾ ਹੈ ਜਿਵੇਂ ਪੰਜਾਬ ਦੇ ਹੀ ਕਿਸੇ ਕਾਲਜ ਵਿਚ ਘੁੰਮ ਰਹੇ ਹੋਈਏ। ਕਈ ਪਰਿਵਾਰ ਜਿਹੜੇ ਲੰਮੇ ਸਮੇਂ ਤੋਂ ਇਥੇ ਰਹਿੰਦੇ ਹਨ ਤੇ ਪੂਰੀ ਤਰ੍ਹਾਂ ਸੈਟਲ ਹੋ ਚੁੱਕੇ ਹਨ ਉਹ ਇਨ੍ਹਾਂ ਸਟੂਡੈਂਟਸ ਤੋਂ ਕਾਫ਼ੀ ਖ਼ਫ਼ਾ ਹੋਏ ਲੱਗਦੇ ਹਨ। ਉਨ੍ਹਾਂ ਮੁਤਾਬਕ ਇਨ੍ਹਾਂ ਸਟੂਡੈਂਟਸ ਨੇ ਇਥੇ ਆ ਕੇ ਗੰਦ ਪਾ ਦਿੱਤਾ ਹੈ। ਇਹੋ ਜਿਹੇ ਹੀ ਸਖ਼ਤ ਲਫ਼ਜ਼ ਪਹਿਲਾਂ-ਪਹਿਲਾਂ ਗੋਰੇ ਕੱਟੜਵਾਦੀਆਂ ਵਲੋਂ ਕਹੇ ਜਾਂਦੇ ਸਨ। ਇਸ ਗੱਲ ਵਿਚ ਦੋ ਰਾਵਾਂ ਨਹੀਂ ਹਨ ਕਿ ਹਰ ਕਮਿਊਨਿਟੀ ਦੇ ਹਰ ਵਰਗ ਦੇ ਲੋਕਾਂ ਵਿਚ ਕੁਝ ਮਾੜੇ ਲੋਕ ਵੀ ਹੁੰਦੇ ਹਨ ਇਨ੍ਹਾਂ ਸਟੂਡੈਂਟਸ ਵਿਚ ਵੀ ਹਨ ਜਿਨ੍ਹਾਂ ਦਾ ਮਕਸਦ ਪੜ੍ਹਨਾ ਪੜ੍ਹਾਉਣਾ ਨਹੀਂ ਹੈ ਉਹ ਤਾਂ ਕਿਸੇ ਤਰ੍ਹਾਂ ਇਥੇ ਸੈਟਲ ਹੋਣਾ ਚਾਹੁੰਦੇ ਹਨ ਕੁਝ ਉਹ ਵੀ ਹਨ ਜੋ ਪੰਜਾਬ ਦੇ ਮਾਹੌਲ ਮੁਤਾਬਕ ਗੁੰਡਾਗਰਦੀ ਕਰਦੇ ਆਏ ਹਨ ਤੇ ਇਥੇ ਵੀ ਉਹੀ ਕੁਝ ਕਰ ਰਹੇ ਹਨ ਜਿਨ੍ਹਾਂ ’ਚੋਂ ਕੁਝ ਕੁ ਤਾਂ ਕਰੀਮੀਨਲ ਐਕਟੀਵਿਟੀ ਕਰਨ ਕਰਕੇ ਫੜੇ ਵੀ ਜਾ ਚੁੱਕੇ ਹਨ ਪਰ ਕੀ ਇਨ੍ਹਾਂ ਕੁਝ ਕੁ ਮਾੜੇ ਅਨਸਰਾਂ ਕਰਕੇ ਸਾਰੇ ਹੀ ਸਟੂਡੈਂਟਸ ਨੂੰ ਇਕੋ ਰੱਸੇ ਬੰਨ੍ਹਿਆ ਜਾਵੇ। ਬਹੁਗਿਣਤੀ ਸਟੂਡੈਂਟਸ ਬੜੀ ਮਿਹਨਤ ਤੇ ਲਗਨ ਨਾਲ ਆਪਣੀ ਪੜ੍ਹਾਈ ਕਰਦੇ ਹਨ ਤੇ ਨਾਲ ਹੀ ਪਾਰਟ ਟਾਈਮ ਜਾਂ ਫੁੱਲ ਟਾਈਮ ਕੰਮ ਵੀ ਕਰਦੇ ਹਨ। ਇਹ ਸਟੂਡੈਂਟਸ ਨਿੱਤ ਦਿਨ ਨਵੀਆਂ ਮੁਸ਼ਕਲਾਂ ਨਾਲ ਦੋ ਚਾਰ ਹੁੰਦੇ ਹਨ। ਇਨ੍ਹਾਂ ਸਟੂਡੈਂਟਸ ਦੇ ਕੰਮਾਂ ਕਾਰਾਂ ਬਾਰੇ ਖੁੰਡ ਚਰਚਾ ਤਾਂ ਕਮਿਊਨਿਟੀ ਵਿਚ ਆਮ ਹੀ ਚਲਦੀ ਰਹਿੰਦੀ ਸੀ ਪਰ ਕਦੇ ਵੀ ਕਿਸੇ ਸੰਸਥਾ ਵਲੋਂ ਜਾਂ ਕਿਸੇ ਸੁਹਿਰਦ ਸੱਜਣ ਵਲੋਂ ਇਨ੍ਹਾਂ ਦੀਆਂ ਮੁਸ਼ਕਿਲਾਂ ਬਾਰੇ ਕੋਈ ਖੋਜ ਕਰਕੇ ਕਮਿਊਨਿਟੀ ਨਾਲ ਸਾਂਝੀ ਨਹੀਂ ਕੀਤੀ ਗਈ। ਇਨ੍ਹਾਂ ਸਟੂਡੈਂਟਸ ਬਾਰੇ ਮਸਲਾ ਉਦੋਂ ਗੰਭੀਰ ਬਣ ਗਿਆ ਜਦੋਂ ਇਕ ਟੀ.ਵੀ. ਪ੍ਰੋਗਰਾਮ ਦੇ ਹੋਸਟ ਨੇ ਇਨ੍ਹਾਂ ਸਟੂਡੈਂਟਸ ਉਪਰ ਟਾਅ ਸ਼ੋਅ ਕਰਵਾ ਦਿੱਤਾ। ਕੁਝ ਹੋਛੇ ਕਿਸਮ ਦੇ ਕਾਲਰਾਂ ਨੇ ਸਾਰੇ ਹੀ ਸਟੂਡੈਂਟਸ ਬੇਗੈਰਤ, ਚਲਾਕ, ਚਰਿੱਤਰਹੀਣ, ਬਿਨਾ ਮੂੰਹ ਧੋਤਿਆਂ ਹੀ ਗੁਰਦੁਆਰੇ ਜਾਣ ਵਾਲੇ, ਗੰਦੇ, ਲੋਕਾਂ ਦੇ ਘਰਾਂ ’ਚ ਪਾੜ ਪਾਉਣ ਵਾਲੇ ਵਰਗੇ ਵਿਸ਼ੇਸ਼ਣਾਂ ਨਾਲ ਨਿਵਾਜ ਧਰਿਆ। ਹੋਸਟ ਨੇ ਆਪਣੀ ਆਦਤ ਮੁਤਾਬਕ ਨਾ ਹੀ ਕਿਸੇ ਨੂੰ ਰੋਕਿਆ, ਟੋਕਿਆ, ਨਾ ਕੁਰੈਕਟ ਕੀਤਾ ਅਤੇ ਨਾ ਹੀ ਕਿਸੇ ਦੇ ਨਿੱਜੀ ਵਿਚਾਰਾਂ ਨੂੰ ਕੰਨਡੈਮ ਕਰਨ ਦੀ ਕੋਸ਼ਿਸ਼ ਕੀਤੀ। ਜੇ ਕੋਈ ਕਾਲਰ ਬਿਨਾ ਤੱਥਾਂ ਤੋਂ ਕਿਸੇ ਪੂਰੇ ਵਰਗ ਦੇ ਖਿਲਾਫ਼ ਇਲਜਾਮ ਲਾਵੇ ਤਾਂ ਜ਼ਿੰਮੇਵਾਰ ਹੋਸਟ ਦਾ ਫਰਜ਼ ਹੁੰਦਾ ਹੈ ਕਿ ਉਸ ਨੂੰ ਰੋਕੇ ਜਾਂ ਉਸ ਤੇ ਆਪਣੇ ਵਿਚਾਰ ਦੇਵੇ। ਟੀ. ਵੀ. ਪ੍ਰੋਗਰਾਮ ’ਤੇ ਹੋਈ ਇਹ ਚਰਚਾ ਸੋਸ਼ਲ ਮੀਡੀਏ ’ਤੇ ਵੀ ਵਾਇਰਲ ਹੋ ਗਈ। ਗੁੱਸੇ ’ਚ ਆਏ ਸਟੂਡੈਂਟਸ ਦੇ ਵੀ ਪ੍ਰਤੀਕਰਮ ਆਉਣੇ ਸ਼ੁਰੂ ਹੋ ਗਏ। ਬਹੁਤੇ ਸਟੂਡੈਂਟਸ ਦੇ ਪ੍ਰਤੀਕਰਮ ਵੀ. ਟੀ. ਪ੍ਰੋਗਰਾਮ ’ਤੇ ਬੋਲੇ ਕੁਝ ਹੋਛੇ ਜਿਹੇ ਕਾਲਰਾਂ ਨਾਲ ਮਿਲਦੇ ਜੁਲਦੇ ਹੀ ਸਨ। ਬਹੁਤੇ ਸਟੂਡੈਂਟਸ ਨੇ ਜਵਾਬ ’ਚ ਹੋਸਟ ਨੂੰ ਹੀਜੜਾ, ਹਰਾਮੀ, ਬੇਵਕੂਫ਼ ਕਿਹਾ ਤੇ ਆਮ ਪੁਰਾਣੇ ਆਏ ਲੋਕਾਂ ਨੂੰ ਮਾਮੇ, ਫੁੱਫੜਾਂ, ਚਾਚਿਆਂ, ਨਾਲ ਨਜਾਇਜ਼ ਤੌਰ ’ਤੇ ਵਿਆਹ ਕਰਵਾ ਕੇ ਸੈਟਲ ਹੋਏ, ਅਨਪੜ੍ਹ, ਗਵਾਰ, ਜੁਆਕਾਂ ਤੋਂ ਕੰਮ ਕਰਵਾਕੇ ਫੀਸਾਂ ਭਰਵਾਉਣ ਵਾਲੇ, ਗੁਰਦੁਆਰੇ ਤੁਹਾਡੇ ਪਿਓ ਦੇ ਨੇ, ਇਥੋਂ ਦੇ ਜੁਆਕਾਂ ਨੂੰ ਚਰਿੱਤਰਹੀਣ ਵਗੈਰਾ-ਵਗੈਰਾ ਕਹਿ ਮਾਰਿਆ। ਕਈ ਕੁੜੀਆਂ ਤਾਂ ਗੁੱਸੇ ’ਚ ਗਾਲਾਂ ਵੀ ਕੱਢ ਰਹੀਆਂ ਸਨ। ਪੜ੍ਹੇ ਲਿਖੇ ਸਟੂਡੈਂਟਸ ਤੋਂ ਇਸ ਕਿਸਮ ਦੇ ਪ੍ਰਤੀਕਰਮ ਦੀ ਆਸ ਨਹੀਂ ਸੀ। ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਉਨ੍ਹਾਂ ਕਾਲਰਾਂ ਨੂੰ ਹੀ ਸੰਬੋਧਤ ਹੋ ਕੇ ਆਪਣੀ ਗੱਲ ਠਰੰਮੇ, ਦਲੀਲ ਅਤੇ ਬੁੱਧੀਸਤਾ ਨਾਲ ਕਰਦੇ ਤੇ ਆਪਣੀਆਂ ਮੁਸ਼ਕਿਲਾਂ ਬਾਰੇ ਕਮਿਊਨਿਟੀ ਨੂੰ ਜਾਣੂ ਕਰਵਾਕੇ ਉਨ੍ਹਾਂ ਸਾਰਿਆਂ ਦੀ ਹਮਦਰਦੀ ਆਪਣੇ ਨਾਲ ਜੁੜਦੇ। ਸਾਰੀ ਕਮਿਊਨਿਟੀ ਵੱਧ ਘੱਟ ਅਨੁਪਾਤ ਨਾਲ ਹੋਰ ਹਿੱਸਿਆਂ ’ਚ ਵੰਡੀ ਗਈ। ਕੁਝ ਦੱਬਵੀਂ ਆਵਾਜ਼ ’ਚ ਸਟੂਡੈਂਟਸ ਦਾ ਵਿਰੋਧ ਕਰਨ ਲੱਗ ਪਏ ਤੇ ਕੁਝ ਲੋਕ ਖੁੱਲ੍ਹੇ ਤੌਰ ’ਤੇ ਸਟੂਡੈਂਟਸ ਦੀ ਮਦਦ ’ਤੇ ਆ ਗਏ। ਇਨ੍ਹਾਂ ਵਿਚ ਕੁਝ ਲੋਕ ਉਹ ਵੀ ਹਨ ਜੋ ਟੀ. ਵੀ. ਹੋਸਟ ਦੀਆਂ ਕਾਰਗੁਜ਼ਾਰੀਆਂ ਨਾਲ ਸਹਿਮਤ ਨਹੀਂ ਹਨ। ਇਸ ਸਾਰੇ ਵਾਦ-ਵਿਵਾਦ ’ਚੋਂ ਪੰਜਾਬ, ਹਿੰਦੋਸਤਾਨ ਅਤੇ ਕੈਨੇਡਾ ਦੀ ਸਰਕਾਰ ’ਤੇ ਕੋਈ ਉਂਗਲ ਨਹੀਂ ਉਠਾਈ ਗਈ ਜਿਨ੍ਹਾਂ ਦੇ ਕੰਮਾਂ ਕਾਰਾਂ ’ਤੇ ਚਰਚਾ ਹੋਣੀ ਬੇਹੱਦ ਜ਼ਰੂਰੀ ਸੀ। ਪੰਜਾਬ ਦੀ ਆਰਥਿਕਤਾ ਦਿਨੋ ਦਿਨ ਵਿਗੜ ਰਹੀ ਹੈ, ਸਰਕਾਰੀ ਸ਼ਹਿ ’ਤੇ ਗੁੰਡਾਗਰਦੀ ਦੀ ਭਰਮਾਰ ਹੈ, ਪੁਲਿਸ ਦਾ ਆਮ ਲੋਕਾਂ ’ਤੇ ਜ਼ਬਰ, ਗਿਰ ਰਿਹਾ ਸਭਿਆਚਾਰ, ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਤੋਂ ਤੰਗ ਆਏ ਨੌਜਵਾਨ ਆਪਣੇ ਮੁਲਕ ਛੱਡ ਕੇ ਬਾਹਰਲੇ ਦੇਸ਼ਾਂ ’ਚ ਜਾ ਰਹੇ ਹਨ। ਕੈਨੇਡਾ ਦੀ ਸਰਕਾਰ ਤੇ ਵਿਦਿਅਕ ਅਦਾਰੇ ਇਨ੍ਹਾਂ ਸਟੂਡੈਂਟਸ ਤੋਂ ਮਿਲੀਅਨ, ਬਿਲੀਅਨ ਡਾਲਰਾਂ ਦੇ ਮੁਨਾਫ਼ੇ ਕਮਾ ਰਹੇ ਹਨ। ਕੁਝ ਗਿਆਨ ਵਿਹੂਣੇ ਲੋਕ ਇਹ ਵੀ ਸਮਝ ਰਹੇ ਹਨ ਕਿ ਇਹ ਸਟੂਡੈਂਟਸ ਉਨ੍ਹਾਂ ਦੇ ਕੈਨੇਡੀਅਨ ਬੱਚਿਆਂ ਦੀਆਂ ਜੌਬਾਂ ਖੋਹ ਰਹੇ ਹਨ ਜੋ ਕਿ ਸੱਚ ਨਹੀਂ ਹੈ। ਕੈਨੇਡੀਅਨ ਕੰਪਨੀਆਂ ਆਪਣੇ ਮੁਨਾਫ਼ਿਆਂ ਲਈ ਉਨ੍ਹਾਂ ਮੁਲਕਾਂ ’ਚ ਸਿਫ਼ਟ ਹੋ ਰਹੀਆਂ ਹਨ ਜਿਥੋਂ ਉਨ੍ਹਾਂ ਨੂੰ ਸਸਤੀ ਲੇਬਰ ਮਿਲਦੀ ਹੈ। ਕੈਨੇਡੀਅਨ ਸਰਕਾਰ ਇਨ੍ਹਾਂ ਸਟੂਡੈਂਟਸ ਨੂੰ ਹਫ਼ਤੇ ’ਚ ਕੁਝ ਘੰਟੇ ਕੰਮ ਕਰਨ ਲਈ ਵਰਕ ਪਰਮਿਟੀ ਇਸ਼ੂ ਕਰਦੀ ਹੈ ਜਿਸ ਅਨੁਸਾਰ ਉਹ ਘੱਟੋ-ਘੱਟ ਉਜਰਤ ਅਨੁਸਾਰ 11.15 ਡਾਲਰ ਪ੍ਰਤੀ ਘੰਟਾ ਕਮਾਉਣ ਦੇ ਹੱਕਦਾਰ ਹਨ ਪਰ ਬਹੁਤੇ ਸਟੂਡੈਂਟਸ ਨੂੰ ਮਜਬੂਰੀ ਵੱਸ 6.7 ਡਾਲਰ ਪ੍ਰਤੀ ਘੰਟਾ ਦੇ ਹਿਸਾਬ ਨਾਲ ਉਜਰਤ ਮਿਲਦੀ ਹੈ। ਕਈ ਵਾਰ ਤਾਂ ਉਨ੍ਹਾਂ ਦੀ ਇਹ ਮਿਹਨਤ ਵੀ ਵੱਸ ਹੀ ਲਈ ਜਾਂਦੀ ਹੈ ਜਾਂ ਸਮੇਂ ਸਿਰ ਨਹੀਂ ਦਿੱਤੀ ਜਾਂਦੀ। ਸਟੂਡੈਂਟਸ ਜਿਹੜੀਆਂ ਥਾਵਾਂ ’ਤੇ ਰਹਿੰਦੇ ਹਨ ਉਨ੍ਹਾਂ ’ਚੋਂ ਕਈ ਥਾਵਾਂ ਤਾਂ ਕੈਨੇਡੀਅਨ ਸਟੈਂਡਰਡ ਮੁਤਾਬਕ ਸੁਰੱਖਿਅਤ ਵੀ ਨਹੀਂ ਹੁੰਦੀਆਂ। ਕਈ ਕਈ ਸਟੂਡੈਂਟਸ ਇਕੱਠੇ ਹੋ ਕੇ ਇਕੋ ਕਮਰੇ ’ਚ ਰਹਿੰਦੇ ਹਨ। ਕੈਨੇਡੀਅਨ ਤੇ ਪ੍ਰੋਵਿਸੀਅਲ ਸਰਕਾਰਾਂ ਨੂੰ ਚਾਹੀਦਾ ਕਿ ਜਿੰਨੇ ਵੀ ਸਟੂਡੈਂਟਸ ਮੰਗਵਾਏ ਜਾਣ ਉਨ੍ਹਾਂ ਨੂੰ ਪੂਰੀ ਤਰ੍ਹਾਂ ਪ੍ਰੋਟੈਕਟ ਕੀਤਾ ਜਾਵੇ। ਕਾਲਜਾਂ ਵਿਚ ਹੀ ਇਹੋ ਜਿਹੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣ ਜਿਥੇ ਉਹ ਆਪਣੀਆਂ ਸ਼ਿਕਾਇਤਾਂ ਸੌਖੇ ਢੰਗ ਨਾਲ ਦਰਜ ਕਰਵਾ ਸਕਣ। ਇਥੋਂ ਦੇ ਉਨ੍ਹਾਂ ਨੂੰ ਮਿਲੇ ਹੱਕਾਂ ਬਾਰੇ ਤੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਸੈਮੀਨਾਰ ਕਰਵਾਏ ਜਾਣ। ਇੰਟਰਨੈਸ਼ਨਲ ਸਟੂਡੈਂਟਸ ਦੇ ਕਈ ਮਸਲੇ ਬੜੇ ਗੰਭੀਰ ਹਨ ਜਿਨ੍ਹਾਂ ’ਤੇ ਗੰਭੀਰ ਵਿਚਾਰ ਚਰਚਾ ਹੋਣੀ ਬੜੀ ਜ਼ਰੂਰੀ ਹੈ। ਕਈ ਸਟੂਡੈਂਟਸ ਤਾਂ ਮਜਬੂਰੀਵਸ ਜਾਂ ਗਲਤ ਸੁਸਾਇਟੀ ਕਰਕੇ ਗੈਰ ਕਾਨੂੰਨੀ ਧੰਦਿਆਂ ਵੱਲ ਜਾ ਰਹੇ ਹਨ। ਪੂਰੀ ਕਮਿਊਨਿਟੀ ਨੂੰ ਚਾਹੀਦਾ ਹੈ ਕਿ ਇਨ੍ਹਾਂ ਸਟੂਡੈਂਟਸ ਦੇ ਚੰਗੇ ਭਵਿੱਖ ਲਈ ਇਨ੍ਹਾਂ ਦੀ ਬਣਦੀ ਮਦਦ ਕੀਤੀ ਜਾਵੇ ਵਰਨਾ ਮਾੜੇ ਸਿੱਟਿਆਂ ਦਾ ਨਤੀਜਾ ਸਾਰੀ ਕਮਿਊਨਿਟੀ ਨੂੰ ਭੁਗਤਣਾ ਪੈ ਸਕਦਾ ਹੈ।





# ਦੁਨੀਆ ਦਾ ਮਹਾਨ ਜਰਨੈਲ

# ਬੰਦਾ ਸਿੰਘ ਬਹਾਦਰ

ਡਾ. ਸ.ਸ. ਛੀਨਾ



ਦੁਨੀਆ ਦੇ ਇਤਹਾਸ ਵਿਚ ਇਹ ਇਕ ਵਿਲੱਖਣ ਮਿਸਾਲ ਹੈ ਕਿ ਇਕ ਵਿਅਕਤੀ ਜਿਸ ਕੋਲ ਪੰਜਾਬ ਵਿਚ ਇਕ ਗਜ ਵੀ ਜਮੀਨ ਨਹੀ ਸੀ, ਉਸ ਵਕਤ ਦਾ ਮੁਗਲ ਸਾਮਰਾਜ, ਜੋ ਉਸ ਵਕਤ ਦੁਨੀਆ ਦੀ ਬਹੁਤ ਵੱਡੀ ਸ਼ਸੀ, ਨੂੰ ਨਾ ਸਿਰਫ ਚੁਣੌਤੀ ਹੀ ਦਿੱਤੀ ਸਗੋਂ। ਉਹਨਾਂ ਦੀ ਕਈ ਹਜਾਰਾਂ ਦੀ ਗਿਣਤੀ ਵਿਚ ਵੱਡੀ ਫੌਜ, ਜਿਸ ਕੋਲ ਉਸ ਵਕਤ ਦੇ ਹਰ ਤਰ੍ਹਾਂ ਦੇ ਮਾਰੂ ਹਥਿਆਰ ਸਨ, ਕੋਲੋਂ ਲਾਹੌਰ ਤੋਂ ਲੈ ਕੇ ਦਿੱਲੀ ਤੱਕ ਦਾ ਇਲਾਕਾ ਖੋਹ ਲਿਆ ਅਤੇ ਉਥੇ ਆਪਣਾ ਰਾਜ ਸਥਾਪਤ ਕੀਤਾ। ਇਹ ਕਿਸੇ ਕ੍ਰਿਸ਼ਤੋ ਘਟ ਨਹੀਂ ਸੀ ਜਿਸ ਨੂੰ ਬਹਾਦਰ ਜਰਨੈਲ ਬੰਦਾ ਸਿੰਘ ਬਹਾਦਰ ਨੇ ਕਰ ਵਿਖਾਇਆ ਅਤੇ ਉਸ ਵਕਤ ਦਬਲੇ ਕੁਚਲੇ ਲੋਕਾਂ ਵਿਚ ਅਜ਼ਾਦੀ ਅਤੇ ਵਿਸ਼ਵਾਸ਼ ਦੀ ਉਹ ਜੋਤ ਜਗਾਈ, ਜਿਸ ਤੋਂ ਬਾਅਦ ਮੁਗਲ ਸਾਮਰਾਜ ਖਤਮ ਹੋ ਗਿਆ ਅਤੇ ਆਮ ਲੋਕਾਂ ਨੂੰ ਸੁਤੰਤਰਤਾ ਦਾ ਅਹਿਸਾਸ ਮਿਲਿਆ। ਬੰਦਾ ਸਿੰਘ ਬਹਾਦਰ ਦੇ ਬਚਪਨ ਦਾ ਨਾ ਲਛਮਣ ਦਾਸ ਸੀ ਜੋ ਰਜੌਰੀ ਵਿਖੇ ਇਕ ਸਾਧਾਰਨ ਕਿਸਾਨ ਰਾਮ ਚੰਦ ਦੇ ਘਰ 27 ਅਕਤੂਬਰ, 1670 ਨੂੰ ਪੈਦਾ ਹੋਇਆ ਜੋ ਰਾਜਪੂਤਾਂ ਦੇ ਭਾਰਦਵਾਜ ਕਬੀਲੇ ਨਾਲ ਸਬੰਧਿਤ ਸਨ। ਉਸ ਸਮੇ ਕ੍ਰਿਸ਼ਾਨੀ ਜਿਆਦਾ ਕਮਾਊ ਪੇਸ਼ਾਂ ਨਹੀ ਸੀ। ਉਸ ਖੇਤਰ ਵਿਚ ਸ਼ਿਕਾਰ ਖੇਡਣ ਦੇ ਜ਼ਿਆਦਾ ਮੌਕੇ ਹੋਣ ਕਰਕੇ, ਉਥੋਂ ਦੇ ਨੌਜਵਾਨ ਸ਼ਿਕਾਰ ਨੂੰ ਇਕ ਸ਼ੋਕ ਵਜੋਂ ਅਪਣਾ ਲੈਂਦੇ ਸਨ। ਮਾਧੋ ਦਾਸ ਨੇ ਵੀ ਇਹ ਸ਼ੋਕ ਅਪਣਾ ਲਿਆ ਪਰ ਇਕ ਹੀ ਘਟਨਾ ਨੇ ਉਸ ਦੀ ਸਾਰੀ ਜ਼ਿੰਦਗੀ ਵਿਚ ਬਦਲਾਅ ਪੈਦਾ ਕਰ ਦਿੱਤਾ। ਇਕ ਦਿਨ ਉਸ ਨੇ ਇਕ ਹਿਰਨੀ ਨੂੰ ਮਾਰਿਆ ਅਤੇ ਮਰਦੀ ਹੋਈ ਹਿਰਨੀ ਦਾ ਜਦੋਂ ਪੇਟ ਕੱਟਿਆ ਤੇ ਉਸ ਦੇ ਦੋ ਬੱਚੇ ਜਿਨ੍ਹਾਂ ਦਾ ਜਨਮ ਕੁਝ ਸਮੇਂ ਬਾਅਦ ਹੋਣਾ ਸੀ, ਉਸ ਦੇ ਪੇਟ ਵਿਚ ਵੇਖੇ ਅਤੇ ਉਹ ਦੋਵੇਂ ਮਰ ਗਏ। ਉਸ ਨੇ ਮਰਦੀ ਹੋਈ ਹਿਰਨੀ ਦੀਆਂ ਅੱਖਾਂ ਵੱਲ ਵੇਖਿਆ। ਇਸ ਘਟਨਾ ਦਾ ਉਸ ਦੇ ਮਨ ਤੇ ਡੂੰਘਾ ਅਸਰ ਹੋਇਆ ਅਤੇ ਉਹ ਤਿਆਗੀ ਹੋ ਗਿਆ ਅਤੇ ਸਾਧੂ ਸੰਤਾਂ ਦੀ ਸੰਗਤ ਵਿਚ ਰਹਿਣ ਲਗ ਪਿਆ। ਇਨ੍ਹਾਂ ਦਿਨਾਂ ਵਿਚ ਉਹਨਾਂ ਦੇ ਪਿੰਡ ਇਕ ਬੈਰਾਗੀ ਸਾਧੂ ਜਾਨਕੀ ਦਾਸ ਆਇਆ। ਲਛਮਣ ਦਾਸ ਨੂੰ ਉਸ ਦੀਆਂ ਗੱਲਾਂ ਨੇ ਬਹੁਤ ਪ੍ਰਭਾਵਿਤ ਕੀਤਾ ਅਤੇ ਉਹ ਉਸ ਦਾ ਚੇਲਾ ਬਣ ਗਿਆ। ਉਸ ਦਾ ਨਾਂ ਬਦਲ ਕੇ ਮਾਧੋ ਦਾਸ ਰੱਖ ਦਿਤਾ ਗਿਆ।

ਉਸ ਨੇ ਆਪਣਾ ਘਰ ਛੱਡ ਦਿੱਤਾ ਅਤੇ ਬੈਰਾਗੀ ਸਾਧੂਆਂ ਦੀ ਸੰਗਤ ਵਿਚ ਵੱਖ-ਵੱਖ ਥਾਵਾਂ 'ਤੇ ਫਿਰਦਾ ਰਿਹਾ। ਇਸੇ ਦੌਰਾਨ ਉਹ ਪੰਜਾਬ ਵਿਚ ਕਸੂਰ ਦੇ ਨੇੜੇ ਵਿਸਾਖੀ ਦੇ ਮੇਲੇ 'ਤੇ ਆਇਆ। ਉਥੇ ਉਸ ਦੀ ਇਕ ਹੋਰ ਬੈਰਾਗੀ ਰਾਮ ਦਾਸ ਨਾਲ ਹੋਈ। ਗੱਲਬਾਤ ਕਰਕੇ ਉਹ ਉਸ ਦਾ ਚੇਲਾ ਬਣ ਗਿਆ ਅਤੇ ਦੇਸ਼ ਦੇ ਵੱਖ-ਵੱਖ ਥਾਵਾਂ ਤੇ ਬੈਰਾਗੀ ਸਾਧੂਆਂ ਦੀ ਸੰਗਤ ਵਿਚ ਘੁੰਮਦਾ ਰਿਹਾ। ਫਿਰ ਉਹ ਮਹਾਰਾਸ਼ਟਰ ਵਿਚ "ਪੰਚਬਤੀ" ਦੇ ਜੰਗਲਾਂ ਵਿਚ ਇਕ ਆਸ਼ਰਮ ਬਣਾ ਕੇ ਰਹਿਣ ਲਗ ਪਏ। ਇਥੇ ਉਸ ਦਾ ਮੇਲ ਕੁਝ ਤਾਂਤਰਿਕ ਅਤੇ ਜੋਗੀਆਂ ਨਾਲ ਹੋਇਆ, ਜਿਨ੍ਹਾਂ ਕੋਲੋਂ ਉਸ ਨੇ ਯੋਗ ਅਤੇ ਤਾਂਤਰਿਕ ਵਿਦਿਆ ਸਿੱਖ ਲਈ। ਉਸ ਜਗ੍ਹਾ 'ਤੇ ਇਕ ਤਾਂਤਰਿਕ ਆਉਗਰ ਨਾਥ ਸੀ ਜਿਸ ਤੋਂ ਉਹ ਤਾਂਤਰਿਕ ਵਿਦਿਆ ਸਿੱਖਦਾ ਸੀ। ਆਉਗਰ ਨਾਥ ਤੇ ਮਾਧੋ ਦਾਸ ਦੀ ਸ਼ਖਸ਼ੀਅਤ ਦਾ ਬਹੁਤ ਪ੍ਰਭਾਵ ਪਿਆ ਅਤੇ ਉਸ ਨੇ, ਉਸ ਨੂੰ ਆਪਣਾ ਵਾਰਿਸ ਬਣਾ ਦਿੱਤਾ। ਆਉਗਰ ਨਾਥ ਨੇ ਉਸ ਨੂੰ ਯੋਗ ਧਰਮ ਤੇ ਤਾਂਤਰਿਕ ਵਿਦਿਆ ਸਬੰਧੀ ਗਿਆਨ ਦੀਆਂ ਪੁਸਤਕਾਂ ਦੇ ਦਿੱਤੀਆਂ। ਪਰ ਕੁਝ ਸਮਾਂ ਬਾਅਦ ਹੀ 1691 ਵਿਚ ਆਉਗਰ ਨਾਥ ਦੀ ਮੌਤ ਹੋ ਗਈ, ਜਿਸ ਕਰਕੇ ਮਾਧੋ ਦਾਸ ਫਿਰ ਉਦਾਸ ਰਹਿਣ ਲਗ ਪਿਆ।

ਕੁਝ ਸਮੇਂ ਬਾਅਦ ਮਾਧੋ ਦਾਸ ਗੋਦਾਵਰੀ ਨਦੀ ਕਿਨਾਰੇ ਆਪਣਾ ਆਸ਼ਰਮ ਬਣਾ ਕੇ ਰਹਿਣ ਲੱਗ ਪਿਆ। ਉਹ ਆਪਣੀ ਯੋਗ ਅਤੇ ਤਾਂਤਰਿਕ ਵਿਦਿਆ ਕਰਕੇ ਉਸ ਇਲਾਕੇ ਵਿਚ ਬਹੁਤ ਪ੍ਰਸਿੱਧ ਹੋ ਗਿਆ। ਉਸ ਦੇ ਕਈ ਚੇਲੇ ਬਣ ਗਏ। ਜਿਹੜੇ ਉਸ ਦੀ ਤਾਂਤਰਿਕ ਵਿਦਿਆ ਬਾਰੇ ਬਹੁਤ ਪ੍ਰਚਾਰ ਕਰਦੇ ਸਨ। ਪਰ ਉਹ ਆਪਣੀਆਂ ਸ਼ਕਤੀਆਂ ਦੀ ਗਲਤ ਵਰਤੋਂ ਕਰਦਾ ਸੀ। ਉਸ ਦੀ ਕੁਟੀਆ ਵਿਚ ਇਕ ਪਲੰਘ ਸੀ ਅਤੇ ਜਿਹੜਾ ਵੀ ਵਿਅਕਤੀ ਉਸ ਪਲੰਘ 'ਤੇ ਬੈਠਦਾ ਸੀ, ਉਹ ਉਸ ਨੂੰ ਆਪਣੀਆਂ ਸ਼ਕਤੀਆਂ ਨਾਲ ਉਲਟਾ ਦਿੰਦਾ ਸੀ ਅਤੇ ਉਸ ਦਾ ਮਖੌਲ ਉਡਾਉਂਦਾ ਸੀ। ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਉਸ ਦੇ ਆਸ਼ੇ ਵਿਚ ਆਏ ਉਸ ਦਿਨ ਮਾਧੋ ਦਾਸ ਉਥੇ ਨਹੀਂ ਸੀ ਅਤੇ ਗੁਰੂ ਜੀ ਉਸ ਦੇ ਪਲੰਘ ਤੇ ਆਰਾਮ ਕਰਨ ਲੱਗ ਪਏ। ਜਦੋਂ ਮਾਧੋ ਦਾਸ ਬਾਹਰ ਤੋਂ ਆਇਆ ਅਤੇ ਉਸ ਨੇ ਆਪਣੇ ਪਲੰਘ ਤੇ ਕਿਸੇ ਨੂੰ ਲੇਟਿਆ ਵੇਖਿਆ ਤਾਂ ਉਸ ਨੂੰ ਬਹੁਤ ਗੁੱਸਾ ਆਇਆ। ਉਸ ਨੇ ਆਪਣੀਆਂ ਸਾਰੀਆਂ ਸ਼ਕਤੀਆਂ ਨਾਲ ਪਲੰਘ ਨੂੰ ਉਲਟਾਉਣ ਦੀ ਕੋਸ਼ਿਸ ਕੀਤੀ ਪਰ ਉਹ ਕਾਮਯਾਬ ਨਾ ਹੋ ਸਕਿਆ, ਤਾਂ ਉਸ ਦੇ ਮਨ ਵਿਚ ਇਕ ਦਮ ਇਹ ਖਿਆਲ ਆਇਆ ਕਿ ਇਹ ਕੋਈ ਮਹਾਨ ਵਿਅਕਤੀ ਹੈ। ਗੁਰੂ ਜੀ ਨੇ ਉਸ ਨੂੰ ਪੁੱਛਿਆ ਕਿ ਤੂੰ ਕੌਣ ਹੈਂ ਤਾਂ ਉਸ ਨੇ ਇਕ ਦਮ ਜਵਾਬ ਦਿੱਤਾ "ਤੁਹਾਡਾ ਬੰਦਾ ਅਤੇ ਤੁਹਾਡਾ ਹਰ ਹੁਕਮ ਮੰਨਣ ਲਈ ਤਿਆਰ ਹਾਂ।"

ਤਾਂ ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਉਹ ਆਪਣੀਆਂ ਸ਼ਕਤੀਆਂ ਨੂੰ ਗਲਤ ਕੰਮਾਂ ਵਿਚ ਲਾ ਰਿਹਾ ਹੈ ਜਦੋਂ ਕਿ ਮੁਗਲ ਹਕੂਮਤ ਆਮ ਵਿਅਕਤੀ ਤੇ ਬਹੁਤ ਜੁਲਮ ਕਰ ਰਹੀ ਹੈ ਅਤੇ ਫਿਰ ਜਦੋ ਬੰਦਾ ਸਿੰਘ ਨੂੰ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਗੁਰੂ ਜੀ ਦੇ ਦੋ ਛੋਟੇ ਮਾਸੂਮ ਬੱਚਿਆਂ ਨੂੰ ਨੀਹਾਂ ਵਿਚ ਚਿਣਵਾਂ ਦੇਣ ਦੀਆਂ ਗੱਲਾਂ ਦਾ ਪਤਾ ਲੱਗਾ ਤਾਂ ਇਤਿਹਾਸਕਾਰਾਂ ਅਨੁਸਾਰ ਬੰਦਾ ਸਿੰਘ ਦੀਆਂ ਅੱਖਾਂ ਵਿਚ ਅਥਰੂ ਆ ਗਏ। ਉਹ ਉਸ ਜੁਲਮ ਨੂੰ ਖਤਮ ਕਰਨ ਲਈ ਤਿਆਰ ਹੋ ਗਿਆ। ਉਸ ਨੇ ਗੁਰੂ ਜੀ ਤੋਂ ਪੰਜਾਬ ਜਾਣ ਦੀ ਇਜ਼ਾਜਤ ਮੰਗੀ।

ਗੁਰੂ ਜੀ ਨੇ ਉਸ ਨੂੰ ਅੰਮ੍ਰਿਤ ਛਕੇ ਸਿੰਘ ਬਣਾਇਆ ਅਤੇ ਉਸ ਦਾ ਨਾਂ ਮਾਧੋ ਦਾਸ ਤੋਂ ਬਦਲ ਕੇ ਬੰਦਾ ਸਿੰਘ ਰੱਖਿਆ ਗਿਆ। ਗੁਰੂ ਜੀ ਨੇ ਉਸ ਦੇ ਨਾਲ ਪੰਜ ਪਿਆਰਿਆਂ ਦੀ ਇਕ ਕੌਂਸਲ ਜਿਸ ਵਿਚ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਯਾ ਸਿੰਘ ਅਤੇ ਭਾਈ ਰਾਮ ਸਿੰਘ ਸਨ ਦੇ ਨਾਲ 20 ਹੋਰ ਸਿੱਖ ਅਤੇ ਆਪਣੇ ਤਰੱਖਸ਼ ਵਿਚੋਂ ਪੰਜ ਤੀਰ ਦਿੱਤੇ ਅਤੇ ਸਿੱਖਾਂ ਦੇ ਨਾਂ ਹੁਕਮਨਾਮੇ ਭੇਜੇ ਤਾਂ ਕਿ ਬੰਦਾ ਸਿੰਘ ਨਾਲ ਮਿਲ ਕੇ ਕੰਮ ਕਰਨ। ਗੁਰੂ ਜੀ ਨੇ ਉਨ੍ਹਾਂ ਨੂੰ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਦਿੱਤਾ। ਭਾਵੇਂ ਕਿ ਬੰਦਾ ਸਿੰਘ ਦੇ ਨਾਂਦੇੜ ਤੋਂ ਚਲਣ ਤੋਂ ਬਾਅਦ ਗੁਰੂ ਜੀ ਨੂੰ ਤੇ ਹੋਏ ਪਠਾਨਾਂ ਦੇ








ਪੰਜਾਬੀ ਸਿੱਖਣ ਦੀਆਂ ਮੁਫਤ ਕਲਾਸਾਂ

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਅਤੇ ਕੈਲਗਰੀ ਹਾਕਸ ਫੀਲਡ ਹਾਕੀ ਅਕੈਡਮੀ
ਦੇ ਸਾਂਝੇ ਉੱਦਮ ਤੇ ਤਹਿਤ ਪੰਜਾਬੀ ਬੋਲੀ ਸਿਖਾਉਣ ਦੀਆਂ ਮੁਫਤ ਕਲਾਸਾਂ ਹਰ ਐਤਵਾਰ
ਕਲਾਸਾਂ ਦਾ ਸਮਾਂ ਸਵੇਰੇ 10:30 ਤੋਂ ਬਾਅਦ ਦੁਪਿਹਰ 12 ਵਜੇ ਤੱਕ
ਜੈਨੇਸਿਸ ਸੈਂਟਰ ਵਿਚ 1000 ਵਾਇਸਜ਼ ਵਿੱਚ ਲਗਾਈਆਂ ਜਾਂਦੀਆਂ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ:
ਮਾਸਟਰ ਭਜਨ ਸਿੰਘ: 403-455-4220 ਸੁਖਵੀਰ ਗਰੇਵਾਲ: 403-402-0770

Balkar Bajwa
Certified Translator
(English into Punjabi and Punjabi into English)
33 Eaglesprings Cresent
Brampton ON L6P 2V8, 647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132

ਧੋਖੇ ਨਾਲ ਖੰਜਰ ਮਾਰਨ ਕਰਕੇ ਗੁਰੂ ਜੀ ਜੋਤੀ ਜੋਤ ਸਮਾ ਗਏ, ਜਿਸ ਦਾ ਬੰਦਾ ਸਿੰਘ ਨੂੰ ਬਹੁਤ ਦੁੱਖ ਲੱਗਾ। ਨਾਂਦੇੜ ਤੋਂ ਪੰਜਾਬ ਥੋੜੇ ਸਮੇਂ ਵਿਚ ਪਹੁੰਚਿਆ ਜਾ ਸਕਦਾ ਸੀ ਪਰ ਬੰਦਾ ਸਿੰਘ ਨੂੰ ਲੁਕ ਛਿਪੇ ਗੁਪਤ ਰਾਹਾਂ ਰਾਹੀਂ ਆਉਣਾ ਪਿਆ। ਇਸ ਲਈ ਨਾਂਦੇੜ ਤੋਂ ਦਿੱਲੀ ਤੱਕ ਹੀ ਕੋਈ ਇਕ ਸਾਲ ਦੇ ਕਰੀਬ ਸਮਾਂ ਲੱਗ ਗਿਆ। ਦਿੱਲੀ ਦੇ ਕਰੀਬ ਜਦੋਂ ਉਹ ਇਕ ਪਿੰਡ ਵਿਚ ਠਹਿਰੇ ਹੋਏ ਸਨ ਤਾਂ ਪਿੰਡ ਵਿਚ ਡਾਕੂਆਂ ਨੇ ਹਮਲਾ ਕਰ ਦਿੱਤਾ। ਇਸ ਲਈ ਉਹ ਪਿੰਡ ਦੇ ਵਾਸੀ ਪਿੰਡ ਦੇ ਪੰਚਾਂ ਕੋਲ ਗਏ, ਪਰ ਉਹਨਾਂ ਪੰਚਾਂ ਨੇ ਮੁਕਾਬਲਾ ਨਾ ਕਰਨ ਦੀ ਸੋਚੀ। ਜਦੋਂ ਬੰਦਾ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਪੰਚਾਂ ਨੂੰ ਇਕ ਘਰ ਵਿਚ ਬੰਦ ਕਰ ਦਿੱਤਾ ਅਤੇ ਡਾਕੂਆਂ ਦਾ ਮੁਕਾਬਲਾ ਕੀਤਾ। ਡਾਕੂ ਆਪਣਾ ਲੁਟਿਆ ਹੋਇਆ ਸਾਮਾਨ ਵੀ ਛੱਡ ਕੇ ਭਜ ਗਏ ਅਤੇ ਡਾਕੂਆਂ ਦੇ ਮੁਖੀ ਨੂੰ ਫੜ ਲਿਆ ਗਿਆ। ਜਦੋਂ ਡਾਕੂਆਂ ਦੇ ਮੁਖੀ ਨੂੰ ਛੁਡਾਉਣ ਲਈ ਹੋਰ ਡਾਕੂ ਆਏ ਤਾਂ ਉਹ ਮਾਰ ਦਿੱਤੇ ਗਏ ਜਾਂ ਭਜ ਗਏ।

ਜਿਥੇ ਇਸ ਕਾਰਵਾਈ ਨਾਲ ਪਿੰਡ ਵਾਲਿਆਂ ਨੂੰ ਵੱਡਾ ਹੌਸਲਾ ਮਿਲਿਆ ਉਥੇ ਬੰਦਾ ਸਿੰਘ ਅਤੇ ਉਸ ਦੇ ਸਿੱਖਾਂ ਨੂੰ ਇਸ ਨਾਲ ਵੱਡਾ ਉਤਸ਼ਾਹ ਅਤੇ ਬਲ ਮਿਲਿਆ। ਬੰਦਾ ਸਿੰਘ ਆਮ ਲੋਕਾਂ ਨੂੰ ਸੱਦਾ ਦਿੱਤਾ ਕਿ ਜਿਥੇ ਕਿਤੇ ਵੀ ਕਿਸੇ ਨਾਲ ਜੁਲਮ ਹੋ ਰਿਹਾ ਹੈ, ਬੰਦਾ ਸਿੰਘ ਉਹਨਾਂ ਦੀ ਮਦਦ ਕਰਨ ਲਈ ਤਿਆਰ ਹੈ।

ਕੁਝ ਸਮੇਂ ਬਾਅਦ ਬੰਦਾ ਸਿੰਘ ਕੋਈ 500 ਸਿੱਖਾਂ ਨੂੰ ਨਾਲ ਲੈ ਕੇ ਸੋਨੀਪਤ ਤੇ ਹਮਲੇ ਲਈ ਚਲ ਪਿਆ ਪਰ ਜਦੋਂ ਸੋਨੀਪਤ ਦੇ ਫੌਜਦਾਰ ਨੂੰ ਸਿੱਖਾਂ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਦਿੱਲੀ ਨੂੰ ਭੱਜ ਗਿਆ। ਸਿੱਖਾਂ ਨੂੰ ਉਥੋਂ ਬਹੁਤ ਧਨ ਮਿਲਿਆ। ਬੰਦਾ ਸਿੰਘ ਸਿੱਖਾਂ ਨੂੰ ਸੁਨੇਹੇ ਭੇਜੇ, ਜਿਸ ਵਿਚ ਉਸ ਨੇ ਦੱਸਿਆ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਥਾਪਿਆ ਹੋਇਆ ਜਥੇਦਾਰ ਹੈ। ਸਿੱਖਾਂ ਵਿਚ ਸਰਹਿੰਦ ਦੇ ਨਵਾਬ ਦੇ ਖਿਲਾਫ ਬਹੁਤ ਗੁੱਸਾ ਸੀ। ਬਹੁਤ ਸਾਰੇ ਸਿੱਖ ਬੰਦਾ ਸਿੰਘ ਕੋਲ ਆਉਣੇ ਸ਼ੁਰੂ ਗਏ। ਸਭ ਤੋ ਪਹਿਲਾਂ ਬੰਦਾ ਸਿੰਘ ਨੇ ਸਮਾਨਾ ਸ਼ਹਿਰ ਤੇ ਹਮਲੇ ਦੀ ਯੋਜਨਾ ਬਣਾਈ। ਇਸ ਸ਼ਹਿਰ ਵਿਚ ਸਯਦ ਜਲਾਲੁ-ਉ-ਦੀਨ ਰਹਿੰਦਾ ਸੀ ਜਿਸ ਨੇ ਗੁਰੂ ਤੇਗ ਬਹਾਦਰ ਜੀ ਨੂੰ ਕਤਲ ਕੀਤਾ ਸੀ। ਇਸ ਹੀ ਸ਼ਹਿਰ ਵਿਚ ਸੁਸ਼ਲ ਬੇਗ ਅਤੇ ਬਸ਼ਬੇਗ ਦੋ ਵਿਅਕਤੀ ਰਹਿੰਦੇ ਸਨ, ਜਿਨ੍ਹਾਂ ਨੇ ਗੁਰੂ ਜੀ ਦੇ ਛੋਟੇ ਸਾਹਿਬਜਾਦਿਆਂ ਨੂੰ ਨੀਹਾਂ ਵਿਚ ਚਿਣਵਾ ਦਿੱਤਾ ਸੀ। ਸਿੱਖਾਂ ਵਿਚ ਉਨ੍ਹਾਂ ਨੂੰ ਸਜਾ ਦੇਣ ਦਾ ਬਹੁਤ ਜੋਸ਼ ਸੀ। ਇਸ ਸ਼ਹਿਰ ਵਿਚ 22 ਉਹ ਅਮੀਰ ਰਹਿੰਦੇ ਸਨ ਜਿਹੜੇ ਪਾਲਕੀਆਂ ਵਿਚ ਬਾਹਰ ਜਾਂਦੇ ਸਨ। ਸਿੱਖਾਂ ਦੇ ਹਮਲੇ ਕਰਕੇ ਸ਼ਾਹੀ ਫੌਜ ਨੇ ਸ਼ਹਿਰ ਦੇ ਗੇਟ ਬੰਦ ਕਰ ਲਏ ਪਰ ਸਿੱਖ ਸ਼ਹਿਰ ਦੇ ਅੰਦਰ ਦਾਖਲ ਹੋ ਗਏ। ਬੜੀ ਗਹਿਗੱਚ ਲੜਾਈ ਹੋਈ। ਸਿੱਖਾਂ ਨੇ ਜਲਾਲੁ-ਉ-ਦੀਨ, ਸ਼ੁਸ਼ਲ ਬੇਗ ਅਤੇ ਬਸ਼ਲ ਬੇਗ ਦੇ ਘਰ ਢਾਹ ਦਿੱਤੇ। ਇਸ ਲੜਾਈ ਦੀ ਇਕ ਮਹੱਤਵਪੂਰਨ ਗੱਲ ਇਹ ਵੀ ਸੀ ਕਿ ਇਸ ਵਿਚ ਉਸ ਇਲਾਕੇ ਦੇ ਲੋਕਾਂ ਨੇ ਵੀ ਹਿੱਸਾ ਲਿਆ ਜਿਨ੍ਹਾਂ ਤੇ ਮੁਗਲ ਕਰਮਚਾਰੀਆਂ ਵਲੋਂ ਜੁਲਮ ਕੀਤਾ ਜਾਂਦਾ ਸੀ।

ਜਦੋਂ ਇਸ ਜਿੱਤ ਬਾਰੇ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਨੂੰ ਖਬਰ ਮਿਲੀ ਤਾਂ ਉਹ ਹੋਰ ਭੈਭੀਤ ਹੋ ਗਿਆ ਜਿਸ ਕਰਕੇ ਉਸ ਨੂੰ ਆਪਣੀ ਫੌਜੀ ਤਿਆਰੀ ਵੱਡੀ ਪੱਧਰ ਤੇ ਸ਼ੁਰੂ ਕਰ ਦਿੱਤੀ। ਥੋੜ੍ਹੇ ਸਮੇਂ ਵਿਚ ਹੀ ਬੰਦਾ ਸਿੰਘ ਨੇ ਥਸਕਾ, ਕਪੂਰੀ, ਸ਼ਾਹਾਬਾਦ, ਮੁਸਤਫਾਬਾਦ ਆਦਿ ਦੇ ਖੇਤਰਾਂ ਤੇ ਕਬਜ਼ਾ ਕਰ ਲਿਆ। ਸਧੋਰੇ ਦਾ ਹਾਕਮ ਉਸਮਾਨ ਖਾਨ ਅਤੇ ਉਸ ਦੇ ਕਰਮਚਾਰੀ ਆਪਣੀਆਂ ਮਨਮਾਨੀਆਂ ਕਰਨ ਲਈ ਅਤੇ ਖਾਸ ਕਰਕੇ ਹਿੰਦੂਆਂ ਤੇ ਜੁਲਮ ਕਰਨ ਲਈ ਬਦਨਾਮ ਸਨ। ਉਸ ਹਾਕਮ ਨੇ ਉਸ ਵਕਤ ਦੇ ਮਹਾਨ ਸੰਤ ਸਯਦ ਬਦੁਰ ਦੀਨ ਸ਼ਾਹ, ਜਿਨ੍ਹਾਂ ਨੂੰ ਸਯਦ ਬੁਧੂ ਸ਼ਾਹ ਦੇ ਨਾ ਨਾਲ ਯਾਦ ਕੀਤਾ ਜਾਂਦਾ ਸੀ, ਨੂੰ ਤਸੀਹੇ ਦੇ ਮਾਰਿਆ ਗਿਆ ਸੀ। ਸਯਦ ਬੁਧੂ ਸ਼ਾਹ ਉਹ ਵਿਅਕਤੀ ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਭੰਗਾਣੀ ਦੀ ਲੜਾਈ ਵਿਚ ਮਦਦ ਕੀਤੀ ਸੀ। ਸਿੱਖਾਂ ਵਿਚ ਉਸ ਕੋਲੋਂ ਬਦਲਾ ਲੈਣ ਦਾ ਬਹੁਤ ਜੋਸ਼ ਸੀ।

ਜਦੋਂ ਬੰਦਾ ਸਿੰਘ ਸਧੋਰੇ ਤੇ ਹਮਲਾ ਕਰਨ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਉਸ ਇਲਾਕੇ ਦੇ ਬਹੁਤ ਸਾਰੇ ਕਿਸਾਨ ਅਤੇ ਸਧਾਰਨ ਲੋਕ ਵੀ ਉਸ ਨਾਲ ਸ਼ਾਮਲ ਹੋ ਗਏ। ਸਿੱਖਾਂ ਦੇ ਹਮਲੇ ਕਰਕੇ ਉਥੋਂ ਦੇ ਸਯਦਾਂ ਅਤੇ ਸੇਨੇ ਆਪਣੀ ਜਾਨ ਬਚਾਉਣ ਲਈ ਸਯਦ ਬਦੁਰ-ਉ-ਦੀਨ ਦੀ ਹਵੇਲੀ ਵਿਚ ਸ਼ਰਨ ਲੈ ਲਈ ਪਰ ਲੋਕਾਂ ਵਿਚ ਉਹਨਾਂ ਸ਼ੇਖਾਂ ਅਤੇ ਸਯਦਾਂ ਦੇ ਖਿਲਾਫ ਇੰਨਾਂ ਜੋਸ਼ ਸੀ ਕਿ ਉਹਨਾਂ ਦੇ ਉਸ ਹਵੇਲੀ ਨੂੰ ਅੱਗ ਲਾ ਦਿੱਤੀ ਅਤੇ ਉਥੇ ਲੁਕੇ ਸਭ ਵਿਅਕਤੀਆਂ ਨੂੰ ਕਤਲ ਕਰ ਦਿੱਤਾ।

ਬੰਦਾ ਸਿੰਘ ਇਕ ਕਾਬਿਲ ਜਰਨੈਲ ਸਾਬਿਤ ਹੋਇਆ। ਉਸ ਕੋਲ ਆਦਮੀਆਂ ਅਤੇ ਹਥਿਆਰਾਂ ਦੀ ਘਾਟ ਸੀ। ਇਸ ਲਈ ਉਸ ਨੂੰ ਗੁਰੀਲਾ ਯੁੱਧ ਕਰਨਾ ਪੈਂਦਾਂ ਸੀ। ਉਹ ਸਰਹਿੰਦ ਤੇ ਹਮਲੇ ਨੂੰ ਇਸ ਕਰਕੇ ਅੱਗੇ ਪਾ ਰਿਹਾ ਸੀ, ਕਿਉਂ ਜੋ ਉਹ ਕੋਈ ਜੋਖਿਮ ਨਹੀਂ ਸੀ ਲੈਣਾ ਚਾਹੁੰਦਾ ਅਤੇ ਪੂਰੀ ਤਿਆਰੀ ਨਾਲ ਹਮਲਾ ਕਰਨਾ ਚਾਹੁੰਦਾ ਸੀ। ਬੰਦਾ ਸਿੰਘ ਦੀ ਫੌਜ ਵਿਚ ਤਿੰਨ ਕਿਸਮ ਦੇ ਫੌਜੀ ਸਨ, ਇਕ ਉਹ ਜਿਹੜੇ ਧਾਰਮਿਕ ਜਜਬੇ ਦੇ ਅਧੀਨ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਸਨ। ਦੂਸਰੇ ਤਨਖਾਹਦਾਰ ਫੌਜੀ ਅਤੇ ਤੀਸਰੇ ਉਹ ਸਨ ਜਿਹੜੇ ਲੁਟ ਖੋਹ ਦੇ ਉਦੇਸ਼ ਨਾਲ ਸ਼ਾਮਿਲ ਹੁੰਦੇ ਸਨ ਪਰ ਦੁਸ਼ਮਣ ਦਾ ਪਲੜਾ ਭਾਰੀ ਵੇਖ ਕੇ ਛੱਡ ਵੀ ਜਾਂਦੇ ਸਨ।

ਵਜੀਰ ਖਾਨ ਆਪਣੀ ਫੌਜੀ ਤਿਆਰੀ ਵਿਚ ਰੁਝਿਆ ਹੋਇਆ ਸੀ ਉਹ ਫੌਜੀ ਤਾਕਤ ਤੋਂ ਇਲਾਵਾ ਜਸੂਸੀ ਅਤੇ ਹਰ ਤਰ੍ਹਾਂ ਦੀ ਚਲਾਕੀ ਵੀ ਵਰਤ ਰਿਹਾ ਸੀ ਇਸ ਕਰਕੇ ਸੁੱਚਾ ਨੰਦ ਦਾ ਭਤੀਜਾ ਕੋਈ 1000 ਜਵਾਨ ਲੈ ਕੇ ਬੰਦਾ ਸਿੰਘ ਨੂੰ ਮਿਲਿਆ। ਭਾਵੇਂਕਿ ਬੰਦਾ ਸਿੰਘ ਨੂੰ ਉਸ ਤੇ ਸੰਦੇਹ ਸੀ ਪਰ ਉਸ ਨੂੰ ਸ਼ਾਮਲ ਕਰ ਲਿਆ ਗਿਆ ਅਤੇ ਜਦੋਂ ਸਰਹਿੰਦ ਦੀ ਫੌਜ ਅਤੇ ਸਿੱਖਾਂ ਦੀ ਲੜਾਈ ਹੋਈ ਤਾਂ ਉਹ ਇਕ ਦਮ ਆਪਣੇ ਆਦਮੀਆਂ ਨਾਲ ਭਜ ਗਿਆ। ਬੜੀ ਗਹਿਗਚ ਲੜਾਈ ਹੋਈ। ਸਿੱਖਾਂ ਵਿਚ ਨਵਾਬ ਦੇ ਖਿਲਾਫ ਵੱਡਾ ਗੁੱਸਾ ਅਤੇ ਜੋਸ਼ ਸੀ। ਨਵਾਬ ਮਾਰਿਆ ਗਿਆ ਅਤੇ ਬੰਦਾ ਸਿੰਘ ਦੀ ਵੱਡੀ ਜਿੱਤ ਹੋਈ, ਸਰਹਿੰਦ ਵਿਚ ਜਿਹੜੇ ਲੋਕ ਜੁਲਮ ਕਰਨ ਵਾਲਿਆਂ ਦੇ ਨਾਲ ਸ਼ਾਮਲ ਸਨ ਸਭ ਨੂੰ ਸਜ਼ਾ ਦਿੱਤੀ ਗਈ। ਸਿੰਘ ਦੀਆਂ ਜਿੱਤਾਂ ਦੀਆਂ ਖਬਰਾਂ ਸੁਣ ਕੇ ਬਾਦਸ਼ਾਹ ਬਹਾਦਰ ਸ਼ਾਹ ਦੱਖਣ ਤੋਂ ਪੰਜਾਬ ਵਲ ਚਲ ਪਿਆ ਅਤੇ ਉਸ ਨੇ ਆਪਣੇ ਚਾਰੇ ਸਾਹਿਬਜ਼ਾਦਿਆਂ ਅਤੇ ਦੇਸ਼ ਭਰ ਦੇ ਨੌਜਵਾਨ, ਫੌਜਦਾਰ ਨਵਾਬ, ਜਿੰਮੀਦਾਰ ਅਤੇ ਕੋਈ 60000 ਫੌਜ ਨਾਲ ਲੋਹਗੜ੍ਹ ਦੇ ਕਿਲੇ ਨੂੰ ਘੇਰਾ ਪਾ ਲਿਆ, ਪਰ ਬੰਦਾ ਸਿੰਘ ਉਸ ਘੇਰੇ ਨੂੰ ਤੋੜ ਕੇ ਪਹਾੜਾਂ ਵਲ ਚਲਾ ਗਿਆ। ਮੁਗਲ ਬਾਦਸ਼ਾਹ ਦੀ ਨਾ ਇਨਸਾਫੀ ਦਾ ਅੰਦਾਜ਼ਾ ਇਕ ਹੀ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਦੋ ਬੰਦਾ ਸਿੰਘ ਨਾਹਨ ਦੇ ਰਾਜ ਵਿਚੋਂ ਲੰਘ ਕੇ ਮੁਗਲ ਫੌਜਾਂ ਦੀ ਪਹੁੰਚ ਤੋ ਦੂਰ ਚਲਾ ਗਿਆ ਅਤੇ ਨਾਹਨ ਦੇ ਰਾਜਾ ਦੇ ਲੜਦੇ ਭੂਪ ਪ੍ਰਕਾਸ਼ ਨੂੰ ਕੈਦ ਕਰਕੇ ਦਿਲੀ ਲਿਆਂਦਾ ਗਿਆ ਕਿ ਉਹ ਬੰਦਾ ਸਿੰਘ ਨੂੰ ਕਿਉਂ ਨਹੀਂ ਫੜ ਸਕੇ ਅਤੇ ਜਦੋਂ 21 ਪਹਾੜੀ ਮੁਖੀ ਭੂਪ ਪ੍ਰਕਾਸ਼ ਨੂੰ ਛਡਾਉਣ ਲਈ ਗਏ ਤਾਂ ਉਹਨਾਂ ਸਾਰਿਆਂ ਨੂੰ ਫਾਂਸੀ ਦੇ ਦਿੱਤੀ ਗਈ।

1710 ਦੇ ਅਖੀਰ ਵਿਚ ਬੰਦਾ ਸਿੰਘ ਗੁਰਦਾਸ ਨੰਗਲ ਦੇ ਕਿਲੇ ਵਿਚ ਘੇਰੇ ਵਿਚ ਆ ਗਿਆ ਜਿਥੇ ਪੰਜਾਬ ਦੇ ਗਵਰਨਰ ਦੇ ਨਾਲ ਹੋਰ ਫੌਜਦਾਰਾਂ ਅਤੇ ਜਿੰਮੀਦਾਰਾਂ ਦੀ 30000 ਫੌਜ ਨੇ ਥੋੜੇ ਜਿਹੇ ਸਿੱਖਾਂ ਨੂੰ ਕਿਲੇ ਵਿਚ ਘੇਰਿਆ ਹੋਇਆ ਸੀ। ਸਿੱਖਾਂ ਕੋਲ ਰਾਸ਼ਨ ਦੀ ਘਾਟ ਅਤੇ ਥੋੜ੍ਹੀ ਗਿਣਤੀ ਵੱਡੀ ਮੁਸ਼ਕਿਲ ਸੀ। ਪਰ ਮੁਗਲ ਫੌਜਾਂ ਕਿਲ੍ਹੇ ਦੇ ਅੰਦਰ ਦਾਖਿਲ ਹੋਣ ਦਾ ਹੌਸਲਾ ਨਹੀਂ ਸਨ ਕਰਦੀਆਂ ਜਿਸ ਲਈ 8 ਮਹੀਨੇ ਇਹ ਘੇਰਾ ਬਣਾਈ ਰੱਖਿਆ ਗਿਆ ਅਤੇ ਅਖੀਰ ਉਹਨਾਂ 700 ਦੇ ਕਰੀਬ ਸਿੱਖਾਂ ਨੂੰ ਕੈਦ ਕਰਕੇ ਪਹਿਲਾਂ ਲਹੌਰ ਅਤੇ ਫਿਰ ਦਿੱਲੀ ਲਿਆਂਦਾ ਗਿਆ। ਮੁਗਲ ਫੌਜ ਬੰਦਾ ਸਿੰਘ ਦੀ ਬਹਾਦਰੀ ਤੋਂ ਇੰਨੀ ਭੈ ਭੀਤ ਸੀ ਕਿ ਉਸ ਨੂੰ ਕੈਦ ਵਿਚ, ਪੈਰਾਂ ਵਿਚ ਬੇੜੀਆਂ, ਗਲੇ ਵਿਚ ਅਤੇ ਲੱਕ ਵਿਚ ਜੰਜੀਰ ਅਤੇ ਲੋਹੇ ਦੇ ਪਿੰਜਰੇ ਵਿਚ ਕੈਦ ਕਰਨ ਤੋਂ ਬਾਅਦ ਵੀ ਖੰਜਰ ਫੜੀ ਇਕ ਫੌਜੀ ਤਿਆਰ-ਬਰ-ਤਿਆਰ ਅਤੇ ਦੋ ਵਿਅਕਤੀਆਂ ਨੂੰ ਬੰਦਾ ਸਿੰਘ ਦੇ ਨਾਲ ਇਸ ਕਰਕੇ ਉਸ ਹੀ ਹਾਥੀ ਤੇ ਬੰਨਿਆ ਗਿਆ ਸੀ ਕਿ ਉਹ ਇੰਨੀਆਂ ਬੰਦਸ਼ਾਂ ਦੇ ਬਾਵਜੂਦ ਵੀ ਭਜ ਸਕਦਾ ਸੀ। ਦੁਨੀਆਂ ਦੇ ਇਤਿਹਾਸ ਵਿਚ ਇਹ ਵੀ ਵਿਲੱਖਣ ਹੀ ਉਦਾਹਰਣ ਹੈ ਕਿ 700 ਦੇ ਸਿੱਖਾਂ ਵਿਚੋਂ ਇਕ ਵੀ ਸਿੱਖ ਨੇ ਆਪਣੀ ਜਾਨ ਦੇ ਬਦਲੇ, ਆਪਣੇ ਧਰਮ ਨੂੰ ਬਦਲਣ ਦੀ ਗਲ ਨੂੰ ਕਬੂਲ ਨਾ ਕੀਤਾ। ਦੁਨੀਆਂ ਦੇ ਇਤਹਾਸ ਵਿਚ ਕਿਸੇ ਥਾ ਵੀ ਇਸ ਤਰ੍ਹਾਂ ਦੀ ਗਲ ਨਹੀ ਮਿਲਦੀ ਕਿ ਜਿਸ ਤਰ੍ਹਾਂ ਬੰਦਾ ਸਿੰਘ ਦੇ 4 ਸਾਲ ਦੇ ਮਸੂਮ ਬੱਚੇ ਦੇ ਤੜਫਦੇ ਕਲੇਜੇ ਨੂੰ ਬੰਦਾ ਸਿੰਘ ਦੇ ਮੂੰਹ ਵਿਚ ਜਬਰਦਸਤੀ ਤੁਨਿੰਆ ਗਿਆ ਹੋਵੇ। ਉਸ ਬੱਚੇ ਦਾ ਕੀ ਕਸੂਰ ਸੀ? ਬੰਦਾ ਸਿੰਘ ਦੀ ਅੱਖ ਕੱਢੀ ਗਈ, ਹੱਥ ਕੱਟਿਆ ਗਿਆ, ਪੈਰ ਕੱਟਿਆ ਗਿਆ, ਜੰਬੂਰਾ ਨਾਲ ਮਾਸ ਨੋਚਿਆ ਗਿਆ ਅਤੇ ਅੰਗ ਅੰਗ ਕੱਟੀਆਂ ਗਿਆ, ਇਹ ਕਿਸ ਇਨਸਾਫ ਤੇ ਅਧਾਰਿਤ ਸੀ? ਇਸ ਤਰ੍ਹਾਂ ਦੇ ਜੁਲਮ ਦਾ ਕਾਰਵਾਈ ਦੀ ਕਿਤੇ ਕੋਈ ਮਿਸਾਲ ਨਹੀਂ ਮਿਲਦੀ।

ਬੰਦਾ ਸਿੰਘ ਬਹਾਦਰ ਦੁਨੀਆਂ ਦੇ ਮਹਾਨ ਜਰਨੈਲ ਵਿਚ ਗਿਣਿਆ ਜਾਂਦਾ ਹੈ ਜਿਨ੍ਹਾਂ ਦਾ ਲੈਂਦਿਆਂ ਹੀ ਸਤਿਕਾਰ ਵਜੋਂ ਸਿਰ ਝੁੱਕਦਾ ਹੈ ਜਿਸ ਦੀ ਕਾਬਲੀਅਤ ਇਸ ਗਲ ਤੋ ਜਹਿਰ ਹੈ ਕਿ ਥੋੜ੍ਹੇ ਵਿਅਕਤੀਆਂ ਅਤੇ ਹਥਿਆਰਾਂ ਨਾਲ, ਸਿਰਫ 6 ਸਾਲ ਦੇ ਕ੍ਰਿਆਤਮਕ ਸਮੇ ਵਿਚ ਇੰਨੇ ਵੱਡੇ ਖੇਤਰ ਤੇ ਕਬਜ਼ਾ ਕਰਨਾ ਅਤੇ ਉਸ ਵਕਤ ਦੀ ਦੁਨੀਆਂ ਦੀ ਵਡੀ ਸ਼ਕਤੀ ਦਾ ਮੁਕਾਬਲਾ ਕਰਨਾ ਸੀ। ਉਸ ਨੇ ਇਕ ਦਿਨ ਵੀ ਗਵਾਇਆ ਨਹੀਂ ਸੀ ਉਹ ਇਕ ਤੋਂ ਬਾਅਦ ਇਕ ਮੁਹਿੰਮ ਵਿਚ ਰੁਝਿਆ ਰਿਹਾ। ਉਸ ਨੂੰ ਰਾਜ ਕਰਨ ਦਾ ਤਾਂ ਸਮਾਂ ਹੀ ਨਾ ਮਿਲਿਆ ਨਹੀਂ ਤਾਂ ਉਹ ਨਵੀਆਂ ਸੇਧਾਂ ਪ੍ਰਦਾਨ ਕਰਨ ਵਾਲਾ ਪਹਿਲਾ ਹਾਕਮ ਬਣਦਾ, ਉਹ ਦੁਨੀਆਂ ਦਾ ਪਹਿਲਾਂ ਹਾਕਮ ਸੀ ਜਿਸ ਨੇ ਜ਼ਮੀਨ ਵਾਹੁਣ ਵਾਲੇ ਨੂੰ ਮਾਲਕ ਬਣਾਇਆ ਅਤੇ ਸਮਾਜਵਾਦ ਵਾਲੀ ਬਰਾਬਰੀ ਦੀ ਨੀਂਹ ਰੱਖੀ।

The Writer is a Senior Fellow,
Institute of Social Sciences,
New Delhi

## ਸ਼ਹੀਦ ਸਰਾਭਾ ਨੂੰ ਸਮਰਪਿਤ ਬਾਲ ਨਾਟਕ ਮੇਲਾ ਕਰਵਾਇਆ





ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਮਰਪਿਤ ਬਾਲ ਨਾਟਕ ਮੇਲਾ ਗੁਰਸ਼ਰਨ ਕਲਾ ਭਵਨ ਮੁਲਾਂਪੁਰ ਵਿਖੇ ਕਰਵਾਇਆ ਗਿਆ। ਹਰ ਮਹੀਨੇ ਦੇ ਆਖਰੀ ਸ਼ਨੀਵਾਰ ਲੋਕ ਕਲਾ ਮੰਚ ਮੁਲਾਂਪੁਰ ਵਲੋਂ ਕਰਵਾਏ ਜਾ ਰਹੇ ਇਸ ਸਮਾਗਮ 'ਚ ਕਮਿਊਨਿਸਟ ਆਗੂ ਫੀਦਲ ਕਾਸਤਰੋ ਅਤੇ ਪ੍ਰਸਿੱਧ ਟਰੇਡ ਯੂਨੀਅਨਲਿਸਟ ਅਤੇ ਸਿੱਖਿਆ ਸ਼ਾਸਤਰੀ ਜਗਮੋਹਣ ਕੋਸਲ ਹੋਰਾਂ ਦੇ ਵਿਛੋੜੇ ਤੋਂ ਹਾਜ਼ਰ ਸਰੋਤਿਆਂ ਨੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਹਿੱਸੋਵਾਲ ਦੇ ਬੱਚਿਆਂ ਨੇ 'ਸ਼ਹੀਦ ਊਧਮ ਸਿੰਘ ਲੰਡਨ' 'ਚ ਨਾਂ ਦੀ ਬਹੁਤ ਹੀ ਖ਼ੂਬਸੂਰਤ ਕੋਰੀਓਗ੍ਰਾਫ਼ੀ ਦੀਪਕ ਰਾਏ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤੀ। ਭਗਤ ਨਾਮਦੇਵ ਥੀਏਟਰ ਸੁਸਾਇਟੀ ਘੁਮਾਣ (ਗੁਰਦਾਸਪੁਰ) ਦੇ ਬਾਲ ਕਲਾਕਾਰਾਂ ਨੇ ਪ੍ਰਿਤਪਾਲ ਸਿੰਘ ਦੀ ਨਿਰਦੇਸ਼ਨਾ ਹੇਠ ਵੀਨਾ ਵਰਮਾ ਦੀ ਪ੍ਰਸਿੱਧ ਕਹਾਣੀ 'ਮੁੱਲ ਦੀ ਤੀਵੀਂ' ਤੇ ਬਹੁਤ ਹੀ ਚੇਤਨਾ ਭਰਪੂਰ ਨਾਟਕ ਪੇਸ਼ ਕਰਕੇ ਔਰਤ ਵਰਗ ਦਾ ਵਿਪਰੀਤ ਹਾਲਤਾਂ 'ਚ ਵੀ ਡੱਟਣ ਦੀ ਗਾਥਾ ਨੂੰ ਸਜੀਵ ਕੀਤਾ। ਹੈਪੀ ਸਿਉੜਾ ਦੀ ਨਿਰਦੇਸ਼ਨਾ ਹੇਠ ਅਵਾਮੀ ਰੰਗ ਮੰਚ ਸਿਉੜਾ ਦੇ ਬਾਲ ਕਲਾਕਾਰ ਪਵੇਲ ਨੇ ਬਲਵਿੰਦਰ ਬੁੱਟਰ ਦਾ ਲਿਖਿਆ ਨਾਟਕ 'ਤੈਂ ਕੀ ਦਰਦ ਨਾ ਆਇਆ' ਜਦੋਂ ਮੰਚ 'ਤੇ ਖੇਡਿਆ ਤਾਂ ਦਰਸ਼ਕਾਂ ਨੇ ਸਾਹ ਰੋਕ ਕੇ ਵੇਖਿਆ। ਪਵੇਲ ਦੀ ਅਤਿਅੰਤ ਸਾਦੀ ਤੇ ਪਿਆਰੀ ਅਦਾਕਾਰੀ ਨੇ ਸਮੂਹ ਸਰੋਤਿਆਂ ਦਾ ਮਨ ਮੋਹ ਲਿਆ। ਇਸ ਸਮੇਂ ਗੁਰਸ਼ਰਨ ਕਲਾ ਭਵਨ ਨੂੰ ਘਰੇਲੂ ਫਰਨੀਚਰ ਭੇਟ ਕਰਨ ਵਾਲੀ ਸਾਬਕਾ ਅਧਿਆਪਕਾ ਜਵਿੰਦਰ ਕੌਰ ਤੇ ਤਿੰਨੇ ਟੀਮਾਂ ਨੂੰ ਮੰਚ ਵਲੋਂ ਸ਼ਹੀਦ ਸਰਾਭਾ ਦੀਆਂ ਤਸਵੀਰਾਂ ਭੇਟ ਕੀਤੀਆਂ ਗਈਆਂ। ਇਸ ਸਮੇਂ ਪ. ਲ.ਸ. ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਵਿਛੜੀਆਂ ਮਹਾਨ ਸ਼ਖਸੀਅਤਾਂ ਬਾਰੇ ਜਾਣਕਾਰੀ ਦਿੰਦਿਆਂ ਸ਼ਰਧਾਂਜਲੀ ਭੇਟ ਕੀਤੀ। ਮੰਚ ਸੰਚਾਲਨਾ ਹਰਕੇਸ਼ ਚੌਧਰੀ ਨੇ ਨਿਭਾਈ। ਮੰਚ ਪ੍ਰਧਾਨ ਸੁਰਿੰਦਰ ਸ਼ਰਮਾ, ਹਰਦੇਵ ਸਿੰਘ ਮੁਲਾਂਪੁਰ, ਜਰਨੈਲ ਸਿੰਘ, ਦੀਪਕ ਰਾਏ, ਹਰਮੇਲ ਲੀਹਾਂ ਹਾਜ਼ਰ ਸਨ।

# ਸਾਡੀਆਂ ਸੰਸਥਾਵਾਂ ਤੇ ਮੀਡੀਏ ਦੀ ਮਾਨਸਿਕਤਾ !

(ਸਫ਼ਾ 16 ਦੀ ਬਾਕੀ)

ਕੌਂਸਲ, ਅਸੰਬਲੀ, ਪਾਰਲੀਮੈਂਟ ਆਦਿ ਵਿੱਚ ਹਨ। ਉਨ੍ਹਾਂ ਨੇ ਪਾਰਲੀਮੈਂਟ ਵਿੱਚ ਅਖੰਡ ਪਾਠ ਰੱਖਿਆ ਜਾਂ ਵਿਸਾਖੀ ਮਨਾਈ ਆਦਿ। ਹੁਣ ਇਥੇ ਦੀਆਂ ਸਰਕਾਰਾਂ ਤੇ ਰਾਜਨੀਤਕ ਲੋਕ ਵੀ ਧਰਮ ਨਿਰਪੱਖਤਾ ਵਾਲਾ ਪੈਂਤੜਾ ਛੱਡ ਕੇ ਧਰਮ ਨੂੰ ਵੋਟ ਰਾਜਨੀਤੀ ਲਈ ਵਰਤਣ ਲੱਗੇ ਹਨ।

ਇਸ ਹਮਾਮ ਵਿੱਚ ਅਸੀਂ ਸਾਰੇ ਨੰਗੇ ਹਾਂ, ਲੋਕ ਵੀ ਆਪਣਾ ਫਰਜ਼ ਨਹੀਂ ਨਿਭਾ ਰਹੇ। ਜੇ ਮੀਡੀਆ, ਸਰਕਾਰਾਂ, ਧਾਰਮਿਕ ਆਗੂ ਆਪਣਾ ਫਰਜ਼ ਨਹੀਂ ਨਿਭਾਉਂਦੇ ਤਾਂ ਅਸੀਂ ਆਪ ਜਾਗਰੂਕ ਹੋਈਏ? ਜੇ ਹੋਰ ਕੁਝ ਨਹੀਂ ਕਰ ਸਕਦੇ ਤਾਂ ਇਸ ਪਾਪ ਦੀ ਜੰਝ ਦੇ ਭਾਗੀਦਾਰ ਤਾਂ ਨਾ ਬਣੀਏ? ਸ਼ਰਧਾ ਵਿੱਚ ਇਤਨੇ ਅੰਨ੍ਹੇ ਨਾ ਹੋਈਏ ਕਿ ਹਰੇਕ ਕੋਈ ਸਾਨੂੰ ਲੁੱਟ ਕੇ ਤੁਰਦਾ ਬਣੇ? ਜਦੋਂ ਤੁਸੀਂ ਮਿਹਨਤ ਨਾਲ ਆਪਣੀ ਕਮਾਈ ਕਰਦੇ ਹੋ ਤਾਂ ਉਹ ਆਪਣੇ ਆਪ ਵਿੱਚ ਹੀ ਸਫਲ ਕਮਾਈ ਹੈ, ਕਿਸੇ ਧਰਮ ਅਸਥਾਨ ਜਾਂ ਪਾਖੰਡੀ ਸਾਧ ਜਾਂ ਕਿਸੇ ਹੋਰ ਅਜਿਹੀ ਚੈਰਿਟੀ ਨੂੰ ਦੇ ਕੇ ਜ਼ਿਆਦਾ ਸਫਲ ਨਹੀਂ ਹੋ ਸਕਦੀ, ਜਿਸ ਨਾਲ ਸਮਾਜ ਦਾ ਨੁਕਸਾਨ ਹੋ ਰਿਹਾ ਹੈ। ਅਸੀਂ ਅਜਿਹਾ ਕਹਿ ਕਿ ਆਪਣੇ ਆਪ ਨੂੰ ਬਰੀ ਨਹੀਂ ਕਰ ਸਕਦੇ ਕਿ 'ਜੋ ਕਰਨਗੇ, ਸੋ ਭਰਨਗੇ?' ਉਹ ਆਪਣੇ ਕੀਤੇ ਲਈ ਭਰਨ, ਇਸ ਲਈ ਤੁਹਾਨੂੰ ਉਨ੍ਹਾਂ ਨੂੰ ਜਵਾਬਦੇਹ ਬਣਾਉਣਾ ਪਵੇਗਾ? ਜੇ ਕੋਈ ਸੰਸਥਾ, ਵਿਅਕਤੀ, ਮੀਡੀਆ, ਰਾਜਨੀਤਕ ਆਦਿ ਚੰਗਾ ਕੰਮ ਕਰ ਰਿਹਾ ਹੈ ਤਾਂ ਉਸਦਾ ਸਾਥ ਦਿਉ। ਗਧੇ-ਘੋੜੇ ਨੂੰ ਇਕੋ ਰੱਸੇ ਨਾ ਬੰਨ੍ਹੋ, 'ਜੋ ਆਵੇ ਸੋ ਰਾਜ਼ੀ ਜਾਵੇ', ਵਾਲੀ ਪਾਲਿਸੀ ਨਾਲ ਕਦੀ ਕਿਸੇ ਦਾ ਭਲਾ ਨਹੀਂ ਹੋ ਸਕਦਾ। ਜਿਹੜਾ ਮੀਡੀਆ ਚੰਗਾ ਕੰਮ ਕਰ ਰਿਹਾ ਹੈ, ਉਸਨੂੰ ਹੱਲਾਸ਼ੇਰੀ ਦਿਉ, ਉਸਦਾ ਸਾਥ ਦਿਉ ਅਤੇ ਜੋ ਸਿਰਫ ਸਿਆਸੀ ਲੋਕਾਂ ਦੀ ਚਾਪਲੂਸੀ ਤੇ ਆਪਣਾ ਧੰਦਾ ਹੀ ਕਰ ਰਿਹਾ ਹੈ, ਉਸਨੂੰ ਮੀਡੀਏ ਦੇ ਫਰਜ਼ਾਂ ਦਾ ਅਹਿਸਾਸ ਕਰਾਈਏ?

ਗੁਰਪੁਰਬ ਮਨਾਉਂਦੇ ਹੋਏ, ਇਹੀ ਨਾ ਪੜ੍ਹੀ ਜਾਈਏ ਕਿ 'ਆਈਂ ਬਾਬਾ ਨਾਨਕਾ, ਤੂੰ ਆਈਂ ਬਾਬਾ ਨਾਨਕਾ..'। ਬਾਬੇ ਨਾਨਕ ਨੇ ਆਪਣੇ ਸਮੇਂ ਵਿੱਚ ਆ ਕੇ ਆਪਣਾ ਫਰਜ਼ ਨਿਭਾ ਦਿੱਤਾ, ਹੁਣ ਸਾਡੀ ਵਾਰੀ ਹੈ ਕਿ ਅਸੀਂ ਵੀ ਆਪਣਾ ਫਰਜ਼ ਪਛਾਣੀਏ, ਗੁਰਦੁਆਰੇ ਜਰੂਰ ਜਾਉ, ਪਰ ਪ੍ਰਬੰਧਕਾਂ ਨੂੰ ਸਵਾਲ ਵੀ ਪੁਛੋ? ਬਾਬੇ ਨਾਨਕ ਵਾਂਗ ਸਮੇਂ ਦੇ ਬਾਬਰਾਂ ਨੂੰ ਵੀ ਜ਼ਾਬਰ ਕਹਿਣ ਦੀ ਜੁਰਅਤ ਕਰੋ? ਮਲਿਕ ਭਾਗੋਆਂ ਦੇ ਵੰਨ-ਸੁਵੰਨੇ ਲੰਗਰਾਂ ਵਿਚੋਂ ਗਰੀਬਾਂ-ਮਜਦੂਰਾਂ ਦਾ ਸਿੰਮਦਾ ਖੂਨ ਵੀ ਮਹਿਸੂਸ ਕਰੀਏ? ਚਿੱਟੇ ਚੋਲਿਆਂ ਵਿੱਚ ਵਿਚਰਦੇ 'ਸੱਜਣ ਠੱਗਾਂ' ਦੀ ਵੀ ਨਿਸ਼ਾਨਦੇਹੀ ਕਰੀਏ ਤਾਂ ਹੀ ਸਾਡਾ ਗੁਰਪੁਰਬ ਮਨਾਉਣਾ ਸਫਲ ਹੋ ਸਕੇਗਾ? ਆਪਣੀਆਂ ਸੰਸਥਾਵਾਂ ਵਿੱਚ ਵੀ ਅਜਿਹੇ ਸਮਿਆਂ ਤੇ ਸਮਾਜਿਕ ਸਰੋਕਾਰਾਂ ਲਈ ਸੰਵਾਦ ਰਚਾਉ। ਸੀਨੀਅਰਜ਼ ਦੀਆਂ ਸੰਸਥਾਵਾਂ ਵਿੱਚ ਜਾ ਕੇ ਤਾਸ਼ ਖੇਡ ਕੇ ਜਾਂ ਗੱਪਾਂ ਮਾਰ ਕੇ ਹੀ ਘਰੀਂ ਨਾ ਆ ਜਾਉ, ਉਥੇ ਵੀ ਲੋਕ ਮਸਲਿਆਂ ਦੀ ਚਰਚਾ ਕਰੋ। ਗੁਰੂ ਨਾਨਕ ਦੀ ਗੱਲ ਤੁਹਾਡੀਆਂ ਘਰੇਲੂ ਸੱਥਾਂ ਵਿੱਚ ਵੀ ਚੱਲਣੀ ਚਾਹੀਦੀ ਹੈ?

# ਪੂੰਜੀ ਦੇ ਹਮਲਿਆਂ ਵਿਰੁੱਧ ਜਮਾਤੀ ਲੜਾਈ ਤੇਜ਼ ਕਰੋ (ਸਫ਼ਾ 1 ਦੀ ਬਾਕੀ)

ਲੱਖ 'ਚ ਵੇਚਿਆ ਅਤੇ ਇਸ ਖ੍ਰੀਦ ਵੇਚ ਸਮੇਂ ਜੋ ਬਣਦੀ ਸਰਕਾਰੀ ਫੀਸ (ਟੈਕਸ) ਅਦਾ ਨਹੀਂ ਕੀਤਾ ਤਾਂ ਇਸ ਢੰਗ ਨਾਲ ਬਚਾਈ ਰਾਸ਼ੀ ਅਜਿਹੇ ਧਨ 'ਚ ਆਉਂਦੀ ਹੈ ਪਰ ਇਥੇ ਦਸ ਦੇਈਏ ਕਿ ਦੇਸ਼ ਦੀ 90 ਫੀਸਦੀ ਆਬਾਦੀ ਦਾ ਇਹ ਧੰਦਾ ਨਹੀਂ ਕਾਲੇ ਧਨ ਦੇ ਇਸ ਸਮੁੰਦਰ ਵਿਚ ਮਹਿਜ 10 ਫੀਸਦੀ ਆਬਾਦੀ ਹੀ ਹੋਵੇਗੀ ਜਿਸ 'ਚ ਵੱਡੀਆਂ ਮੱਛੀਆਂ ਤੇ ਛੋਟੀਆਂ ਮੱਛੀਆਂ ਕੁੱਲ ਮਿਲਾ ਕੇ ਬਣਦੇ ਹਨ। ਖੁਦ ਮੋਦੀ ਸਾਹਿਬ ਭਾਰਤੀ ਲੋਕਾਂ ਸਾਹਮਣੇ ਜੱਗ ਜ਼ਹਿਰ ਕਰਨ ਕਿ ਚੋਣਾਂ ਵੇਲੇ ਉਨ੍ਹਾਂ ਦੀ ਚੋਣ ਮੁਹਿੰਮ ਵਿਚ ਲੱਗੇ ਅੰਦਾਜ਼ਨ 40,0000 ਤੋਂ 50,000 ਕਰੋੜ ਰੁਪਏ ਦੀ ਰਾਸ਼ੀ ਕਾਲਾ ਧਨ ਸੀ ਜਾਂ ਸਫੈਦ ਧਨ 'ਚੋਂ ਸੀ? ਖੈਰ ਇਹ ਸਵਾਲ ਦਾ ਜਵਾਬ ਨਾ ਵੀ ਹੋਵੇ ਤਾਂ ਮੋਦੀ ਸਰਕਾਰ ਅੰਬਾਨੀ ਤੇ ਅੰਦਾਨੀ ਦੀਆਂ ਜਾਇਦਾਦਾਂ ਦੀ ਜਾਂਚ ਕਰਵਾ ਲਵੇ ਕਿ ਪੰਜ ਸਾਲ ਪਹਿਲਾਂ ਉਨ੍ਹਾਂ ਦੀ ਜਾਇਦਾਦ ਕਿੰਨੇ ਹਜ਼ਾਰ ਕਰੋੜ ਰੁਪਏ ਸੀ ਅੱਜ ਵੱਧ ਕੇ ਕਿੰਨੇ ਹਜ਼ਾਰ ਕਰੋੜ ਹੋ ਗਈ ਅਤੇ ਇਹ ਹਜ਼ਾਰਾਂ ਕਰੋੜਾਂ ਦਾ ਵਾਧਾ ਕਿਹੜੇ ਮੁਨਾਫ਼ਿਆਂ ਰਾਹੀਂ ਉਨ੍ਹਾਂ ਦੀ ਸੰਪਤੀ ਵਿਚ ਜੁੜਿਆ। ਅੱਜ ਦੇਸ਼ ਦੀ 90 ਫੀਸਦੀ ਸੰਪਤੀ ਦੇ ਮਾਲਕ 10 ਫੀਸਦੀ ਲੋਕ ਹੀ ਹਨਅਤੇ ਇਸ ਤੋਂ ਵੀ ਅਗਲਾ ਹਿਸਾਬ ਲਾਈਏ ਤਾਂ ਇਕ ਫੀਸਦੀ ਹੀ ਧਨਾਢ ਵਰਗ ਹੋਵੇਗਾ ਜਿਸ ਕੋਲ ਇਸ ਦਾ ਅੱਧਾ ਹਿਸਾ ਹੈ। ਹਾਕਮਾਂ ਨੂੰ ਇਨ੍ਹਾਂ ਦਾ ਧਨ ਚਿੱਟੇ ਤੇ ਪਵਿੱਤਰ ਲਗਦਾ ਹੈ। ਕੀ ਸਰਕਾਰ ਉਨ੍ਹਾਂ ਹਜ਼ਾਰਾਂ ਏਕੜ ਪਹਾੜੀ ਖੇਤਰਾਂ ਦਾ ਜਿਥੋਂ ਦੀ ਜ਼ਮੀਨ, ਜੰਗਲ, ਪਹਾੜੀ, ਵਿਦੇਸ਼ੀ ਤੇ ਦੇਸੀ ਕਾਰਪੋਰੇਟ ਘਰਾਣਿਆਂ ਨੂੰ ਔਣੇ ਪੌਣੇ ਦਿੱਤੇ ਗਏ ਹਨ, ਦਾ ਹਿਸਾਬ ਦੇਸ਼ ਦੇ ਲੋਕਾਂ ਸਾਹਮਣੇ ਰੱਖ ਸਕਦੀ ਹੈ? ਕਿ ਇਨ੍ਹਾਂ ਘਰਾਣਿਆਂ ਨੇ ਕਿੰਨੇ ਕਰੋੜ ਦੀ ਦੇਸ਼ ਦੀ ਸੰਪਤੀ ਨਜਾਇਜ਼ ਢੰਗ ਨਾਲ ਹਥਿਆਈ। ਇਹ ਨੂੰ ਚਿੱਟਾ ਧਨ ਕਿਹਾ ਜਾਵੇ ਜਾਂ ਕਾਲਾ?

ਹਕੀਕਤ ਇਹ ਹੈ ਕਿ ਦੇਸ਼ ਵਿਚ ਮਹਿਜ 6 (ਛੇ) ਫੀਸਦੀ ਹੀ ਕਾਲਾ ਧਨ ਹੈ। ਕਾਲੇ ਧਨ ਦਾ ਵੱਡਾ ਹਿੱਸਾ ਰੀਅਲ ਅਸਟੇਟ, ਸੋਨੇ ਅਤੇ ਹੋਰ ਸੰਪਤੀਆਂ ਦੀ ਖ੍ਰੀਦ ਤੋਂ ਇਲਾਵਾ ਵਿਦੇਸ਼ਾਂ ਵਿਚ ਜਮ੍ਹਾਂ ਧਨ ਵਿਚ ਮਿਲਿਆ ਜਾ ਸਕਦਾ ਹੈ। ਸਰਕਾਰ ਦੇ ਦਾਅਵੇ ਮੁਤਾਬਕ ਹੀ ਇਕ ਲੱਖ 30 ਹਜ਼ਾਰ ਕਰੋੜ ਰੁਪਏ ਦਾ ਕਾਲਾ ਧਨਹੈ ਅਤੇ ਕਾਲੇ ਧਨ ਦਾ ਇਕ ਹਿੱਸਾ ਚਿੱਟੇ ਧਨ ਵਾਂਗੂੰ ਹੀ ਮੁਨਾਫ਼ੇ ਬਟੋਰਨਾਂ ਬਜ਼ਾਰ 'ਚ ਘੁੰਮਦਾ ਰਹਿੰਦਾ ਹੈ ਅਤੇ ਇਹ ਧਨ ਇਨ੍ਹਾਂ ਬੈਂਕਾਂ ਦੇ ਰਾਹੀਂ ਹੀ ਵਿਦੇਸ਼ਾਂ ਵਿਚ ਪਹੁੰਚਦਾ ਹੈ। ਹਾਂ ਇਹ ਭੁਗਤਾਨ ਫਰਜ਼ੀ ਹੁੰਦੇ ਹਨ।

ਅਸੀਂ ਕਾਲੇ ਧਨ ਦੇ ਅਲਾਪ ਕਰਨ ਵਾਲੇ ਮੋਦੀ ਜੀ ਤੋਂ ਹੀ ਇਕ ਸਵਾਲ ਪੁੱਛਣਾ ਚਾਹਾਂਗੇ ਕਿ ਮਈ 2014 ਤੋਂ ਪਹਿਲਾਂ ਇਕ ਆਦਮੀ ਵਿਦੇਸ਼ਾਂ ਵਿਚ 75000 ਡਾਲਰ ਭੇਜ ਸਕਦਾ ਸੀ ਇਹ ਕਾਨੂੰਨੀ ਮਦ 'ਚ ਸੀ। ਫਿਰ ਮੋਦੀ ਸਰਕਾਰ ਬਣਨ ਪਿਛੋਂ, 1,25000 ਡਾਲਰ ਪ੍ਰਤੀ ਵਿਅਕਤੀ ਹੋ ਗਿਆ ਹੁਣ 2,50,000 ਡਾਲਰ ਪ੍ਰਤੀ ਵਿਅਕਤੀ ਹੈ। ਇਹ ਕਾਲੇ ਧਨ ਨੂੰ ਚਿੱਟਾ ਕਰਨ ਦੀ ਛੋਟ ਸੀ ਜਾਂ ਚਿੱਟੇ ਨੂੰ ਕਾਲਾ ਕਰਨ ਦੀ? ਮੋਦੀ ਸਾਹਿਬ ਇਹ ਵੀ ਦੱਸਣ ਕਿ ਪਿਛਲੇ 11 ਮਹੀਨਿਆਂ 'ਚ ਭਾਰਤ ਵਿਚੋਂ 30,000 ਕਰੋੜ ਦਾ ਧਨ ਬਾਹਰ ਗਿਆ। ਸਰਕਾਰੀ ਰਿਕਾਰਡ ਮੁਤਾਬਕ ਇਹ ਕੀ ਸੀ? ਅਸੀਂ ਇਸ ਵਿਚ ਉਹ ਰਾਸ਼ੀ ਅਜੇ ਸ਼ਾਮਲ ਨਹੀਂ ਕਰ ਰਹੇ ਜਿਹੜੀ ਰਾਸ਼ੀ ਵੱਡੇ ਕਾਰਪੋਰੇਟ ਘਰਾਣੇ ਆਪਣੀਆਂ ਵਿਦੇਸ਼ੀ ਮਾਂ ਕੰਪਨੀਆਂ ਨੂੰ ਰਿਐਲਟੀ ਤੇ ਹੋਰ ਫੀਸਾਂ ਅਦਾ ਕਰਨ ਦੇ ਰੂਪ ਵਿਚ ਭੇਜਦੀਆਂ ਹਨ।

ਵਿਦੇਸ਼ੀ ਬੈਂਕਾਂ ਤੋਂ ਲੈ ਕੇ ਵਿਦੇਸ਼ੀ ਕੰਪਨੀਆਂ ਤੱਕ, ਫਰਜ਼ੀ ਕੰਪਨੀਆਂ ਦੀਆਂ ਫਰਜ਼ੀ ਬੈਲਿੰਸ ਸੀਟਾਂ, ਫਰਜ਼ੀ ਖ੍ਰੀਦੋ ਫਰੋਖਤ, ਫਰਜ਼ੀ ਅਦਾਇਗੀਆਂ, ਸੋਨਾ-ਚਾਂਦੀ, ਸੱਟਾ ਬਾਜ਼ਾਰ, ਰੀਅਲ ਅਸਟੇਟ, ਸ਼ੇਅਰ ਬਾਜ਼ਾਰ, ਇਸ 'ਚ ਲੱਗਾ ਧਨ ਸਾਰਾ ਚਿੱਟਾ ਹੀ ਹੈ? ਅਤੇ ਇਨ੍ਹਾਂ ਉਤੇ ਕੰਟਰੋਲ ਕਰਨ ਲਈ ਨੋਟਬੰਦੀ ਤੇ ਨੋਟ ਬਦਲੀ ਦਾ ਨੁਖ਼ਸ਼ਾ ਤਾਂ ਕਾਰਗਰ ਨਹੀਂ? ਵੈਸੇ ਇਹ ਦੱਸ ਦੇਈਏ ਕਿ ਜਿਸ ਪਾਰਟੀ ਤੇ ਪਾਰਟੀ ਦੀ ਆਗੂ ਦੀ ਚੋਣ ਉਤੇ ਹੀ 40000 ਤੋਂ 50000 ਕਰੋੜ ਰੁਪਏ ਦੀ ਰਾਸ਼ੀ ਪਾਣੀ ਵਾਂਗੂੰ ਵਹਾਈ ਗਈ ਹੋਵੇ ਕੀ ਉਹ ਕਾਲੇ ਧਨ ਦੇ ਵੱਡੇ ਮਗਰਮੱਛਾਂ ਨੂੰ ਹੱਥ ਪਾਉਣ ਦੇ ਸਮਰੱਥ ਵੀ ਹੈ? ਇਨਹੀਂ ਕੀ ਕ੍ਰਿਪਾ ਸੇ ਮੋਦੀ ਸਜੇ ਹੈਂ। ਆਪਣੇ ਅਕਾਵਾਂ (ਕਾਲੇ ਧਨ ਦੇ ਕਾਰਪੋਰੇਟੀ ਪੂੰਜੀਪਤੀ) ਇਨ੍ਹਾਂ ਵਿਰੁੱਧ ਤਾਂ ਮੋਦੀ ਸਰਕਾਰ ਨਹੀਂ ਜਾਣ ਵਾਲੀ ਇਹੋ ਕਾਰਨ ਕਿ ਪਿਛਲੇਰੇ 10 ਦਿਨਾਂ 'ਚ ਇਨ੍ਹਾਂ ਦਾ ਵਾਲ ਵਿੰਗਾ ਨਹੀਂ ਹੋਇਆ। ਵੱਡੀ ਮੱਛੀ ਤਾਂ ਇਸ ਸਰਜੀਕਲ ਆਪ੍ਰੇਸ਼ਨ 'ਚ ਫਸੀ ਨਹੀਂ ਨੋਟ ਬਦਲੀ ਦੇ ਚੱਕਰ 'ਚ ਕਈ ਸਾਧਾਰਨ ਕਿਸਾਨ, ਮਜ਼ਦੂਰ ਕਾਰੋਬਾਰੀਏ ਜਾਨ ਤੋਂ ਹੱਥ ਧੋ ਬੈਠੇ ਹਨ। ਕਈਆਂ ਨੂੰ ਲਾਈਨਾਂ 'ਚ ਖਲੋਤਿਆਂ ਜਾਂ ਪੈਸੇ ਦੇ ਲੈਣ ਦੇਣ ਦੀ ਪ੍ਰੇਸ਼ਾਨੀ ਵਿਚ ਅਟੈਕ ਹੋ ਰਹੇ ਹਨ। ਪਨਾਮਾ ਪੇਪਰ ਨੇ ਜਿਹੜੇ ਨਾਂ ਜੱਗ ਜ਼ਹਿਰ ਕੀਤੇ ਸਨ, ਦੀ ਸੰਪਤੀ ਵੀ ਸਰਕਾਰ ਨੇ ਕਬਜ਼ੇ 'ਚ ਲਈ। ਅੰਬਾਨੀ ਅੰਦਾਨੀ ਤੋਂ ਲੈ ਕੇ ਰਾਜਸਥਾਨ ਦੀ ਵਲੂੰਧਰਾ ਰਾਜੇ, ਮੱਧ ਪ੍ਰਦੇਸ਼ ਦੇ ਵਿਆਪਮ ਘੋਟਾਲੇ ਤੱਕ ਕਿੰਨੇ ਨਾਂ ਗਿਣਵਾਏ ਜਾ ਸਕਦੇ ਹਨ, ਜਿਨ੍ਹਾਂ ਦੇ ਹੱਥ ਮੋਦੀ ਸਰਕਾਰ ਦੀ ਪਿੱਠ ਪਿਛੇ ਹਨ। ਕਾਲੇ ਧਨ ਦੇ ਵੱਡੇ ਮਗਰਮੱਛ ਇਨ੍ਹਾਂ ਤੋਂ ਬਿਨਾਂ ਵਿਜੈ ਮਾਲਟਰਾ ਅਤੇ ਲਲਿਤ ਮੋਦੀ ਵੀ ਇਨ੍ਹਾਂ ਦੀ ਸਰਕਾਰ ਸਮੇਂ ਵਿਦੇਸ਼ਾਂ 'ਚ ਹਜ਼ਾਰਾਂ ਕਰੋੜਾਂ ਦਾ ਧਨ ਲੈ ਕੇ ਭੱਜੇ ਹਨ। ਦੇਸ਼ ਦਾ 90 ਫੀਸਦੀ ਕਾਲਾ ਧਨ ਉਪਰਲੇ ਅੱਧੇ ਫੀਸਦੀ ਸਭ ਤੋਂ ਅਮੀਰ ਘਰਾਣਿਆਂ ਅਤੇ ਰਾਜਨੀਤੀਵਾਨਾਂ ਕੋਲ ਹੈ।

ਅਸੀਂ ਸ਼ੁਰੂ 'ਚ ਕਿਹਾ ਸੀ ਕਿ ਕਾਲਾਧਨ ਉਹ ਹੈ ਜਿਸ ਉਤੇ ਟੈਕਸ ਅਦਾ ਨਹੀਂ ਕੀਤਾ ਜਾਂਦਾ ਪਰ ਇਹ ਤੱਥ ਭੁੱਲਣਾ ਨਹੀਂ ਚਾਹੀਦਾ ਕਿ ਧਨ ਗੋਰਾ ਹੋਵੇ ਜਾਂ ਕਾਲਾ ਇਹ ਕਿਸੇ ਰੂਪ ਵਿਚ ਵੀਅਤੇ ਕਿਤੇ ਵੀ ਇਕੱਠਾ ਹੋ ਰਿਹਾ ਹੈ-ਇਹ ਮਿਹਨਤਕਸ਼ ਭਾਰਤੀ ਲੋਕਾਂ ਮਜ਼ਦੂਰਾਂ ਅਤੇ ਕਿਸਾਨਾਂ ਦੀ ਕਿਰਤ ਕਮਾਈ ਹੈ, ਉਨ੍ਹਾਂ ਦੀ ਸੱਚੀ ਮਿਹਨਤ ਹੈ। ਪੂੰਜੀ ਜਿਹੜੀ ਫਰੇਬ, ਛਲ ਕਪਟ ਝੂਠ, ਮਕਾਰੀ ਨਾਲ ਇਕੱਠੀ ਹੁੰਦੀ ਹੈ ਅਤੇ ਇਕੱਠੀ ਕੀਤੀ ਜਾਂਦੀ ਹੈ। ਇਹ ਪੂੰਜੀ ਹੀ ਹੈ ਜਿਹੜੀ ਹਰ ਕਾਨੂੰਨ ਨੂੰ ਟਿੱਚ ਸਮਝਦੀ ਹੈ। ਹਰ ਹਕੂਮਤ ਨੂੰ ਟਿੱਚ ਸਮਝਦੀ ਹੈ ਕਿਉਂਕਿ ਹਕੂਮਤ ਖੁਦ ਪੂੰਜੀ ਦੀ ਗੁਲਾਮ ਹੈ। ਉਹਦੇ ਰਹਿਮੋਂ-ਕਰਮ ਉਤੇ ਹੈ। ਵੱਡੀ ਪੂੰਜੀ ਦਾ ਕਾਰਪੋਰੇਟੀ ਪੂੰਜੀ ਦਾ ਗਲਬਾ ਹੈ। ਇਹ ਦੋਹਾਂ ਰੂਪਾਂ ਵਿਚ ਹੀ ਦੁਨੀਆ ਦੇ ਬਜ਼ਾਰ ਵਿਚ ਵਿਚਰ ਰਹੀ ਹੈ। ਚਿੱਟੇ ਰੂਪ ਵਿਚ ਵੀ ਪ੍ਰਤੱਖ ਵਪਾਰ ਦੇ ਰੂਪ ਵਿਚ, ਕਾਲੇ ਰੂਪ ਵਿਚ ਵੀ ਅਪ੍ਰਤੱਖ ਵਪਾਰ ਜਿਸ 'ਚ ਨਸ਼ਿਆਂ ਦਾ ਹਥਿਆਰਾਂ ਦਾ ਸੈਕਸ ਦਾ ਕਾਰੋਬਾਰ ਆਉਂਦਾ ਹੈ। ਪੂੰਜੀ ਦੀਆਂ ਗੁਲਾਮ ਸਰਕਾਰਾਂ ਕਿੰਨੇ ਵੀ ਦਮਗਜ਼ੇ ਮਾਰਨ, ਸੋਸ਼ੇ ਛੱਡਣ ਇਸ ਦਾ ਮੁਕੰਮਲ ਨਾਸ ਨਹੀਂ ਕਰ ਸਕਦੀਆਂ। ਇਹਦਾ ਨਾਸ਼ ਸਮੁੱਚੇ ਪੂੰਜੀਵਾਦੀ ਪ੍ਰਬੰਧ ਦੇ ਨਾਸ਼ 'ਚ ਪਿਆ ਹੈ। ਜਦੋਂ ਤੱਕ ਪੈਦਾਵਾਰੀ ਸਾਧਨਾਂ ਉਤੇ ਨਿੱਜੀ ਮਾਲਕੀ ਦੀ ਹੋੜ ਰਹੇਗੀ ਪੂੰਜੀ ਕਾਲੇ ਤੇ ਚਿੱਟੇ ਦੋਹਾਂ ਰੂਪਾਂ ਵਿਚ ਮੰਡੀ 'ਚ ਵਿਚਰੇਗੀ।

ਹੁਣ ਇਕ ਦੂਸਰਾ ਸਵਾਲ ਹੈ ਨਕਲੀ ਨੋਟਾਂ ਦਾ। ਦੱਸਿਆ ਜਾ ਰਿਹਾ ਹੈ ਕਿ ਦੇਸ਼ ਵਿਚ ਕੁੱਲ 16,98450 ਕਰੋੜ ਦੀ ਕਰੰਸੀ ਦੇ ਨੋਟ ਹਨ ਜਿਨ੍ਹਾਂ 'ਚੋਂ 500 ਤੇ 1000 ਰੁਪਏ ਦੀ ਕਰੰਸੀ ਦੇ ਨੋਟ 14 ਲੱਖ 95 ਹਜ਼ਾਰ ਕਰੋੜ ਦੇ ਹਨ ਇਨ੍ਹਾਂ ਵਿਚ 500 ਰੁਪਏ ਦੇ ਨੋਟ 8 ਲੱਖ 25 ਹਜ਼ਾਰ ਕਰੋੜ ਦੇ ਹਨ। 1000 ਰੁਪਏ ਦੇ ਨੋਟ 6 ਲੱਖ 70 ਹਜ਼ਾਰ ਕਰੋੜ ਰੁਪਏ ਦੇ ਹਨ। ਮੋਦੀ ਨੇ ਇਕ ਆਦੇਸ਼ ਨਾਲ 85 ਫੀਸਦੀ ਕਰੰਸੀ ਦੇ ਨੋਟ ਬੇਕਾਰ ਕਰ ਦਿੱਤੇ ਹਨ। 500 ਤੇ 1000 ਦੇ ਕੁੱਲ 14.95 ਲੱਖ ਕਰੋੜ ਦੇ ਨੋਟ ਵੀ ਕਾਲੇ ਧਨ ਦਾ ਮਹਿਜ਼ ਤਿੰਨ ਫੀਸਦੀ ਹੀ ਹਨ। ਨੋਟਾਂ ਦੇ ਰੂਪ ਵਿਚ ਕਾਲਾ ਧਨ ਬਹੁਤ ਹੀ ਮਾਮੂਲੀ ਪੱਧਰ ਦਾ ਹੈ। ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਕਾਲਾ ਧਨ ਵੱਖ-ਵੱਖ ਖੇਤਰਾਂ ਵਿਚ ਲੱਗਾ ਹੋਇਆ ਹੈ। ਰਹੀ ਗੱਲ ਨਕਲੀ ਨੋਟ ਦੀ। ਰਾਸ਼ਟਰੀ ਸੰਖਲੀਆਂ ਸੰਸਥਾਨ ਮੁਤਾਬਕ ਨਕਲੀ ਨੋਟਾਂ ਦੀ ਗਿਣਤੀ 400 ਕਰੋੜ ਤੱਕ ਹੈ। ਇਹੋ 400 ਕਰੋੜ ਦੀ ਰਾਸ਼ੀ ਹੈ ਜਿਹਨੂੰ ਪਾਕਿਸਤਾਨ ਵਲੋਂ ਆਈ ਕਰੰਸੀ ਕਹਿ ਕੇ ਪੁਕਾਰਿਆ ਜਾ ਰਿਹਾ ਹੈ। ਇਹ ਤਾਂ ਅੱਧਾ ਫੀਸਦੀ ਵੀ ਨਹੀਂ ਹੈ। ਇਨ੍ਹਾਂ ਨੋਟਾਂ ਨੂੰ ਬੈਨ ਭਾਵ ਪਾਬੰਦੀ ਲਾਉਣ ਦਾ ਵਿਚਾਰ ਮੋਦੀ ਸਰਕਾਰ ਤੋਂ ਪਹਿਲਾਂ ਵੀ ਆਇਆ ਸੀ ਜਦੋਂ ਰਘੂ ਰਾਮ ਰਾਜਨ ਨੇ ਸੁਝਾਅ ਦਿੱਤਾ ਸੀ ਉਦੋਂ ਬੀ. ਜੇ. ਪੀ. ਨੇ ਇਹਦਾ ਵਿਰੋਧ ਕੀਤਾ ਸੀ। ਸਵਾਲ ਇਹ ਨਹੀਂ ਕਿ ਨਕਲੀ ਨੋਟ ਛਾਂਟਣ ਲਈ ਨੋਟਾਂ 'ਤੇ ਪਾਬੰਦੀ ਲਾਉਣੀ ਪੈਂਦੀ ਸੀ ਪਰ ਸਵਾਲ ਉਸ ਢੰਗ ਦਾ ਹੈ। ਇਹ ਇਕ ਅਜਿਹਾ ਢੰਗ ਵਰਤਿਆ ਗਿਆ ਹੈ ਜਿਹੜਾ ਕਈ ਤਰ੍ਹਾਂ ਦੀਆਂ ਤਾਨਾਸ਼ਾਹ ਪ੍ਰਵਿਰਤੀਆਂ ਦੇ ਰੂਪ ਵਿਚ ਪ੍ਰਗਟ ਹੋਇਆ ਹੈ। 1948 'ਚ ਅਤੇ ਪਿਛੋਂ ਵੀ ਨੋਟ ਬਦਲੇ ਗਏ। 1978 'ਚ ਮੋਰਾਰਜੀ ਦੇਸਾਈ ਸਰਕਾਰ ਵੇਲੇ ਵੀ ਬਦਲੇ ਗਏ ਬੰਦ ਕੀਤੇ ਗਏ ਪਰ ਇਕ ਵਿਧੀ ਵਿਧਾਨ ਸੀ। ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਈ। ਹੁਣ ਦੂਸਰਾ ਸਵਾਲ ਨਕਲੀ ਕਰੰਸੀ ਦਾ ਹੀ ਲਈਏ ਕਿ ਕੀ ਇਸ ਨਕਲੀ ਜਾਂ ਜਾਲੀ ਕਰੰਸੀ ਦੇ ਪ੍ਰਚਲਣ ਪਿਛੇ ਪੂੰਜੀਵਾਦੀ ਸਰਕਾਰਾਂ ਦੀ ਪ੍ਰਤੱਖ ਅਪ੍ਰਤੱਖ ਜ਼ਿੰਮੇਵਾਰੀ ਨਹੀਂ? ਗੁਆਂਢੀ ਦੇਸ਼ ਜਿਨ੍ਹਾਂ ਦਰਮਿਆਨ ਦੁਸ਼ਮਨਾਵਾਂ ਸਬੰਧ ਹੁੰਦੇ ਹਨ ਜਾਲੀ ਕਰੰਸੀ ਛਾਪਦੇ ਰਹਿੰਦੇ ਹਨ। ਇਸ ਵਿਚ ਕੋਈ ਵੀ ਪੂੰਜੀਵਾਦੀ ਸਰਕਾਰ ਪਿਛੇ ਨਹੀਂ।

ਜੇ ਜਾਲੀ ਕਰੰਸੀ ਤੋਂ ਹੀ ਬਚਣਾ ਸੀ ਜਿਸ ਕਰਕੇ 500 ਤੇ 1000 ਦੇ ਨੋਟ ਵਾਪਸ ਲਏ ਤਾਂ ਫਿਰ 2000 ਦੇ ਨੋਟ ਹੀ ਕਿਉਂ ਛਾਪੇ ਗਏ? ਕੀ ਕਾਲੇ ਧਨ ਨੂੰ ਇਸ ਨਾਲ ਹੋਰ ਸੌਖੇਰਾ ਰਾਹ ਨਹੀਂ ਮਿਲ ਗਿਆ। ਨੋਟ ਅਜੇ ਸਰਕਾਰੀ ਤੌਰ 'ਤੇ ਜਾਰੀ ਨਹੀਂ ਸਨ ਹੋਏ ਕਿ ਦੋ ਨੰਬਰ ਦੀ ਮਾਰਕੀਟ 'ਚ ਆ ਵੀ ਗਏ ਸਨ। ਸਰਕਾਰ ਈ ਜਵਾਬ ਦੇ ਸਕਦੀ ਹੈ ਨਵੇਂ 2000 ਵਾਲੇ ਨੋਟਾਂ ਦੇ ਕਾਲੇ ਧੰਦੇ ਪਿਛੇ ਕੌਣ ਹੈ? ਹੁਣੇ ਹੀ ਯੂ. ਪੀ. 'ਚ ਚੋਣ ਅਯੋਗ ਨੇ 2000 ਵਾਲੇ ਨੋਟਾਂ ਵਾਲੀ ਸਤੇ ਕਰੋੜ ਦੀ ਰਾਸ਼ੀ ਫੜੀ ਹੈ। ਖੈਰਇਹ ਵੀ ਛੱਡੋ ਕਾਹਲੀ 'ਚ ਜਾਰੀ ਕੀਤੇ ਨੋਟਾਂ 'ਚ ਛਪਾਈ ਦੀਆਂ ਗਲਤੀਆਂ ਤੁਹਾਡੀ ਹਕੂਮਤ ਦੀ ਗੰਭੀਰਤਾ ਨੂੰ ਜ਼ਾਹਿਰ ਕਰਦੀਆਂ ਹੀ ਨੇ। ਇਨ੍ਹਾਂ ਨੋਟਾਂ ਉਤੇ ਸਵੱਛਤਾ ਅਗਿਆਨ ਦਾ ਪ੍ਰਚਾਰ ਕਰਕੇ ਹੀ ਤੁਸੀਂ ਭਾਰਤੀ ਕਰੰਸੀ ਦੀ ਤੌਹੀਨ ਕਰਨ ਦੇ ਵੀ ਦੋਸ਼ੀ ਨਹੀਂ ਹੈ?' ਦੁਨੀਆ ਵਿਚ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਕਿਸੇ ਦੇਸ਼ ਦੀ ਕਰੰਸੀ ਉਤੇ ਕਿਸੇ ਵਿਸ਼ੇਸ਼ ਪਾਰਟੀ ਦਾ ਪ੍ਰਚਾਰ ਚਿੰਨ੍ਹ ਤੇ ਗਲੋਬਲ ਛਪਿਆ ਹੋਵੇ।

ਨਵੀਂ ਕਰੰਸੀ ਦੀ ਛਪਾਈ ਲਈ ਲਗਭਗ 15000 ਕਰੋੜ ਦਾ ਖਰਚਾ ਆਉਣ ਦੀ ਸੰਭਾਵਨਾ ਹੈ। ਇਹ ਅੰਬਾਨੀਆ ਅੰਦਾਨੀਆਂ ਤੋਂ ਨਹੀਂ ਭਾਰਤੀ ਮਿਤਨਤਕਸ਼ ਲੋਕਾਂ ਤੋਂ ਵਸੂਲਿਆ ਜਾਵੇਗਾ। ਇਸ ਸਾਰੀ ਪ੍ਰਕਿਰਿਆ ਵਿਚ ਸਰਕਾਰ ਦਾ ਜਾਂ ਤਾਂ ਬੇਹੱਦ ਬਚਗਾਨਾਪਨ ਸਾਹਮਣੇ ਆਇਆ ਹੈ ਜਾਂ ਸਰਕਾਰ ਬੇਈਮਾਨ ਹੈ ਧੋਖੇਬਾਜ਼ ਹੈ।

ਇਕ ਨੁਕਤਾ ਅਸੀਂ ਹੋਰ ਸਾਫ਼ ਕਰ ਦੀਏ ਕਿ ਮੋਦੀ ਸਰਕਾਰ ਬਣਨ ਤੋਂ ਫੌਰਨ ਪਿਛੋਂ ਮੋਦੀ ਨੇ ਸਟੇਟ ਬੈਂਕ ਨੂੰ 6000 ਕਰੋੜ ਦਾ ਕਰਜ਼ਾ ਰਿਲਾਇੰਸ ਘਰਾਣੇ ਨੂੰ ਦੇਣ ਦੀ ਹਦਾਇਤ ਕੀਤੀ ਸੀ ਜਿਸ ਉਤੇ ਭਾਰਤੀ ਸਟੇਟ ਬੈਂਕ ਨੇ ਹੀ ਰਿਲਾਇੰਸ ਘਰਾਣੇ ਵੱਲ ਪਹਿਲਾਂ ਹੀ ਖਲੋਤੇ ਵੱਡੇ ਕਰਜ਼ਿਆਂ, ਕਰਜ਼ਾ ਵਾਪਸੀ ਦੇਪਾੜੇ ਵਿਉਹਾਰ ਕਾਰਨ ਨਵਾਂ-ਨਵਾਂ ਕਰਜ਼ਾ ਦੇਣਾ ਪ੍ਰਵਾਨ ਨਹੀਂ ਸੀ ਕੀਤਾ। ਰਿਲਾਇੰਸ ਅਤੇ ਹੋਰ ਵੱਡੇ ਘਰਾਣਿਆਂ ਵਲੋਂ ਬੈਂਕਾਂ ਦੇ ਗਿਆਰਾਂ ਖਰਬ ਚਾਲੀ ਅਰਬ ਰੁਪਏ ਕਰਜ਼ਾ ਬਕਾਇਆ ਹਨ। ਮੋਦੀ ਸਰਕਾਰ ਨੇ ਪਹਿਲਾਂ ਇਸ ਨਾਨ ਪਰਫਾਰਮਿੰਗ ਧਨ ਲਈ ਕੇਂਦਰੀ ਬਜਟ 'ਚੋਂ ਇਕ ਰਾਖਵੀਂ ਰਾਸ਼ੀ ਰੱਖ ਕੇ ਉਨ੍ਹਾਂ ਦੇ ਕਰਜ਼ੇ ਮੁਆਫ਼ ਕਰਨ ਦਾ ਕਦਮ ਚੁੱਕਿਆ ਅਤੇ ਵੱਡੀ ਪੂੰਜੀ ਦੇ ਕਰਜ਼ਿਆਂ ਨੂੰ ਭਾਰਤੀ ਆਵਾਮ ਦੀਆਂ ਪਿੱਠਾਂ ਉਤੇ ਲੱਦ ਦਿੱਤਾ। ਹੁਣ ਨੋਟ ਬਦਲੀ ਦੇ ਨਾਂ ਹੇਠ ਬੈਂਕਾਂ ਉਤੇ ਪੈਸੇ ਨਿਕਾਸੀ ਦੀਆਂ ਬੰਦਸ਼ਾਂ ਲਾ ਕੇ ਬੈਂਕਾਂ ਦੇ ਸਰਮਾਏ ਨੂੰ ਵਧਾਇਆ ਜਾ ਰਿਹਾ ਹੈ ਜਿਸ ਨਾਲ ਵੱਡੇ ਪੂੰਜੀ ਘਰਾਣਿਆਂ ਨੂੰ ਹੋਰ ਲੱਖਾਂ ਕਰੋੜਾਂ ਦੇ ਕਰਜ਼ੇ ਦਿੱਤੇ ਜਾ ਸਕਣ। ਹਕੂਮਤ ਨੇ ਭਾਰਤੀ ਸਟੇਟ ਬੈਂਕ ਦੀ ਰਿਲਾਇੰਸ ਘਰਾਣੇ ਨੂੰ ਕਰਜ਼ਾ ਦੇਣ ਤੋਂ ਕੀਤੇ ਇਨਕਾਰ ਦੇ ਇਵਜ਼ 'ਚ ਉਸ ਬੈਂਕ ਨਾਲ ਹੋਰ ਬੈਂਕਾਂ ਦੇ ਮਿਲਾਣ ਦਾ ਕਦਮ ਵੀ ਚੁੱਕਿਆ ਤਾਂ ਜੋ ਉਸ ਰਾਸ਼ੀ ਨੂੰ ਵਧਾਇਆ ਜਾਵੇ ਜਿਸ ਚੋਰੀ ਤੇ ਇਹ ਨੂੰ ਕਰਜ਼ਾ ਦਿੱਤਾ ਜਾ ਸਕੇ। ਰਿਲਾਇੰਸ ਏ. ਡੀ. ਏ.ਜੀ. ਵਲ 1.14 ਲੱਖ ਕਰੋੜ ਕਰਜ਼ੇ ਦੀ ਰਾਸ਼ੀ ਬਕਾਇਆ ਹੈ ਅਤੇ ਹੁਣ ਨੋਟ ਬਦਲੀ ਦੇ ਨਾਂ ਹੇਠਾਂ ਰੁਪਏ ਦੀ ਨਿਕਾਸੀ ਸੀਮਾ ਰਾਸ਼ੀ ਦਾ ਤਾਨਾਸ਼ਾਹ ਕਦਮ ਚੁੱਕਿਆ ਹੈ। ਮਹਿਜ ਕੁਝ ਵੱਡੇ ਘਰਾਣਿਆਂ ਨੂੰ ਲਾਭ ਪਹੁੰਚਾਉਣ ਹਿਤ ਕਰੋੜਾਂ ਭਾਰਤੀਆਂ ਨੂੰ ਸੂਲੀ ਉਤੇ ਟੰਗ ਦਿੱਤਾ ਗਿਆ ਹੈ। ਯਾਦ ਰਹੇ ਅਜਿਹੇ ਕਦਮ ਪਹਿਲਾਂ ਪੂੰਜੀਵਾਦ ਦੇਸ਼ਾਂ ਵਿਚ ਵੀ ਚੁੱਕੇ ਜਾਂਦੇ ਰਹੇ ਹਨ, ਪਿਛੋਂ ਜਿਥੇ ਬੈਂਕ ਹੀ ਫੇਲ੍ਹ ਹੋ ਗਏ ਭਾਵ ਦੀਵਾਲੀਆ ਹੋ ਗਏ ਅਤੇ ਦੇਸ਼ ਦੇ ਆਵਾਮ ਦੀ ਪੂੰਜੀ ਕੁਝ ਘਰਾਣਿਆਂ ਦੇ ਹੱਥਾਂ 'ਚ ਚਲੇ ਗਏ ਅਤੇ ਆਵਾਮ ਕੰਗਾਲ ਹੋ ਗਿਆ। ਮਿਸਾਲ ਲਈ ਅਮਰੀਕਾ ਦੇ ਹੇਡਰਿੰਗ ਬੈਂਕ ਦੇ ਫੇਲ੍ਹ ਹੋਣ ਦੇ ਕਾਰਨਾਂ ਨੂੰ ਪੜਤਾਲਿਆ ਜਾ ਸਕਦਾ ਹੈ। ਇਸ ਲਈ ਸਮਝ ਲੈਣਾ ਚਾਹੀਦਾ ਹੈ ਕਿ ਪੂੰਜੀ ਰੱਖਣੀ ਮਕਾਰ ਹੈ ਅਤੇ ਧੋਖੇਬਾਜ਼ ਹੈ।

**ਕੁਝ ਸਵਾਲ ?**

ਪਹਿਲਾ ਸਵਾਲ ਇਹ ਕਿ ਨੋਟ ਪਾਬੰਦੀ ਜਾਂ ਬਦਲੀ ਨਾਲ ਮੋਦੀ ਜਿਹੜੀ ਗੁਰਜ਼ ਢੁਕਵੀਂ ਚਾਹੁੰਦਾ ਹੈ? ਕੀ ਉਹ ਕਾਲੇ ਧਨ ਉਤੇ ਬੰਦਸ਼ ਲਾਉਣ ਜਾਂ ਭ੍ਰਿਸ਼ਟਾਚਾਰ ਮੁਦਾ ਭਾਰਤ ਨਿਰਮਾਣਕ ਬਣ ਕੇ ਸਭ ਤੋਂ ਵੱਡਾ ਦੇਸ਼ ਭਗਤ ਬਣਨਾ ਚਾਹੁੰਦਾ ਹੈ?

ਮੋਦੀ ਦੇ ਦੋ ਸਾਲਾਂ 'ਚ ਨਾ ਤਾਂ ਲੋਕਾਂ ਦੇ ਖਾਤੇ 'ਚ ਸਵਿਸ ਬੈਂਕਾਂ 'ਚ ਪਏ ਕਾਲੇ ਧਨ 'ਚੋਂ 15-15 ਲੱਖ ਦੀ ਥਾਂ ਇਕ ਪਾਈ ਆਈ, ਨਾ ਜਨ ਧਨ ਖਾਤਿਆਂ 'ਚ ਫੁੱਟੀ ਕੌਡੀ ਆਈ। ਸਗੋਂ ਦੇਸ਼ ਦਾ 30,000 ਕਰੋੜ ਪਿਛਲੇ ਗਿਆਰਾਂ ਮਹੀਨਿਆਂ 'ਚ ਵਿਦੇਸ਼ੀ ਬੈਂਕਾਂ 'ਚ ਚਲਾ ਗਿਆ।

ਮੋਦੀ ਦੇ ਝੂਠੇ ਵਾਅਦਿਆਂ 'ਚ ਨਾ ਬੇਤਹਾਸ਼ਾ ਮਹਿੰਗਾਈ ਰੁਕੀ ਨਾ ਬੇਰੁਜ਼ਗਾਰੀ ਨੂੰ ਵੱਧਣ ਉਤੇ ਰੋਕ ਲੱਗੀ; ਨਾ ਨਵੇਂ ਰੋਜ਼ਗਾਰ ਪੈਦਾ ਹੋਏ, ਸਗੋਂ ਕਿਸਾਨਾਂ ਦੀ ਹਾਲਤਹੋਰ ਬਦਤਰ ਹੋਈ। ਖੁਦਕਸ਼ੀਆਂ ਵਧੀਆਂ, ਮਜ਼ਦੂਰਾਂ ਦੇ ਹੱਕਾਂ ਉਤੇ ਕੁਹਾੜਾ ਹੀ ਨਹੀਂ ਚਲਿਆ ਉਨ੍ਹਾਂ ਦੀ ਲੁੱਟ ਵਿਚ ਵੀ ਵਾਧਾ ਹੋਇਆ, ਚਾਰੇ ਪਾਸੇ ਦਮਨ ਤੇ ਅੱਤਿਆਚਾਰਾਂ ਦੀ ਇੰਤਹਾ ਹੋ ਗਈ। ਕਸ਼ਮੀਰ ਤੇ ਉਤਰ ਪੂਰਬੀ ਖਿੱਤੇ ਫੌਜੀ ਤੇ ਨੀਮ ਫੌਜੀ ਅੱਤਿਆਚਾਰਾਂ ਦੀ ਸਿਖਰ ਉਤੇ ਪਹੁੰਚ ਗਏ ਹਨ। ਆਦਿਵਾਸੀ ਖੇਤਰਾਂ ਵਿਚ ਹਕੂਮਤੀ ਦਹਿਸ਼ਤ ਦੀ ਇੰਤਹਾ ਹੋ ਗਈ ਹੈ। ਦੇਸ਼ ਭਰ ਵਿਚ ਫਿਰਕਾਪ੍ਰਸਤ ਅਤੇ ਕੱਟੜ ਹਿੰਦੂਤਵ ਫਾਸੀਵਾਦੀ ਤਾਕਤਾਂ ਨੇ ਬੇਐਲਾਨੀ ਐਮਰਜੈਂਸੀ ਲਾ ਰੱਖੀ ਹੈ। ਦਲਿਤਾਂ ਅਤੇ ਹੋਰ ਤਬਕਿਆਂ ਉਤੇ ਹਮਲੇ ਵਧ ਗਏ ਹਨ ਅਤੇ ਇਸ ਸਭ ਦੇ ਨਾਲ ਭਾਰਤੀ ਲੋਕਾਈ ਦਾ ਗੁੱਸਾ ਵੀ ਵੱਖ-ਵੱਖ ਰੂਪਾਂ ਵਿਚ ਮੋਦੀ ਸਰਕਾਰ ਪ੍ਰਤੀ ਪ੍ਰਗਟ ਹੋ ਰਿਹਾ ਹੈ।

ਮੋਦੀ ਨੇ ਪਹਿਲਾਂ ਕਸ਼ਮੀਰ ਦੇ ਨਾਂ ਹੇਠ ਪਾਕਿਸਤਾਨ ਵਿਰੁੱਧ ਦੇਸ਼ ਦੇ ਆਵਾਮ 'ਚ ਜੰਗੀ ਮਾਹੌਲ ਬਣਾ ਕੇ ਦੇਸ਼ ਭਗਤੀ ਦਾ ਜਨੂੰਨ ਪੈਦਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਬੁਰੀ ਤਰ੍ਹਾਂ ਫੇਲ੍ਹ ਹੋਇਆ ਅਤੇ ਇਸ ਸਭ ਦੇ ਰਾਮ ਰੌਲੇ 'ਚ ਨਕਲੀ ਦੇਸ਼ ਭਗਤੀ ਦੀ ਗੁਰਜ ਹਾਸਲ ਕਰਨ ਲਈ ਕਾਲੇ ਧਨ ਦੇ ਨਾਂ ਹੇਠ ਨੋਟਬੰਦੀ ਦਾ ਸ਼ਗੂਫਾ ਲੈ ਕੇ ਹਾਜ਼ਰ ਹੋਇਆ ਹੈ।

ਬੇਸ਼ੱਕ ਆਉਣ ਵਾਲੇ ਸਮੇਂ 'ਚ ਕਈ ਰਾਜਾਂ 'ਚ ਚੋਣਾਂ ਵੀ ਹਨ ਅਤੇ ਉਹ ਇਹਦਾ ਰਾਜਸੀ ਲਾਹਾ ਵੀ ਲੈਣਾ ਚਾਹੁੰਦਾ ਹੋਵੇ ਪਰ ਇਸ ਸਭ ਦੇ ਨਾਲ ਕੁਝ ਹੋਰ ਸਵਾਲ ਵੀ ਹਨ ਜਿਹੜੇ ਹਾਕਮਾਂ ਤੋਂ ਪੁੱਛਣੇ ਬਣਦੇ ਹਨ :

**ਪਹਿਲਾ ਸਵਾਲ** : ਕਿ ਕੀ ਨੋਟ ਪਾਬੰਦੀ ਤੇ ਬਦਲੀ ਦੀ ਨੌਟੰਕੀ ਮਹਿਜ ਕਾਲੇ ਧਨ ਦੀ ਨਿਸ਼ਾਨਦੇਹੀ ਤੇ ਖਾਤਮੇ ਲਈ ਹੀ ਹੈ ਜਾਂ ਇਸ ਪਿਛੇ ਵੱਡੀ ਦੇਸ਼ੀ ਤੇ ਵਿਦੇਸ਼ੀ ਕਾਰਪੋਰੇਟੀ ਪੂੰਜੀ ਨੇ ਵੀ ਹਕੂਮਤ ਦੀ ਬਾਂਹ ਹੀ ਨਹੀਂ ਦਿਮਾਗ ਵੀ ਮਰੋੜਿਆ ਹੈ।

**ਦੂਸਰਾ ਸਵਾਲ** : ਕੀ ਜਨਧਨ ਯੋਜਨਾ ਹੇਠ ਅਤੇ ਹੁਣ ਬੈਂਕਾਂ ਦੇ ਚੱਕਰ ਜਾ ਕੇ ਤੁਸੀਂ ਭਾਰਤੀ ਨਾਗਰਿਕਾਂ ਨੂੰ ਬੈਂਕਾਂ ਨਾਲ ਜੋੜ ਕੇ ਪੱਛਮੀ ਤਰਜ਼ ਭਾਵ ਅਮਰੀਕੀ ਅਤੇ ਪੂੰਜੀਵਾਦੀ ਦੇਸ਼ਾਂ ਦੇ ਮਾਡਲ ਵਰਗੀ ਅਰਥ ਵਿਵਸਥਾ ਸਿਰਜਨ ਵੱਲ ਤਾਂ ਨਹੀਂ ਵਧ ਰਹੇ ਜਿਸ ਨਾਲ ਕਰੰਸੀ ਦੇ ਪ੍ਰਚਲਣ ਨੂੰ ਘਟਾ ਕੇ ਬੈਂਕਾਂ ਰਾਹੀਂ ਵੱਡੇ ਤੋਂ ਵੱਡਾ ਅਤੇ ਛੋਟੇ ਤੋਂ ਛੋਟਾ ਲੈਣ ਦੇਣ, ਚੈਕ, ਕੈਸ਼ ਕਾਰਡ ਜਾਂ ਈ-ਮੇਲ ਰਾਹੀਂ ਵਧੇ ਤੇ ਇਉਂ ਹਰ ਭਾਰਤੀ ਨਾਗਰਿਕ ਦੀ ਅਰਥ ਵਿਵਸਥਾ ਬੈਂਕਾਂ ਰਾਹੀਂ ਵੱਡੀ ਪੂੰਜੀ ਦੇ ਕਬਜ਼ੇ 'ਚ ਹੋ ਜਾਵੇ। ਕੀ ਇਸ ਕਦਮ ਨਾਲ ਦੇਸ਼ ਭਰ ਵਿਚ ਪਸਰੀ ਛੋਟੀ ਦੁਕਾਨਦਾਰੀ ਤੇ ਕਾਰੋਬਾਰੀ ਤਬਾਹ ਨਹੀਂ ਹੋ ਜਾਵੇਗੀ ਅਤੇ ਇਸ ਲਈ ਵੱਡੇ ਮਾਲ ਮਾਲਾਮਾਲ ਹੋਣਗੇ। ਭਾਵ ਸ਼ੁੱਧ ਪੂੰਜੀਵਾਦੀ ਵਿੱਤੀ ਮਾਡਲ ਅਪਣਾਉਣ ਵਲ ਨਹੀਂ ਵਧ ਰਹੇ ਅਤੇ ਬੈਂਕਾਂ ਮਨਮਰਜ਼ੀ ਨਾਲ ਖਾਤਿਆਂ 'ਚੋਂ ਵਸੂਲੀ ਕਰਦੀਆਂ ਰਹਿਣ।

**ਤੀਸਰਾ** : ਕੀ ਇਸ ਕਦਮ ਨਾਲ ਕਰੋੜਾਂ ਕਰੋੜ ਉਹ ਭਾਰਤੀ ਜਿਨ੍ਹਾਂ ਵਿਚ ਨਿਤਪ੍ਰਤੀ ਸਵੈ ਬਚਤ ਕਰਨ ਦੀ ਪ੍ਰਵਿਰਤੀ ਹੈ ਅਤੇ ਸਦੀਆਂ ਪੁਰਾਣੀ ਰਵਾਇਤ ਹੈ ਜਿਹਨੂੰ ਤੁਹਾਡੇ ਅਰਥ ਸ਼ਾਸਤਰੀ ਗੈਰ ਚਲਣ ਪੂੰਜੀ ਵੀ ਕਹਿੰਦੇ ਹਨ, ਨੂੰ ਤਹਿਸ਼ ਨਹਿਸ਼ ਕਰਕੇ ਇਹ ਨੂੰ ਬੈਂਕਾਂ ਰਾਹੀਂ ਉਨ੍ਹਾਂ ਪੂੰਜੀਪਤੀਆਂ ਦੇ ਕੰਟਰੋਲ 'ਚ ਨਹੀਂ ਦੇਣ ਜਾ ਰਹੇ।

**ਚੌਥਾ** : ਕੀ ਇਹ ਬਚਤ ਦੀ ਪੂੰਜੀ ਤੁਸੀਂ ਉਨ੍ਹਾਂ ਕਾਰਪੋਰੇਟ ਘਰਾਣਿਆਂ ਨੂੰ ਵਰਤਣ ਲਈ ਨਹੀਂ ਦਿਉਗੇ ਜਿਨ੍ਹਾਂ ਨੇ ਪਹਿਲਾਂ ਹੀ ਬੈਂਕਾਂ 'ਚੋਂ ਲੋਕਾਂ ਦੀ ਬਚਤ ਦੀ ਪੂੰਜੀ ਨੂੰ ਕਰਜ਼ੇ ਦੇ ਰੂਪ ਵਿਚ ਲਿਆ ਸੀ ਅਤੇ ਲੱਖਾਂ ਕਰੋੜਾਂ ਰੁਪਏ ਦਾ ਕਰਜ਼ਾ ਵਾਪਸ ਨਹੀਂ ਕੀਤਾ। ਜਿਹਨੂੰ ਤੁਸੀਂ ਨਾਨ ਪਰਫਾਰਮਿੰਗ ਸੰਪਤੀ ਜਾਂ ਡੁੱਬਤ ਖਾਤਿਆਂ 'ਚ ਧੱਕ ਕੇ ਸਹਿਜੇ ਸਹਿਜੇ ਮੁਆਫ਼ ਕੀਤਾ ਅਤੇ ਕੇਂਦਰੀ ਬਜਟ 'ਚੋਂ ਅਦਾ ਕਰਕੇ ਲੋਕਾਂ ਦੇ ਟੈਕਸਾਂ ਦੀ ਦੁਰਵਰਤੋਂ ਕਰਕੇ ਪੂੰਜੀਪਤੀਆਂ ਨੂੰ ਰਾਹਤ ਦਿੱਤੀ ਹੈ।

**ਪੰਜਵਾਂ** : ਵੀ ਪਹਿਲਾਂ ਹੀ 60000 ਕਰੋੜ ਰੁਪਏ ਦੀ ਘਾਟ ਨਾਲ ਜੂਝ ਰਹੇ ਸਰਵਜਨਕ ਬੈਂਕਾਂ ਨੂੰ ਇਸ ਨੋਟਬੰਦੀ ਨਾਲ ਰਾਹਤ ਤੇ ਮੁਨਾਫ਼ਾ ਹੋਣ ਨਹੀਂ ਜਾ ਰਿਹਾ?

**ਛੇਵਾਂ** : ਕੀ ਲੋਕਾਂ ਦੇ ਧਨ ਨੂੰ ਕਰੰਸੀ ਬਦਲਣ ਦੇ ਡਾਕੇ ਰਾਹੀਂ ਹੜੱਪ ਕੇ ਫਿਰ ਉਨ੍ਹਾਂ ਉਤੇ ਮਾਲੀ ਨਿਵਾਸ ਬੰਦੇਜ ਲਾ ਕੇ ਵੱਡੇ

ਘਰਾਣਿਆਂ ਨੂੰ ਸਰਮਾਇਆ ਨਹੀਂ ਦਿੱਤਾ ਜਾ ਰਿਹਾ? ਮਿਸਾਲ ਵਜੋਂ ਪਹਿਲਾਂ ਹੀ ਕਰੋੜਾਂ ਰੁਪਏ ਦੇ ਕਰਜ਼ਦਾਰ ਅਜਾਰੇਦਾਰ ਘਰਾਣਿਆਂ 'ਚੋਂ ਰਿਲਾਇੰਸ ਨੂੰ 125000 ਕਰੋੜ ਅਤੇ ਵੇਕਾਤਾਂ ਨੂੰ 103000 ਕਰੋੜ ਰੁਪਏ ਦਾ ਹੋਰ ਕਰਜ਼ ਦੇਣ ਦੀ ਤਜਵੀਜ਼ ਹੈ।

**ਸਤਵਾਂ** : ਕੀ ਤੁਹਾਡੇ ਇਸ ਆਰਥਿਕ ਐਮਰਜੈਂਸੀ ਵਾਲੇ ਕਦਮ ਨਾਲ 250 ਸਿਰਫ ਬੈਂਕਾਂ ਦਾ ਮੁਨਾਫ਼ਾ ਹੀ ਵਧਣ ਜਾ ਰਿਹਾ ਹੈ। ਸਗੋਂ ਵੱਡੀ ਇਜ਼ਾਰੇਦਾਰ ਪੂੰਜੀ ਦੀਆਂ ਮਿਲਖਾਂ ਵਿਚ ਵੀ ਹੇਠ ਵਾਧਾ ਹੋਣ ਜਾ ਰਿਹਾ ਹੈ ਭਾਵ ਪੂੰਜੀ ਦੇ ਕੇਂਦਰੀਕਰਨ ਤੇ ਇਕੱਤਰੀਕਰਨ ਦੀ ਪ੍ਰਕਿਰਿਆ ਹੋਰ ਤੇਜ਼ ਹੋਣ ਜਾ ਰਹੀ ਹੈ।

**ਅੱਠਵਾਂ** : ਕੀ ਇਸ ਨਾਲ ਅਮੀਰੀ ਤੇ ਗਰੀਬੀ ਦਾ ਪਾੜਾ ਹੋਰ ਨਹੀਂ ਵਧੇਗਾ ਅਤੇ ਛੋਟੇ ਕਾਰੋਬਾਰ, ਛੋਟੇ ਵਪਾਰੀ, ਛੋਟੀ ਸਨਅਤ ਅਤੇ ਛੋਟੀ ਕਿਸਾਨੀ ਨੂੰ ਭਿਆਨਕ ਤਬਾਹੀ ਵੱਲ ਨਹੀਂ ਵਧਣਗੀਆਂ?

**ਮੋਦੀ ਸਾਹਿਬ ਸੱਚ ਸੱਚ ਦੱਸੋ;**

ਤੁਸੀਂ ਕਿਸ ਦੀ ਸੇਵਾ ਵਿਚ ਲੱਗੇ ਹੋ?

ਕਾਲਾ ਧਨ ਬਾਹਰ ਕੱਢਣ ਦਾ ਤੁਹਾਡਾ ਢੌਂਗ ਭਾਰਤੀ ਲੋਕਾਂ ਨਾਲ ਧੋਖਾ ਹੈ। ਨੰਗਾ ਚਿੱਟਾ ਸ਼ਰੇਆਮ ਧੋਖਾ ਹੈ। ਤੁਸੀਂ ਕਾਰਪੋਰੇਟੀ ਪੂੰਜੀ ਦੀ ਸੇਵਾ ਕਰਨ ਵਲ ਵਧ ਰਹੇ ਹੋ। ਦੇਸ਼ ਦੇ ਕਰੋੜਾਂ ਕਰੋੜ ਲੋਕਾਂ ਨੂੰ ਫੌਰੀ ਤੌਰ 'ਤੇ ਪ੍ਰੇਸ਼ਾਨੀ 'ਚ ਪਾ ਰਹੇ ਹੋ ਪਰ ਲੰਮੇ ਸਮੇਂ ਲਈ ਉਨ੍ਹਾਂ ਨੂੰ ਕੰਗਾਲੀ 'ਚ ਧੱਕ ਰਹੇ ਹੋ ਜਾਂ ਕੰਗਾਲੀ 'ਚ ਧੱਕਣ ਦੀ ਜ਼ਮੀਨ ਤਿਆਰ ਕਰ ਰਹੇ ਹੋ?

ਮੋਦੀ ਸਾਹਿਬ ਸਿਰਫ਼ ਧਨ ਹੀ ਕਾਲਾ ਨਹੀਂ ਤੁਹਾਡਾ ਕੰਮ ਵੀ ਕਾਲਾ ਹੈ। ਤੁਹਾਡਾ ਮਨ ਵੀ ਕਾਲਾ ਹੈ ਅਤੇ ਤੁਸੀਂ ਪੂੰਜੀ ਦੇ ਕਾਲੇ ਧੰਦੇ ਦੇ ਦਲਾਲ ਹੋ। ਤੁਹਾਡਾ ਧੋਖੇਬਾਜ਼, ਕਾਲਾ ਚਿਹਰਾ ਲੋਕ ਪਹਿਚਾਣ ਰਹੇ ਹਨ। ਮੋਦੀ ਜੀ ਤੁਹਾਡੇ ਮੂੰਹ 'ਚ ਕਾਲਾ ਧਨ ਕਾਲਾ ਧਨ ਹੈ। ਬਗਲ 'ਚ ਰਿਲਾਇੰਸ ਤੇ ਅਦਾਨੀ ਛੁਪੇ ਹਨ।

ਸੋ ਭਾਰਤ ਵਿਚ ਕਰੰਸੀ ਤਬਦੀਲੀ, ਪੂੰਜੀ ਦਾ ਭਾਰਤੀ ਲੋਕਾਂ ਉਤੇ ਇਕ ਵੱਡਾ ਹਮਲਾ ਹੈ, ਜਿਹੜਾ ਕਾਰਪੋਰੇਟ ਪੂੰਜੀ ਦੇ ਦਬਾਅ ਹੇਠ ਹੋਇਆ ਹੈ। ਵਿਸ਼ਵ ਬੈਂਕ ਸਮੇਤ ਕਈ ਪੂੰਜੀਵਾਦੀ ਪ੍ਰਬੰਧ ਦੇ ਅਰਥ ਸ਼ਾਸ਼ਤਰੀ ਭਾਰਤੀ ਪੇਂਡੂ ਸਵੈ ਨਿਰਭਰ ਅਰਥ ਵਿਵਸਥਾ ਉਤੇ ਉਂਗਲ ਵੀ ਉਠਾਉਂਦੇ ਆਏ ਹਨ ਅਤੇ ਆਲੋਚਕ ਵੀ ਰਹੇ ਹਨ। ਪਿਛਲੇਰੇ 8 ਸਾਲਾਂ ਤੋਂ ਵਿਸ਼ਵ ਜਿਸ ਸੰਕਟ 'ਚ ਧਸਦਾ ਜਾ ਰਿਹਾ ਹੈ, ਉਸ ਦੇ ਸਥਾਈ ਹੱਲ ਤਾਂ ਪੂੰਜੀ ਦੇ ਪ੍ਰਬੰਧ ਨੂੰ ਮਿਲ ਨਹੀਂ ਰਿਹਾ ਉਹ ਅਜਿਹੇ ਉਹੜ ਪੋਹੜ ਹੀ ਕਰ ਰਿਹਾ ਹੈ, ਜਿਸ ਨਾਲ ਦੇਸ਼ਾਂ ਦੇ ਆਵਾਮ ਨੂੰ ਹਰ ਸਮੇਂ ਬਿਪਤਾਵਾਂ ਵਿਚ ਧੱਕ ਕੇ ਮੁਨਾਫ਼ਾ ਦੇ ਉਧਾਰੇ ਸਾਹਾਂ ਉਤੇ ਹੀ ਪਲ ਰਿਹਾ ਹੈ। ਕਾਲਾਧਨ ਕਾਰਪੋਰੇਟੀ ਪੂੰਜੀ ਦੇ ਪਸਾਰੇ ਦਾ ਇਕ ਨਿਗਰ ਸੰਦ ਹੈ। ਦੁਨੀਆ ਦੇ ਦੇਸ਼ਾਂ ਦੇ ਕਿਹੜੇ ਵੱਡੇ ਸੌਦੇ ਹਨ ਜਿਨ੍ਹਾਂ 'ਚ ਦਲਾਲੀ ਰਾਹੀਂ, ਕਾਲਾ ਧਨ, ਰਾਜਨੀਤਕਾਂ ਅਤੇ ਬਿਊਰੋਕਰੇਟਾਂ ਕੋਲ ਨਹੀਂ ਪਹੁੰਚਦਾ। ਕਾਲੇ ਧਨ ਵਿਰੁੱਧ ਲੜਾਈ ਮਹਿਜ ਇਕ ਛਲਾਵਾ ਹੈ, ਇਹ ਸਿਰਫ਼ ਛੋਟੀਆਂ ਮੱਛੀਆਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਡਰਾ ਧਮਾਕੇ ਵਿਵਸਥਾ ਦੀ ਚਾਕਰੀ ਕਰਨ ਤੱਕ ਸੀਮਤ ਹੀ ਹੈ।

ਸੋ ਭਾਰਤੀ ਆਵਾਮ ਨੂੰ ਭਾਰਤੀ ਹਾਕਮਾਂ ਅਤੇ ਪੂੰਜੀਪਤੀਆਂ ਅਤੇ ਵਿਸ਼ੇਸ਼ ਕਰਕੇ ਕਾਰਪੋਰੇਟੀ ਪੂੰਜੀ ਦੀਆਂ ਚਾਲਾਂ ਨੂੰ ਸਮਝਣਾ ਪਵੇਗਾ। ਕਾਲੇ ਧਨ ਵਿਰੁੱਧ ਹੀ ਨਹੀਂ ਚਿੱਟੀ ਪੂੰਜੀ ਵਿਰੁੱਧ ਵੀ ਇਕ ਬੇਕਿਰਕ ਲੜਾਈ ਲੜਣੀ ਪਵੇਗੀ। ਪੂੰਜੀ ਚਿੱਟੀ ਹੋਵੇ ਜਾਂ ਕਾਲੀ ਇਹ ਮਿਹਨਤਕਸ਼ ਆਵਾਮ ਦੀ ਦੁਸ਼ਮਣ ਹੈ ਅਤੇ ਇਸ ਕਾਲੀ ਚਿੱਟੀ ਪੂੰਜੀ ਦੀ ਵਿਵਸਥਾ ਦਾ ਖਾਤਮਾ ਅਤੇ ਸਭ ਲਈ ਬਰਾਬਰ ਅਤੇ ਲੁੱਟ ਮੁਕਤ ਸਮਾਜ ਦੀ ਸਿਰਜਣਾ ਹੀ ਪੂੰਜੀ ਦੇ ਬਦਲ ਦਾ ਮਾਡਲ ਹੋ ਸਕਦਾ ਹੈ।

93544-30211

# ਪੰਜਾਬ ਦੇ ਚੋਣ ਮਸਲੇ ਅਤੇ ਰਾਜਸੀ ਪਾਰਟੀਆਂ

**ਡਾ. ਰਾਜਿੰਦਰ ਪਾਲ ਸਿੰਘ ਬਰਾੜ**



ਪੰਜਾਬ ਦੀਆਂ ਚੋਣਾਂ ਅਗਲੇ ਸਾਲ ਹਨ ਪਰ ਪੰਜਾਬ ਦਾ ਮਾਹੌਲ ਪੂਰੀ ਤਰ੍ਹਾਂ ਭੱਖਿਆ ਪਿਆ ਹੈ। ਉਮੀਦਵਾਰਾਂ ਦੇ ਐਲਾਨ ਖਾਸ ਕਰਕੇ ਸੁਖਬੀਰ ਸਿੰਘ ਬਾਦਲ ਖਿਲਾਫ ਭਗਵੰਤ ਮਾਨ ਦੇ ਖੜ੍ਹਨ ਦੇ ਐਲਾਨ ਨਾਲ ਹੋਰ ਵੀ ਗਰਮੀ ਆਈ ਹੈ। ਪਰ ਚੋਣਾਂ ਵਿਚ ਬਹੁਤੀ ਗੱਲ ਮੁੱਦਿਆਂ ਉਤੇ ਹੋਣ ਦੀ ਥਾਵੇਂ ਵਿਅਕਤੀਆਂ ਅਤੇ ਘਟਨਾਵਾਂ ਦੀ ਹੋ ਰਹੀ ਹੈ। ਇਸ ਸਮੇਂ ਲੋੜ ਹੈ ਕਿ ਲੋਕ ਕੋਈ ਫੈਸਲਾ ਪੰਜਾਬ ਦੇ ਮੁੱਦਿਆਂ ਪ੍ਰਤੀ, ਪਾਰਟੀਆਂ ਦੀ ਸਮਝ ਨੂੰ ਜਾਣ ਕੇ ਲੈਣ।

ਸਭ ਤੋਂ ਪਹਿਲਾਂ ਮਸਲਾ ਭਾਰਤ ਦੇ ਮੌਜੂਦਾ ਰਾਜਨੀਤਕ ਤੰਤਰ ਵਿਚ ਕੇਂਦਰ ਅਤੇ ਰਾਜਾਂ ਦਰਮਿਆਨ ਅਧਿਕਾਰਾਂ ਦੀ ਵੰਡ ਦਾ ਹੈ, ਪਿਛਲੇ ਕੁਝ ਸਮੇਂ ਵਿਚ ਕੇਂਦਰ ਨੇ ਰਾਜਾਂ ਦੇ ਅਧਿਕਾਰ ਟੇਡੇ ਢੰਗ ਨਾਲ ਘਟਾ ਦਿਤੇ ਹਨ, ਉਦਾਹਰਣ ਵਜੋਂ ਸਿੱਖਿਆ, ਜਲਸਰੋਤ ਵਰਗੇ ਵਿਸ਼ੇ ਨਿਰੋਲ ਰਾਜਾਂ ਦੇ ਅਧਿਕਾਰ ਹੇਠੋਂ ਕੱਢ ਕੇ ਸਮਵਰਤੀ ਸੂਚੀ ਵਿਚ ਪਾ ਲਏ ਹਨ। ਸੋ ਕੋਈ ਵੀ ਮਸਲਾ ਹੋਵੇ, ਉਸ ਸੰਬੰਧੀ ਕੋਈ ਸਿਆਸੀ ਪਾਰਟੀ ਜੇ ਚਾਹੇ ਵੀ, ਤਾਂ ਵੀ ਰਾਜ ਦੇ ਸੀਮਤ ਅਧਿਕਾਰਾਂ ਕਾਰਨ ਕੋਈ ਅਸਰਦਾਇਕ ਕਾਰਵਾਈ ਨਹੀਂ ਕਰ ਸਕਦੀ। ਕਾਂਗਰਸ ਪਾਰਟੀ ਦਾ ਲੰਬਾ ਸਮਾਂ ਕੇਂਦਰ ਵਿਚ ਰਾਜ ਰਿਹਾ ਹੈ ਅਤੇ ਉਹ ਕੇਂਦਰ ਕੋਲ ਵਧੇਰੇ ਅਧਿਕਾਰਾਂ ਦੀ ਸਮਰਥਕ ਰਹੀ ਹੈ, ਭਾਜਪਾ ਵੀ ਦੇਸ਼ ਪੱਧਰ ਦੀ ਪਾਰਟੀ ਹੋਣ ਕਰਕੇ ਅਤੇ ਆਪਣੇ ਬਹੁਗਿਣਤੀ ਵਾਲੇ ਏਜੰਡੇ ਤੇ ਚਲਦਿਆਂ ਮਜਬੂਤ ਕੇਂਦਰ ਦੀ ਸਮਰਥਕ ਰਹੀ ਹੈ। ਅਕਾਲੀ ਦਲ ਹਮੇਸ਼ਾਂ ਹੀ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਮੰਗ ਉਠਾਉਂਦਾ ਰਿਹਾ ਹੈ ਪਰ ਅਸਲੀਅਤ ਵਿਚ ਇਹ ਅਕਾਲੀ ਸੱਤਾ ਤੋਂ ਬਾਹਰ ਹੋਣ ਸਮੇਂ ਹੀ ਰਾਜਾਂ ਦੇ ਵੱਧ ਅਧਿਕਾਰਾਂ ਦੀ ਗੱਲ ਵਧੇਰੇ ਸ਼ਿੱਦਤ ਨਾਲ ਕਰਦੇ ਹਨ ਪਰ ਜਦੋਂ ਸੂਬੇ ਵਿਚ ਸਰਕਾਰ ਹੋਵੇ ਖਾਸ ਕਰਕੇ ਜਦੋਂ ਕੇਂਦਰ ਵਿਚ ਵੀ ਸੱਤਾ ਭਾਈਵਾਲ ਹੋਣ ਉਸ ਸਮੇਂ, ਇਸ ਮੰਗ ਨੂੰ ਵਿਸਾਰ ਛੱਡਦੇ ਹਨ। ਪੰਜਾਬ ਚੋਣਾਂ ਵਿਚ ਤੀਜੀ ਦਾਅਵੇਦਾਰ ਧਿਰ ਆਮ ਆਦਮੀ ਪਾਰਟੀ ਦਾ ਇਸ ਸੰਬੰਧੀ ਕੋਈ ਨੀਤੀਗਤ ਬਿਆਨ ਜਾਂ ਸੰਘਰਸ਼ ਤਾਂ ਸਾਹਮਣੇ ਨਹੀਂ ਆਇਆ ਪਰ ਦਿੱਲੀ ਰਾਜ ਨੂੰ ਬਾਕੀ ਰਾਜਾਂ ਨਾਲੋਂ ਵੀ ਘੱਟ ਅਧਿਕਾਰ ਹੋਣ ਕਰਕੇ ਵੱਧ ਅਧਿਕਾਰ ਦਾ ਵਿਵਹਾਰਕ ਪੈਂਤੜਾ ਲੈਂਦੀ ਹੈ। ਪੰਜਾਬ ਚੋਣਾਂ ਸਮੇਂ ਇਸ ਪਾਰਟੀ ਨੇ ਜੇ ਵੱਧ ਅਧਿਕਾਰਾਂ ਦੀ ਮੰਗ ਰੱਖੀ ਤਾਂ ਇਸ ਨਾਲ ਨਾ ਕੇਵਲ ਉਹ ਫੈਡਰਲ ਢਾਂਚੇ ਦੇ ਹਮਾਇਤੀ ਅਕਾਲੀਆਂ ਤੋਂ ਇਹ ਮੁੱਦਾ ਹੀ ਖੋਹ ਲਵੇਗੀ ਸਗੋਂ ਦਿੱਲੀ ਲਈ ਵੀ ਸਿਧਾਂਤਕ ਲੜਾਈ ਲੜ ਸਕੇਗੀ। ਸਹੀ ਫੈਡਰਲ ਢਾਂਚਾ ਸਮੇਂ ਦੀ ਲੋੜ ਹੈ। ਰਾਜਾਂ ਨੂੰ ਵੱਧ ਅਧਿਕਾਰਾਂ ਦੇ ਮਸਲੇ ਤੇ ਹੋਰ ਖੇਤਰੀ ਪਾਰਟੀਆਂ ਨਾਲ ਭਵਿੱਖ ਵਿਚ ਕੌਮੀ ਪੱਧਰ ਤੇ ਗਠਜੋੜ ਵੀ ਕੀਤਾ ਜਾ ਸਕਦਾ ਹੈ।

ਪੰਜਾਬ ਵਿਚ ਇਸ ਸਮੇਂ ਸਭ ਤੋਂ ਭਖਦਾ ਮਸਲਾ ਪੰਜਾਬ ਦੇ ਪਾਣੀਆਂ ਦਾ ਹੈ। ਐਸ ਵਾਈ ਐਲ ਨਹਿਰ ਉਪਰ ਸੁਪਰੀਮ ਕੋਰਟ ਦੀ ਰਾਇ ਕਾਰਨ ਇਹ ਮਸਲਾ ਮੁੜ ਖੜਾ ਹੋ ਗਿਆ ਹੈ। ਪੰਜਾਬ ਦਾ ਪਾਣੀ ਰਾਜਿਸਥਾਨ, ਹਰਿਆਣਾ ਅਤੇ ਦਿੱਲੀ ਨੂੰ ਦੇਣ ਸਮੇਂ ਕੇਂਦਰ ਅਤੇ ਪੰਜਾਬ ਦੋਨਾਂ ਰਾਜਾਂ ਉਪਰ ਹੀ ਕਾਂਗਰਸ ਦੀ ਹਕੂਮਤ ਸੀ, ਇਸ ਲਈ ਕਾਂਗਰਸ ਦਾਗਦਾਰ ਹੈ। ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਪਿਛਲੀ ਸਰਕਾਰ ਸਮੇਂ ਵਾਟਰ ਐਗਰੀਮੈਂਟ ਰੱਦ ਕਰਕੇ ਦਾਗ ਧੋਣ ਦਾ ਯਤਨ ਵੀ ਕੀਤਾ ਸੀ, ਪਰ ਪੰਜਾਬ ਦੇ ਪਾਣੀਆਂ ਦਾ ਆਖਰੀ ਕਤਰਾਂ ਨਿਚੋੜਨ ਲਈ ਐਸ ਵਾਈ ਐਲ ਨਹਿਰ ਦੀ ਖੁਦਾਈ ਸਮੇਂ ਇੰਦਰਾ ਗਾਂਧੀ ਨੂੰ ਚਾਂਦੀ ਦੀ ਕਹੀ ਪੇਸ਼ ਕਰਨ ਦਾ ਭੂਤ ਅਮਰਿੰਦਰ ਸਿੰਘ ਨੂੰ ਘੇਰੀ ਬੈਠਾ ਸੀ। ਇਸ ਮਸਲੇ ਤੇ ਅਕਾਲੀ ਹਮੇਸ਼ਾਂ ਹੀ ਸੰਘਰਸ਼ ਦਾ ਦਾਅਵਾ ਕਰਦੇ ਰਹੇ ਹਨ, ਪਰੰਤੂ ਸੱਤਾ ਦੀ ਮਜਬੂਰੀ ਅਧੀਨ ਪ੍ਰਕਾਸ਼ ਸਿੰਘ ਬਾਦਲ ਵਲੋਂ ਮੁੱਖ ਮੰਤਰੀ ਹੁੰਦਿਆਂ, ਹਰਿਆਣੇ ਤੋਂ ਜਮੀਨ ਲਈ ਚੈੱਕ ਪ੍ਰਾਪਤ ਕਰਨ ਅਤੇ ਹਰਿਆਣਾ ਵਿਧਾਨ ਸਭਾ ਵਿਚ ਦੇਵੀ ਲਾਲ ਵਲੋਂ ਪ੍ਰਕਾਸ਼ ਸਿੰਘ ਬਾਦਲ ਦੀ ਤਾਰੀਫ਼ ਕਰਨ ਦੇ ਜੱਗ ਜਾਹਰ ਰਿਕਾਰਡ, ਨੇ ਪਾਣੀਆਂ ਦੇ ਰਾਖੇ ਨੂੰ ਹੀ ਬੰਨ੍ਹ ਤੋੜਨ ਦਾ ਜ਼ੁੰਮੇਵਾਰ ਠਹਿਰਾ ਦਿੱਤਾ ਹੈ। ਉਸ ਸਮੇਂ ਇਕ ਤਰ੍ਹਾਂ ਨਾਲ ਦੋਹਾਂ ਪਾਰਟੀਆਂ ਦੇ ਲੀਡਰਾਂ ਨੂੰ ਸੱਤਾ ਦਾ ਲਾਲਚ ਸੀ ਜਿਸ ਲਈ ਇਨ੍ਹਾਂ ਨੇ ਆਪੋ ਆਪਣੇ ਸਮੇਂ ਰਿੱਛ ਨੂੰ ਕੰਬਲ ਸਮਝਕੇ ਫੜ ਲਿਆ ਸੀ,ਹੁਣ ਕੰਬਲ ਖਹਿੜਾ ਨਹੀਂ ਛੱਡ ਰਿਹਾ। ਆਮ ਆਦਮੀ ਪਾਰਟੀ ਦੀ ਸਥਿਤੀ ਬੜੀ ਸਾਫ਼ ਹੈ, ਬੀਤੇ ਸਮੇਂ ਵਿਚ ਕੇਂਦਰ ਜਾਂ ਰਾਜ ਵਿਚ ਕਿਤੇ ਵੀ ਸੱਤਾ ਵਿਚ ਨਾ ਰਹੀ ਹੋਣ ਕਰਕੇ ਫਾਇਦੇ ਵਿਚ ਹੈ। ਕੇਜਰੀਵਾਲ ਦਾ ਹਰਿਆਣੇ ਦਾ ਜੰਮਪਲ ਹੋਣਾ, ਦਿੱਲੀ ਦਾ ਮੁੱਖ ਮੰਤਰੀ ਹੋਣਾ, ਅਤੇ ਦੇਸ਼ ਪੱਧਰ ਦਾ ਲੀਡਰ ਹੋਣਾ ਮੁਸ਼ਕਿਲ ਹੋ ਸਕਦੀ ਸੀ, ਪਰ ਉਸ ਦਾ ਪਾਣੀਆਂ ਦੇ ਮੁੱਦੇ ਤੇ ਵੇਲੇ ਸਿਰ ਦਿੱਲੀ ਸਰਕਾਰ ਵਲੋਂ ਸਬਮਿਟ ਹਲਫ਼ਨਾਮਾ ਵਾਪਿਸ ਲੈਣ ਨੇ ਉਸ ਨੂੰ ਦਾਗਦਾਰ ਹੋਣ ਤੋਂ ਬਚਾ ਲਿਆ। ਇਹ ਉਸ ਦੀ ਜਾਂ ਉਸਦੀ ਪਾਰਟੀ ਦੀ ਸਿਆਸੀ ਸਿਆਣਪ ਕਹੀ ਜਾ ਸਕਦੀ ਹੈ।

ਪੰਜਾਬ ਦਾ ਅਗਲਾ ਮੁੱਦਾ ਕਿਸਾਨੀ ਸਿਰ ਚੜ੍ਹੇ ਕਰਜੇ ਦਾ ਹੈ। ਖੇਤੀ ਪੈਦਾਵਾਰ ਦੇ ਮੁੱਲ ਵਿਚ ਮੁਕਾਬਲਤਨ ਘੱਟ ਵਾਧਾ ਅਤੇ ਖੇਤੀ ਲਾਗਤਾਂ (ਖਾਦਾਂ, ਕੀਟਨਾਸ਼ਕ, ਨਦੀਨਨਾਸ਼ਕ, ਤੇਲ, ਮਸ਼ੀਨਰੀ, ਬਿਜਲੀ) ਵਿਚ ਵਾਧੇ ਨੇ ਕਿਸਾਨ ਨੂੰ ਕਰਜਈ ਕਰ ਦਿਤਾ ਹੈ। ਪੰਜਾਬ ਦੇ ਲੋਕ ਇਸ ਲਈ ਕਾਂਗਰਸ ਦੇ ਰਾਜ ਨੂੰ ਜ਼ੁੰਮੇਵਾਰ ਸਮਝਦੇ ਹਨ। ਕਿਉਂਕਿ ਇਸ ਪਾਰਟੀ ਦੇ ਕੇਂਦਰ ਅਤੇ ਰਾਜ ਵਿਚ ਲੰਬਾ ਸਮਾਂ ਰਾਜ ਕੀਤਾ ਸੀ। ਕੈਪਟਨ ਅਮਰਿੰਦਰ ਸਿੰਘ ਨੇ ਪ੍ਰਬੰਧਕੀ ਪੱਧਰ ਉਪਰ ਆਪਣੇ ਰਾਜ ਦੌਰਾਨ ਫਸਲ ਚੁਕਾਈ ਨੂੰ ਅਹਿਮੀਅਤ ਦਿਤੀ ਸੀ। ਅਕਾਲੀ ਹਮੇਸ਼ਾਂ ਹੀ ਕਿਸਾਨੀ ਆਧਾਰ ਦੀ ਗੱਲ ਕਰਦੇ ਰਹੇ ਹਨ ਪਰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਵਧਾਉਣ, ਵਧੇਰੇ ਫਸਲਾਂ ਨੂੰ ਸਮਰਥਨ ਮੁੱਲ ਦੇ ਘੇਰੇ ਵਿਚ ਲਿਆਉਣ ਅਤੇ ਲਾਗਤਾਂ ਘਟਾਉਣ ਵਿਚ ਅਸਫਲ ਰਹੇ ਹਨ। ਪੰਜਾਬ ਸਰਕਾਰ ਨੇ ਬਿਜਲੀ ਪਾਣੀ ਮੁਫ਼ਤ ਕਰਕੇ ਕੁਝ ਲਾਹਾ ਲਿਆ ਸੀ, ਪਰ ਬਾਕੀ ਲਾਗਤਾਂ ਵੱਧਣ ਕਰਕੇ ਖੂਹ ਦੀ ਮਿੱਟੀ ਖੂਹ ਨੂੰ ਹੀ ਲੱਗ ਗਈ। ਇਹ ਰਾਹਤਾਂ ਤਾਂ ਊਠ ਤੋਂ ਛਾਨਣੀ ਲਹਾਉਣ ਦੇ ਤੁੱਲ ਹੈ। ਪਿਛਲੇ ਸਾਲਾਂ ਦੌਰਾਨ ਖੁਦਕਸ਼ੀਆਂ ਦਾ ਮਸਲਾ ਵੀ ਅਹਿਮ ਰਿਹਾ ਹੈ। ਭਾਰਤੀ ਜਨਤਾ ਪਾਰਟੀ ਨੇ ਕਦੇ ਵੀ ਕਿਸਾਨਾਂ ਦੀ ਪਾਰਟੀ ਹੋਣ ਦਾ ਦਾਅਵਾ ਨਹੀਂ ਕੀਤਾ ਅਤੇ ਨਾ ਹੀ ਉਸ ਨੇ ਕਦੇ ਕੋਈ ਕਿਸਾਨੀ ਮੰਗਾਂ ਲਈ ਸੰਘਰਸ਼ ਕੀਤਾ ਹੈ ਪੰਜਾਬ ਵਿਚ ਤਾਂ ਇਹ ਸ਼ਹਿਰੀ ਵਪਾਰੀਆਂ ਦੀ ਪਾਰਟੀ ਵਜੋਂ ਹੀ ਰਹੀ ਹੈ। ਆਪ ਪਾਰਟੀ ਨੇ ਘੱਟੋ-ਘੱਟ ਦਿੱਲੀ ਵਿਚ ਕਿਸਾਨਾਂ ਨੂੰ ਹਰ ਪੱਖੋਂ ਰਾਹਤ ਦਿਤੀ ਹੈ, ਅਸਲ ਵਿਚ ਤਾਂ ਦਿੱਲੀ ਕੋਲ ਕਿਸਾਨਾਂ ਦੀ ਗਿਣਤੀ ਹੀ ਘੱਟ ਹੈ ਅਤੇ ਖਜ਼ਾਨੇ ਵਿਚ ਪੈਸਾ ਵੀ ਹੈ। ਨਿਸ਼ਚੇ ਹੀ ਕਿਸਾਨੀ ਬਾਰੇ ਉਨ੍ਹਾਂ ਦੇ ਦਾਅਵੇ ਦਾ ਸੱਚ ਅਜੇ ਸਾਹਮਣੇ ਆਉਣਾ ਹੈ। ਪਾਕਿਸਤਾਨ ਨਾਲ ਲਗਦੇ ਸਰਹੱਦੀ ਇਲਾਕਿਆਂ ਦੀਆਂ ਆਪਣੀਆਂ ਸਮੱਸਿਆਵਾਂ ਹਨ, ਤਾਰ ਤੋਂ ਪਾਰ ਦੀਆਂ ਜਮੀਨਾਂ ਵਾਲੇ ਕਿਸਾਨਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ ਪਰ ਇਸ ਵਾਰ ਸਰਹੱਦੀ ਲੋਕਾਂ ਨੂੰ ਨੁਕਸਾਨ ਕਾਰਨ ਮੁਆਵਜਾ ਨਾ ਮਿਲਣ ਕਰਕੇ, ਇਹ ਲੋਕ ਮੌਜੂਦਾ ਸਰਕਾਰ ਤੋਂ ਦੁਖੀ ਹਨ, ਇਨ੍ਹਾਂ ਲਈ ਵਿਸ਼ੇਸ਼ ਪੈਕੇਜ ਜਾਂ ਸਕੀਮ ਅਜੇ ਤਕ ਕਿਸੇ ਵੀ ਪਾਰਟੀ ਨੇ ਨਹੀਂ ਐਲਾਨੀ ਜਾਂ ਘੱਟੋ ਘੱਟ ਮੁਖ ਏਜੰਡੇ ਤੇ ਨਹੀਂ ਲਿਆਂਦੀ।

ਪੰਜਾਬ ਵਿਚ ਦਲਿਤ ਵੋਟਾਂ ਦੀ ਪ੍ਰਤੀਸ਼ਤਤਾ ਸਾਰੇ ਦੇਸ਼ ਨਾਲੋਂ ਜਿਆਦਾ ਹੈ, ਲਗਭਗ ਹਰ ਪਾਰਟੀ ਨੇ ਦਲਿਤਾਂ ਲਈ ਵੱਖਰਾ ਵਿੰਗ ਬਣਾ ਰੱਖਿਆ ਹੈ। ਲੰਬਾਂ ਸਮਾਂ ਦਲਿਤ ਵੋਟਰ ਕਾਂਗਰਸ ਨਾਲ ਜੁੜਿਆ ਰਿਹਾ ਹੈ ਕਿਉਂਕਿ ਉਹ ਸਮਝਦਾ ਸੀ ਕਿ ਰਿਜ਼ਰਵੇਸ਼ਨ ਕਾਂਗਰਸ ਨੇ ਦਿੱਤੀ ਹੈ ਪਰੰਤੂ ਹੁਣ ਦਲਿਤ ਜਾਣ ਗਿਆ ਹੈ ਕਿ ਇਹ ਤਾਂ ਡਾ ਭੀਮ ਰਾਓ ਅੰਬੇਦਕਰ ਨੇ ਅੰਗਰੇਜਾਂ ਤੋਂ ਹੀ ਅੰਸ਼ਕ ਰੂਪ ਵਿਚ ਪ੍ਰਾਪਤ ਕਰ ਲਈ ਸੀ। ਭਾਰਤੀ ਜਨਤਾ ਪਾਰਟੀ ਰਿਜ਼ਰਵੇਸ਼ਨ ਨੂੰ ਮਜਬੂਰੀ ਵਿਚ ਹੀ ਜਾਰੀ ਰੱਖ ਰਹੀ ਹੈ। ਇਸ ਪੱਖੋਂ ਪੜ੍ਹੇ ਲਿਖੇ ਸ਼ਹਿਰੀ ਦਲਿਤਾਂ ਦੀਆਂ ਮੰਗਾਂ ਪੋਸਟ ਮੈਟਰਿਕ ਸਕਾਲਰਸ਼ਿਪ, ਨੌਕਰੀ ਅਤੇ ਤਰੱਕੀਆਂ ਵਿਚ ਰਿਜ਼ਰਵੇਸ਼ਨ ਆਦਿ ਹਨ ਅਤੇ ਪੇਂਡੂ ਇਲਾਕਿਆਂ ਵਿਚ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਦਲਿਤਾਂ ਲਈ ਸ਼ਾਮਲਾਟੀ ਜ਼ਮੀਨ ਅਤੇ ਘਰ ਬਣਾਉਣ ਲਈ ਜ਼ਮੀਨ, ਘੱਟੋ ਘੱਟ ਦਿਹਾੜੀ, ਮਨਰੇਗਾ ਸਕੀਮ ਅਧੀਨ ਰੋਜ਼ਗਾਰ ਅਤੇ ਸਮਾਜਿਕ ਧੌਂਸ ਨੂੰ ਤੋੜਨ ਦੇ ਮੁੱਦੇ ਪ੍ਰਮੁੱਖ ਹਨ। ਪਿਛਲੇ ਕੁਝ ਸਮੇਂ ਤੋਂ ਹਾਕਮ ਧਿਰਾਂ ਦਲਿਤਾਂ ਲਈ ਪੂਜਨੀਕ ਬਾਲਮੀਕ, ਰਵੀਦਾਸ ਤੋਂ ਲੈ ਕੇ ਡਾ ਭੀਮ ਰਾਓ ਅੰਬੇਦਕਰ ਤੱਕ ਦੇ ਨਾਵਾਂ, ਥਾਵਾਂ, ਦਿਹਾੜਿਆਂ ਦਾ ਪ੍ਰਤੀਕਆਤਮਿਕ ਪ੍ਰਯੋਗ ਤਾਂ ਖੂਬ ਕਰ ਰਹੀਆਂ ਹਨ ਪਰ ਉਨ੍ਹਾ ਲਈ ਕੋਈ ਠੋਸ ਪ੍ਰੋਗਰਾਮ ਨਹੀਂ ਬਣਾ ਰਹੀਆਂ। ਪਹਿਲਾਂ ਤੋਂ ਪ੍ਰਾਪਤ ਸੰਵਿਧਾਨਕ ਹੱਕ ਅਤੇ ਬਣੇ-ਬਣਾਏ ਕਾਨੂੰਨਾਂ ਨੂੰ ਹੀ ਅੱਧਮੰਨੇ ਦਿਲ ਨਾਲ ਲਾਗੂ ਕਰ ਰਹੀ ਹੈ। ਇਸ ਵਾਰ ਰਾਜਨੀਤਿਕ ਹਲਕਿਆਂ ਵਿਚ ਚਰਚਾ ਜੋਰਾਂ ਤੇ ਹੈ ਕਿ ਅਕਾਲੀ-ਭਾਜਪਾ ਗਠਜੋੜ ਦਲਿਤਾਂ ਹਲਕਿਆਂ ਤੇ ਵਧੇਰੇ ਧਿਆਨ ਦੇ ਰਹੀ ਹੈ, ਉਹ ਨਾ ਕੇਵਲ ਧਨਸ਼ਕਤੀ ਪੱਖੋਂ ਸ਼ਕਤੀਵਾਨ ਉਮੀਦਵਾਰ ਖੜੇ ਕਰ ਰਹੀ ਹੈ ਸਗੋਂ ਹੋਰ ਢੰਗਾਂ ਨਾਲ ਵੀ ਦਲਿਤਾਂ ਨੂੰ ਪਤਿਆ ਰਹੀ ਹੈ। ਇਸ ਸਮੇਂ ਦਲਿਤ ਵੋਟਰ ਕਾਂਗਰਸ, ਅਕਾਲੀ ਦਲ ਵਿਚ ਵੰਡਿਆ ਹੋਇਆ ਹੈ, ਉਸ ਨੂੰ ਜਿਹੜੀ ਆਸ ਕਿਸੇ ਸਮੇਂ ਵਿਚ ਕਮਿਊਨਿਸਟਾਂ ਅਤੇ ਬਹੁਜਨ ਸਮਾਜ ਪਾਰਟੀ ਤੋਂ ਲਗਦੀ ਸੀ, ਉਹੀ ਆਸ ਹੁਣ ਆਮ ਆਦਮੀ ਪਾਰਟੀ ਤੋਂ ਦਿਖਾਈ ਦਿੰਦੀ ਹੈ।


ਨਸ਼ੇ ਵੈਸੇ ਤਾਂ ਸਾਰੇ ਭਾਰਤ ਦੀ ਹੀ ਸਮੱਸਿਆ ਹਨ ਪਰ ਜਿਵੇਂ ਪਿਛਲੇ ਸਮੇਂ ਵਿਚ ਇਹ ਪੰਜਾਬ ਨਾਲ ਜੁੜੇ ਹਨ, ਖਾਸ ਕਰਕੇ 'ਚਿੱਟਾ' ਇਹ ਵੀ ਇਕ ਵੱਡਾ ਮਸਲਾ ਹੈ। ਇਸ ਸੰਬੰਧੀ ਜਿਵੇਂ ਰਾਜਸੱਤਾ ਤੇ ਕਾਬਜ ਧਿਰ ਦੇ ਮੰਤਰੀ ਦੇ ਦਾ ਨਾਂ ਬੋਲਦਾ ਹੈ ਅਤੇ ਇਸ ਮੁੱਦੇ ਤੇ ਕੈਪਟਨ ਅਮਰਿੰਦਰ ਸਿੰਘ ਨੇ ਜਿਵੇਂ ਉਸਨੂੰ ਬਰੀ ਕਰਨ ਦੀ ਕੋਸ਼ਿਸ਼ ਕੀਤੀ ਹੈ ਉਥੇ ਜਾਪਦਾ ਹੈ ਅਕਾਲੀ ਅਤੇ ਕਾਂਗਰਸ ਦੋਵੇਂ ਹੀ ਪਾਰਟੀਆਂ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀਆਂ। ਸਰਕਾਰ ਵੱਧ ਤੋਂ ਵੱਧ ਸਧਾਰਣ ਅਮਲੀਆਂ ਦੀ ਖੱਜਲ-ਖੁਆਰੀ ਕਰ ਰਹੀ ਹੈ,ਨਸ਼ਿਆਂ ਦਾ ਵਪਾਰ ਕਰਨ ਵਾਲਿਆਂ ਨੂੰ ਪਕੜਨ ਦਾ ਕਿਸੇ ਦਾ ਕੋਈ ਪ੍ਰੋਗਰਾਮ ਨਹੀਂ ਹੈ। ਆਮ ਆਦਮੀ ਪਾਰਟੀ ਨੇ ਇਸੇ ਮੁੱਦੇ ਨੂੰ ਚੁੱਕਿਆ ਸੀ ਪਰ ਕੋਈ ਪੱਕਾ ਬਦਲ ਨਹੀਂ ਸੁਝਾਇਆ। ਆਮ ਆਦਮੀ ਪਾਰਟੀ ਦੇ ਮੁਅੱਤਲ ਲੋਕ ਸਭਾ ਮੈਂਬਰ ਧਰਮਵੀਰ ਗਾਂਧੀ ਨੇ ਰਵਾਇਤੀ ਨਸ਼ੇ (ਭੰਗ-ਪੋਸ਼ਤ) ਉਪਰ ਪਾਬੰਦੀ ਹਟਾਉਣ ਅਤੇ ਹੇਰੋਇਨ ਸਮੇਤ ਸਿੰਥੈਟਿਕ ਨਸ਼ਿਆਂ ਤੇ ਸਖਤੀ ਦੇ ਪ੍ਰੋਗਰਾਮ ਦਿਤੇ ਸਨ। ਹੈਰਾਨੀ ਦੀ ਗੱਲ ਹੈ ਕਿ ਚਿੱਟੇ ਬਗੈਰ ਬਾਕੀ ਨਸ਼ਿਆਂ ਦੀ ਰੋਕਥਾਮ ਬਾਰੇ ਕੋਈ ਵੀ ਗੰਭੀਰ ਨਹੀਂ ਹੈ।

ਅਮਨ ਕਾਨੂੰਨ ਦੀ ਹਾਲਤ ਇਹ ਬਣੀ ਹੋਈ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ, ਸੰਤ ਢੱਡਰੀਆਂ ਵਾਲੇ ਤੇ ਹਮਲਾ ਕਰਨ ਵਾਲੇ, ਚੰਦ ਕੌਰ ਦੇ ਕਾਤਲਾਂ, ਦਲਿਤਾਂ ਦੇ ਅੰਗ ਵੱਢਣ ਵਾਲਿਆਂ ਦੀ ਅਜੇ ਤਕ ਕੋਈ ਵੀ ਗ੍ਰਿਫਤਾਰੀ ਨਹੀਂ ਹੋਈ ਹੈ। ਸਾਰੀਆਂ ਸਿਆਸੀ ਧਿਰਾਂ ਇਕ ਦੂਜੇ ਨੂੰ ਦੋਸ਼ੀ ਠਹਿਰਾ ਰਹੀਆਂ ਹਨ ਪਰ ਅਸਲ ਵਿਚ ਤਾਂ ਜ਼ੁੰਮੇਵਾਰੀ ਹਾਕਮ ਧਿਰ ਦੀ ਬਣਦੀ ਹੈ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ, ਕੁਝ ਹੋਰ ਮਸਲੇ ਹਨ, ਜਿਨ੍ਹਾਂ ਬਾਰੇ ਸਾਰੀਆਂ ਹੀ ਸਿਆਸੀ ਪਾਰਟੀਆਂ ਬੋਲਦੀਆਂ ਹਨ ਪਰ ਇਸ ਦਾ ਕੋਈ ਠੋਸ ਹੱਲ ਨਹੀਂ ਸੁਝਾਉਂਦੀਆਂ।ਪੰਜਾਬ ਵਿਚ ਬੇਰੁਜ਼ਗਾਰੀ ਉਨੀ ਦੇਰ ਦੂਰ ਨਹੀਂ ਹੋ ਸਕਦੀ ਜਿੰਨੀ ਦੇਰ ਸਨਅਤ ਖਾਸ ਕਰਕੇ ਖੇਤੀ ਉਪਜ ਆਧਾਰਿਤ ਸਨਅਤ ਅਤੇ ਨਵੇਂ ਸੇਵਾ ਸੈਕਟਰਾਂ ਦਾ ਗਠਨ ਨਹੀਂ ਹੁੰਦਾ। ਭ੍ਰਿਸ਼ਟਾਚਾਰ ਕਿਸੇ ਲੋਕਪਾਲ ਜਾਂ ਵਿਜੀਲੈਂਸ ਜਾਂ ਸੀ ਬੀ ਆਈ ਜਾਂ ਲੋਕਪਾਲ ਨੇ ਨਹੀਂ ਰੋਕਣਾ ਸਗੋਂ ਇਸ ਲਈ ਮਜਬੂਤ ਸਿਆਸੀ ਇੱਛਾ-ਸ਼ਕਤੀ ਵਾਲੀ ਪਾਰਟੀ ਚਾਹੀਦੀ ਹੈ, ਜਿਸ ਦੇ ਨੇਤਾ ਆਪਣੇ ਅਤੇ ਆਪਣੇ ਪਰਿਵਾਰ ਦੀ ਥਾਵੇਂ ਸਮੁੱਚੇ ਰਾਸ਼ਟਰ ਦਾ ਭਲਾ ਚਾਹੁਣ। 2017 ਦੀਆਂ ਚੋਣਾਂ ਨਾ ਕੇਵਲ ਪੰਜਾਬ ਦਾ ਹੀ ਨਹੀਂ ਸਗੋਂ ਪੂਰੇ ਦੇਸ਼ ਦਾ ਭਵਿੱਖ ਨਿਰਧਾਰਤ ਕਰਨ ਵਾਲੀਆਂ ਹਨ। ਸਿਆਸੀ ਪਾਰਟੀਆਂ ਤੋਂ ਸੁਪਨਮਈ ਵਾਅਦੇ ਨਹੀਂ ਸਗੋਂ ਯਥਾਰਥਮਈ ਪ੍ਰੋਗਰਾਮ ਮੰਗਣ ਦੀ ਲੋੜ ਹੈ। ਅੱਜ ਪੰਜਾਬ ਦੀ ਸੱਤਾ ਲਈ ਵੱਡੀਆਂ ਤਿੰਨੇ ਦਾਅਵੇਦਾਰ ਧਿਰਾਂ ਲਗਭਗ ਬਰਾਬਰ ਤੇ ਖੜ੍ਹੀਆਂ ਹਨ, ਲੋਕਾਂ ਨੂੰ ਪਾਰਟੀਆਂ ਦੇ ਨਾਅਰਿਆਂ ਤੇ ਭਾਵੁਕ ਹੋਣ ਦੀ ਥਾਂਵੇਂ ਆਪਣੇ ਅਸਲ ਮੁੱਦੇ ਅੱਗੇ ਕਰਨੇ ਚਾਹੀਦੇ ਹਨ।

**ਪ੍ਰੋਫੈਸਰ,ਪੰਜਾਬੀ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**
**ਸੰਪਰਕ** : 9815050617

# ਪ੍ਰੋ. ਜਗਮੋਹਨ ਸਿੰਘ ਜੋ ਉੱਘੇ ਚਿੰਤਕ ਬੜੇ ਨਿੱਘੇ, ਮਿਲਾਪੜੇ ਸੁਭਾਅ ਦੇ ਮਾਲਕ ਹਨ

*ਦੁਨੀਆ ਦੇ ਇਤਿਹਾਸ ਵਿਚ ਇਹ ਕੋਈ ਪਹਿਲੀ ਘਟਨਾ ਨਹੀਂ ਅਜਿਹੇ ਆਪਣੇ ਆਪ ਸਿਰਜੇ ਇਤਿਹਾਸਕਾਰ ਅਸਲੀਅਤ ਨੂੰ ਇੰਨਾ ਟੇਡਾ ਗੇੜਾ ਹੀ ਨਹੀਂ ਦਿੰਦੇ ਸਗੋਂ ਪੂਰਾ ਚੱਕਰ ਹੀ ਕੱਟ ਦਿੰਦੇ ਹਨ ਜਿਸ ਦੀ ਤਾਜ਼ਾ ਮਿਸਾਲ ਆਪਣੇ ਸਾਹਮਣੇ ਆਈ ਹੈ। ਇਨ੍ਹਾਂ ਲੋਕਾਂ ਦੀ ਜ਼ੁਬਾਨ ਨੂੰ ਦੁਨੀਆ ਭਰ ਦੀ ਮਨੁੱਖਤਾ ਲਈ ਆ ਰਹੀਆਂ ਆਰਥਿਕ, ਸਮਾਜਿਕ ਅਤੇ ਰਾਜਨੀਤਕ ਮੁਸ਼ਕਿਲਾਂ ਬਾਰੇ ਤਾਂ ਸੱਪ ਸੁੰਘ ਜਾਂਦਾ ਹੈ ਪਰ ਦੁਨੀਆ ਵਿਚ ਕੁਝ ਕਰ ਗੁਜ਼ਾਰਨ ਵਾਲਿਆਂ ਤੇ ਚਿੱਕੜ ਛੁੱਟਣ ਲਈ, ਆਪਣੀ ਮਾਨਸਿਕ ਭੜਾਸ ਕੱਢਣ ਜਾਂ ਫਿਰਕਾਪ੍ਰਸਤੀ ਫੈਲਾਉਣ ਵਿਚ ਪਹਿਲੀ ਕਤਾਰ ਵਿਚ ਆ ਜਾਂਦੇ ਹਨ ਜਿਸ ਦੀ ਉਦਾਹਰਣ ਵਰਿੰਦਰ ਦੀਵਾਨਾ ਵਲੋਂ ਦਿੱਤਾ ਸਪਸ਼ਟੀਕਰਨ ਹੈ। - ਸੰਪਾਦਕ*




**ਵਰਿੰਦਰ ਦੀਵਾਨਾ**

ਪ੍ਰੋ. ਜਗਮੋਹਨ ਸਿੰਘ ਜੋ ਉੱਘੇ ਚਿੰਤਕ ਬੜੇ ਨਿੱਘੇ, ਮਿਲਾਪੜੇ ਸੁਭਾਅ ਦੇ ਮਾਲਕ ਹਨ। ਚਲੋ ਖੈਰ ਉਨ੍ਹਾਂ ਦੀ ਕਿਰਦਾਰਕੁਸ਼ੀ ਕਰਨ ਵਾਲੇ ਕੁੱਝ ਸੰਪਰਦਾਇਕ ਤੱਤਾਂ ਲਈ ਇਹ ਜੁਆਬ ਨਹੀਂ ਹੈ, ਪਰ ਉਨ੍ਹਾਂ ਦੇ ਪ੍ਰਚਾਰ ਤੋਂ ਗੁੰਮਰਾਹ ਹੋ ਰਹੇ ਭੋਲੇ ਵੀਰਾਂ ਲਈ ਸਹਾਈ ਸਿੱਧ ਹੋ ਸਕਦਾ। ਜਿਵੇਂ ਤੁਸੀਂ ਇਸ ਤਸਵੀਰ ਵਿੱਚ ਡਾ. ਸ਼ਮਸੁਲ ਇਸਲਾਮ ਦੀ ਪੁਸਤਕ 'RSS ਦਾ ਮੂਲ ਪਹਿਚਾਣੋਂ' ਦੇਖ ਰਹੇ ਹੋ, ਇਹ ਪੁਸਤਕ ਕੱਟੜ, ਸੰਪਰਦਾਇਕ, ਫਿਰਕੂ ਹਿੰਦੂਆਂ ਲਈ ਨਹੀਂ, ਦੁਬਿਧਾਵਾਂ ਵਿੱਚ ਫਸੇ ਹਿੰਦੂ ਵੀਰਾਂ ਲਈ ਹੈ ਜੋ ਕੱਟੜਪੰਥੀ ਤਾਕਤਾਂ ਦੇ ਹਾਲੇ ਢਾਹੇ ਨਹੀਂ ਚੜ੍ਹੇ।

ਮੁੱਦੇ 'ਤੇ ਆਉਂਦੇ ਹਾਂ, ਹਿਊ ਜੇ. ਐਮ. ਜੋਨਸਟਨ ਦੀ ਪੰਜਾਬੀ ਅਨੁਵਾਦ ਹੋਈ ਪੁਸਤਕ "ਕਾਮਾਗਾਟਾ-ਮਾਰੂ ਦੀ ਇਤਿਹਾਸਕ ਯਾਤਰਾ" ਦੇ ਟਾਇਟਲ 'ਤੇ ਅੰਗਰੇਜ਼ੀ "the sikh challenge to canada's colour bar" ਦੀ ਅਨੁਵਾਦ ਸ਼ਬਦ ਤੋਂ ਸ਼ਬਦ ਕਰਨ ਦੀ ਥਾਂ ਭਾਵਾਂ ਦਾ ਅਰਥ ਇਹ ਕੀਤਾ "ਕੈਨੇਡਾ ਦੇ ਨਸਲੀ ਵਿਤਕਰੇ ਦੇ ਵਿਰੁੱਧ ਅਤੇ ਅਜ਼ਾਦੀ ਲਈ" ਇਸ 'ਤੇ ਸੰਪਰਦਾਇਕ ਤੱਤਾਂ ਨੇ ਮਾਮਲਾ ਚੁੱਕ ਲਿਆ ਕਿ ਇਹ ਪ੍ਰੋ. ਜਗਮੋਹਨ ਸਿੰਘ ਨੇ ਸਿੱਖਾਂ ਦੀ ਹਸਤੀ ਨੂੰ ਮਿਟਾਉਣ ਲਈ ਕੀਤਾ, ਸਿੱਖਾਂ ਦਾ ਦੁਸ਼ਮਣ ਤੇ ਆਰੀਆ ਸਮਾਜੀ + ਕਾਮਰੇਡ ਹੈ। ਇਹ + ਵਾਲੀ ਗੱਲ ਕਰ ਆਪਣੇ ਦਿਵਾਲੀਏਪਣ ਦਾ ਵਿਖਾਵਾ ਕੀਤਾ ਹੈ। ਚਲੋ ਗੱਲ ਕਰਦੇ ਆ ਉਨ੍ਹਾਂ ਅਜਿਹਾ ਕਿਉਂ ਕੀਤਾ, ਕੀ ਮਕਸਦ ਹੈ? ਕੀ ਲੇਖਕ ਦੀ ਸਹਿਮਤੀ ਤੋਂ ਬਿਨਾਂ ਕੀਤਾ??

ਜ਼ਹਾਜ ਵਿੱਚ ਇਕੱਲੇ ਸਿੱਖ ਨਹੀਂ ਸਨ, ਹੁਣ ਪੰਜਾਬੀ ਬੰਦੇ ਦੇ ਪੱਗ ਬੰਨ੍ਹੀ ਹੋਵੇ ਭਾਵੇਂ ਕਿਸੇ ਵੀ ਧਰਮ ਦਾ ਬੰਦਾ ਹੋਵੇ ਪਰ ਬਾਹਰਲਾ ਸਰਦਾਰ ਜੀ ਕਹਿ ਕੇ ਬਲਾਉਂਦਾ, ਮੇਰੇ ਨਾਲ ਵੀ ਹੋਇਆ। ਇਸ ਤਰ੍ਹਾਂ ਮੀਲ ਲੇਖਕ ਵੱਲੋਂ ਲਿਖ ਦੇਣ ਦਾ ਭਾਵ ਇਹੀ ਹੈ ਤੇ ਸਿਰਫ ਸਿੱਖ ਲਿਖਣਾ ਇਤਿਹਾਸ ਨਾਲ ਬੇਇਨਸਾਫੀ ਹੋਵੇਗੀ।

ਹੁਣ ਗੱਲ ਕਰਦੇ ਆ ਪ੍ਰੋ. ਜਗਮੋਹਨ ਸਿੰਘ ਦੀ ਹਿੰਦੂਤਵੀ ਪੱਖੀ ਤੇ ਸਿੱਖ ਵਿਰੋਧੀ ਵਿਚਾਰਧਾਰਾ ਦੀ ਜਿਸ ਦਾ ਬਿੰਬ ਸਿਰਜਿਆ ਹੈ ਸੰਪਰਦਾਇਕ ਤਾਕਤਾਂ ਨੇ। ਦਿੱਲੀ ਵਿੱਚ ਹੋਏ ਸਿੱਖ ਕਤਲੇਆਮ ਬਾਰੇ ਮਨੁੱਖੀ ਅਧਿਕਾਰਾਂ ਦੀਆਂ ਜੱਥੇਬੰਦੀਆਂ ਨੇ ਰਿਪੋਰਟ ਬਣਾਈ ਸੀ, ਜਿਸਨੂੰ "who are guilty?" ਦੇ ਟਾਇਟਲ ਹੇਠ ਛਾਪਿਆ ਗਿਆ ਸੀ। ਇਸਦਾ ਪੰਜਾਬੀ ਅਨੁਵਾਦ ਤੇ ਪ੍ਰਕਾਸ਼ਨ ਕਰਨ ਦੇ ਦੋਸ਼ ਵਿੱਚ ਦੇਸ਼ ਧਰੋਹੀ ਦਾ ਕੇਸ ਇਸ ਸਿੱਖ ਵਿਰੋਧੀ ਪ੍ਰੋ. ਜਗਮੋਹਨ ਸਿੰਘ 'ਤੇ ਹੀ ਦਰਜ ਹੋਇਆ ਸੀ।

ਹਿੰਦੂ ਪੱਖੀ ਹੋਣ ਦੀ ਫਤਵੇਬਾਜ਼ੀ ਦੇਣ ਲੱਗਿਆ ਇਹਨਾਂ ਤਾਕਤਾਂ "ਆਰ.ਐਸ.ਐਸ. ਦਾ ਮੂਲ ਪਹਿਚਾਣੋ" ਪੁਸਤਕ ਦਾ ਅਧਿਐਨ ਕਰ ਲੈਣਾ ਚਾਹੀਦਾ ਸੀ ਕਿ ਪ੍ਰੋ. ਜਗਮੋਹਨ ਸਿੰਘ ਦੇ ਪਤੇ ਤੇ ਸੰਪਰਕ ਨੰਬਰ ਰਾਹੀਂ ਪ੍ਰਕਾਸ਼ਿਤ ਹੋਈ ਇਹ ਪੁਸਤਕ ਵਿੱਚ ਸੰਪਰਦਾਇਕਤਾ, ਮਨੁੱਖਤਾ ਵਿਰੋਧੀ ਮਨੂੰਵਾਦ ਨੂੰ ਕਿੰਨੇ ਸਾਰੇ ਤੱਥਾਂ ਨਾਲ ਸਲਾਹਿਆਂ ਗਿਆ ਜਾਂ ਨੰਗਾ ਕੀਤਾ ਗਿਆ ਹੈ।

ਪ੍ਰੋ. ਜਗਮੋਹਨ ਸਿੰਘ ਹਿੰਦੂ, ਸਿੱਖ, ਮੁਸਲਮਾਨ ਸੰਪਰਦਾਇਕ, ਫਿਰਕੂ ਤਾਕਤਾਂ ਦਾ ਵਿਚਾਰਧਾਰਕ ਵਿਰੋਧੀ ਹੈ, ਪਰ ਮਿਹਨਤਕਸ਼ ਹਿੰਦੂ, ਸਿੱਖ, ਮੁਸਲਮਾਨਾਂ ਦੀ ਸਾਂਝ ਲਈ ਹਮੇਸ਼ਾਂ ਤਤਪਰ ਰਹਿੰਦਾ ਹੈ।

ਇਹ ਲਿਖਣ ਦਾ ਮਕਸਦ ਸੱਚ, ਸਹੀ-ਗਲਤ ਦੀ ਪਛਾਣ ਕਰਨ ਵਾਲਿਆਂ ਤੱਕ ਗੱਲ ਪਹੁੰਚਾਉਣਾ ਹੈ, ਇਹ ਆਸ ਬਿਲਕੁਲ ਵੀ ਨਹੀਂ ਸੰਪਰਦਾਇਕ ਪ੍ਰਾਪੇਗੰਡਾ ਕਰਨ ਵਾਲੇ ਸਹਿਮਤ ਹੋਣਗੇ।

# ਪ੍ਰੋਫੈਸਰ ਹਿਊ ਜਾਨਸਟਨ ਦੀ ਖੋਜ ਭਰਪੂਰ ਕਿਤਾਬ 'ਕਾਮਾਗਾਟਾ ਮਾਰੂ ਦੀ ਇਤਿਹਾਸਕ ਯਾਤਰਾ' ਦੇ ਪੰਜਾਬੀ ਛਾਪ ਬਾਰੇ ਉਠੇ ਸਵਾਲਾਂ ਦਾ ਸੰਖੇਪ ਜਵਾਬ

**ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਊਂਡੇਸ਼ਨ ਵਲੋਂ**

ਕਾਮਾਗਾਟਾ ਮਾਰੂ ਦੀ ਇਤਹਾਸਕ ਯਾਤਰਾ ਦੇ ਪੰਜਾਬੀ ਵਿਚ ਛਪਣ ਤੇ ਕੁੱਝ ਸੱਜਣਾਂ ਨੂੰ ਬੜਾ ਭਾਰੀ ਦਰਦ ਹੋਇਆ ਹੈ। ਇਹ ਕਿਤਾਬ ਪ੍ਰੋਫੈਸਰ ਹਿਊ ਜਾਨਸਟਨ ਦੀ 35 ਸਾਲਾਂ ਦੀ ਮਿਹਨਤੀ ਖੋਜ ਦਾ ਨਤੀਜਾ ਹੈ। ਜਿਸ ਨੂੰ ਉਸ ਦੀ ਸਮੁੱਚਤਾ ਵਿਚ ਪੰਜਾਬੀ ਲੋਕਾਂ ਤੱਕ ਪੁਚਾਉਣ ਦੀ ਇਕ ਨਿਗੂਣੀ ਪਰ ਸੁਹਿਰਦ ਕੋਸ਼ਿਸ਼ ਹੈ। ਕਿਉਂ ਕਿ ਅੱਜ ਕੱਲ ਇਕ ਚੱਲਣ ਭਾਰੂ ਹੋ ਰਿਹਾ ਹੈ ਕਿ ਇਧਰੋਂ ਉਧਰੋਂ ਮਨਮੁੱਖਤਾ ਨਾਲ ਨਕਲ ਕਰਕੇ ਉਸ ਨੂੰ 'ਅਸਲ' ਦੇ ਨਾਂ ਹੇਠ ਮਾਰਕਿਟ ਕੀਤਾ ਜਾਂਦਾ ਹੈ। ਜਦ ਕਿ ਇਤਿਹਾਸ ਗੰਭੀਰਤਾ ਮੰਗਦਾ ਹੈ, ਮਨਮਤੀਆਂ ਨਹੀਂ।

ਸੰਪਾਦਕੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਏ ਇਹ ਪ੍ਰਕਾਸ਼ਨ ਉਹਨਾਂ ਦੋ ਪਰਿਵਾਰਾਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਸੌ ਸਾਲ ਪਹਿਲਾਂ ਹਿੰਦਸਤਾਨੀ ਪਰਿਵਾਰਾਂ ਦੇ ਕੈਨੇਡਾ ਵਸਣ ਦੇ ਹੱਕਾਂ ਲਈ ਲੜਦੇ ਹੋਏ ਕੁਰਬਾਨੀ ਦਿੱਤੀ। ਉਹ ਮਹਾਨ ਵਿਅਕਤੀ ਹਨ ਭਾਈ ਭਾਗ ਸਿੰਘ ਭਿਖੀਵਿੰਡ ਤੇ ਭਾਈ ਬਲਵੰਤ ਸਿੰਘ ਖੁਰਦਪੁਰ। ਜਿਸ ਦਾ ਫਲ ਅੱਜ ਸਭ ਹਿੰਦਸਤਾਨੀ ਮਾਣ ਰਹੇ ਹਨ, ਜਿਨ੍ਹਾਂ ਪ੍ਰਤੀ ਅੱਜ ਦੀ ਪੀੜ੍ਹੀ ਅਵੇਸਲੀ ਹੈ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਜਿਸ ਚੇਤਨਤਾ ਦਾ ਪ੍ਰਗਟਾਵਾ ਸਾਡੀ ਉਸ ਪੀੜ੍ਹੀ ਨੇ ਕੀਤਾ ਉਹ ਮਹਾਨ ਆਗੂਆਨਾ ਇਤਿਹਾਸਕ ਕਾਰਜ ਸੀ ਜਿਸ ਨੇ ਅਜ਼ਾਦੀ ਦੇ ਸਕੰਲਪ ਨੂੰ ਵਿਸ਼ਾਲ ਕੀਤਾ ਤੇ ਅੰਗਰੇਜ਼ੀ ਸਾਮਰਾਜ ਦੇ ਖਾਸੇ ਨੂੰ ਉਘਾੜਿਆ। ਇਸ ਤਰ੍ਹਾਂ ਦੁਨੀਆ ਭਰ ਵਿਚ ਨਵੇਂ ਮਨੁੱਖੀ ਅਜ਼ਾਦੀ ਦੇ ਵਿਚਾਰ ਤੇ ਸੰਘਰਸ਼ਾਂ ਨਾਲ ਆਤਮਸਾਤ ਕਰਦੇ ਹੋਏ ਚੇਤੰਨਤਾ ਦੀ ਮਹਾਨ ਪਲਾਂਗ ਪੁੱਟੀ। 1907 ਦੀ 'ਪੱਗੜੀ ਸੰਭਾਲ ਜੱਟਾ' ਲਹਿਰ ਤੋਂ ਲੈ ਕੇ ਵਿਦੇਸ਼ਾਂ ਵਿਚ ਹਿੰਦਵਾਸੀਆਂ ਵਲੋਂ ਚਲਾਈਆਂ ਸਾਮਰਾਜ ਵਿਰੋਧੀ ਲਹਿਰਾਂ ਇਸ ਵਿਸ਼ਾਲਤਾ ਦੀ ਨਿਗਰ ਮਿਸਾਲ ਹਨ। ਇਸ ਨੂੰ ਸਮਝਣ ਤੇ ਸਿਖਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹਨਾਂ ਦੀਆਂ ਮੂਲ ਲਿਖਤਾਂ ਵਾਚੀਆਂ ਜਾਣ। ਜਿਸ ਦੀ ਮਿਸਾਲ ਵਜੋਂ ਸਰਦਾਰ ਅਜੀਤ ਸਿੰਘ, ਸੂਫੀ ਅੰਬਾ ਪ੍ਰਸਾਦ ਤੇ ਲਾਲ ਚੰਦ ਫਲਕ ਦੀਆਂ ਲਿਖਤਾਂ ਵਿਚੋਂ ਇਕ 'ਦੇਸ਼ ਪ੍ਰੇਮੀ' ਨੂੰ ਉਰਦੂ ਮੂਲ ਦਾ ਤਰਜਮਾਂ ਕਰਕੇ ਵੀ ਛਾਪੀਆਂ ਹੈ। ਉਸ ਦੌਰ ਦਾ ਇਹ ਬਹੁਮੁਲਾ ਇਤਿਹਾਸਕ ਖਜ਼ਾਨਾ ਅਣਗੌਲਿਆ ਤੇ ਗੁੰਮ ਪਿਆ ਹੈ। ਜਿਸ ਕਰਕੇ ਅਸੀਂ ਸਮੁੱਚਤਾ ਵਿਚ ਸਮਝਣ, ਦੇਖਣ ਪਰਖਣ ਵਿਚ ਅਸਮਰਥ ਰਹਿੰਦੇ ਹਾਂ। ਇਤਿਹਾਸ ਇਕ ਗੰਭੀਰ ਵਿਸ਼ਾ ਹੈ ਜਿਸ ਪ੍ਰਤੀ ਮਨਮੁਖਤਾ ਤੇ ਉਦਾਸੀਨਤਾ ਨਹੀਂ ਵਰਤੀ ਜਾ ਸਕਦੀ।

ਅੰਗਰੇਜ਼ਾਂ ਵਲੋਂ ਤੇ ਅੰਗਰੇਜ਼ ਪੱਖੀਆਂ ਵਲੋਂ ਜੋ ਪ੍ਰਚਾਰ ਹੋਇਆ ਉਹ ਅੱਜ ਵੀ ਬਹੁਤ ਅਸਾਨੀ ਨਾਲ ਮਿਲਦਾ ਹੈ। ਜਿਸ ਪ੍ਰਚਾਰ ਨਾਲ ਉਨ੍ਹਾਂ ਨੇ ਉਸ ਵੇਲੇ ਦੇ ਦੇਸ਼ ਪ੍ਰੇਮੀਆਂ ਵਿਰੁੱਧ ਲੋਕ ਮਾਨਸਿਕਤਾ ਨੂੰ ਪ੍ਰਭਾਵਿਤ ਕਰਨ ਤੇ ਦੇਸ਼ ਪ੍ਰੇਮੀਆਂ ਨੂੰ ਨਿੰਦਣ ਲਈ ਗਲਤ ਬਿਆਨੀ ਤੇ ਭੁਲੇਖਿਆਂ ਨੂੰ ਪ੍ਰਚਾਰੀਆ। ਅੱਜ ਦੀਆਂ ਭੁਲੇਖਾ ਪਾਉ ਲਿਖਤਾਂ ਦਾ ਅਧਾਰ ਇਹੀ ਹੈ। ਇਹ ਹੈਰਾਨੀ ਪੈਦਾ ਕਰਦੀ ਹੈ ਜਿਸ ਦਲੀਲ ਨੂੰ ਮਾਇਕਲ-ਓ-ਡਵਾਇਰ ਨੇ ਇਹਨਾਂ ਦੇਸ਼ ਪ੍ਰੇਮੀਆਂ ਲਈ ਵਰਤਿਆ, ਉਹੀ ਦਲੀਲ ਅੱਜ ਹੁੱਬ ਕਿ ਵਰਤੀ ਜਾਂਦੀ ਹੈ। ਅੰਗਰੇਜ਼ ਸਾਮਰਾਜ ਦੀ ਨੀਤੀ ਸੀ ਕਿ ਪਹਿਚਾਨ ਨੂੰ ਧਰਮਾਂ, ਜਾਤਾਂ ਨਾਲ ਜੋੜਿਆ ਜਾਵੇ ਜਦ ਕਿ ਦੇਸ਼ ਪ੍ਰੇਮੀਆਂ ਨੇ ਪਹਿਚਾਨ ਆਪਣੇ ਪਿੰਡ ਤੇ ਹਿੰਦ ਨੂੰ ਬਣਾਇਆ।

ਸੰਪਾਦਕੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਇਸ ਅਨੁਵਾਦ ਨੂੰ ਹੱਥ ਲਿਆ ਗਿਆ ਸੀ। ਸੰਪਾਦਿਕ ਦੇ ਤੌਰ 'ਤੇ ਪੂਰੀ ਸੁਹਿਰਦਤਾ ਨਾਲ ਲੇਖਕ ਦੇ ਸੰਪੂਰਨ ਤੱਤ, ਭਾਵ ਤੇ ਪੇਸ਼ਕਾਰੀ ਨੂੰ ਬਰਕਰਾਕ ਰੱਖਿਆ ਹੈ। ਅਸੀਂ ਇਸ ਗੱਲ ਪ੍ਰਤੀ ਚੇਤੰਨ ਹਾਂ ਕਿ ਅਨੁਵਾਦ ਮੱਖੀ ਤੇ ਮੱਖੀ ਮਾਰਨਾ ਜਾਂ ਕਲਰਕੀ ਨਹੀਂ ਹੁੰਦੀ ਸਗੋਂ ਇਕ ਕਿਰਿਆਤਮਕ ਕੰਮ ਹੈ। ਜੋ ਪਾਠਕ ਦੀ ਸਮਝਦਾਰੀ ਨੂੰ ਉਚੇਰੇ ਕਰਨ ਦੀ ਜ਼ਿੰਮੇਵਾਰੀ ਵੀ ਹੈ। ਇਸੇ ਮਨਸ਼ੇ ਨਾਲ ਲੇਖਕ ਦੇ ਸ਼ਾਹਕਾਰ ਕੰਮ ਨੂੰ ਸਮੁੱਚਤਾ ਵਿਚ ਲਿਆਂਦਾ ਹੈ।

ਅਸੀਂ ਇਸ ਕਿਤਾਬ ਰਾਹੀਂ ਯੂਨੀਵਰਸਿਟੀਆਂ ਦੇ ਸਕਾਲਰਾਂ, ਲਹਿਰਾਂ ਅਤੇ ਇਤਿਹਾਸ ਬਾਰੇ ਲਿਖਣ ਵਾਲਿਆਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਾਉਣਾ ਚਾਹੀਆ ਹੈ ਕਿ ਇਤਿਹਾਸ ਨੂੰ ਮਿਥਹਾਸ ਬਣਾਉਣ ਦੀ ਬਿਰਤੀ ਤੋਂ ਬਚਿਆ ਜਾਵੇ। ਇਸ ਲਈ ਇਕ ਵਿਗਿਆਨਿਕ ਪਹੁੰਚ ਕੀ ਤੇ ਕਿਵੇ ਹੋਣੀ ਚਾਹੀਦੀ ਹੈ, ਇਹ ਖੋਜਕਾਰਜ ਇਹੋ ਸਿਖਾਉਂਦਾ ਹੈ। ਹਰ ਘਟਨਾ ਦਾ ਸਮੁਚਤਾ ਵਿਚ ਅਧਿਅਨ, ਮੁਲਅੰਕਣ ਤੇ ਪੇਸ਼ਕਾਰੀ ਕਿਵੇਂ ਹੋਣੀ ਚਾਹੀਦੀ ਹੈ, ਹਿਊ ਜਾਨਸਟਨ ਤੋਂ ਸਿਖਣ ਵਾਲੀ ਹੈ। ਕਿਉਂਕਿ ਅੱਧਾ ਸੱਚ ਤੇ ਇਕ ਪਾਸੜਤਾ ਇਤਿਹਾਸਕ ਸੱਚਾਈ ਨਾਲ ਬੇਇਨਸਾਫੀ ਹੁੰਦੀ ਹੈ ਜਿਸ ਦੀ ਲਾਗ ਅਨਜਾਣੇ ਜਾਂ ਜਾਣੇ ਅੰਗਰੇਜ਼ ਸਾਮਰਾਜ ਦੀ ਪਿਉਂਦੀ ਦਿਮਾਗੀ ਗੁਲਾਮੀ ਵਿਚੋਂ ਉਪਜੀ ਹੈ।

ਇਸ ਲਈ ਉਹਨਾਂ ਨੂੰ ਜਿਨ੍ਹਾਂ ਨੇ ਗੈਰ ਦਿਆਨਤ ਦਾਰੀ ਦਾ ਪ੍ਰਗਟਾਵਾ ਕਰਦੇ ਹੋਏ ਘਿਨੌਣੀ ਟਿੱਪਣੀ ਕੀਤੀ ਹੈ, ਉਹਨਾਂ ਤੇ ਹੋਰ ਚੇਤਨ ਪਾਠਕਾਂ ਨੂੰ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਜੀ ਦੀ ਆਪਣੀ ਲਿਖੀ 'ਜ਼ੁਲਮੀ ਕਥਾ ਨੰਬਰ 2' ਜੋ ਕਿ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਜੂਨ 2002 ਵਿਚ ਛਪੀ ਹੈ, ਪੜ੍ਹਨ ਦੀ ਸਿਫਾਰਸ਼ ਕਰਾਂਗੇ। ਉਨ੍ਹਾਂ ਦੇ ਆਪਣੇ ਸ਼ਬਦਾਂ ਨੂੰ ਜੋ ਸਫਾ 223-224-225-226 'ਤੇ ਦਰਜ ਹਨ, ਨੂੰ ਗੋਹ ਨਾਲ ਵਾਚਿਆ ਜਾਵੇ। ਜਿਸ ਦੀ ਹੂ-ਬ-ਹੂ ਕਾਪੀ ਇਥੇ ਪੇਸ਼ ਹੈ।

**ਜਹਾਜ਼ ਦਾ ਸਫਰ**

ਇਸ ਗਲ ਦੇ ਲਿਖਨ ਦੀ ਕੋਈ ਜ਼ਿਆਦਾ ਲੋੜ ਪ੍ਰਤੀਤ ਨਹੀਂ ਹੁੰਦੀ, ਕਿ ਹਿੰਦੋਸਤਾਨੀ ਭਰਾ ਕੈਨੇਡਾ ਪਹੁੰਚਨ ਲਈ ਕਿਸ ਖਾਹਿਸ਼ ਨਾਲ ਅਪਨੇ ਵਤਨ ਤੋਂ ਚਲ ਕੇ ਕਲਕਤੇ, ਹਾਂਗ ਕਾਂਗ ਟਾਪੂਆਂ ਵਿਚ ਰੁਲਦੇ ਰਹਿੰਦੇ ਹਨ। ਪਿਛਲੇ ਸਾਲ ਤੋਂ ਕੋਈ ਦੋ ਸੌ ਭਰਾ ਹਾਂਗ ਕਾਂਗ ਦੇ ਗੁਰਦਵਾਰੇ ਵਿਚ ਇਸ ਉਡੀਕ ਵਿਚ ਬੈਠ ਰਹੇ ਸਨ, ਕਿ ਜਦੋਂ ਕੋਈ ਕੰਪਨੀ ਟਿਕਟ ਦੇਵੇ, ਤੇ ਕੈਨੇਡਾਂ ਪਹੁੰਚੀਏ, ਪਰ ਬਦਕਿਸਮਤ ਹਿੰਦ ਵਾਸੀਆਂ ਨੂੰ ਕਿਸੇ ਕੰਪਨੀ ਨੇ ਟਿਕਟ ਨ ਦਿਤਾ। ਇਤਫਾਕ ਨਾਲ ਸ੍ਰ: ਗੁਰਦਿਤ ਸਿੰਘ ਜੀ ਸਿੰਘਾ ਪੁਰ ਤੋਂ ਹਾਂਗ ਕਾਂਗ ਕਿਸੇ ਅਪਨੇ ਮਤਲਬ ਲਈ ਆਏ, ਅਰ ਗੁਰਦਵਾਰੇ ਵਿਚ ਹਿੰਦ ਵਾਸੀਆਂ ਦੀ ਇਹ ਹਾਲਤ ਦੇਖ ਕੇ ਭਰਾਵਾਂ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਮੈਂ ਤੁਹਾਨੂੰ ਕਿਸੇ ਤਰੀਕੇ ਨਾਲ ਕੈਨੇਡਾ ਜ਼ਰੂਰ ਪਹੁੰਚਾਵਾਂਗਾ। ਇਸ ਲਈ ਸ੍ਰ: ਜੀ ਨੇ ਕੋਮਾਂ ਗਾਟਾ ਮਾਰੂ ਜਹਾਜ਼ ਚਾਰਟਰ ਕਰਵਾਇਆ। ਜਦ ਆਪ ਜਹਾਜ਼ ਦੀਆਂ ਤਿਆਰੀਆ ਵਿਚ ਸਨ ਤਾਂ ਪੋਲੀਸ ਕੈਪਟਨ ਵਲੋਂ ਕਈ ਤਰ੍ਹਾਂ ਦੀਆਂ ਤਕਲੀਫਾਂ ਮਿਲੀਆਂ, ਪਰ ਸ੍ਰ: ਜੀ ਕਨੂੰਨ ਦੇ ਵਿਰੁਧ ਨ ਹੋਏ ਦੇਖ ਕਰਕੇ ਪੋਲੀਸ ਨੂੰ ਵਾਪਸ ਹਟਨਾ ਪਿਆ। ਆਪ ਨੂੰ ਪੈਸਿੰਜਰ ਸਾਰਟੀ ਫਟੇਕ ਲੈਣ ਵਾਸਤੇ ਭੀ ਬੜੀਆਂ ਤਕਲੀਫਾਂ ਹੋਈਆਂ, ਪੰਜ ਛੇ ਰੋਜ਼ ਹਾਂਗ ਕਾਂਗ ਠੈਹਰਨਾ ਪਿਆ, ਜਿਸ ਦੇ ਕਾਰਨ ਸਰਕਾਰ ਹਾਂਗ ਕਾਂਗ ਨੂੰ ੨੦ ਹਜ਼ਾਰ ਡਾਲਰ ਰੋਜ਼ਾਨਾ ਹਰਜਾਨਾ ਦਾ ਨੋਟਸ ਦਿੰਦੇ ਰਹੇ। ਕਾਲੋਨੀਅਤ ਸਕਤ੍ਰ ਨੂੰ ਲਾਚਾਰ ਸਰਟੀ ਫਿਕਟ ਦੇਨਾਂ ਹੀ ਪਿਆ। ਜਹਾਜ਼ ਤੁਰਦੇ ਸਮੇਂ ਇਕ ਅਜੀਬ ਨਜਾਰਾ ਸੀ, ਫੌਜੀ ਵਾਜੇ, ਤੇ ਸਿਗਹੀ ਤੇ ਕਈ ਫੌਜੀ ਕੰਪਨੀਆ ਹਾਜ਼ਰ ਸਨ। ਜਹਾਜ਼ ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਤੇ ਅਲੀ ੨ ਦੇ ਨਾਹਰਿਆਂ ਦੀ ਸਲਾਮੀ ਨਾਲ ਕੂਚ ਕੀਤਾ। ਭਾਵੇਂ ਇਕ ਓਹ ਵਕਤ ਸੀ ਕਿ ਹਿੰਦੁਸਤਾਨੀ ਕੌਮਾਂ ਅਪਨੇ ਧਰਮ ਅਸਥਾਨਾਂ ਤੋਂ ਲੜਦੀਆਂ ਸਨ, ਨਫਰਤ ਨਾਲ ਦੂਰ ਦੂਰ ਰਹਿੰਦੀਆਂ ਸਨ, ਅਜ ਏਹ ਵਕਤ ਹੈ ਕਿ ਕੋਮਾ ਗਾਟਾ ਮਾਰੂ ਜਹਾਜ਼ ਵਿਚ ਇਕ ਤਰਫ ਗੁਰਦਵਾਰਾ ਤੇ ਦੂਜੀ ਤਰਫ ਮਸੀਤ ਹੈ ਕਈ ਮੁਸੀਬਤਾਂ ਝਲਦਾ ਹੋਇਆ ਅਜ ਏਹ ਜਹਾਜ਼ ਵੈਨ ਕੋਵਰ ਦੇ ਘਾਟ ਪਾਸ ਆਨ ਪੁੱਜਾ ਹੈ। ਇਸ ਜਹਾਜ਼ ਦਾ ਫੈਸਲਾ ਕੇਵਲ ੩੭੬ ਹਿੰਦ ਵਾਸੀਆਂ ਦਾ ਫੈਸਲਾ ਨਹੀਂ ਹੈ। ਬਲਕਿ ੩੩ ਕਰੋੜ ਹਿੰਦੁਸਤਾਨੀਆਂ ਦੀ ਕਿਸਮਤ ਦਾ ਫੈਸਲਾ ਹੈ। ਕੁਝ ਹਿੰਦੁਸਤਾਨ ਦੀਆਂ ਅਖਾਂ ਇਸ ਜਹਾਜ਼ ਦੇ ਫੈਸਲੇ ਵਲ ਲਗ ਰਹੀਆਂ ਹਨ। ਐ ਸੱਚੇ ਹਿੰਦੁਸਤਾਨੀ ਭਰਾਓ ਤੁਹਾਡਾ ਫਰਜ਼ ਹੈ ਕਿ ੩੩ ਕਰੋੜ ਹਿੰਦੁਸਤਾਨੀ ਬਾਕੀ ਕਿਸਮਤ ਦਾ ਫੈਸਲਾ

**ਅਪੀਲ**

੧ਓ ਸਤਿਗੁਰ ਪ੍ਰਸਾਦਿ ॥

"ਸੂਰਾ ਸੋ ਪਹਿਚਾਨੀਐ ਜੋ ਲੜੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟ ਮਰੇ ਕਬਹੂ ਨ ਛੋਡੇ ਖੇਤ"

ਐ ਹਿੰਦ ਦੇ ਬਹਾਦਰੋ ਆਪ ਨੇ ਦੇਖ ਅਤੇ ਸੁਣ ਲਿਆ ਹੋਵੇਗਾ ਕਿ ਜਿਸ ਜਹਾਜ਼ ਦੀਆ ਉਡੀਕਾਂ ਅਸੀਂ ਚਿਰਾਂ ਤੋਂ ਕਰ ਰਹੇ ਸਾਂ ਓਸ ਕੰਪਨੀ ਦਾ ਜਹਾਜ਼ ਕੋਮਾ ਗਾਟਾ ਮਾਰੂ ੨੩ ਮਈ ੧੯੧੪ ਨੂੰ ਵੈਨ ਕੋਵਰ ਕੈਨੇਡਾ ਵਿਚ ਪਹੁੰਚ ਗਿਆ ਹੈ। ਜਿਸ ਵਿਚ ੩੭੬ ਹਿੰਦ ਵਾਸੀ ਸਵਾਰ ਸਨ ਇਮੀ ਗ੍ਰੇਸ਼ਨ ਵਾਲਿਆਂ ਨੇ ਅਜੇ ਤਾਈਂ ਕੋਈ ਫੈਸਲਾ ਨਹੀਂ ਕੀਤਾ, ਜਿਸ ਦੇ ਕਾਰਨ ਕੋਈ ਭੀ ਹਿੰਦ ਵਾਸੀ ਉਨ੍ਹਾਂ ਨੂੰ ਨਹੀਂ ਮਿਲ ਸਕਦਾ। ਜਹਾਜ਼ ਦੇ ਇਰਦ ਗਿਰਦ ਸਮੁੰਦਰ ਵਿਚ ਪੋਲੀਸ ਦੇ ਪੈਹਰੇ ਲਗੇ ਹੋਏ ਹਨ। ਏਥੋਂ ਤਕ ਕਿ ਹਿੰਦ ਵਾਸੀਆਂ ਦਾ ਵਕੀਲ ਭੀ ਜਹਾਜ਼ ਵਿਚ ਨਹੀਂ ਜਾ ਸਕਦਾ। ਏਸ ਬੇ-ਇਨਸਾਫੀ ਨੂੰ ਦੇਖ ਕੇ ਹਿੰਦੁਸਤਾਨੀ ਖੂਨ ਜੋਸ਼ ਮਾਰ ਰਿਹਾ ਹੈ। ਵੈਨਕੋਵਰ ਦੇ ਇਲਾਕੇ ਵਿਚ ਬੜੀ ਤੇਜੀ ਨਾਲ ਭਰਾ ਮਾਇਆ ਅਕਠੀ ਕਰ ਰਹੇ ਹਨ। ਕਿਉਂਕਿ ਇਮੀਗ੍ਰੇਸ਼ਨ ਵਾਲੇ ਏਹ ਦਾਉ ਖੇਡ ਰਹੇ ਹਨ ਕਿ ਜਹਾਜ਼ ਵਾਪਸ ਕੀਤਾ ਜਾਵੇ, ਪਰ ਕੈਨੇਡਾ ਦੇ ਹਿੰਦੁਸਤਾਨੀਆਂ ਦੇ ਦਿਲਾਂ ਵਿਚ ਏਹ ਲੈਹਰ ਚਲ ਰਹੀ ਹੈ, ਕਿ ਅਸੀਂ ਇਮੀਗ੍ਰੇਸ਼ਨ ਤੋਂ ਕਦੇ ਨ ਹਾਰ ਖਾਨ ਵਾਲੇ ੩੭੬ ਹਿੰਦ ਵਾਸੀਆਂ ਨੂੰ ਕਦੇ ਵਾਪਸ ਨ ਜਾਨ ਦਿਆਂਗੇ। ਵੈਨਕੋਵਰ ਅਟਾਵਾ ਤੇ ਲੰਡਨ ਦੀਆਂ ਦੀਵਾਰਾਂ ਤਕ ਮੁਕਾਬਲਾ ਕਰਨ ਨੂੰ ਤਿਆਰ ਬੈਠੇ ਹਾਂ। ਇਸ ਖਿਆਲ ਨੂੰ ਲੈ ਕੇ ਹਰਿ ਇਕ ਸਜਨ ਖੁਲ੍ਹੇ ਦਿਲ ਨਾਲ ਮੁਕਾਬਲੇ ਲਈ ਮਾਇਆ ਇਕਤਰ ਕਰ ਰਿਹਾ ਹੈ ਕਿਉਂਕਿ ਇਸ ਵਕਤ ਏਹ ਸਵਾਲ ਸਾਡੇ ਸਾਮ੍ਹਨੇ ਸਾਡੀ ਜ਼ਿੰਦਗੀ ਤੇ ਮੌਤ ਦਾ ਹੈ। ਦੁਨੀਆਂ ਦੀਆਂ ਅੱਖਾਂ ਇਸ ਕੋਮਾਂ ਗਾਟਾ ਮਾਰੂ ਜਹਾਜ਼ ਵਲ ਲਗ ਰਹੀਆਂ ਹਨ। ਇਸਦਾ ਫੈਸਲਾ ਦੁਨੀਆਂ ਦੀਆਂ ਤਵਾਰੀਖਾਂ ਵਿਚ ਯਾਦਗਾਰ ਰਹੇਗਾ ਇਹ ਵਕਤ ਸਾਡੇ ਵਾਸਤੇ ਹਿੰਮਤ, ਜਥੇਬੰਦੀ ਦਲੇਰੀ ਅਤੇ ਮਰਦਾਨਗੀ ਦਾ ਪੁਜਾ ਹੈ। ਕਿਉਂਕਿ ਉਪਰ ਲਿਖੀਆਂ ਗਲਾਂ ਦੇ ਮੁਤਾਬਕ ਇਹ ਸਾਡੇ ਇਮਤਿਹਾਨ ਦਾ ਆਖਰੀ ਪਰਚਾ ਹੈ। ਸੋ ਐ-ਮਾਦਰੇ ਹਿੰਦ ਦੇ ਸਪੁੱਤਰੋ ਏਹ ਵਕਤ ਸੱਚ ਮੁੱਚ ਹੀ ਇਮਤਿਹਾਨ ਦਾ ਆ ਪੁਜਾ ਹੈ। ਇਸ ਲਈ ਹੁਣ ਗਲਾਂ ਦਾ ਸਮਾਂ ਨਹੀਂ, ਸਗੋਂ ਕੰਮ ਕਰਕੇ ਦਿਖਾਉਣਾ ਹੈ। ਇਸ ਕੰਮ ਲਈ ਘਟ ਤੋਂ ਘਟ ੨੫ ਡਾਲਰ ਦੀ ਲੋੜ

੨੨੬ ਜ਼ੁਲਮੀ ਕਥਾ - II

ਹੈ। ਸੋ ਆਪ ਇਸ ਫਰਜ਼ ਨੂੰ ਸਮਝਦੇ ਹੋਏ ਇਸ ਪਤ੍ਰ ਨੂ ਦੇਖਣ ਸਾਰ ਹੀ ਮਾਇਆ ਦੇ ਗਹਿਰੇ ਗਫਿਆਂ ਦੀ ਕੁਰਬਾਨੀ ਕਰੋ। ਭਾਈ ਬਲਵੰਤ ਸਿੰਘ ਜੀ ਜੇਹੜੇ ਕੈਨੇਡਾ ਦੇ ਹਿੰਦੁਸਤਾਨੀਆਂ ਦੀ ਤਰਫੋਂ ਉਨ੍ਹਾਂ ਦੀਆਂ ਤਕਲੀਫਾਂ ਦੂਰ ਕਰਾਉਨ ਲਈ ਹਿੰਦ ਵਿਚ ਆਏ ਸਨ ਓਹ ਵਾਪਸ ਕੈਨੇਡਾ ਪੁੱਜ ਗਏ ਹਨ। ਉਨ੍ਹਾਂ ਭਰਾਵਾਂ ਦੇ ਨਾਮ ਜੇਹੜੇ ਇਸ ਜਹਾਜ਼ ਵਿਚ ਬੰਦ ਸਨ ਨੀਚੇ ਪ੍ਰਗਟ ਕੀਤੇ ਜਾਂਦੇ ਹਨ।

ਨੋਟ - ਇਹ ਉਪਰਲੀ ਅਪੀਲ ਉਨ੍ਹਾਂ ਹਿੰਦੁਸਤਾਨੀਆਂ ਦੇ ਬਹਾਦਰ ਸਪੁੱਤਰਾਂ ਦੀ ਹੈ ਜੋ ਹਿੰਦ ਦੇ ਨਾਮ ਤੇ ਬਾਲ ਬਾਲ ਕੁਰਬਾਨ ਹੋ ਰਹੇ ਹਨ। ਜੇਹੜੇ ਹਿੰਦ ਵਿਚ ਰੈਂਹਦੇ ਹਿੰਦੁਸਤਾਨੀ ਅਥਵਾ ਸਿੱਖ ਕੋਮਾ ਗਾਟਾ ਮਾਰੂ ਤੇ ਦੂਸ਼ਨ ਲਾਉਂਦੇ ਸਨ ਤੇ ਇਨ੍ਹਾਂ ਮੁਸਾਫਰਾਂ ਨੂੰ ਅਸਿਖ ਕੈਂਹਦੇ ਸਨ, ਪੜ੍ਹਕੇ ਸ਼ਰਮ ਵਿਚ ਡੁਬ ਮਰਨ ਕਿ ਜਹਾਜ਼ ਬਾਬਤ ਸੱਚੇ ਹਿੰਦੀਆਂ ਦਾ ਕੀ ਖਿਆਲ ਸੀ ਤੇ ਆਪ ਵਲੋਂ ਕੀ ਹਮਦਰਦੀ ਹੋਈ। ਆਪ ਦੇ ਜਨਮ ਤੇ ਸ਼ਾਬਾਸ਼!

| ਗਿਣਤੀ | ਨਾਮ | ਪਿੰਡ | ਜਿਲ੍ਹਾ |
|---|---|---|---|

ਇਹ ਸਪੱਸ਼ਟ ਕਰਦਾ ਹੈ ਕਿ ਬਾਬਾ ਜੀ ਤੇ ਕਾਮਾਗਾਟਾ ਮਾਰੂ ਦੇ ਮੁਸ਼ਾਫਰ ਸਮੁੱਚੀ ਮਨੁੱਖਤਾ ਦੀ ਲੜਾਈ ਦੇ ਉਚੇ ਅਕੀਦੇ ਨੂੰ ਪ੍ਰਨਾਏ ਹੋਏ ਸਨ। ਉਹ ਸਨ ਜਾਤੀ, ਪਾਤੀ, ਧਰਮ ਤੇ ਵੱਖਰੀ ਪਹਿਚਾਨ ਤੋਂ ਮੁਕਤ ਤੇ ਉਚੇਰੀ ਮਾਨਵਤਾ ਦੇ ਪ੍ਰਤੀਕ।

ਅਸੀਂ ਗੁਜਾਰਿਸ਼ ਕਰਾਂਗੇ ਕਿ ਮੂਲ ਅੰਗਰੇਜ਼ੀ ਤੇ ਪੰਜਾਬੀ ਵਿਚ ਉਪਲਬਧ ਇਸ ਕਿਤਾਬ ਨੂੰ ਪੜ੍ਹਕੇ ਇਸ ਖੋਜ ਕਾਰਜ ਤੇ ਸਾਰਥਿਕ ਚਰਚਾ ਕਰਨ।

# ਆਪੇ ਨੂੰ ਪਛਾਨਣ ਦੀ ਜ਼ਰੂਰਤ

**ਅਰਵਿੰਦਰ ਕੌਰ ਕਾਕੜਾ**

ਲੇਖਕ ਇੱਕ ਸੰਵੇਦਨਸ਼ੀਲ ਵਰਗ ਹੈ। ਸਮਾਜ ਵਿੱਚ ਵਾਪਰਦਾ ਹਰ ਵਰਤਾਰਾ ਉਸ ਨੂੰ ਪ੍ਰਭਾਵਿਤ ਕਰਦਾ ਹੈ। ਉਸ ਦੀ ਉਸ ਵਰਤਾਰੇ ਪ੍ਰਤੀ ਕੀ ਪਹੁੰਚ ਹੈ ਇਹ ਉਸ ਦੀ ਦ੍ਰਿਸ਼ਟੀ ਉਪਰ ਨਿਰਭਰ ਹੈ। ਪੰਜਾਬੀ ਸਾਹਿਤ ਬਾਰੇ ਅਕਸਰ ਹੀ ਇਹ ਕਿਹਾ ਜਾਂਦਾ ਹੈ ਕਿ ਇਹ ਹਮੇਸ਼ਾ ਹੀ ਲੋਕ ਹਿੱਤਾਂ ਦੀ ਗੱਲ ਕਰਦਾ ਆਇਆ ਹੈ। ਪੰਜਾਬ ਦੀ ਧਰਤੀ ਉੱਤੇ ਨਾਨਕ ਵਰਗੇ ਕਵੀਆਂ ਨੇ ਵੀ ਲੁੱਟੇ ਜਾ ਰਹੇ ਲੋਕਾਂ ਦੇ ਹੱਕ ਵਿੱਚ ਨਾਅਰਾ ਮਾਰਿਆ। ਸਾਡੀ ਭਗਤੀ ਲਹਿਰ ਦੀ ਕਵਿਤਾ ਤੋਂ ਲੈ ਕੇ ਹੁਣ ਤੱਕ ਦੀ ਕਵਿਤਾ ਵਿੱਚੋਂ ਇਹੋ ਜਿਹੇ ਅੰਸ਼ ਨਜ਼ਰ ਆਉਂਦੇ ਹਨ। ਕਵਿਤਾ ਹੀ ਨਹੀਂ ਸਾਹਿਤ ਦੀਆਂ ਹੋਰ ਵਿਧਾਵਾਂ ਵਿੱਚ ਵੀ ਲੋਕਾਂ ਦੀ ਆਜ਼ਾਦੀ ਤੇ ਹੱਕਾਂ ਦੀ ਗੱਲ ਕੀਤੀ ਗਈ ਹੈ। ਜਦੋਂ 1947 ਦੇ ਦੰਗੇ ਫ਼ਸਾਦ ਹੋਏ ਤਾਂ ਸਾਡੇ ਪੰਜਾਬੀ ਲੇਖਕਾਂ ਨੇ ਇਸ ਦਰਦ ਨੂੰ ਆਪਣੀ ਲੇਖਣੀ ਵਿੱਚ ਪੇਸ਼ ਕੀਤਾ। 1984 ਦੀਆਂ ਖ਼ੂਨੀ ਵਾਰਦਾਤਾਂ ਦਾ ਜਿਕਰ ਵੀ ਪੰਜਾਬੀ ਸਾਹਿਤ ਵਿਚ ਮਿਲਦਾ ਹੈ। ਇਹ ਸਭ ਕੁੱਝ ਵੇਖਦਿਆਂ ਸਾਨੂੰ ਆਪਣੇ ਸਾਹਿਤ ਉੱਤੇ ਮਾਣ ਜਾਗਦਾ ਹੈ ਪਰ ਅੱਜ ਇਥੇ ਸੋਚਣ ਦੀ ਗੱਲ ਇਹ ਹੈ ਕਿ ਅੱਜ ਜੋ ਸਮਾਜ ਵਿੱਚ ਲੋਕ ਵਿਰੋਧੀ ਵਰਤਾਰਾ ਵਾਪਰ ਰਿਹਾ ਹੈ, ਉਸ ਪ੍ਰਤੀ ਸਾਡੇ ਲੇਖਕਾਂ ਦਾ ਕੀ ਨਜ਼ਰੀਆ ਹੈ? ਕੀ ਲੇਖਕ ਆਵਾਜ਼ ਉਠਾ ਰਿਹਾ ਹੈ, ਜੇ ਹੈ ਤਾਂ ਕੀ ਇਹ ਸਾਰਾ ਕੁੱਝ ਲਿਖਤ ਤੱਕ ਹੀ ਸੀਮਤ ਹੈ ਜਾਂ ਨਹੀਂ। ਇੱਕ ਸਵਾਲ ਇਹ ਵੀ ਹੈ ਕਿ ਅੱਜ ਦਾ ਲੇਖਕ ਜੋ ਲਿਖਦਾ ਹੈ, ਉਹ ਹਕੀਕਤ ਵਿੱਚ ਅਜਿਹੀ ਸਥਿਤੀ ਨਾਲ ਜੂਝਣ ਤੋਂ ਕਿਉਂ ਕਤਰਾਉਂਦਾ। ਇਸ ਤਰਾਂ ਦੇ ਬਹੁਤ ਸਾਰੇ ਸੁਆਲ ਅੱਜ ਲੇਖਕ ਵਰਗ ਸਾਹਮਣੇ ਚੁਣੌਤੀ ਬਣ ਖੜੇ ਹਨ। ਲੋਕ ਜਵਾਬ ਚਾਹੁੰਦੇ ਹਨ ਕਿ ਲੇਖਕ ਦੀ ਸਮਾਜ ਵਿੱਚ ਕੀ ਭੂਮਿਕਾ ਹੈ?

ਇਸ ਸੁਆਲ ਉਸ ਸਮੇਂ ਵੀ ਉਠਿਆ ਜਦ ਜਲੂਰ ਕਾਂਡ ਦੇ ਸਬੰਧਿਤ ਕਾਤਲਾਂ ਦੀ ਗ੍ਰਿਫ਼ਤਾਰੀ ਲਈ ਪ੍ਰਸ਼ਾਸ਼ਨ ਵਿਰੁੱਧ ਲਗਾਤਾਰ ਚੱਲ ਰਹੇ ਧਰਨੇ ਵਿੱਚ ਲੋਕਾਂ ਦੇ ਹੱਕਾਂ ਦੀ ਹਮਾਇਤ ਕਰਨ ਲੇਖਕ ਵਰਗ ਨਾ ਆਇਆ। ਅੱਜ ਅਖ਼ਬਾਰਾਂ ਵਿੱਚ ਜਲੂਰ ਕਾਂਡ ਇਕੱਲੇ ਪੰਜਾਬ ਵਿੱਚ ਹੀ ਨਹੀਂ, ਸੰਸਾਰ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸਮਾਜ ਦੇ ਦੱਬੇ-ਕੁਚਲੇ ਵਰਗ ਦੇ ਲੋਕ ਆਪਣੇ ਹੱਕ ਮੰਗਦੇ ਹੋਏ ਕਈ ਦਿਨਾਂ ਤੋਂ ਸੰਗਰੂਰ ਵਿੱਚ ਧਰਨਾ ਲਾਈ ਬੈਠੇ ਹਨ। ਜਲੂਰ ਵਿਚ ਵਾਪਰੀ ਇਸ ਦਰਦਨਾਕ ਘਟਨਾ ਨੇ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕਾਨੂੰਨ ਮੁਤਾਬਕ ਆਪਣੇ ਹਿੱਸੇ ਦੀ ਤੀਜਾ ਹਿੱਸਾ ਜ਼ਮੀਨ ਦੀ ਮੰਗ ਕਰਦੇ ਬੇਜ਼ਮੀਨੇ ਦਲਿਤ ਲੋਕਾਂ ਉੱਪਰ ਜੋ ਵਹਿਸ਼ਿਪੁਣੇ ਦੀ ਬਰਸਾਤ ਹੋਈ ਉਸ ਨੂੰ ਸੁਣ ਕੇ ਹਰ ਇੱਕ ਲੋਕ-ਪੱਖੀ ਵਿਅਕਤੀ ਦਾ ਦਿਲ ਕੰਬ ਜਾਂਦਾ ਹੈ। ਇੰਝ ਲੱਗਦਾ ਹੈ ਕਿ ਦਹਿਸ਼ਤ ਦੇ ਬੱਦਲ ਮੁੜ-2 ਮੰਡਰਾਅ ਰਹੇ ਹਨ। ਜਦੋਂ ਜਲੂਰ ਦੇ ਇਸ ਕਾਮੇ ਵਰਗ ਨੇ ਆਪਣੇ ਹੱਕ ਖੋਹਣ ਲਈ ਬਗ਼ਾਵਤ ਕੀਤੀ ਤਾਂ ਪਿੰਡ ਦੇ ਧਨਾਢਾਂ ਨੇ ਸਿਤਮ ਦੀਆਂ ਸਭ ਹੱਦਾਂ ਪਾਰ ਕਰ ਦਿੱਤੀਆਂ। ਜਿਸ ਨੂੰ ਸੁਣ ਕੇ ਸਾਡੇ ਰੌਂਗਟੇ ਖੜੇ ਹੋ ਜਾਂਦੇ ਹਨ। ਸ਼ਰੇਆਮ ਨਸ਼ੇ ਵਿੱਚ ਧੁੱਤ ਹੋ ਕੇ 200-250 ਧਨਾਢਾਂ ਦੇ ਗੁੰਡਿਆਂ ਨੇ ਡਾਂਗਾਂ, ਗੰਡਾਸੇ, ਕਿਰਪਾਨਾਂ ਤੇ ਇੱਟਾਂ ਨਾਲ ਦਲਿਤਾਂ ਦੇ ਘਰਾਂ ਵਿੱਚ ਵੜ ਕੇ ਉਨਾਂ ਦੇ ਸਿਰ ਪਾੜੇ, ਘਰ ਤੋੜੇ, ਔਰਤਾਂ ਦੇ ਕੱਪੜੇ ਪਾੜੇ, ਉਹਨਾਂ ਨੂੰ ਗੰਦੀਆਂ ਗਾਲਾਂ ਕੱਢੀਆਂ ਅਤੇ ਡੰਗਰ ਪਸ਼ੂ ਜ਼ਖ਼ਮੀ ਕੀਤੇ। 13 ਸਾਲ ਦੇ ਬੱਚੇ ਦੇ ਸਿਰ ਤੇ ਕੁਹਾੜਾ ਮਾਰਨ ਤੋਂ ਬਾਅਦ 75 ਸਾਲ ਦੀ ਬਜ਼ੁਰਗ ਔਰਤ ਦੀ ਲੱਤ ਵੱਢ ਦਿੱਤੀ। ਉਹ ਬੀਬੀ ਗੁਰਦੇਵ ਕੌਰ ਨੂੰ ਇਸ ਸੰਸਾਰ ਤੋਂ ਫ਼ਾਨੀ ਹੋਇਆਂ ਹਫ਼ਤੇ ਤੋਂ ਜਿਆਦਾ ਵਕਤ ਹੋ ਗਿਆ, ਉਸ ਦਾ ਸੰਸਕਾਰ ਨਹੀਂ ਹੋ ਪਾਇਆ ਕਿਉਂਕਿ ਇਹ ਲੁੱਟਿਆ ਜਾ ਰਿਹਾ ਵਰਗ ਆਪਣਾ ਨਿਆਂ ਮੰਗ ਰਿਹਾ ਹੈ ਪਰ ਅਜੇ ਤੱਕ ਉਹਨਾਂ ਨੂੰ ਇਨਸਾਫ਼ ਨਹੀਂ ਮਿਲਿਆ ਕਿ ਪੁਲਿਸ ਗੁਰਦੇਵ ਕੌਰ ਦੇ ਕਾਤਲਾਂ ਨੂੰ ਫੜ ਕੇ ਪੇਸ਼ ਨਹੀਂ ਕਰ ਸਕੀ। ਆਪਣੇ ਕਾਰੋਬਾਰ ਛੱਡ ਕੇ ਪਰਿਵਾਰਾਂ ਸਮੇਤ ਛੋਟੇ-2 ਬੱਚਿਆਂ ਨੂੰ ਲੈ ਕੇ ਇਹ ਲੋਕ ਧਰਨੇ 'ਤੇ ਬੈਠੇ ਹਨ। ਬਹੁਤ ਸਾਰੀਆਂ ਲੋਕ ਪੱਖੀ ਜਥੇਬੰਦੀਆਂ ਇਨਾਂ ਦੀ ਹਮਾਇਤ ਕਰ ਰਹੀਆਂ ਹਨ- ਪਰ ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਵਿੱਚੋਂ ਸਾਡੇ ਲੇਖਕ ਭਾਈਚਾਰੇ ਨੇ ਅਜੇ ਤੱਕ ਇਸ ਘਟਨਾ ਦੇ ਵਿਰੋਧ ਵਿੱਚ ਹਾਅ ਦਾ ਨਾਅਰਾ ਨਹੀਂ ਮਾਰਿਆ। ਇਸ ਗੱਲ ਦੀ ਮੈਨੂੰ ਵੀ ਬੜੀ ਹੈਰਾਨੀ ਹੋਈ ਜਦੋਂ ਮੈਂ ਕੁਝ ਲੇਖਕਾਂ ਨਾਲ ਇਸ ਸਬੰਧੀ ਗੱਲ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਸਾਨੂੰ ਤਾਂ ਇਸ ਘਟਨਾ ਬਾਰੇ ਪਤਾ ਹੀ ਨਹੀਂ ਸੀ। ਜਦੋਂਕਿ ਅਖ਼ਬਾਰਾਂ ਦੀਆਂ ਸੁਰਖ਼ੀਆਂ ਰੋਜ਼ ਬੋਲਦੀਆਂ ਹਨ ਪਰ ਸਾਡੀ ਇਹ ਤ੍ਰਾਸਦੀ ਹੈ ਕਿ ਅਸੀਂ ਯਥਾਰਥ ਤੋਂ ਮੂੰਹ ਮੋੜੀ ਖੜੇ ਹਾਂ, ਤਾਹੀਓ ਤਾਂ ਜਲੂਰ ਕਾਂਡ ਸਾਨੂੰ ਨਜ਼ਰ ਨਹੀਂ ਆਉਂਦਾ। ਇਹੀ ਕਾਰਨ ਹੈ ਕਿ ਅਸੀਂ ਅੱਜ ਸਮਾਜ ਵਿੱਚ ਹਾਸ਼ੀਆਗਤ ਲੋਕਾਂ ਨਾਲ ਹੁੰਦੇ ਧੱਕੇ ਲਈ ਡੱਟ ਕੇ ਨਹੀਂ ਖੜਦੇ। ਭਾਵੇਂ ਸਾਡੀਆਂ ਕਹਾਣੀਆਂ, ਕਵਿਤਾਵਾਂ, ਨਾਵਲ ਤੇ ਨਾਟਕਾਂ ਵਿੱਚ ਅਜਿਹੇ ਪੱਖ ਅਸੀਂ ਉਲੀਕ ਜਾਂਦੇ ਹਾਂ।

ਇੱਥੇ ਸੁਆਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਜਿਨਾਂ ਲੋਕਾਂ ਦਾ ਦਰਦ ਸਾਡੀਆਂ ਰਚਨਾਵਾਂ ਪੇਸ਼ ਕਰ ਰਹੀਆਂ ਹਨ, ਉਹ ਰਚਨਾਵਾਂ ਉਨਾਂ ਲੋਕਾਂ ਤੱਕ ਨਹੀਂ ਪਹੁੰਚਦੀਆਂ। ਪਰ ਸਾਹਿਤ ਤੋਂ ਲੋਕਾਂ ਦਾ ਦੂਰ ਹੋਣ ਦਾ ਕਾਰਨ ਇਹ ਵੀ ਜਾਪਦਾ ਹੈ। ਇਸ ਗੱਲ ਨਾਲ ਤਾਂ ਸਹਿਮਤ ਹੋਇਆ ਜਾ ਸਕਦਾ ਹੈ ਕਿ ਲੇਖਕਾਂ ਦਾ ਆਪਣਾ ਦਾਇਰਾ ਹੈ ਜਿਸ ਵਿੱਚ ਵਿਚਰ ਕੇ ਉਹ ਆਪਣੀ ਗੱਲ ਕਹਿ ਸਕੇ। ਸਾਹਿਤ ਦਾ ਖੇਤਰ ਸੀਮਤ ਨਹੀਂ ਹੈ, ਇਤਿਹਾਸ ਇਸ ਦਾ ਗਵਾਹ ਹੈ। ਇਥੇ ਇਹ ਸੁਆਲ ਮੁੜ ਆਉਂਦਾ ਹੈ। ਉਸ ਰਚਨਾ ਦਾ ਅਸਲ ਤੱਤ ਉਸ ਸਮੇਂ ਖੁਰਦਾ ਹੈ ਜਦੋਂ ਉਹ ਅਮਲੀ ਜਾਮਾ ਪਹਿਨਣ ਤੋਂ ਬਿਨਾਂ ਅੱਖਰਾਂ ਵਿਚ ਸਜੀ ਸਜਾਈ ਰਹਿ ਜਾਵੇ। ਇਹ ਲਿਖਤਾਂ ਸਿਰਫ ਲੇਖਕਾਂ ਦੇ ਦਾਇਰੇ ਵਿਚ ਗੋਸ਼ਟੀਆਂ ਤੱਕ ਹੀ ਸੀਮਤ ਹੁੰਦੀਆਂ ਹਨ, ਜੋ ਬੰਦ ਕਮਰਿਆਂ 'ਚ 50 ਤੋਂ 100 ਬੰਦਿਆਂ ਦੇ ਇਕੱਠ ਤੱਕ ਰਹਿ ਜਾਂਦੀਆਂ ਹਨ। ਹਰ ਲੇਖਕ ਨੂੰ ਏਥੇ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਕਿ ਜੋ ਅਸੀਂ ਲਿਖ ਰਹੇ ਹਾਂ ਕੀ ਵਿਵਹਾਰਿਕ ਜੀਵਨ ਵਿਚ ਵੀ ਉਵੇਂ ਨਿਭਾ ਰਹੇ ਹਾਂ। ਘਟਨਾਵਾਂ ਤਾਂ ਬਹੁਤ ਹਨ, ਇਉਂ ਲਗਦਾ ਹੈ ਕਿ ਜਿਆਦਾਤਰ ਲੇਖਕ ਵਰਗ ਉਸ ਸਮੇਂ ਹੀ ਘਟਨਾ ਪ੍ਰਤੀ ਸੁਚੇਤ ਹੁੰਦਾ ਜਦੋਂ ਸਥਾਪਤੀ ਦੀ ਗੱਲ ਹੋਵੇ। ਅਸੀਂ ਇਨਾਮਾਂ ਸਨਮਾਨਾਂ ਦੇ ਚੱਕਰਾਂ ਵਿੱਚ ਫ਼ਸੇ ਹੋਏ ਸਾਹਿਤ ਦੇ ਅਸਲ ਮੰਤਵ ਨੂੰ ਖੋਰ ਰਹੇ ਹਾਂ। ਜੋ ਸਮਾਂ ਅਸੀਂ ਸਮਾਜ ਵਿੱਚ ਲੋਕਾਂ ਨੂੰ ਚੇਤੰਨ ਕਰਨ 'ਤੇ ਲਾਉਣਾ ਹੈ, ਉਹ ਅਸੀਂ ਜੁਗਾੜਬੰਦੀਆਂ ਵਿੱਚ ਫ਼ਸ ਕੇ ਸਿਰਫ ਆਪਣਾ ਹੀ ਲਾਹਾ ਖੱਟ ਰਹੇ ਹਾਂ। ਆਪਣੇ ਭਾਸ਼ਣਾਂ ਵਿੱਚ ਤੇ ਲਿਖਤਾਂ ਵਿਚ ਅਕਸਰ ਕਹਿੰਦੇ ਹਾਂ ਸਾਡੇ ਲਈ...... ਕਲਾ ਕਲਾ ਲਈ ਨਹੀਂ ਹੈ ਬਲਕਿ ਸਮਾਜ ਲਈ ਹੈ ਪਰ ਜਦੋਂ ਕਲਾ ਦੀ ਵਰਤੋਂ ਸਮਾਜ ਲਈ ਕਰਨੀ ਹੋਵੇ ਤਾਂ ਅਸੀ ਲੀਕ ਖਿੱਚ ਲੈਂਦੇ ਹਾਂ ਤੇ ਆਖਦੇ ਹਾਂ ਕਿ ਲੋਕਾਂ ਦੇ ਮੁੱਦਿਆਂ ਲਈ ਆਵਾਜ ਉਠਾਉਣੀ ਤੇ ਲੋਕਾਂ ਦੇ ਹੱਕਾਂ ਲਈ ਲੜਨਾ ਸਾਡਾ ਲੇਖਕਾਂ ਦਾ ਕੰਮ ਨਹੀਂ, ਰਾਜਨੀਤਕ ਪਾਰਟੀਆਂ ਦਾ ਕੰਮ ਹੈ। ਪਰ ਸੁਆਲ ਇਹ ਹੈ ਕਿ ਲੜਨਾ ਤਾਂ ਦੂਰ ਦੀ ਗੱਲ ਹੈ ਕਿ ਏਥੇ ਅਸੀਂ ਪੀੜਤ, ਦੱਬੇ-ਕੁਚਲੇ ਲੋਕਾਂ ਦੀ ਪਿੱਠ 'ਤੇ ਆਕੇ ਵੀ ਨਹੀਂ ਖੜ੍ਹ ਸਕਦੇ। ਜਿਵੇਂ 20 ਨਵੰਬਰ ਐਤਵਾਰ ਨੂੰ ਸੰਗਰੂਰ ਸ਼ਹਿਰ ਦੇ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਜ਼ਬਰ ਜ਼ੁਲਮ ਵਿਰੁੱਧ ਬਣਾਈ ਕਮੇਟੀ ਵਲੋਂ ਮੋਮਬਤੀ ਮਾਰਚ



ਕਰਕੇ ਗੁੰਡਾਗਰਦੀ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਦਾ ਸੱਦਾ ਸੀ। ਇਹ ਸੁਨੇਹਾ ਬਹੁਤ ਸਾਰੇ ਲੇਖਕਾਂ ਨੂੰ ਦਿੱਤਾ ਗਿਆ। ਹੈਰਾਨੀ ਇਸ ਗੱਲ ਦੀ ਹੋਈ ਤਿੰਨ-ਚਾਰ ਲੇਖਕਾਂ ਤੋਂ ਬਿਨਾਂ ਕੋਈ ਨਹੀਂ ਪਹੁੰਚਿਆ। ਇੱਕ ਕਵੀ ਜੋ ਆਪਣੇ ਆਪ ਨੂੰ ਇਨਕਲਾਬੀ ਦੱਸਦਾ ਹੈ ਉਹ ਅਕਸਰ ਬਾਂਹ ਉਲਾਰ ਕੇ ਕਹਿੰਦਾ ਕਿ ਮੇਰੀ ਰਚਨਾ ਦਲਿਤ ਵਰਗ ਦੇ ਹੱਕ ਵਿੱਚ ਖੜਦੀ ਹੈ। ਉਸ ਨੂੰ ਪੁੱਛਿਆ ਕਿ ਏਥੇ ਤਾਂ ਮੁਜਾਹਰਾ ਦਲਿਤਾਂ ਦੇ ਹੱਕ ਵਿੱਚ ਹੋ ਰਿਹਾ ਸੀ ਤਾਂ ਉਸ ਨੇ ਇਸ ਵਿੱਚ ਸ਼ਾਮਿਲ ਹੋਣ ਤੋਂ ਨਾਂਹ-ਨੁਕਰ ਕੀਤੀ। ਇੱਥੇ ਹੀ ਸਾਡੀ ਕਹਿਣੀ ਤੇ ਕਰਨੀ ਦਾ ਪਾੜਾ ਸਮਝ ਆਉਂਦਾ ਹੈ। ਉਹ ਇਕੱਲਾ ਹੀ ਨਹੀਂ, ਇਸ ਬਿਰਤੀ ਦੇ ਬਹੁਤ ਸਾਰੇ ਲੇਖਕ ਹਨ ਜੋ ਸਿਰਫ ਲਿਖਦੇ ਹੋਏ ਆਪਣੇ ਹਿੱਤ ਮੁੱਖ ਰੱਖਦੇ ਹਨ ਪਰ ਉਤਲੇ ਤੌਰ ਤੇ ਲੋਕ ਪੱਖੀ ਹੋਣ ਦਾ ਦਾਅਵਾ ਕਰਦੇ ਹਨ। ਇੱਥੇ ਇਕ ਹੋਰ ਕਵੀ ਦੀ ਗੱਲ ਚੇਤੇ ਆ ਰਹੀ ਹੈ ਜੋ ਆਖਦਾ ਹੈ ਕਿ ਹੁਣ ਕਵਿਤਾ ਤੋਂ ਹਨੇਰਿਆਂ ਨੂੰ ਡਰ ਨਹੀਂ ਲਗਦਾ। ਇਹ ਠੀਕ ਹੈ ਕਿ ਅਸੀਂ ਤਾਂ ਹਨੇਰਿਆਂ ਤੋਂ ਡਰ ਕੇ ਚੁੱਪ ਬੈਠ ਗਏ ਹਾਂ। ਜਦੋਂ ਕਿ ਵਕਤ ਸਾਨੂੰ ਵੰਗਾਰ ਰਿਹਾ ਹੈ।

ਆਓ ਲੇਖਕ ਦੋਸਤੋ ਆਪਾਂ ਚਿੰਤਨ ਮੰਥਨ ਕਰੀਏ ਕਿ ਜੇਕਰ ਜਦੋਂ ਅਸੀਂ ਆਪਣੇ ਆਪ ਨੂੰ ਲੋਕ ਪੱਖੀ ਲੇਖਕ ਦੱਸਦੇ ਹਾਂ ਤਾਂ ਸਾਨੂੰ ਲੋਕ ਹਿੱਤਾਂ ਦੀ ਗੱਲ ਕਰਦੇ ਹੋਏ ਸਮਾਜ ਵਿੱਚ ਵਾਪਰੇ ਲੋਕ ਵਿਰੋਧੀ ਵਰਤਾਰੇ ਵਿਰੁੱਧ ਵੀ ਅਮਲੀ ਤੌਰ 'ਤੇ ਡਟ ਕੇ ਖੜਨਾ ਪਵੇਗਾ। ਜਿਵੇਂ ਅਸਹਿਣਸ਼ੀਲਤਾ ਦੇ ਮੁੱਦੇ ਨੂੰ ਲੈ ਕੇ ਵਿਚਾਰਾਂ ਦੀ ਆਜ਼ਾਦੀ ਦੀ ਗੱਲ ਕਰਦੇ ਹੋਏ ਲੇਖਕ ਵਰਗ ਨੇ ਆਪਣੀ ਭੂਮਿਕਾ ਨਿਭਾਈ ਹੈ। ਇਸ ਸਫ਼ਰ ਨੂੰ ਅੱਗੇ ਜਾਰੀ ਰੱਖਦੇ ਹੋਏ ਆਪਣੀਆਂ ਲਿਖਤਾਂ ਨਾਲ ਇਨਸਾਫ਼ ਕਰੀਏ ਤੇ ਆਪਣੇ ਸਾਹਿਤਕ ਵਿਰਸੇ ਦੀ ਪਹਿਚਾਣ ਕਰਦੇ ਹੋਏ ਧੱਕੇਸ਼ਾਹੀ ਵਿਰੁੱਧ ਆਵਾਜ਼ ਬਣੀਏ। ਨਹੀ ਤਾਂ ਆਪਣੀ ਜ਼ਮੀਰ ਸਾਹਵੇਂ ਸਾਨੂੰ ਸ਼ਰਮਿੰਦਾ ਨਾ ਹੋਣਾ ਪਵੇ। ਆਓ ਜਬਰ ਜ਼ੁਲਮ ਦੇ ਵਿਰੁੱਧ ਇਕੱਠੇ ਹੋਈਏ ਨਹੀਂ ਤਾਂ ਲੋਕਾਂ ਮੂੰਹੋਂ ਸਾਡੇ ਲੇਖਕਾਂ ਬਾਰੇ ਇਹੀ ਗੱਲ ਸੁਣਨੀ ਨੂੰ ਮਿਲੇਗੀ।

ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ।

ਅਸਿਸਟੈਂਟ ਪ੍ਰੋਫੈਸਰ
ਪਬਲਿਕ ਕਾਲਜ, ਸਮਾਣਾ
ਮੋ: 94636-15536

ਸ਼ਰਧਾਂਜਲੀ ਸਮਾਗਮ ਤੇ ਵਿਸ਼ੇਸ਼

# ਸੱਚੀਓਂ ਹੀ ਮਨਾਂ ਦਾ ਮੀਤ ਸੀ ਮਨਮੀਤ ਅਲੀਸ਼ੇਰ

ਜ਼ਿੰਦਗੀ ਦੇ ਹੁਸੀਨ ਸੁਪਨਿਆਂ ਨੂੰ ਸਾਕਾਰ ਕਰਨ ਲਈ 8 ਸਾਲ ਪਹਿਲਾ ਸਟੱਡੀ ਵੀਜ਼ੇ 'ਤੇ ਅਸਟਰੇਲੀਆ ਨੂੰ ਉਡਾਨ ਭਰਨ ਵਾਲਾ ਅਤੇ 28 ਅਕਤੂਬਰ 2016 ਦੀ ਸਵੇਰ ਨੂੰ ਬ੍ਰਿਸਬਨ ਵਿੱਚ ਬੱਸ ਡਰਾਈਵ ਕਰਦੇ ਹੋਏ ਨਸਲਪ੍ਰਸਤੀ ਦੇ ਜ਼ਹਿਰੀਲੇ ਕੀੜੇ ਦੇ ਡੰਗੇ ਇੱਕ ਗੋਰੇ ਅਸਟਰੇਲੀਅਨ ਵੱਲੋਂ ਬੇਰਹਿਮੀ ਨਾਲ ਜਿਉਂਦਿਆ ਜਲਾ ਦਿੱਤਾ ਗਿਆ ਮਨਮੀਤ ਅਲੀਸ਼ੇਰ ਕੋਈ ਸਾਧਾਰਨ ਨੌਜਵਾਨ ਨਹੀਂ ਸੀ। ਉਹ ਸਮਾਜਿਕ ਸਰੋਕਾਰਾਂ ਨਾਲ ਬਾਵਾਸਤਾ ਸੰਵੇਦਨਸ਼ੀਲ ਸਾਹਿਤਕ ਤੇ ਕਲਾਤਮਕ ਰੁਚੀਆਂ ਵਾਲਾ ਇੱਕ ਅਜਿਹਾ ਨੌਜਵਾਨ ਸੀ ਜਿਸ ਨੇ ਹਾਲੇ ਲੰਮੀ ਪਰਵਾਜ਼ ਭਰਨੀ ਸੀ।

ਮਨਮੀਤ ਨੇ ਲਹਿਰਾਗਾਗਾ ਹਲਕੇ ਦੇ ਪਿੰਡ ਅਲੀਸ਼ੇਰ ਦੀ ਜੂਹ ਵਿੱਚ ਪਹਿਲੀ ਕਿਲਕਾਰੀ ਮਾਰੀ ਸੀ। ਉਸ ਦਾ ਜਨਮ ਮਾਸਟਰ ਰਾਮ ਸਰੂਪ ਦੇ ਘਰ ਮਾਤਾ ਕ੍ਰਿਸ਼ਨਾ ਦੇਵੀ ਦੀ ਕੁੱਖੋਂ 10 ਸਤੰਬਰ 1987 ਨੂੰ ਹੋਇਆ ਸੀ। ਚਾਰ ਭੈਣ-ਭਰਾਵਾਂ ਵਿੱਚੋਂ ਉਹ ਸਭ ਤੋਂ ਛੋਟਾ ਸੀ। ਮਨਮੀਤ ਨੂੰ ਇੱਕ ਅਜਿਹੇ ਅਧਿਆਪਕ ਦਾ ਪੁੱਤਰ ਹੋਣ ਦਾ ਮਾਣ ਹਾਸਲ ਹੋਇਆ ਜਿਨ੍ਹਾਂ ਨੇ ਆਪਣੇ ਅਧਿਆਪਨ ਦੇ ਸਫ਼ਰ ਦੌਰਾਨ ਲਹਿਰਾਗਾਗਾ ਇਲਾਕੇ ਦੇ ਸਕੂਲਾਂ ਵਿੱਚੋਂ ਕਬੱਡੀ, ਬਾਕਸਿੰਗ, ਕੁਸ਼ਤੀ, ਖੋ-ਖੋ ਆਦਿ ਖੇਡਾਂ ਦੇ ਪੂਰਾ ਦੇ ਪੂਰ ਖਿਡਾਰੀ ਪੈਦਾ ਕੀਤੇ।

ਪੜ੍ਹੇ-ਲਿਖੇ ਪਿੰਡ ਅਤੇ ਮਾਪਿਆਂ ਦੀ ਗੋਦ 'ਚ ਜੰਮੇ-ਪਲੇ ਮਨਮੀਤ ਨੇ ਜਵਾਨੀ 'ਚ ਪੈਰ ਧਰਦਿਆਂ ਜਿੱਥੇ ਬੀ. ਐਸ. ਸੀ, ਬੀ. ਐਡ ਕਰਕੇ ਇੱਕ ਅਧਿਆਪਕ ਬਣਨ ਦਾ ਸੁਪਨਾ ਅੱਖਾਂ ਵਿੱਚ ਸੰਜੋਇਆ ਉਥੇ ਨਾਲ ਹੀ ਸਮਾਜਿਕ ਸਰੋਕਾਰਾਂ ਦੀ ਸੋਝੀ ਗ੍ਰਹਿਣ ਕਰਦਿਆਂ ਆਪਣੇ ਅੰਦਰ ਦੀ ਸਾਹਿਤਕ ਤੇ ਕਲਾਤਮਕ ਰੁਚੀਆਂ ਨੂੰ ਆਪਣੀਆਂ ਅਤੇ ਆਪਣੇ ਲੋਕਾਂ ਦੀਆਂ ਥੋੜਾਂ ਨੇ ਲੋੜਾਂ ਨੂੰ ਅਰਪਿਤ ਕੀਤਾ। ਪੰਜਾਬ ਵਿੱਚ ਪੜ੍ਹੇ-ਲਿਖੇ ਨੌਜਵਾਨਾਂ ਦੀ ਵਿਆਪਕ ਬੇਰੁਜ਼ਗਾਰੀ ਨੇ ਉਸਦਾ ਅਧਿਆਪਕ ਬਣਨ ਦਾ ਸੁਪਨਾ ਸਾਕਾਰ ਨਾ ਹੋਣ ਦਿੱਤਾ ਤਾਂ ਉਹ ਸੰਨ 2008 ਵਿੱਚ ਸਟੱਡੀ ਵੀਜ਼ੇ 'ਤੇ ਅਸਟਰੇਲੀਆਂ ਚਲਾ ਗਿਆ। ਭਾਵੇਂ ਉਸ ਨੂੰ ਪੀ.ਆਰ. ਮਿਲ ਗਈ ਸੀ ਤੇ ਉਹ ਵਧੀਆਂ ਜ਼ਿੰਦਗੀ ਜੀਣ ਜੋਗਾ ਹੋ ਗਿਆ ਸੀ ਪਰ ਆਪਣੀ ਧਰਤੀ ਨੂੰ ਛੱਡਣ ਦੀ ਪੀੜ ਅਤੇ ਪ੍ਰਵਾਸ ਦੀ ਜਿੰਦਗੀ ਦਾ ਦਰਦ ਉਸਨੂੰ ਕਦੇ ਨਾ ਭੁੱਲੇ। ਇਹ ਦਰਦ ਉਸ ਦੇ ਗੀਤਾਂ-ਕਵਿਤਾਵਾਂ ਰਾਹੀਂ ਉਸਦੀ ਹੂਕ ਬਣ ਕੇ ਸੁਣਾਈ ਦਿੰਦਾ ਸੀ।

ਸਾਵਣ ਕਈ ਆ ਕੇ ਤੁਰ ਗਏ,  
ਪਾਈਆਂ ਨਾਂ, ਪੀਘਾਂ ਜੀ,  
ਲੁੱਟੀਆਂ ਨਾ ਆਪ ਲੁਟਾਈਆਂ,  
ਜ਼ੋਬਨ ਦੀਆਂ ਨੀਂਦਾਂ ਜੀ,  
ਅਸਟਰੇਲੀਆ 'ਚ ਰੁਲੀ ਜਵਾਨੀ,  
ਮੰਗਦੀ ਆ ਲੇਖੇ ਜੀ,  
ਡਾਲਰਾਂ ਦੇ ਵੱਟੇ ਜਿਹੜੇ,  
ਵੇਚੇ ਸੀ ਘੰਟੇ ਜੀ,  
ਸਾਡੇ ਉਹ ਕੰਮ ਨਾਂ ਆਏ।

ਮਨਮਤੀ ਇੱਕ ਬਹੁ-ਪੱਖੀ ਸਖਸ਼ੀਅਤ ਸੀ ਤੇ ਉਹ ਅਸਟਰੇਲੀਆ ਵੱਸਦੇ ਪੰਜਾਬੀ ਤੇ ਭਾਰਤੀ ਭਾਈਚਾਰੇ ਦਾ ਚਹੇਤਾ ਨੌਜਵਾਨ ਸੀ। ਉਹ ਗੀਤ ਤੇ ਕਵਿਤਾਵਾਂ ਲਿਖਦਾ ਹੀ ਨਹੀਂ ਸੀ ਸਗੋਂ ਸੋਹਣੇ ਅੰਜਾਜ਼ ਵਿੱਚ ਗਾਉਂਦਾ ਵੀ ਸੀ। ਉਹ ਉਭਰਦਾ ਫਿਲਮਕਾਰ ਤੇ ਅਦਾਕਾਰ ਵੀ ਸੀ ਜਿਸ ਨੇ ਦੋ ਸ਼ਾਰਟ ਫਿਲਮਾਂ ਬਣਾਈਆਂ ਤੇ ਉਨ੍ਹਾਂ 'ਚ ਖੁਦ ਅਦਾਕਾਰੀ ਵੀ ਕੀਤੀ। ਮਨਮੀਤ ਪੰਜਾਬੀ ਗਾਇਕਾਂ ਨੂੰ ਅਸਟਰੇਲੀਆਂ ਵਿੱਚ ਪ੍ਰਮੋਟ ਕਰਦਾ ਤੇ ਉਨ੍ਹਾਂ ਨੂੰ ਉਭਰਨ ਦੇ ਮੌਕੇ ਪ੍ਰਦਾਨ ਕਰਦਾ ਸੀ। ਅਸਟਰੇਲੀਆਂ 'ਚ ਚੱਲਦੇ ਪੰਜਾਬੀ ਰੇਡੀਓ ਤੇ ਟੀ.ਵੀ. ਪ੍ਰੋਗਰਾਮਾ 'ਚ ਉਹ ਗਹਿਰ-ਗੰਭੀਰ ਵਿਸ਼ਿਆ ਤੇ ਚਰਚਾ ਕਰਦਾ ਵੀ ਸੁਣਾਈ ਦਿੰਦਾ ਸੀ। ਇਸ ਸਭ ਕੁੱਝ ਤੋਂ ਵਧ ਕੇ ਉਹ ਅਸਟਰੇਲੀਆ ਵਿੱਚ ਜਾਣ ਵਾਲੇ ਨਿਆਸਰੇ ਪੰਜਾਬੀ ਨੌਜਵਾਨਾਂ ਦਾ ਸਹਾਰਾ ਬਣਦਾ ਸੀ। ਉਸ ਦਾ ਘਰ ਇੱਕ ਗੁਰੂ ਘਰ ਦੀ ਨਿਆਈ ਸੀ। ਜਿੱਥੇ ਕੋਈ ਵੀ ਨਿਓਟਿਆਂ ਓਟ ਲੈ ਸਕਦਾ ਸੀ।

ਮਨਪ੍ਰੀਤ ਅਲੀਸ਼ੇਰ ਦੀ ਬਹੁ-ਪੱਖੀ ਪ੍ਰਤਿਭਾ ਦਾ ਹੀ ਸਦਕਾ ਹੈ ਕਿ ਉਸ ਨੂੰ ਇਨਸਾਫ ਦਿਵਾਉਣ ਤੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਦੇਸ਼-ਵਿਦੇਸ਼ ਵਿੱਚ ਸੋਕ ਸਭਾਵਾਂ, ਕੈਂਡਲ ਮਾਰਚਾਂ ਤੇ ਰੋਸ ਪ੍ਰਦਰਸ਼ਨਾਂ ਦਾ ਸਿਲਸਲਾ ਹਾਲੇ ਵੀ ਬੇਰੋਕ ਜਾਰੀ ਹੈ। ਇਹ ਬਹੁਤ ਜਰੂਰੀ ਹੈ ਕਿ ਸੱਚੀਓ ਹੀ ਮਨਾਂ ਦਾ ਮੀਤ ਬਣ ਕੇ ਜੀਣ ਵਾਲੇ ਨੌਜਵਾਨ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣ, ਉਸ ਲਈ ਇਨਸਾਫ ਦੀ ਮੰਗ ਕੀਤੀ ਜਾਵੇ। ਪਰ ਇਸ ਤੋ ਵੀ ਜਰੂਰੀ ਹੈ ਕਿ ਸਾਡੀਆਂ ਸਰਕਾਰਾਂ ਦੇ ਕਰਤੇ-ਧਰਤਿਆਂ ਸਾਹਮਣੇ ਅਸੀਂ ਇਹ ਸਵਾਲ ਖੜ੍ਹਾਂ ਕਰੀਏ ਕਿ ਆਖਿਰ ਏਨਾ ਪੜ੍ਹ-ਲਿਖ ਕੇ ਵੀ ਸਾਡੇ ਸੂਬੇ ਤੇ ਦੇਸ਼ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਕਿਉ ਨਹੀਂ ਤੇ ਕਿਉ ਉਨ੍ਹਾਂ ਨੂੰ ਬੇਗਾਨੀਆਂ ਧਰਤੀਆਂ ਤੇ ਰੁਲਣ ਅਤੇ ਨਸਲਪ੍ਰਸਤੀ ਦੇ ਡੰਗੇ ਲੋਕਾਂ ਹੱਥੋਂ ਖੁਆਰ ਹੋਣਾ ਪੈਂਦਾ ਹੈ। ਮਨਮੀਤ ਨੂੰ ਇਨਸਾਫ ਲਈ ਇਹ ਵੀ ਜਰੂਰੀ ਹੈ ਕਿ ਅਸੀ ਆਪਣੇ ਦਿਮਾਗਾਂ ਵਿੱਚ ਅਜਿਹੀ ਰੌਸ਼ਨੀ ਪੈਦਾ ਕਰੀਏ ਜਿਹੜੀ ਨਸਲ, ਜਾਤ , ਧਰਮ, ਰੰਗ ਤੇ ਕੌਮਵਾਦ ਵੱਟਾਂ-ਬੰਨੇ ਤੋੜ ਕੇ ਮਨੁੱਖ ਨੂੰ ਮਨੁੱਖ ਸਮਝਣ ਦਾ ਸਾਨੂੰ ਬਲ ਬਖਸ਼ੇ।

ਰਣਜੀਤ ਲਹਿਰਾ,
ਵਾਰਡ ਨੰ: 13, ਸ਼ਹੀਦ ਭਗਤ ਸਿੰਘ ਬਸਤੀ, ਲਹਿਰਾਗਾਗਾ,
ਮੋਬਾਇਲ - 094175-88616

## ਕਿਹੜੀ ਕੌਮ

**ਧਰਮਾਂ, ਜਾਤਾਂ, ਕੌਮਾਂ ਦੇ ਮੁੱਦੇ ਲਿਸ਼ਕਾ ਪੁਸ਼ਕਾ ਕੇ ਮਿਹਨਤਕਸ਼ ਲੋਕਾਂ ਵਿੱਚ ਵੰਡੀਆਂ ਪਾਉਣ ਵਾਲਿਆਂ ਦਾ ਪਰਦਾਫਾਸ਼ ਕਰਦੀ ਇੱਕ ਕਵਿਤਾ-**

ਪਾੜ ਦਿੱਤੀਆਂ ਜੇ ਜੁਆਕਾਂ ਨੇ
ਤਿੰਨ-ਰੰਗੀਆਂ ਲੀਰਾਂ
ਤਾਂ ਤੁਸੀਂ ਮੱਚ ਉੱਠੇ ਹੋ
ਪਿੱਠ ਨੂੰ ਬੜਾ ਸੇਕ ਲੱਗਿਆ ਹੈ
ਬਿਆਨਾਂ ਨਾਲ ਕਰ ਰਹੇ ਹੋ
ਕਾਲੇ ਅਖ਼ਬਾਰ
'ਕੌਮ ਦਾ ਅਪਮਾਨ ਹੋਇਆ ਹੈ'
ਜਰਾ ਦੱਸਣਾ ਤਾਂ ਸਹੀ
ਕੌਮ ਤੋਂ ਤੁਹਾਡਾ ਭਾਵ?

ਕੌਮ ਉਹ ਹੈ ਜੋ
ਬੰਗਲਿਆਂ 'ਚ ਵਸਦੀ ਹੈ?
ਜਾਂ ਫਿਰ ਉਹ ਜੋ
ਛੁੱਟ-ਪਾਥਾਂ ਤੇ ਸੌਂਦੀ ਹੈ?
ਕੌਮ ਉਹ ਹੈ ਜੋ
ਆਏ ਪਹਿਰ ਸੂਟ ਬਦਲਦੀ ਹੈ?
ਜਾਂ ਫਿਰ ਉਹ ਜੋ
ਸਿਆਲ ਭਰ ਕੁਰਨ ਕੁਰਨ ਕਰਦੀ ਹੈ?
ਕੌਮ ਉਹ ਹੈ ਜੋ
ਗੋਲੀਆਂ ਦੇ ਵਾਰ ਕਰਦੀ ਹੈ?
ਜਾਂ ਫਿਰ ਉਹ ਜੋ
ਗੋਲੀਆਂ ਨੂੰ ਹਿੱਕ 'ਤੇ ਜਰਦੀ ਹੈ?
ਕੌਮ ਉਹ ਹੈ ਜੋ
ਦਿੱਲੀ 'ਚ ਬਹਿਕੇ ਹੁਕਮ ਕਰਦੀ ਹੈ?
ਜਾਂ ਫਿਰ ਉਹ ਜੋ
ਛੰਭ-ਜੋੜੀਆਂ 'ਚ ਲੜ ਮਰਦੀ ਹੈ?

ਅੰਨ੍ਹੇ ਨੂੰ ਪੁੱਛੋ
ਸੁਜਾਖੇ ਨੂੰ ਪੁੱਛੋ
ਭਲਾਂ ਇੱਕ ਕਿਵੇਂ ਹੋ ਸਕਦੀ ਹੈ
ਪਹਿਲੀ ਤੇ ਦੂਸਰੀ ਕਿਸਮ ਦੀ ਕੌਮ?
ਤੇ ਇਕ ਕਿਵੇਂ ਹੋ ਸਕਦਾ ਹੈ
ਫਿਰ ਦੋਨਾਂ ਦਾ ਝੰਡਾ?
ਤੁਹਾਡੇ ਬਿਆਨਾਂ 'ਤੇ ਮੈਨੂੰ ਗਿਲਾ ਨਹੀਂ
ਪਰ ਖੋਲਕੇ ਦੱਸੋ
ਕਿਹੜੀ ਕੌਮ ਦਾ ਅਪਮਾਨ ਹੋਇਆ ਹੈ?

ਪਾੜ ਦਿੱਤੀਆਂ ਜੇ ਜੁਆਕਾਂ ਨੇ
ਤਿੰਨ-ਰੰਗੀਆਂ ਲੀਰਾਂ
ਤਾਂ ਤੁਸੀਂ ਬੜੇ ਟੱਪੇ ਹੋ
ਪਰ ਮੈਂ ਪੁੱਛਦਾ ਹਾਂ
ਇਹ ਕਿਹੜੀ ਅਣਹੋਣੀ ਹੋਈ ਹੈ?
ਭਲਾਂ ਕਾਤਲਾਂ ਨੂੰ ਹਾਰ ਕਿਉਂ ਪਾਵੇਗੀ?
ਗੋਲੀਆਂ ਸਹਿਣ ਵਾਲੀ ਕੌਮ
ਝੁੱਗੀਆਂ 'ਚ ਰਹਿਣ ਵਾਲੀ ਕੌਮ
ਪਾਲਿਆਂ ਵਿੱਚ ਠਰਨ ਵਾਲੀ ਕੌਮ
ਸਰਹੱਦਾਂ 'ਤੇ ਮਰਨ ਵਾਲੀ ਕੌਮ .........

- ਓਮ ਪ੍ਰਕਾਸ਼ ਸ਼ਰਮਾ

## ਗ਼ਜ਼ਲ

ਜੈਕਾਰਿਆਂ ਦੇ ਸ਼ੋਰ ਵਿੱਚ ਇਨਸਾਫ ਮਰ ਜਾਏਗਾ
ਫਿਰ ਕੌਣ ਨੇਕ ਬੰਦਾ ਕੋਰਟ ਦੇ ਦਰ ਜਾਏਗਾ

ਕਰਦੇ ਰਹੇ ਗਲਤੀ ਤੇ ਗਲਤੀ ਹਰ ਵਾਰ ਇਸ ਤਰ੍ਹਾਂ
ਅਥਰਾ ਘੋੜਾ ਤਾਰੀਖ ਦਾ ਲੈ ਨ੍ਹੇਰੇ ਘਰ ਜਾਏਗਾ

ਜੇ ਬਾਜ ਸਿਰ ਤੋਂ ਖੋਹ ਕੇ ਉੱਡੇ ਸੋਚ ਦੀ ਸੁੱਚੀ ਪੱਗ
ਤਾਂ ਦੂਰ ਨਾ ਦਿਸਦੇ ਉਹ ਦਿਨ ਸਿਰ ਵੀ ਉਤਰ ਜਾਏਗਾ

ਲਹਿਰਾ ਕੇ ਤੇਗ ਨੂੰ ਆਪ ਇਉਂ ਧਮਕਾ ਕੇ ਗੁਰਮਤੇ ਨਾ ਕਰੋ
ਗੋਬਿੰਦ ਨਾਨਕ ਦਾ ਦੀਨ ਗੁਰਮੁਖੋ ਐਂ ਮਰ ਜਾਏਗਾ

ਬੇੜੀ ਭੰਵਰ ਵਿੱਚ ਫਸ ਗਈ ਤਾਂ ਚੱਪੂ ਕੰਮ ਨਾ ਦੇਣਗੇ
ਫਿਰ ਭਾਗ ਸਭ ਮੁਸਾਫਿਰਾਂ ਦਾ ਡੂੰਘੇ ਹਰ ਜਾਏਗਾ

ਲੋਕਾਂ ਨੇ ਮਜ਼੍ਹਬੀ ਰੰਗ ਦਾ ਕਸ਼ਟ ਝੱਲਿਆ ਹੈ ਅਥਾਹ
ਸਹਿ ਨੀਂ ਹੋਣਾ ਜੇ ਭੜਕਾਊ ਸ਼ਰਾਰਤ ਉਹ ਕਰ ਜਾਏਗਾ

ਦਰਸ਼ਨ ਯੁਗਾਂ ਤੋਂ ਕਰ ਰਿਹਾ ਬਾਸੀ ਸਦਾ ਹੀ ਦੁਆ
ਮੌਲਾ ਕਰੇ ਬਖਸ਼ਿਸ਼ ਹਰ ਤਰਫ ਨੂਰ ਝਰ ਜਾਏਗਾ

- ਹਰਚੰਦ ਸਿੰਘ ਬਾਸੀ

## ਗ਼ਜ਼ਲ

ਕਾਲੇ ਧਨ ਦੇ ਏਧਰ ਓਧੇਰ ਖਿਲਰ ਗਏ ਨੇ ਨੋਟ
ਨਾ ਬਣਦਾ ਹੈ ਝੱਗਾ ਇਸ ਦਾ ਨਾ ਬਣਦਾ ਹੈ ਕੋਟ

ਕਮਰਾ ਭਰਿਆ ਕਾਲੇ ਧਨ ਦਾ ਹੋਇਆ ਨਾ ਜੇ ਚਿੱਟਾ
ਕਿਵੇਂ ਖਰੀਦੋਗੇ ਚਿੱਟੇ ਬਿਨ ਹੁਣ ਵੋਟਰ ਤੇ ਵੋਟ

ਵੱਡੇ ਕਾਲੇ ਧਨ ਦੇ ਵਾਲੇ ਭੇਜ ਰਹੇ ਏਜੰਟ
ਹਿੱਸਾ ਪੱਤੀ ਰੋਕੇ ਬਿਨ ਨਾ ਮਰਨੀ ਨੀਅਤ ਖੋਟ

ਜੇ ਨਾ ਵੇਚ ਖਰੀਦ ਮਸ਼ੀਨਾਂ ਬਾਝ ਰਹੀ ਇਹ ਚਲਦੀ
ਕਾਲੇ ਧਨ ਨਾਲ ਫੇਰ ਭਰਨਗੇ ਤਹਿਖਾਨੇ ਤੇ ਕੋਟ

ਸ਼ੋਸ਼ਕ ਵਰਗ ਨੇ ਸ਼ੋਸ਼ਤ ਵਰਗ ਨੂੰ ਸੜਕਾਂ ਉੱਤੇ ਸੁਟਿਆ
ਵੱਡੇ ਏ ਸੀ ਲਾ ਕੇ ਬੈਠੇ, ਲੈ ਕੁਰਸੀ ਸੀ ਓਟ

ਜੇ ਨਾ ਇੱਕ ਦਮ ਛਾਪੇਮਾਰੀ ਕਰ ਕੇ ਲੋਟੂ ਕਾਬੂ ਕੀਤੇ
ਰਿਸ਼ਵਤਖੋਰੀ ਤੇ ਕਾਲਾ ਧੰਦਾ ਕਿੰਜ ਆਊਗਾ ਲੋਟ।

- ਮਹਿੰਦਰਦੀਪ ਗਰੇਵਾਲ

## ਕਵਿਤਾ

ਤਾਂ ਹੀ ਦਿਲਕਸ਼ ਜਹਾਨ ਸ਼ਬਦਾਂ ਦਾ
ਸੱਚਾ ਸੁੱਚਾ ਇਮਾਨ ਸ਼ਬਦਾਂ ਦਾ।

ਕੋਈ ਵਲ-ਛਲ ਕੋਈ ਫ਼ਰੇਬ ਨਹੀਂ,
ਕਿੱਡਾ ਸਾਦਾ ਬਿਆਨ ਸ਼ਬਦਾਂ ਦਾ।

ਤੂੰ ਵੀ, ਮੈਂ ਵੀ ਤੇ ਸਭ ਨੇ ਮਿਟ ਜਾਣਾ,
ਰਹਿਣਾ ਬਾਕੀ ਨਿਸ਼ਾਨ ਸ਼ਬਦਾਂ ਦਾ।

ਕਿਥੇ ਗ਼ਜ਼ਲਾਂ ਨੇ ਨਾਲ ਤੁਰਨਾ ਸੀ,
ਜੇ ਨਾ ਧਰਦੇ ਧਿਆਨ ਸ਼ਬਦਾਂ ਦਾ।

ਇਹ ਤਾਂ ਕੁਦਰਤ ਦੀ ਦਾਤ ਹੈ 'ਲੋਚੀ',
ਕਾਹਦਾ ਕਰਨਾ ਗੁਮਾਨ ਸ਼ਬਦਾਂ ਦਾ।

ਤ੍ਰੈਲੋਚਨ ਲੋਚੀ

**ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਤਰਕਸ਼ੀਲ ਵਿਗਿਆਨਕ ਕਿਤਾਬਾਂ ਪ੍ਰਾਪਤ ਕਰਨ ਲਈ**
**ਕੈਲਗਰੀ : ਮਾਸਟਰ ਭਜਨ 403-455-4220**
**ਟੋਰਾਂਟੋ : ਹਰਬੰਸ ਸਿੰਘ 416-817-7142**
**ਦਵਿੰਦਰ ਤੂਰ 416-902-9372**

# ਜੰਗ 'ਤੇ ਇੱਕ ਛੋਟੀ ਕਹਾਣੀ

**ਸਚਿੰਦਰਪਾਲ 'ਪਾਲੀ'**

ਗੁਰਦੇਵ ਪਿੰਡ 'ਚ ਰਹਿਣ ਵਾਲਾ 2-3 ਏਕੜ ਰੱਖਣ ਵਾਲਾ ਛੋਟਾ ਕਿਸਾਨ ਸੀ। ਰੁਲਦੂ ਪਿੰਡ ਦਾ ਦਲਿਤ ਮਜ਼ਦੂਰ ਸੀ ਜੋ ਕਿ ਬਚਪਨ ਦੀਆਂ ਛੋਟੀਆਂ ਜਮਾਤਾਂ ਵਿੱਚ ਕਦੇ ਗੁਰਦੇਵ ਦਾ ਜਮਾਤੀ ਰਿਹਾ ਸੀ। ਬਚਪਨ ਤੋਂ ਹੀ ਦੋਨਾਂ ਦੀ ਕਾਫ਼ੀ ਸਾਂਝ ਸੀ।

ਅੱਜ ਅਚਾਨਕ ਦਿਨ ਢੱਲਣ ਦੇ ਵੇਲੇ ਜੀਰੀ ਵਿੱਚੋਂ ਕੱਖ ਪੁੱਟਦੇ ਗੁਰਦੇਵ ਦੇ ਨਾਲ ਲਗਦੇ ਸਰਦਾਰਾਂ ਦੇ ਖੇਤ ਵਿੱਚ ਕੰਮ ਕਰਦੇ ਰੁਲਦੂ ਨੇ ਆ ਪੁੱਛਿਆ, ਓਏ ਮੈਂ ਸੁਣਿਆ ਕਿ ਕੋਈ ਜੰਗ-ਜੁੰਗ ਲੱਗਣ ਵਾਲੀ ਆ, ਸੱਚੀ ਗੱਲ ਆ ਇਹ। ਇਸੇ ਗੱਲ ਦੀ ਚਿੰਤਾ ਤੋਂ ਅੱਜ ਸਵੇਰ ਤੋਂ ਗੁਰਦੇਵ ਦਾ ਖੇਤਾਂ ਵਿੱਚ ਮਨ ਨਹੀਂ ਸੀ ਲੱਗ ਰਿਹਾ, ਉਸਦਾ ਇਕੱਲਾ-ਕਹਿਰਾ ਪੁੱਤ ਸੁੱਚਾ ਵੀ ਤਾਂ ਹਾਲੇ ਦੋ-ਤਿੰਨ ਸਾਲ ਪਹਿਲਾਂ ਹੀ ਫੌਜ ਵਿੱਚ ਭਰਤੀ ਹੋਇਆ ਸੀ। ਗੁਰਦੇਵ ਕਹਿੰਦਾ, ਆਹੋ, ਮੈਂ ਵੀ ਕੱਲ ਟੈਲੀਵਿਜ਼ਨ ਤੇ ਆਹੀ ਕੁਛ ਦੇਖਿਆ ਸੀ, ਮੇਰਾ ਤਾਂ ਦਿਲ ਘਬਰਾਈ ਜਾਂਦੇ, ਪਰ ਆਹਾ ਸਾਲੇ ਮੋਦੀ ਦੀ ਪਾਰਟੀ ਵਾਲੇ ਆਵਦੇ ਦਫ਼ਤਰਾਂ ਅੱਗੇ ਪਟਾਕੇ ਬਜਾਈ ਜਾਂਦੇ ਨੇ ਤੇ ਲੱਡੂ ਵੰਡੀ ਜਾਂਦੇ ਨੇ। ਉੱਤੋਂ ਆਹਾ ਫ਼ਿਲਮਾਂ ਦੇ ਐਕਟਰ ਸਾਲੇ ਸਰਕਾਰ ਨੂੰ ਜੰਗ ਲੱਗਣ ਦੀਆਂ ਵਧਾਈਆਂ ਦੇਈ ਜਾਂਦੇ ਨੇ। ਮੇਰੀ ਇੰਨੀ ਉਮਰ ਹੋ ਗਈ ਪਰ ਅੱਜ ਤੱਕ ਕਦੇ ਅਜਿਹਾ ਕੰਜਰ ਕਿੱਤਾ ਪਹਿਲਾਂ ਨੀ ਸੀ ਦੇਖਿਆ। ਸਾਡੇ ਪੁੱਤਾਂ ਤੇ ਬਣੀ ਆ ਤੇ ਇਹ ਜੰਗ ਦੇ ਨਜਾਰੇ ਲੈਣ ਨੂੰ ਫਿਰਦੇ ਨੇ। ਗੁਰਦੇਵ ਰੋਣ ਹੱਕਾ ਹੋ ਕੇ ਕਹਿੰਦਾ, ਦੇਖ ਲੈ ਰੁਲਦੂਆ ਕਰਜ਼ੇ ਦੀ ਪੰਡ ਨੇ ਮੇਰੇ ਸੁੱਚੇ ਨੂੰ ਏਹੋ ਜਿਹੀ ਨੌਕਰੀ ਦੇ ਚੱਕਰਾਂ 'ਚ ਪਾ ਤਾ।

ਫਿਰ ਰੁਲਦੂ ਕਹਿੰਦਾ, ਯਰ ਹੋਰ ਗਾਹਾਂ ਹੁਣ ਸੁੱਚੇ ਨੇ ਡੀ.ਸੀ. ਲੱਗਣਾ ਸੀ, ਆਪਣੇ ਵਰਗੇ ਲੋਕਾਂ ਦੇ ਜਵਾਕਾਂ ਨੇ ਤਾਂ ਆਹਾ ਫੌਜ ਪੁਲਸ ਦੀਆਂ ਭਰਤੀਆਂ ਹੀ ਤਾਂ ਦੇਖਣੀਆਂ ਹੋਈਆਂ, ਬਾਕੀ ਸਰਕਾਰੀ ਨੌਕਰੀਆਂ ਤਾਂ ਹੁਣ ਪੈਸੇ ਵਾਲਿਆਂ ਲਈ ਹੀ ਰਹੀ ਗਈਆਂ ਨੇ, ਨਾਲੇ ਉਹ ਕਿਹੜਾ ਕਿਸੇ ਦੇਸ਼ ਭਗਤੀ ਜਾਂ ਚੌਂ ਨੂੰ ਗਿਆ ਫੌਜ 'ਚ, ਤੇਰੇ ਸਿਰ ਚੜ੍ਹੇ ਹੋਏ ਕਰਜੇ ਨੂੰ ਸਹਾਰਾ ਲਵਾਉਣ ਲਈ ਹੀ ਗਿਆ ਉਹੋ। ਤੂੰ ਐਂਵੇ ਦਿਲ ਛੋਟਾ ਨਾ ਕਰ।

ਫੇਰ ਸਰਸਰੀ ਜਿਹੀ ਗੱਲ ਕਰਦੇ ਰੁਲਦੂ ਨੇ ਗੁਰਦੇਵ ਨੂੰ ਕਿਹਾ, ਬਾਈ ਗੁੱਸਾ ਨਾ ਕਰੀ, ਪਰ ਇੱਕ ਗੱਲ ਕਹਿਣੀ ਸੀ, ਜੇ ਜੰਗ ਲੱਗ ਵੀ ਗਈ ਤਾਂ ਸਾਡੇ ਆਲੇ ਲਾਣੇ ਨੂੰ ਤਾਂ ਕੋਈ ਫ਼ਰਕ ਨੀ, ਸਾਲਾ ਮੈਂ ਤਾਂ ਜਿੰਦਣ ਦਾ ਦੇਖਦਾਂ ਓਦਣ ਦੇ ਸਾਡੇ ਪੁਰਖੇ ਆਹੀ ਲੋਕਾਂ ਦੇ ਖੇਤਾਂ ਵਿੱਚ ਮਿੱਟੀ-ਘੱਟਾ ਢੋਂਦੇ ਫਿਰਦੇ ਨੇ, ਨਾਂ ਤਾਂ ਅੱਜ ਤੱਕ ਰਹਿਣ ਨੂੰ ਕੋਈ ਢੰਗ ਦੇ ਦੋ ਕਮਰੇ ਬਣੇ ਨੇ, ਤੇ ਨਾਂ ਹੀ ਸਾਲੀ ਕਦੇ ਅਗਲੇ ਦਿਨ ਦੀ ਰੋਟੀ ਦੀ ਫ਼ਿਕਰ ਤੋਂ ਬਿਨਾਂ ਕਦੇ ਰਾਤ ਲੰਘੀ ਆ, ਫੇਰ ਜੇ ਹੁਣ ਪਾਕਿਸਤਾਨ ਵੀ ਆ ਚੜ੍ਹੇ ਉਹ ਕੇਹੜਾ ਏਦੂੰ ਕੋਈ ਜ਼ਿਆਦਾ ਮਾੜਾ ਕਰਦੂ ਸਾਡਾ ਯਰ। ਅਸੀਂ ਤਾਂ ਅੱਜ ਵੀ ਓਵੇਂ ਹੀ ਦੋਜ਼ਖ ਦੀ ਜ਼ਿੰਦਗੀ ਕੱਟ ਰਹੇ ਆ ਜਿਵੇਂ ਅੰਗਰੇਜ਼ਾਂ ਵੇਲੇ ਕੱਟਦੇ ਸੀ। ਸਾਡੀਆਂ ਜਨਾਨੀਆਂ ਨੂੰ ਤਾਂ ਸਾਲਾ ਅੱਜ ਵੀ ਕੋਈ ਖੇਤ ਚੋਂ ਸਾਗ ਨੀ ਤੋੜਨ ਦਿੰਦਾ।

ਇੰਨੇ ਨੂੰ ਉਹ ਗੱਲਾਂ ਕਰਦੇ ਪਿੰਡ ਵੱਲ ਨੂੰ ਚੱਲ ਪਏ। ਫੇਰ ਗੁਰਦੇਵ ਕਹਿੰਦਾ ਗੱਲ ਤਾਂ ਤੇਰੀ ਠੀਕ ਆ ਰੁਲਦੂਆ, ਪਰ ਆਹਾ ਜੇਹੜੀ ਜੰਗ ਲੱਗੂ, ਏਸ ਚ ਕੇਹੜਾ ਇਨ੍ਹਾਂ ਮੰਤਰੀਆਂ ਦੇ ਜਵਾਕ ਮਰਨੇ ਨੇ, ਏਸ 'ਚ ਵੀ ਤਾਂ ਆਪਣੇ ਵਰਗੇ ਗ਼ਰੀਬਾਂ ਦੇ ਜਵਾਕ ਈ ਮਰਨੇ ਨੇ।

ਇੰਨੇ 'ਚ ਉਨ੍ਹਾਂ ਨੂੰ ਪਿੰਡ ਦੀ ਫਿਰਨੀ 'ਤੇ ਭੋਲੇ ਕਾ ਤੇਜੀ ਮਿਲ ਗਿਆ। ਤੇਜੀ ਨੇ ਬੀ.ਏ. ਬੀ.ਐਡ. ਕਰਨ ਤੋਂ ਬਾਅਦ ਸਰਕਾਰੀ ਅਧਿਆਪਕਾਂ ਦੀ ਨੌਕਰੀ ਲੈਣ ਵਾਸਤੇ ਬਹੁਤ ਧਰਨੇ ਦਿੱਤੇ ਤੇ ਕਈ ਵਾਰੀ ਡਾਂਗਾਂ ਖਾਧੀਆਂ ਸਨ, ਸ਼ਾਇਦ ਇਹਨਾਂ ਖਾਧੇ ਹੋਏ ਧੱਕਿਆਂ ਕਰਕੇ ਹੀ ਉਹ ਬੇਰੁਜ਼ਗਾਰ ਅਧਿਆਪਕਾਂ ਅਤੇ ਪਿੰਡ ਦੀ ਨੌਜਵਾਨ ਭਾਰਤ ਸਭਾ ਦਾ ਐਕਟਿਵ ਮੈਂਬਰ ਬਣ ਗਿਆ ਸੀ। ਉਹ ਕੁਝ ਨੌਜਵਾਨਾਂ ਨਾਲ ਕੱਲ ਨੂੰ ਜ਼ਿਲ੍ਹੇ ਦੇ ਡੀ.ਸੀ. ਦਫ਼ਤਰ ਅੱਗੇ ਧਰਨਾ ਦੇਣ ਦੀਆਂ ਤਿਆਰੀਆਂ ਕਰ ਰਿਹਾ ਸੀ। ਰੁਲਦੂ ਨੇ ਆਹੀ ਜੰਗ ਵਾਲੀ ਗੱਲ ਬਾਰੇ ਪੱਕਾ ਪਤਾ ਕਰਨ ਲਈ ਉਸ ਤੋਂ ਪੁੱਛ ਲਿਆ। ਤਾਂ ਤੇਜੀ ਨੇ ਨਵੀਂ ਹੀ ਗੱਲ ਕੱਢ ਮਾਰੀ, ਉਹ ਕਹਿੰਦਾ ਕਿ ਨਵੀਨ ਜਿੰਦਲ ਤੇ ਨਵਾਜ਼ ਸ਼ਰੀਫ਼ ਦੀ ਚੰਗੀ ਬਣਦੀ ਹੈ, ਜਿੰਦਲ ਭਾਰਤ ਦਾ ਵੱਡਾ ਕਾਰੋਬਾਰੀ ਆ, ਦੋਵਾਂ ਦਾ ਸਟੀਲ ਦਾ ਕਾਰੋਬਾਰ ਹੈ।

ਅੱਗੇ ਉਹ ਕਹਿੰਦਾ, ਸਰਕਾਰ ਚਾਹੇ ਕੋਈ ਵੀ ਰਹੀ ਹੋਵੇ, ਲੋਕ ਜਦੋਂ ਵੀ ਆਵਦੇ ਮਸਲਿਆਂ ਨੂੰ ਹੱਲ ਕਰਾਉਣ ਲਈ ਉੱਠਦੇ ਨੇ ਤਾਂ ਬਹੁਤ ਸਾਰੇ ਮੁਲਕਾਂ ਦੀਆਂ ਸਰਕਾਰਾਂ ਆਪਸ ਵਿੱਚ ਜੰਗ ਛੇੜ ਦਿੰਦੀਆਂ ਨੇ, ਇਤਿਹਾਸ ਇਸ ਗੱਲ ਦਾ ਗਵਾਹ ਹੈ। ਨਾਲੇ ਹੁਣ ਤਾਂ ਆਪਾਂ ਸਾਰੀਆਂ ਨੂੰ ਪਤਾ ਈ ਆ ਕਿ ਭਾਰਤ ਵਿੱਚ ਮੋਦੀ ਦੀ ਸਰਕਾਰ ਅਤੇ ਪਾਕਿਸਤਾਨ ਵਿੱਚ ਨਵਾਜ਼ ਸ਼ਰੀਫ਼ ਦੀ ਸਰਕਾਰ ਲੋਕਾਂ ਦੇ ਮੁਢਲੇ ਮਸਲਿਆਂ ਨੂੰ ਹੱਲ ਕਰਨ ਵਿੱਚ ਨਾਕਾਮਯਾਬ ਰਹੀ ਹੈ। ਇਸੇ ਕਰਕੇ ਆਹਾ ਸਾਰਾ ਕੁਝ ਹੋ ਰਿਹਾ ਹੈ। ਇਹ ਤਾਂ ਸਿਰਫ਼ ਦੋ ਦੇਸ਼ਾਂ ਦੀਆਂ ਦੋ ਹੁਕਮਰਾਨ ਜਮਾਤਾਂ ਦੀ ਜੰਗ ਹੈ, ਲੋਕ ਪਾਕਿਸਤਾਨ ਵਿੱਚ ਵੀ ਭੁੱਖੇ ਮਰ ਰਹੇ ਹਨ ਤੇ ਭਾਰਤ ਵਿੱਚ ਵੀ, ਬੇਰੁਜ਼ਗਾਰੀ ਉੱਥੇ ਵੀ ਹੱਦਾਂ ਬੰਨੇ ਟੱਪ ਗਈ ਹੈ ਤੇ ਇੱਥੇ ਵੀ, ਸਰਕਾਰਾਂ ਉੱਥੋਂ ਦੀਆਂ ਵੀ ਜ਼ਾਲਿਮ ਨੇ ਤੇ ਇੱਥੋਂ ਦੀਆਂ ਵੀ, ਪਾਕਿਸਤਾਨ ਦੀ ਫੌਜ ਵਿੱਚ ਵੀ ਆਮ ਮਜ਼ਦੂਰਾਂ, ਕਿਸਾਨਾਂ ਦੇ ਜਵਾਕ ਭਰਤੀ ਨੇ ਤੇ ਇੱਥੇ ਵੀ, ਉੱਥੋਂ ਦੀਆਂ ਸਰਕਾਰਾਂ ਵੀ ਲੋਕਾਂ ਨੂੰ ਦੇਸ਼ ਭਗਤੀ ਦੇ ਜਾਲ ਵਿੱਚ ਫਸਾ ਰਹੀਆਂ ਨੇ ਤੇ ਇੱਥੋਂ ਦੀਆਂ ਵੀ। ਤੇ ਸਭ ਤੋਂ ਵੱਡੀ ਗੱਲ, ਅਜਿਹੀਆਂ ਜੰਗਾਂ ਦੇ ਸਿਰ 'ਤੇ ਅਮਰੀਕਾ ਅਤੇ ਇਜ਼ਰਾਇਲ ਵਰਗੇ ਵੱਡੇ ਮੁਲਕਾਂ ਦੀਆਂ ਕੰਪਨੀਆਂ ਦੇ ਹਥਿਆਰ ਵਿਕ ਜਾਂਦੇ ਨੇ, ਤਾਹਿਓਂ ਉਹ ਅਜਿਹੇ ਮਸਲਿਆਂ ਨੂੰ ਬਣਾ ਕੇ ਰੱਖਣਾ ਚਾਹੁੰਦੇ ਨੇ। ਇੱਕ ਗੱਲ ਸੋਚਣ ਵਾਲੀ ਹੈ ਵੀ ਭਾਲਾਂਦੀ ਜਦ ਜੰਗ ਤਾਂ ਖੁਦ ਇੱਕ ਮਸਲਾ ਹੈ ਫੇਰ ਇਹ ਬਾਕੀ ਮਸਲਿਆਂ ਦਾ ਕੀ ਹੱਲ ਕਰੂਗੀ।

ਇੰਨੀ ਗੱਲ ਸੁਣ ਕੇ ਗੁਰਦੇਵ ਨੂੰ ਹੁਣ ਉਸ ਟੀ. ਵੀ. ਵਿੱਚ ਖ਼ਬਰਾਂ ਦੇ ਰਹੇ ਭਾਈ 'ਤੇ ਬਹੁਤ ਗੁੱਸਾ ਚੜ੍ਹ ਰਿਹਾ ਸੀ ਅਤੇ ਰੁਲਦੂ ਨੂੰ ਸਰਦਾਰਾਂ ਦਾ ਮੁੰਡਾ ਯਾਦ ਆ ਰਿਹਾ ਸੀ, ਜੋ ਆਪਣੇ ਲੰਬੇ ਜਿਹੇ ਮੋਬਾਇਲ 'ਤੇ ਗੂਠੇ ਨੂੰ ਉੱਤੇ-ਥੱਲੇ ਕਰ ਕੇ ਪਾਕਿਸਤਾਨ ਨੂੰ ਗਾਲ੍ਹਾਂ ਕੱਢੀ ਜਾ ਰਿਹਾ ਸੀ।

## ਫੀਦੇਲ ਤੂੰ ਮਰਿਆ ਨਹੀਂ...

ਮੈਂ ਤੇਰੀ ਮੌਤ ਦੀ ਖਬਰ ਨੂੰ
ਮੰਨਣੋਂ ਇਨਕਾਰ ਕਰਦਾਂ ਫੀਦੇਲ
ਤੂੰ ਮਰਿਆ ਨਹੀਂ
ਇਹ ਅਫਵਾਹ ਉਸੇ ਪ੍ਰਚਾਰ ਤੰਤਰ ਨੇ ਫੈਲਾਈ ਹੈ
ਜੋ ਭਾਰਤ ਦੀ ਕੁੱਲ ਘਰੇਲੂ ਉਤਪਾਦਨ ਦਰ ਨੂੰ
ਚੀਨ ਤੋਂ ਬਿਹਤਰ ਦੱਸਦਾ ਹੈ
ਜੋ ਗਰੀਬ ਮੁਸਲਮਾਨ ਬਸਤੀਆਂ ਵਿਚ
ਅੱਧੀ ਰਾਤੀਂ ਬੁੱਕਦੇ ਬੁਰਛਿਆਂ ਨੂੰ
ਰਾਸ਼ਟਰ ਭਗਤ ਕਹਿੰਦੈ ਫੀਦੇਲ
ਜਿਸ ਮੀਡੀਏ ਮੁਤਾਬਕ ਸੱਦਾਮ ਹੁਸੈਨ ਨੇ
ਲੁਕੋਏ ਸਨ ਐਟਮੀ ਹਥਿਆਰ
ਜਿਹੜਾ ਮੀਡੀਆ ਤੈਨੂੰ ਤੀਵੀਂਬਾਜ਼ ਤੇ
ਬਿਲ ਕਲਿੰਟਨ ਨੂੰ ਅਮਰੀਕੀ ਗੌਰਵ ਕਹਿੰਦਾ ਸੀ

ਫੀਦੇਲ ਤੇਰੀ ਮੌਤ ਦੀ ਖਬਰ ਸੁੱਖ ਦਾ ਸਾਹ ਹੈ
ਉਨ੍ਹਾਂ ਲਈ
ਜਿਨ੍ਹਾਂ ਰੂਸ ਦੇ ਖੰਡਰਾਂ ਵਿਚ ਮਾਰਕਸਵਾਦ ਦਾ
ਸੂਰਜ ਛਿਪਿਆ ਕਹਿ
ਜਿੱਤ ਦੇ ਭੰਗੜੇ ਪਾਏ ਸਨ

ਪਰ ਤੂੰ ਇਕ ਵਿਅਕਤੀ ਨਹੀਂ
ਇਕ ਭਾਵਨਾ ਏਂ ਫੀਦੇਲ
ਸੱਤਾ ਤੋਂ ਸਤੇ ਬੰਦੇ ਦੀ ਕਿਲਕਾਰੀ ਏਂ
ਤੂੰ ਸਵੈ ਗੌਰਵ ਦੀ ਚਿਣਗ ਏਂ ਫੀਦੇਲ
ਝੁਕੇ ਮਸਤਕ ਸਮੇਂ ਨਾਬਰੀ ਦੀ ਗਾਹਲ ਏਂ ਤੂੰ

ਉਹ ਜਿਸਨੇ ਹਵਾਨਾ ਜਿੱਤਿਆ ਸੀ
ਆਪਣੇ ਵੀਹ ਗੁਰੀਲਾ ਸਾਥੀਆਂ ਸਣੇ
ਮਰ ਚੁੱਕਿਆ ਹੋਵੇਗਾ ਉਹ
ਪਰ
ਜਦੋਂ ਤਕ ਦੁਨੀਆਂ ਦੀ ਆਖਰੀ ਝੌਂਪੜੀ ਵਿਚ
ਭੁੱਖੇ ਸੌਣ ਲਈ ਮਜਬੂਰ ਨੇ ਲੋਕ
ਜਦੋਂ ਤਕ ਮਜ਼ਦੂਰ ਬਸਤੀਆਂ ਵਿਚ
ਦੜਗੰਗੇ ਮਾਰਦਾ ਫਿਰਦੈ ਪੂੰਜੀਵਾਦ
ਤੂੰ ਕਿਵੇਂ ਮਰ ਸਕਦੈਂ ਫੀਦੇਲ
ਨਹੀਂ ਮਰ ਸਕਦਾ ਤੂੰ
ਨਹੀਂ ਮਰ ਸਕਦਾ ਤੂੰ

- ਡਾ. ਜਗਵਿੰਦਰ ਜੋਧਾ

# ਸਰਕਾਰੀ ਥਰਮਲ ਪਲਾਂਟਾਂ ਨੂੰ ਬਚਾਉਣ ਲਈ ਆਵਾਜ਼ ਉਠਾਓ

*ਇਸ ਲੀਫਲੈਟ 'ਚ ਅਜਿਹਾ ਕੀ ਹੈ ਕਿ ਬਠਿੰਡਾ ਜਿਲੇ 'ਚ ਕੋਈ ਵੀ ਪ੍ਰੈਸ ਇਸ ਨੂੰ ਛਾਪਣ ਨੂੰ ਤਿਆਰ ਨਹੀ? 'ਹਰਕੇ' ਅਸੀਂ 1000 ਦੀ ਗਿਣਤੀ 'ਚ ਇਸ ਨੂੰ ਕੰਪਿਊਟਰ ਤੇ ਕਢ ਕੇ ਵੰਡ ਰਹੇ ਹਾਂ। ਕੀ ਬਠਿੰਡਾ 'ਚ ਸੰਵਿਧਾਨ ਮੁਲਤਵੀ ਹੈ? ਪਰ, ਜਿਲਾ ਪ੍ਰਸ਼ਾਸਨ ਸਰਕਾਰ ਖਿਲਾਫ ਉਠਦੀ ਅਵਾਜ ਨੂੰ ਇਹਨਾਂ ਕੋਝੇ ਹਥਕੰਡਿਆਂ ਨਾਲ ਰੋਕ ਨਹੀਂ ਸਕੇਗਾ - ਇਹ ਜਮਹੂਰੀ ਤਾਕਤਾਂ ਦਾ ਵਾਅਦਾ ਹੈ)*

*ਮਹੀਨਾ ਭਰ ਤੋਂ ਲਗਾਤਾਰ ਥਰਮਲ ਕਾਮਿਆਂ ਦੀ ਚਲਦੀ ਹੜਤਾਲ ਦਾ ਜਮਹੂਰੀ ਅਧਿਕਾਰ ਸਭਾ ਬਠਿੰਡਾ ਇਕਾਈ ਵਲੋਂ ਨੋਟਿਸ ਲੈਂਦਿਆਂ, ਇਸ ਮਸਲੇ ਦੀ ਬਾਰੀਕੀ ਨਾਲ ਛਾਣਬੀਣ ਕਰਕੇ ਤੱਥ ਲੋਕਾਂ ਨਾਲ ਸਾਂਝਾ ਕਰਨ ਦਾ ਫੈਸਲਾ ਕਰਦਿਆਂ ਪੰਜ ਮੈਂਬਰੀ ਕਮੇਟੀ ਜਿਸ ਦੇ ਮੈਂਬਰ ਸ਼੍ਰੀ ਬਲਵੰਤ ਸਿੰਘ ਮਹਿਰਾਜ ਜਾਇੰਟ ਸਕੱਤਰ, ਸ਼੍ਰੀ ਜਵਾਹਰ ਲਾਲ ਸ਼ਰਮਾ ਧਬਟ, ਸ਼੍ਰੀਮਤੀ ਪੁਸ਼ਪ ਲਤਾ, ਸ਼੍ਰੀ ਸੰਤੋਖ ਸਿੰਘ ਮੱਲਣ ਅਤੇ ਸ਼੍ਰੀ ਤਰਸੇਮ ਕੁਮਾਰ ਹਨ, ਦਾ ਗਠਨ ਕੀਤਾ ਗਿਆ। ਇੱਕਤਰ ਕੀਤੇ ਤੱਥਾਂ ਤੋਂ ਸਭਾ ਜਿਹਨਾਂ ਸਿੱਟਿਆਂ ਤੇ ਪੁੱਜੀ ਹੈ, ਆਪ ਸਭ ਨਾਲ ਸਾਂਝੇ ਕਰ ਰਹੇ ਹਾਂ।*

ਸੂਝਵਾਨ ਲੋਕੋ,

ਪੰਜਾਬ ਸਰਕਾਰ ਨੇ ਪੰਜਾਬ ਦੇ ਤਿੰਨੋ ਸਰਕਾਰੀ ਥਰਮਲਾਂ ਦਾ ਭੋਗ ਪਾਉਣ ਦਾ ਫੈਸਲਾ ਲੈ ਲਿਆ ਹੈ। ਇਸ ਫੈਸਲੇ ਤਹਿਤ ਬਠਿੰਡਾ ਥਰਮਲ ਨੂੰ ਮੁਕੰਮਲ ਤੋਰ 'ਤੇ ਬੰਦ ਕਰ ਦਿੱਤਾ ਗਿਆ ਹੈ। ਰੋਪੜ ਤੇ ਲਹਿਰਾ ਮੁਹੱਬਤ ਵਿਖੇ ਸਿਰਫ ਇੱਕ ਇੱਕ ਯੂਨਿਟ ਚੱਲ ਰਿਹਾ ਹੈ, ਜਿਹਨਾਂ ਨੂੰ ਆਉਂਦੇ ਸਮੇਂ ਵਿੱਚ ਬੰਦ ਕੀਤਾ ਜਾਣਾ ਹੈ। ਪੰਜਾਬ ਸਰਕਾਰ ਦਾ ਇਹ ਫੈਸਲਾ ਪੂਰੀ ਤਰ੍ਹਾਂ ਲੋਕ ਵਿਰੋਧੀ ਹੈ। ਇਸ ਨਾਲ ਆਪਾਂ ਸਭਨਾਂ ਨੇ ਪ੍ਰਭਾਵਿਤ ਹੋਣਾ ਹੈ। ਇਸ ਕਰਕੇ ਇਸ ਮਸਲੇ ਬਾਰੇ ਜਾਨਣਾ ਸਭ ਦੀ ਲੋੜ ਹੈ।

ਇਹ ਫੈਸਲਾ ਉਹਨਾਂ ਕੌਮਧ੍ਰੋਹੀ ਸਮਝੌਤਿਆਂ ਦਾ ਸਿੱਟਾ ਹੈ ਜੋ ਸਰਕਾਰ ਨੇ ਲੋਕਾਂ ਦੇ ਹਿਤਾਂ ਨਾਲ ਗਦਾਰੀ ਕਰਕੇ ਪ੍ਰਾਈਵੇਟ ਕੰਪਨੀਆਂ ਨਾਲ ਕੀਤੇ ਹਨ। ਪੰਜਾਬ ਦੇ ਲੋਕਾਂ ਨੂੰ ਸਰਪਲੱਸ ਬਿਜਲੀ ਦੇ ਲਾਰੇ ਹੇਠ ਪ੍ਰਾਈਵੇਟ ਕੰਪਨੀਆਂ ਨੂੰ ਥਰਮਲ ਲਾਉਣ ਲਈ ਅਨੇਕਾਂ ਰਿਆਇਤਾਂ, ਛੋਟਾਂ ਤੇ ਸਬਸਿਡੀਆਂ ਦੇ ਕੇ ਨਿਵਾਜਿਆ ਗਿਆ ਸੀ। ਉਹਨਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ 70 ਤੋਂ 90 ਫੀਸਦੀ ਬਿਜਲੀ ਹਰ ਹਾਲ ਖਰੀਦੀ ਜਾਵੇਗੀ। ਜਮੀਨੀ ਹਕੀਕਤ ਤੋਂ ਟੁੱਟੇ ਉਸ ਵਾਅਦੇ ਦੇ ਸਿੱਟੇ ਵਜੋਂ ਹੀ ਹੁਣ ਬਿਜਲੀ ਦੀ ਸਰਕਾਰੀ ਪੈਦਾਵਾਰ ਬੰਦ ਕਰਕੇ, ਮਹਿੰਗੇ ਭਾਅ ਪ੍ਰਾਈਵੇਟ ਬਿਜਲੀ ਖਰੀਦੀ ਜਾ ਰਹੀ ਹੈ। ਸਸਤੀ ਬਿਜਲੀ ਦਾ ਭੋਗ ਪਾ ਕੇ, ਮਹਿੰਗੇ ਭਾਅ ਤੇ ਹਾਸਲ ਸਰਪਲੱਸ ਬਿਜਲੀ ਨਾਲ ਲੋਕਾਂ ਦਾ ਵਿਕਾਸ ਹੋਣਾ ਹੈ ਜਾਂ ਵੇਦਾਂਤਾ ਤੇ?" ਵਰਗੀਆਂ ਵੱਡੀਆਂ ਕੰਪਨੀਆਂ ਦਾ?

ਮਾਹਿਰ ਦੱਸਦੇ ਹਨ ਕਿ ਇੱਕ ਵਾਰ ਬੰਦ ਕਰਨ ਤੋਂ ਬਾਅਦ ਥਰਮਲਾਂ ਅੰਦਰ ਵਰਤੀ ਜਾਣ ਵਾਲੀ ਭਾਰੀ ਮਸ਼ੀਨਰੀ ਦਾ ਇੱਕ ਹਿੱਸਾ ਖਰਾਬ ਹੋ ਜਾਂਦਾ ਹੈ। ਚਾਲੂ ਮਸ਼ੀਨਰੀ ਤੋਂ ਪੈਦਾ ਹੋ ਰਹੀ ਬਿਜਲੀ ਦੇ ਮੁਕਾਬਲੇ, ਬਿਜਲੀ ਪੈਦਾ ਕਰਨ ਦੀ ਸ਼ੁਰੂਆਤੀ ਕੀਮਤ ਹਮੇਸ਼ਾ ਵੱਧ ਹੁੰਦੀ ਹੈ। ਰੋਪੜ ਥਰਮਲ ਕੋਲ ਤਾਂ ਬੰਦ ਹੋਏ ਥਰਮਲ ਨੂੰ ਮੁੜ ਚਾਲੂ ਕਰਨ ਲਈ ਲੋੜੀਂਦੇ :4+ ਤੇਲ ਦੀ ਸਪਲਾਈ ਵੀ ਨਹੀਂ ਹੈ, ਤਾਂ ਹੀ ਉਸਦਾ ਇੱਕ ਯੂਨਿਟ ਚੱਲ ਰਿਹਾ ਹੈ। ਇਸ ਲਈ ਇੱਕ ਵਾਰ ਬੰਦ ਕਰਨ ਤੋਂ ਬਾਅਦ ਜੋ ਸਰਕਾਰੀ ਥਰਮਲ ਮੁੜ ਵੀ ਚਲਾਏ ਜਾਂਦੇ ਹਨ ਤਾਂ ਵਧੇ ਖਰਚਿਆਂ ਦਾ ਭਾਰ ਖਪਤਕਾਰਾਂ ਸਿਰ ਹੀ ਪੈਣਾ ਹੈ।

ਇਹ ਸਰਕਾਰੀ ਪਲਾਂਟ ਸੂਬੇ ਅੰਦਰ ਸਸਤੀ ਬਿਜਲੀ ਹੀ ਪੈਦਾਵਾਰ ਲਈ ਲਗਾਏ ਗਏ ਸਨ। ਪਰ ਨਿੱਜੀ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਸਰਕਾਰੀ ਅਦਾਰਿਆਂ ਦੀ ਸਫ ਵਲੇਟਣ ਦੀ ਨੀਤੀ ਤੇ ਚੱਲਦਿਆਂ ਪਹਿਲਾਂ ਤਾਂ ਇਹਨਾਂ ਨੂੰ ਕਾਰਪੋਰੇਸ਼ਨ ਅਧੀਨ ਲਿਆਂਦਾ ਗਿਆ, ਜਿਸ ਸਦਕਾ ਬਿਜਲੀ ਦੀਆਂ ਕੀਮਤਾਂ ਇਕਦਮ ਵਧੀਆਂ। ਹੁਣ ਇਹਨਾਂ ਦੇ ਪੂਰੀ ਤਰ੍ਹਾਂ ਬੰਦ ਹੋ ਜਾਣ ਤੋਂ ਬਾਅਦ ਮੌਜੂਦਾ ਕੀਮਤਾਂ 'ਚ ਵੀ ਕਈ ਗੁਣਾ ਵਾਧਾ ਹੋ ਜਾਣਾ ਹੈ। ਬਠਿੰਡਾ ਦੇ ਥਰਮਲ ਪਲਾਂਟ ਤੋਂ ਬਿਜਲੀ ਦਾ ਇੱਕ ਯੂਨਿਟ ਸਰਕਾਰ ਨੂੰ 3.13 ਰੁਪਏ ਵਿੱਚ ਪੈਂਦਾ ਹੈ ਜਦੋਂ ਕਿ ਪ੍ਰਾਈਵੇਟ ਪਲਾਂਟਾਂ ਤੋਂ ਇੱਕ ਯੂਨਿਟ ਲੈਣ ਲਈ ਸਰਕਾਰ ਲਗਭਗ 7 ਰੁਪਏ ਦੇ ਰਹੀ ਹੈ। ਸਰਕਾਰੀ ਥਰਮਲਾਂ ਦੇ ਬੰਦ ਹੋਣ ਨਾਲ ਅਨੇਕਾਂ ਘਰਾਂ ਕੋਲ ਲਾਟੂ ਜਗਾਉਣ ਦੀ ਸਮਰੱਥਾ ਵੀ ਨਹੀਂ ਰਹਿਣੀ।

ਸਰਕਾਰੀ ਥਰਮਲਾਂ ਅੰਦਰ ਹਜ਼ਾਰਾਂ ਵਰਕਰ ਪੱਕੇ ਰੁਜ਼ਗਾਰ ਤੇ ਲੱਗੇ ਹਨ। ਸੈਂਕੜਿਆਂ ਨੂੰ ਥਰਮਲ ਪਲਾਂਟਾਂ ਨਾਲ ਜੁੜੇ ਹੋਰਨਾ ਖੇਤਰਾਂ 'ਚ ਰੁਜ਼ਗਾਰ ਮਿਲਿਆ ਸੀ। ਇੱਕ ਸਮੇਂ ਬਠਿੰਡਾ ਥਰਮਲ ਅੰਦਰ 3500 ਤੋਂ ਉੱਪਰ ਰੈਗੂਲਰ ਮੁਲਾਜ਼ਮ ਸਨ। ਇਹ ਮੁਲਾਜ਼ਮ ਨਾਂ ਸਿਰਫ ਪੂਰੀ ਤਨਖਾਹ ਸਮੇਤ ਸਾਰੀਆਂ ਸਹੂਲਤਾਂ ਦੇ ਹੱਕਦਾਰ ਸਨ, ਸਗੋਂ ਥਰਮਲ ਦੀ ਬਿਜਲੀ ਪੈਦਾਵਾਰ ਅੰਦਰ ਉਹਨਾਂ ਦੀ ਸਰਗਰਮ ਹਿੱਸਾਪਾਈ ਨੂੰ ਉਤਸ਼ਾਹਿਤ ਕਰਨ ਵਜੋਂ, ਜਨਰੇਸ਼ਨ ਅਲਾਊਂਸ ਵੀ ਹਾਸਲ ਕਰਦੇ ਸਨ। ਨਿੱਜੀਕਰਨ ਦੀ ਨੀਤੀ ਤਹਿਤ ਪੱਕੇ ਰੁਜ਼ਗਾਰ ਦਾ ਭੋਗ ਪਾਉਂਦਿਆਂ ਰੈਗੂਲਰ ਕਾਮਿਆਂ ਦੇ ਬਦਲ ਵਜੋਂ ਠੇਕੇ ਤੇ ਭਰਤੀ ਸ਼ੁਰੂ ਕੀਤੀ ਗਈ। 2012 ਤੋਂ 2015 ਦੇ ਸਾਲਾਂ ਦੌਰਾਨ ਲਗਭਗ 3500 ਵਰਕਰ ਠੇਕੇ ਦੇ ਬਠਿੰਡਾ ਥਰਮਲ ਵਿੱਚ ਕੰਮ ਕਰ ਰਹੇ ਸਨ। ਹੁਣ ਜਦੋਂ 2016 ਵਿੱਚ ਥਰਮਲਾਂ ਨੂੰ ਮੁਕੰਮਲ ਤੋਰ ਤੇ ਬੰਦ ਕਰਨ ਦੀ ਸਕੀਮ ਹੈ ਤਾਂ ਹਾਲਤ ਇਹ ਹੈ ਕਿ ਰੈਗੂਲਰ ਮੁਲਾਜਮਾਂ ਦੀ ਗਿਣਤੀ ਸਿਰਫ 1200 ਰਹਿ ਚੁੱਕੀ ਹੈ। ਇਹਨਾਂ ਨੂੰ ਹੋਰ ਥਾਂਵੀ ਅਡਜਸਟ ਕਰਨ ਅਤੇ ਵਿਹਲੇ ਬੈਠਿਆਂ ਨੂੰ ਤਨਖਾਹ ਦੇਣ ਦੇ ਲਾਲਚ ਦਿੱਤੇ ਜਾ ਰਹੇ ਹਨ। ਜਨਰੇਸ਼ਨ ਅਲਾਊਂਸ ਕਦੋਂ ਦਾ ਬੰਦ ਹੋ ਚੁੱਕਾ ਹੈ। ਕੱਚੇ ਕਾਮਿਆਂ ਦੀ ਗਿਣਤੀ ਮਹਿਜ਼ 750 ਰਹਿ ਗਈ ਹੈ। ਪਿਛਲੇ 17-18 ਸਾਲਾਂ ਤੋਂ ਲਗਾਤਾਰ ਕੰਮ ਕਰ ਰਹੇ ਤੇ 6000 ਰੁਪਏ ਮਹੀਨਾ ਦੀ ਨਿਗੂਣੀ ਤਨਖਾਹ ਤੇ ਕਿਰਤ ਲੁਟਾ ਰਹੇ ਇਹਨਾਂ ਕਾਮਿਆਂ ਤੋਂ ਰੋਟੀ ਵੀ ਖੁੱਸ ਜਾਣੀ ਹੈ। ਇਹਨਾਂ ਚੋਂ 48 ਜਾਣਿਆਂ ਨੂੰ ਤਾਂ ਕੱਢਿਆ ਹੀ ਜਾ ਚੁੱਕਿਆ ਹੈ। ਇਹ ਆਪਣੀ ਰੋਜੀ ਬਚਾਉਣ ਲਈ ਦੋ ਸਤੰਬਰ ਤੋਂ ਲਗਾਤਾਰ ਧਰਨੇ ਤੇ ਹਨ।

ਇਹ ਪਲਾਂਟ ਸਮਰੱਥਾ ਤੇ ਤਕਨੀਕ ਪੱਖੋਂ ਪ੍ਰਾਈਵੇਟ ਥਰਮਲ ਪਲਾਂਟਾ ਤੋਂ ਕਿਵੇਂ ਵੀ ਊਣੇ ਨਹੀਂ। ਬਠਿੰਡਾ ਦੇ ਥਰਮਲ ਦੇ ਨਵੀਨੀਕਰਨ ਅਤੇ ਸਮਰੱਥਾ ਵਿੱਚ ਵਾਧੇ ਉੱਪਰ ਹਾਲ ਹੀ ਵਿੱਚ ਸਰਕਾਰ 900 ਕਰੋੜ ਰੁਪਿਆ ਖਰਚ ਕੇ ਹਟੀ ਹੈ। ਇਹਦੇ ਪਹਿਲੇ ਫੇਜ਼ 'ਚ ਸੁਧਾਰੇ ਗਏ ਯੂਨਿਟ ਸਾਲ 2022 ਤੱਕ ਅਤੇ ਦੂਜੇ ਫੇਜ਼ ਵਾਲੇ ਯੂਨਿਟ 2027 ਤੱਕ ਬਿਨਾਂ ਸਮੱਸਿਆਂ ਉਤਪਾਦਨ ਕਰਨ ਦੇ ਸਮਰੱਥ ਬਣਾਏ ਜਾ ਚੁੱਕੇ ਹਨ। ਦੂਸਰੇ ਦੋਨੋਂ ਪਲਾਂਟ ਵੀ ਬਿਨਾਂ ਸਮੱਸਿਆ ਕਾਰਜਸ਼ੀਲ ਹਨ।

ਤਿੰਨਾਂ ਸਰਕਾਰੀ ਥਰਮਲਾਂ ਦੀ ਕੁੱਲ ਸਮਰੱਥਾ (ਇਨਸਟਾਲਡ ਕਪੈਸਟੀ) 2710 ਮੈਗਾਵਾਟ ਹੈ। ਬਠਿੰਡਾ ਥਰਮਲ ਅੰਦਰ ਘੱਟੋ ਘੱਟ ਤੈਅ ਸਮਰੱਥਾ 460 ਮੈਗਾਵਾਟ ਉਪਰ ਸਰਕਾਰ ਨੂੰ ਤੈਅਸ਼ੁਦਾ ਚਾਰਜ ਵਜੋਂ 85 ਕਰੋੜ ਰੁਪਏ ਦਾ ਖਰਚਾ ਪੈਂਦਾ ਹੈ। ਜਦੋਂ ਕਿ 460 ਮੈਗਾਵਾਟ ਦੀ ਬਿਜਲੀ ਪ੍ਰਾਈਵੇਟ ਪਲਾਂਟਾਂ ਤੋਂ ਲੈਣ ਦਾ ਖਰਚਾ 245 ਕਰੋੜ ਰੁਪਏ ਦਾ ਬਣਦਾ ਹੈ। ਵੈਸੇ ਵੀ ਪ੍ਰਾਈਵੇਟ ਪਲਾਂਟਾਂ ਨੂੰ ਤੈਅਸ਼ੁਦਾ ਖਰਚੇ ਵਜੋਂ ਸਰਕਾਰ ਨੂੰ 1800 ਕਰੋੜ ਰੁਪਏ ਦੀ ਅਦਾਇਗੀ ਕਰਨੀ ਹੀ ਪੈਣੀ ਹੈ।

ਇਹਨਾਂ ਸਰਕਾਰੀ ਥਰਮਲਾਂ ਦੀ ਉਸਾਰੀ ਵਾਸਤੇ ਹਜ਼ਾਰਾਂ ਏਕੜ ਜ਼ਮੀਨ ਲੋਕਾਂ ਤੋਂ ਸਸਤੇ ਭਾਅ ਤੇ ਅਕੁਆਇਰ ਕੀਤੀ ਗਈ ਸੀ। ਇਕੱਲੇ ਬਠਿੰਡਾ ਥਰਮਲ ਪਲਾਂਟ ਕੋਲ ਹੀ ਲਗਭਗ 2200 ਏਕੜ ਜ਼ਮੀਨ ਹੈ। ਹੁਣ ਇਹ ਜ਼ਮੀਨ ਚੁੱਪ ਚੁਪੀਤੇ ਕੌਡੀਆਂ ਦੇ ਭਾਅ ਪ੍ਰਾਈਵੇਟ ਹੱਥਾਂ ਵਿੱਚ ਖਿਸਕ ਜਾਣੀ ਹੈ, ਜਿਵੇਂ ਕਿ ਪਿਛਲੇ ਸਮੇਂ ਅੰਦਰ ਅਨੇਕਾਂ ਫੈਕਟਰੀਆਂ ਤੇ ਉਦਯੋਗਾਂ ਦੇ ਮਾਮਲੇ ਵਿੱਚ ਵਾਪਰਿਆ ਹੈ।

ਪ੍ਰਾਈਵੇਟ ਥਰਮਲ ਪਲਾਂਟਾ ਤੋਂ ਮਿਲਣ ਵਾਲੀ ਬਿਜਲੀ ਨਾਂ ਸਿਰਫ ਮਹਿੰਗੀ ਹੈ, ਸਗੋਂ ਕੁਆਲਿਟੀ ਪੱਖੋਂ ਵੀ ਮਾੜੀ ਹੈ। ਬਿਜਲੀ ਦੀ ਮਾੜੀ ਕੁਆਲਿਟੀ ਦਾ ਅਸਰ ਇਸਦੀ ਖਪਤ ਵਧਾਉਣ ਅਤੇ ਘਰੇਲੂ ਉਪਕਰਨਾਂ ਦੀ ਉਮਰ ਘਟਾਉਣ ਵਿੱਚ ਪੈਂਦਾ ਹੈ। ਪ੍ਰਾਈਵੇਟ ਪਲਾਂਟਾਂ ਦੀ ਬਿਜਲੀ ਦਾ ਪਾਵਰ ਫੈਕਟਰ ਨਿਰਧਾਰਤ ਪੈਮਾਨੇ (.88) ਤੋਂ ਕਿਤੇ ਘੱਟ .8 ਹੈ ਜਦੋਂ ਕਿ .9 ਪਾਵਰ ਫੈਕਟਰ ਵਾਲੀ ਸਰਕਾਰੀ ਬਿਜਲੀ ਕੁਆਲਿਟੀ ਪੱਖੋਂ ਕਿਤੇ ਬੇਹਤਰ ਹੈ। ਇਸਤੋਂ ਵੀ ਅੱਗੇ ਬਿਜਲੀ ਦੇ ਰੇਟ ਕੋਲੇ ਦੇ ਰੇਟਾਂ ਉੱਪਰ ਨਿਰਭਰ ਕਰਦੇ ਹਨ। ਪ੍ਰਾਈਵੇਟ ਪਲਾਂਟ ਮਾੜਾ ਕੋਲਾ ਵਰਤ ਕੇ ਚੰਗੇ ਕੋਲੇ ਦਾ ਰੇਟ ਵਸੂਲ ਕਰਦੇ ਹਨ। ਮਾੜੇ ਕੋਲੇ ਦੀ ਖਪਤ ਅਧਿਕ ਹੋਣ ਕਰਕੇ ਬਿਜਲੀ ਦੀ ਰੇਟ ਹੋਰ ਵੀ ਵੱਧ ਜਾਂਦੇ ਹਨ। ਲੋਕਾਂ ਉੱਪਰ ਲਾਏ ਕਰਾਂ ਤੋਂ ਹਾਸਲ ਆਮਦਨ ਨਾਲ ਉਸਾਰੇ ਗਏ ਇਹਨਾਂ ਥਰਮਲ ਪਲਾਂਟਾਂ ਨੂੰ ਚੁੱਪ ਚੁਪੀਤੇ ਬੰਦ ਕਰਕੇ ਵੱਡੀਆਂ ਪ੍ਰਾਈਵੇਟ ਕੰਪਨੀਆਂ ਨੂੰ ਗੱਫੇ ਲਵਾਉਣ ਦਾ ਇਹ ਕਦਮ ਪੂਰੀ ਤਰ੍ਹਾਂ ਲੋਕ ਵਿਰੋਧੀ ਹੈ। ਥਰਮਲਾਂ ਦੀ ਜ਼ਮੀਨ, ਇਮਾਰਤਾਂ, ਮਸ਼ੀਨਰੀ ਤੇ ਹੋਰ ਅਸਾਸੇ ਲੋਕਾਂ ਦੀ ਸਮੂਹਿਕ ਜਾਇਦਾਦ ਹਨ। ਲੋਕਾਂ ਨੂੰ ਹੀ ਹਨੇਰੇ ਵਿੱਚ ਰੱਖਕੇ ਲੋਕ ਹਿਤਾਂ ਦੀ ਕੀਮਤ ਤੇ ਵੱਡੀਆਂ ਕੰਪਨੀਆਂ ਦੇ ਹਿਤ ਪੂਰਨਾ, ਸਰਾਸਰ ਗੈਰ ਜਮਹੂਰੀ ਤੇ ਧੱਕੜ ਕਾਰਵਾਈ ਹੈ।

ਸਰਕਾਰੀ ਥਰਮਲਾਂ ਨੂੰ ਬੰਦ ਕਰਨ ਦਾ ਇਹ ਕਦਮ ਵੀ ਉਸੇ ਹਕੂਮਤੀ ਨੀਤੀ ਦਾ ਅੰਗ ਹੈ ਜਿਸ ਤਹਿਤ ਵੱਖ ਵੱਖ ਸਰਕਾਰਾਂ ਵੱਲੋਂ ਲਗਾਤਾਰ ਸਰਕਾਰੀ ਅਦਾਰਿਆਂ ਨੂੰ ਫੰਡਾਂ ਦੀ ਛੋਟ ਦਾ ਸ਼ਿਕਾਰ ਬਣਾ ਕੇ ਉਹਨਾਂ ਦੀ ਨਿਘਰੀ ਹਾਲਤ ਦੀ ਤਸਵੀਰ ਪੇਸ਼ ਕੀਤੀ ਜਾਂਦੀ ਹੈ ਤੇ ਫੇਰ ਇਸ ਹਾਲਤ ਵਿੱਚ ਸੁਧਾਰ ਦੇ ਨਾਂ ਹੇਠ ਨਿੱਜੀ ਕਾਰੋਬਾਰੀਆਂ ਨੂੰ ਮੁਨਾਫੇ ਕਮਾਉਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਪਿਛਲੇ ਸਮੇਂ ਅੰਦਰ ਟਰਾਂਸਪੋਰਟ, ਟੈਲੀਫੋਨ, ਸੜਕ ਨਿਰਮਾਣ ਵਰਗੇ ਹਜ਼ਾਰਾਂ ਖੇਤਰਾਂ ਅੰਦਰ ਸਰਕਾਰੀ ਜ਼ਿੰਮੇਵਾਰੀ ਦੇ ਖਾਤਮੇ ਅਤੇ ਪ੍ਰਾਈਵੇਟ ਲੁੱਟ ਦੀਆਂ ਉਦਾਹਰਨਾਂ ਲੋਕੀਂ ਹੱਡੀ ਹੰਢਾ ਰਹੇ ਹਨ।

ਲੋਕਾਂ ਦੀ ਜ਼ਿੰਦਗੀ ਤੇ ਵੱਡੇ ਪ੍ਰਭਾਵ ਪਾਉਣ ਵਾਲੇ ਅਨੇਕਾਂ ਫੈਸਲੇ, ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤਾਂ ਕਹਾਉਂਦੇ ਸਾਡੇ ਮੁਲਕ ਅੰਦਰ ਲੋਕਾਂ ਦੀ ਰਜ਼ਾ ਜਾਣੇ ਬਿਨਾਂ ਹੀ ਕੀਤੇ ਜਾਂਦੇ ਹਨ। ਪਰਚੂਨ ਖੇਤਰ'ਚ ਵਿਦੇਸ਼ੀ ਨਿਵੇਸ਼ ਪਰਮਾਣੂ ਸਮਝੌਤਾ, ਬੀਮਾ-ਹਵਾਬਾਜੀ 'ਚ ਨਿਵੇਸ਼ ਵਰਗੇ ਹਜ਼ਾਰਾਂ ਫੈਸਲਿਆਂ ਵਾਂਗ ਨਿੱਜੀ ਥਰਮਲਾਂ ਨੂੰ ਚਲਾਉਣ ਤੇ ਸਰਕਾਰੀ ਥਰਮਲ ਬੰਦ ਕਰਨ ਦੇ ਸਮਝੌਤੇ ਵੀ ਲੋਕਾਂ ਤੋਂ ਉਹਲੇ ਹੀ ਸਿਰੇ ਚੜ੍ਹੇ ਹਨ। ਹੁਣ ਜਦੋਂ ਸਰਕਾਰੀ ਥਰਮਲਾਂ ਦੇ ਬੰਦ ਹੋਣ ਕਰਕੇ ਹਜ਼ਾਰਾਂ ਲੋਕਾਂ ਤੋਂ ਰੁਜ਼ਗਾਰ ਖੁੱਸ ਰਿਹਾ ਹੈ ਤੇ ਜਦੋਂ ਲੋਕਾਂ ਨੂੰ ਮਹਿੰਗੀ ਬਿਜਲੀ ਖਰੀਦਣੀ ਪੈਣੀ ਹੈ ਤਾਂ ਇਹਨਾਂ ਸਮਝੌਤਿਆਂ ਦੀ ਸੱਚਾਈ ਉਘੜ ਰਹੀ ਹੈ।

ਜਮਹੂਰੀ ਅਧਿਕਾਰ ਸਭਾ ਸਮੂਹ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਮਹਿਸੂਸ ਕਰਦੇ ਹੋਏ ਰੁਜ਼ਗਾਰ ਦੇ ਹੱਕ, ਸਸਤੀਆਂ ਸਰਕਾਰੀ ਸਹੂਲਤਾਂ ਦੇ ਹੱਕ ਤੇ ਸਮਾਜਿਕ ਸਿਆਸੀ ਜ਼ਿੰਦਗੀ ਵਿੱਚ ਹਿੱਸੇਦਾਰੀ ਦੇ ਹੱਕ ਉੱਪਰ ਇਸ ਕਦਮ ਰਾਂਹੀ ਵੱਜ ਰਹੇ ਛਾਪੇ ਖਿਲਾਫ ਅਵਾਜ਼ ਉਠਾਉਣਾ, ਸਰਕਾਰੀ ਥਰਮਲਾਂ ਨੂੰ ਚਾਲੂ ਰੱਖਣ, ਕੱਢੇ ਗਏ ਵਰਕਰ ਬਹਾਲ ਕਰਨ, ਪੱਕਾ ਰੁਜ਼ਗਾਰ ਦੇਣ ਅਤੇ ਪ੍ਰਾਈਵੇਟ ਥਰਮਲਾਂ ਨਾਲ ਕੀਤੇ ਗਏ ਸਮਝੋਤੇ ਰੱਦ ਕਰਨ ਦੀ ਜੋਰਦਾਰ ਮੰਗ ਕਰਦੇ ਹੋਏ, ਸਭਨਾਂ ਨੂੰ ਨੌਕਰੀਓਂ ਬਾਹਰ ਕੀਤੇ ਗਏ ਥਰਮਲ ਕਾਮਿਆਂ ਦੀ ਹਰ ਸੰਭਵ ਸਹਾਇਤਾ ਅਤੇ ਹਿਮਾਇਤ ਲਈ ਅੱਗੇ ਆਉਣਾ ਚਾਹੀਦਾ ਹੈ।

**ਪ੍ਰਕਾਸ਼ਕ ਜਾਰੀ ਕਰਤਾ**
**ਜ਼ਿਲ੍ਹਾ ਕਾਰਜ-ਕਾਰਨੀ ਕਮੇਟੀ**
**ਬੱਗਾ ਸਿੰਘ ਜਮਹੂਰੀ ਅਧਿਕਾਰ ਸਭਾ**
**ਇਕਾਈ, ਬਠਿੰਡਾ।**
**94653-25909**

# ਅਲਵਿਦਾ ਜੰਗੀਰ ਸਿੰਘ

**ਨਰੇਸ਼ ਸ਼ਰਮਾ**



ਲੱਗਭੱਗ ਪੱਚੀ ਵਰ੍ਹੇ ਅੰਡਰਗਰਾਊਂਡ ਰਹੇ ਮਹਾਨ ਨਕਸਲਾਇਟ ਗੁਰਦਿਆਲ ਸ਼ੀਤਲ ਦੇ ਭਰਾ ਜੰਗੀਰ ਸਿੰਘ ਜੀ 95 ਵਰ੍ਹੇ ਦੀ ਉਮਰ ਵਿਚ ਇਸ ਸੰਸਾਰ ਤੋਂ ਰੁਖ਼ਸ਼ਤ ਹੋ ਗਏ ਹਨ। ਇਹ ਓਹੀ ਜੰਗੀਰ ਸਿੰਘ ਸੀ ਜਿਸਨੂੰ ਤਕਰੀਬਨ ਪੰਤਾਲੀ ਵਰ੍ਹੇ ਪਹਿਲਾਂ ਪੁਲਿਸ ਨੇ ਚੁੱਕ 'ਕੇ ਨਹਿਰ 'ਤੇ ਮੁਕਾਬਲਾ ਬਣਾ 'ਕੇ ਖਤਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਜੰਗੀਰ ਸਿੰਘ ਦੇ ਉਸ ਸਮੇਂ ਮੱਥੇ ਵਿਚ ਵੱਜੀਆਂ ਗੋਲ਼ੀਆਂ ਦੇ ਸ਼ਰੇਆਂ ਦੇ ਨਿਸ਼ਾਨ ਉਸਦੀ ਆਖਰੀ ਮੰਜਿਲ ਤੱਕ ਪਹੁੰਚਣ ਸਮੇਂ ਤੱਕ ਪੂਰੀ ਤਰਾਂ ਮੌਜੂਦ ਸਨ ਜੋ ਉਸਦੀ ਸੂਰਮਗਤੀ ਦੀ ਕਹਾਣੀ ਖੁਦ-ਬ-ਖੁਦ ਆਖ ਰਹੇ ਸਨ। ਗੁਰਦਿਆਲ ਸਿੰਘ ਸੀਤਲ ਦੇ ਅੰਡਰ ਗਰਾਊਂਡ ਹੋਣ ਪਿੱਛੋਂ ਉਹਨਾਂ ਦੇ ਪੂਰੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਸੀ। ਇਹ ਲੱਗਭੱਗ 1970-71 ਦੀ ਗੱਲ ਹੈ ? ਲਗਭੱਗ ਰੋਜ ਹੀ ਪੁਲਿਸ ਉਹਨਾਂ ਦੇ ਘਰ ਗੇੜਾ ਮਾਰਦੀ ਸੀ। ਦਰਅਸਲ ਇਹ ਘਰ ਗੁਰਦਿਆਲ ਸੀਤਲ ਦਾ ਨਹੀਂ ਸਗੋਂ ਉਸਦੇ ਵੱਡੇ ਭਰਾ ਜੰਗੀਰ ਸਿੰਘ ਦਾ ਸੀ। ਦਲਿਤ ਪਰਿਵਾਰ ਨਾਲ ਸਬੰਧਿਤ ਇਹ ਤਿੰਨੋਂ ਭਰਾ ਦੋ ਬਿਸਵੇ ਦੇ ਮਕਾਨ ਵਿੱਚ ਰਹਿੰਦੇ ਸਨ। ਇੱਕ ਦਿਨ ਪੁਲਿਸ ਨੇ ਸਾਰੇ ਕਾਇਦੇ-ਕਾਨੂੰਨ ਛਿੱਕੇ ਟੰਗਦੇ ਹੋਏ ਹੱਦ ਹੀ ਕਰ ਦਿੱਤੀ। ਇੱਕ ਪੁਲਿਸ ਪਾਰਟੀ ਪੂਰੇ ਧਾਵੇ ਨਾਲ ਉਹਦੇ ਘਰ ਪਹੁੰਚੀ ? ਇੱਕ ਸੱਜਰ ਸੂਈ ਮੱਝ ਖੋਲ ਪੁਲਿਸ ਲੈ ਗਈ। ਘਰ ਨੂੰ ਅੱਗ ਲਗਾ ਦਿੱਤੀ ਗਈ ? ਪੰਜ ਛੇ ਮੁਲਾਜਿਮ ਘਰ ਦੀ ਰਾਖੀ ਕਰਦੇ ਰਹੇ ਕਿ ਕਿਧਰੇ ਕੋਈ ਅੱਗ ਬੁਝਾ ਨਾ ਦੇਵੇ ! ਇਸ ਤੋਂ ਦੋ ਕਦਮ ਹੋਰ ਅੱਗੇ ਵਧਦੇ ਹੋਏ ਇੱਕ ਰਾਤ ਉਹਨਾਂ ਦੇ ਘਰ ਪੁਲਿਸ ਨੇ ਰੇਡ ਮਾਰ ਲਈ। ਜੰਗੀਰ ਸਿੰਘ ਨੂੰ ਚੁੱਕ ਕੇ ਲੈ ਗਏ। ਉਸ ਦੀਆਂ ਅੱਖਾਂ 'ਤੇ ਪੱਟੀ ਬੰਨ ਦਿੱਤੀ ਗਈ। ਜੰਗੀਰ ਸਿੰਘ ਨੇ ਖਤਰੇ ਨੂੰ ਭਾਂਪ ਲਿਆ। ਉਹਨਾਂ ਦੇ ਬਹਿਨੋਈ ਹਰਨੇਕ ਸਿੰਘ ਭਲਵਾਨ ਨੂੰ ਪੁਲਿਸ ਨੇ ਇਸ ਤਰਾਂ ਚੁੱਕ ਕੇ ਖਤਮ ਕਰ ਦਿੱਤਾ ਸੀ। ਉਸਦੀ ਲਾਸ਼ ਵੀ ਨਹੀਂ ਸੀ ਮਿਲੀ। ਹੁਣ ਜੰਗੀਰ ਸਿੰਘ 'ਕਰੋ ਜਾਂ ਮਰੋ' ਦੀ ਸਥਿਤੀ ਲਈ ਪੂਰੀ ਤਰਾਂ ਤਿਆਰ ਸੀ। ਉਸ ਨੂੰ ਕਿਸੇ ਨਹਿਰ ਦੇ ਪੁਲ ਤੇ ਲਿਜਾਇਆ ਗਿਆ। ਕੁਝ ਹੋਰ ਲੋਕਾਂ ਨੂੰ ਗੋਲੀਆਂ ਮਾਰ ਕੇ ਨਹਿਰ ਵਿੱਚ ਸੁੱਟ ਦਿੱਤਾ ਗਿਆ। ਜੰਗੀਰ ਸਿੰਘ ਹੁਣ ਪੂਰੀ ਤਰ੍ਹਾਂ ਮਰਨ ਜਾਂ ਮਾਰਨ ਲਈ ਤਿਆਰ ਹੋ ਚੁੱਕਾ ਸੀ। ਉਸਨੇ ਅੰਨੇਵਾਹ ਇੱਕ ਥਾਣੇਦਾਰ ਨੂੰ ਧੱਕਾ ਦੇ ਕੇ ਸੁੱਟਦੇ ਹੋਏ ਖੁਦ ਨਹਿਰ ਵਿਚ ਛਾਲ ਮਾਰ ਦਿੱਤੀ।

ਅਚਾਨਕ ਅਤੇ ਅਣਕਿਆਸੇ ਹਮਲੇ ਤੋਂ ਭੈਭੀਤ ਹੋਏ ਪੁਲਿਸ ਮੁਲਾਜਿਮਾਂ ਨੇ ਅੰਨੇਵਾਹ ਫਾਇਰਿੰਗ ਕਰ ਦਿੱਤੀ। ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਜੰਗੀਰ ਸਿੰਘ ਬਚ ਨਿਕਲਿਆ ਪਰ ਬਾਰਾਂ ਬੋਰ ਬੰਦੂਕ ਦੇ ਕੁਝ ਸ਼ੱਰਰੇ ਉਸਦੇ ਮੱਥੇ ਵਿਚ ਲੱਗ ਗਏ। ਇਸ ਤਰ੍ਹਾਂ ਉਹ ਜਾਨ ਬਚਾਉਣ ਵਿਚ ਸਫਲ ਰਿਹਾ।

ਇਸ ਘਟਨਾ ਪਿੱਛੋਂ ਉਹ ਲੱਗਭੱਗ ਦੋ ਮਹੀਨੇ ਅੰਡਰ ਗਰਾਊਂਡ ਰਿਹਾ। ਦੇਸ਼ ਜਾਂ ਦੇਸ਼ ਦੇ ਲੋਕਾਂ ਲਈ ਲੜਨਾਂ ਕੋਈ ਸੌਖੀ ਖੇਡ ਨਹੀਂ ਹੈ। ਜਿਹਨਾਂ ਅਜਿਹੀ ਹਿੰਮਤ ਦਿਖਾਈ ਉਹਨਾਂ ਖੁਦ ਤਾਂ ਤਸ਼ੱਦਦ ਝੱਲਿਆ ਹੀ, ਪਰ ਜੋ ਤਸ਼ੱਦਦ ਉਹਨਾਂ ਦੇ ਪਰਿਵਾਰਾਂ ਨੇ ਝੱਲਿਆ ਉਹ ਵੀ ਕਹਿਣ-ਸੁਨਣ ਦੀ ਸਮਰੱਥਾ ਤੋਂ ਪਾਰ ਹੈ।

ਨਕਸਲਾਇਟ ਸੰਘਰਸ਼ ਦਾ ਉਦੇਸ ਮਨੁੱਖ ਦੀ ਮਨੁੱਖ ਹੱਥੋਂ ਹੋ ਰਹੀ ਲੁੱਟ ਨੂੰ ਰੋਕਣਾ, ਆਰਥਿਕ ਅਤੇ ਸਮਾਜਿਕ ਤੌਰ 'ਤੇ ਇੱਕ ਬਰਾਬਰ ਸਮਾਜ ਦੀ ਉਸਾਰੀ ਕਰਨਾ ਸੀ। ਸੰਘਰਸ਼ ਦੇ ਉਦੇਸ਼ 'ਤੇ ਕਿੰਤੂ-ਪਰੰਤੂ ਦੀ ਕੋਈ ਬਹੁਤੀ ਗੁਜਾਇਸ ਨਹੀਂ ਹੈ, ਬੇਸ਼ੱਕ ਹੋਰ ਕਈ ਪੱਖਾਂ 'ਤੇ ਸਹਿਮਤੀ-ਅਸਹਿਮਤੀ ਦੀ ਕਾਫੀ ਸੰਭਾਵਨਾਂ ਬਣੀ ਹੋਈ ਹੈ।

ਗੁਰਦਿਆਲ ਸ਼ੀਤਲ ਨੇ ਸੰਘਰਸ਼ ਦੌਰਾਨ ਬਹੁਤ ਦੁਸ਼ਵਾਰੀਆਂ ਦਾ ਸਾਹਮਣਾ ਕੀਤਾ ਪਰ ਪਿਛਲੇ ਪਰਿਵਾਰ ਦੁਆਰਾ ਜੋ ਪ੍ਰਸਥਿਤੀਆਂ ਦਾ ਸਾਹਮਣਾਂ ਕੀਤਾ ਗਿਆ ਉਸਨੂੰ ਵੀ ਕਿਸੇ ਤਰਾਂ ਘੱਟ ਕਰਕੇ ਨਹੀਂ ਆਂਕਿਆ ਜਾ ਸਕਦਾ। ਉਸਦੇ ਦੋਵੇਂ ਭਰਾਵਾਂ ਜੰਗੀਰ ਸਿੰਘ ਅਤੇ ਹਰਨੇਕ ਸਿੰਘ ਨੂੰ ਵੀ ਲੁਕ-ਛਿਪ ਕੇ ਰਹਿਣਾ ਪਿਆ। ਹਰਨੇਕ ਸਿੰਘ ਨੂੰ ਤਾਂ ਕੁਝ ਸਮਾਂ ਜੇਲ੍ਹ ਵਿਚ ਵੀ ਰਹਿਣਾ ਪਿਆ। ਘਰ-ਬਾਰ ਪੁਲਿਸ ਨੇ ਉਜਾੜ ਦਿੱਤਾ, ਘਰ ਨੂੰ ਸਮੇਤ ਸਮਾਨ ਅੱਗ ਲਾ ਦਿੱਤੀ। ਉਸਦੇ ਬਹਿਨੋਈ ਹਰਨੇਕ ਸਿੰਘ ਭਲਵਾਨ ਨੂੰ ਮਾਰ ਕੇ ਖਪਾ ਦਿੱਤਾ ਗਿਆ। ਭਰਾ ਜੰਗੀਰ ਸਿੰਘ ਨੂੰ ਵੀ ਮਾਰ ਦੇਣ ਦੀ ਕੋਸਿਸ ਕੀਤੀ ਗਈ। ਹਰ ਹਥਿਆਰਬੰਦ ਸੰਘਰਸ਼ 'ਚ ਸ਼ਾਮਿਲ ਲੋਕਾਂ ਦੀ ਅਤੇ ਪਿਛਲੇ ਪਰਿਵਾਰਾਂ ਦੀ ਅਕਸਰ ਇਹੋ ਹੋਣੀ ਹੁੰਦੀ ਹੈ, ਫਿਰ ਭਾਵੇਂ ਇਹ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਵਾਪਰ ਰਿਹਾ ਹੋਵੇ। ਦੇਸ਼ ਅਤੇ ਦੇਸ਼ ਦੇ ਲੋਕਾਂ ਦੇ ਬੇਹਤਰ ਭਵਿੱਖ ਲਈ ਲੜਨ ਵਾਲਿਆਂ ਨੂੰ ਸੱਚਮੁਚ ਬਹੁਤ ਮੁਸੀਬਤਾਂ ਝੱਲਣੀਆਂ ਪੈਂਦੀਆਂ ਹਨ।

ਕੱਲ ਮਿਤੀ 10 ਨਵੰਬਰ 2016 ਦਿਨ ਵੀਰਵਾਰ ਨੂੰ ਸ਼ੇਰਪੁਰ ਵਿਖੇ ਇਸ ਮਹਾਨ ਨਾਇਕ ਜੰਗੀਰ ਸਿੰਘ ਨੂੰ ਸਰਧਾਂਜਲੀਆਂ ਭੇਂਟ ਕੀਤੀਆਂ ਗਈਆਂ।

# ਵਾਯੂ ਮੰਡਲ 'ਚ ਓਜ਼ੋਨ ਗੈਸ ਦੀ ਪਰਤ : ਮਨੁੱਖੀ ਸਿਹਤ ਅਤੇ ਵਾਤਾਵਰਨ

Dr. T.S. Kathpal



ਸਾਡਾ ਵਾਯੂ ਮੰਡਲ ਭਾਂਤ-ਭਾਂਤ ਦੀਆਂ ਗੈਸਾਂ ਦਾ ਮਿਸ਼ਰਣ ਹੈ, ਜਿਵੇਂ ਕਿ ਨਾਈਟ੍ਰੋਜਨ-70.01 ਪ੍ਰਤੀਸ਼ਤ, ਆਕਸੀਜਨ-20.9 ਪ੍ਰਤੀਸ਼ਤ, ਆਰਗੋਨ-0.93 ਪ੍ਰਤੀਸ਼ਤ, ਕਾਰਬਨ ਡਾਈਆਕਸਾਈਡ-0.33 ਪ੍ਰਤੀਸ਼ਤ। ਇਨ੍ਹਾਂ ਤੋਂ ਇਲਾਵਾ ਬਹੁਤ ਥੋੜ੍ਹੀ ਮਾਤਰਾ ਵਿੱਚ ਨਿਊਨ, ਹੀਲੀਅਮ, ਹਾਈਡ੍ਰੋਜਨ, ਕ੍ਰਿਪਟਨ ਅਤੇ ਕਦੇ-ਕਦੇ ਓਜ਼ੋਨ ਵੀ ਮਿਲਦੀ ਹੈ। ਕੁੱਛ ਨਮੀ ਦੀ ਮਾਤਰਾ ਵੀ ਹਮੇਸ਼ਾ ਬਣੀ ਰਹਿੰਦੀ ਹੈ।

**ਯੂ.ਵੀ. ਕਿਰਨਾਂ ਕੀ ਹਨ?** : ਵਾਯੂਮੰਡਲ ਵਿੱਚ ਸੂਰਜ ਤੋਂ ਆਉਣ ਵਾਲੀ ਰੋਸ਼ਨੀ ਵੱਖ-ਵੱਖ ਪ੍ਰਕਾਰ ਦੀਆਂ ਕਿਰਨਾਂ ਨਾਲ ਬਣੀ ਹੁੰਦੀ ਹੈ। ਜਿਵੇਂ ਕਿ ਪਰਾਬੈਂਗਣੀ (ਯੂ.ਵੀ.) ਕਿਰਨਾਂ, ਦਿਖਾਈ ਦੇਣ ਵਾਲੀਆਂ ਕਿਰਨਾਂ, ਅਤੇ ਇਨਫਰਾਰੈਡ ਕਿਰਨਾਂ, ਯੂ.ਵੀ. ਕਿਰਨਾਂ ਤਿੰਨ ਪ੍ਰਕਾਰ ਦੀਆਂ ਹੁੰਦੀਆਂ ਹਨ। ਯੂਵੀ-ਏ, ਯੂਵੀ-ਬੀ ਅਤੇ ਯੂਵੀ-ਸੀ, ਇਨ੍ਹਾਂ ਵਿੱਚੋਂ ਯੂਵੀ-ਬੀ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ ਅਤੇ ਖ਼ਤਰਨਾਕ ਹੁੰਦੀਆਂ ਹਨ।

ਯੂਵੀ ਕਿਰਨਾਂ ਦਾ ਮਿਸ਼ਰਣ ਸ਼ਕਤੀਸ਼ਾਲੀ ਹੋਣ ਕਰਕੇ ਧਰਤੀ ਉੱਪਰ ਸਭ ਪ੍ਰਕਾਰ ਦੀ ਬਨਸਪਤੀ ਨੂੰ ਤਬਾਹ ਕਰ ਸਕਦਾ ਹੈ। ਧਰਤੀ ਉਪਰ ਪੈਦਾ ਹੋਣ ਵਾਲੇ ਪੌਦੇ ਅਤੇ ਸਮੁੰਦਰ ਵਿੱਚ ਉਪਜਣ ਵਾਲੇ ਸੂਖਮ ਕਾਈ ਅਤੇ ਉੱਲੀ ਵਗੈਰਾ ਜੋ ਕਿ ਸਮੁੰਦਰੀ ਜਾਨਵਰਾਂ ਵਾਸਤੇ ਭੋਜਨ ਬਣਾਉਂਦੇ ਹਨ, ਯੂਵੀ ਕਿਰਨਾਂ ਦੀ ਸ਼ਕਤੀ ਨਾਲ ਮਰ ਜਾਂਦੇ ਹਨ। ਮਨੁੱਖਾਂ ਵਿੱਚ ਚਮੜੀ ਦਾ ਕੈਂਸਰ ਅਤੇ ਅੱਖਾਂ ਦੇ ਚਿੱਟੇ ਮੋਤੀਏ ਦੀ ਬਿਮਾਰੀ ਆ ਜਾਂਦੀ ਹੈ। ਬਿਮਾਰੀਆਂ ਦਾ ਮੁਕਾਬਲਾ ਕਰਨ ਦੀ ਸਰੀਰਕ ਸ਼ਕਤੀ ਖ਼ਤਮ ਹੋ ਜਾਂਦੀ ਹੈ।

ਕੁਦਰਤ ਦਾ ਅਜੀਬ ਕ੍ਰਿਸ਼ਮਾ ਹੈ ਕਿ ਯੂਵੀ ਕਿਰਨਾਂ ਬਾਵਜੂਦ ਖ਼ਤਰਨਾਕ ਹੋਣ ਦੇ, ਵਿਟਾਮਿਨ 'ਡੀ' ਬਣਾਉਣ ਦਾ ਸਭ ਤੋਂ ਵੱਡਾ ਕੁਦਰਤੀ ਸੋਮਾ ਹਨ। ਇਹ ਸੋਮਾ ਮਨੁੱਖੀ ਹੋਂਦ ਆਰੰਭ ਹੋਣ ਤੋਂ ਲੈ ਕੇ ਅੱਜ ਤੱਕ ਕਿਰਿਆਸ਼ੀਲ ਹੈ। ਵਿਟਾਮਿਨ 'ਡੀ' ਕੈਂਸਰ ਸਮੇਤ ਕਈ ਪ੍ਰਕਾਰ ਦੀਆਂ ਮਨੁੱਖੀ ਬਿਮਾਰੀਆਂ ਨੂੰ ਕੰਟਰੋਲ ਕਰਨ ਵਿੱਚ ਸਹਾਇਕ ਹੁੰਦੀ ਹੈ।

**ਓਜ਼ੋਨ ਗੈਸ ਅਤੇ ਓਜ਼ੋਨ ਦੀ ਪਰਤ:** ਜ਼ੋਨ ਇੱਕ ਬੇਰੰਗੀ ਗੈਸ ਹੈ। ਇਸਦੇ ਇੱਕ ਅਣੂ ਵਿੱਚ ਆਕਸੀਜਨ ਦੇ ਤਿੰਨ ਪ੍ਰਮਾਣੂ ਹੁੰਦੇ ਹਨ। ਭਾਵ ਇਸ ਦਾ ਸੂਤਰ ਹੈ ($O_3$) । ਦੂਜੇ ਸ਼ਬਦਾਂ ਵਿੱਚ ਇਹ ਆਕਸੀਜਨ ਦਾ ਹੀ ਪ੍ਰਰੂਪ ਹੈ।

ਓਜ਼ੋਨ ਗੈਸ ਧਰਤੀ ਦੇ ਨੇੜੇ ਵਾਲੇ ਵਾਯੂਮੰਡਲ ਵਿੱਚ ਆਮ ਤੌਰ 'ਤੇ ਨਹੀਂ ਹੁੰਦੀ। ਪ੍ਰੰਤੂ ਮਨੁੱਖੀ ਕਿਰਿਆਵਾਂ ਕਾਰਨ ਖਾਸ ਤੌਰ 'ਤੇ ਮੋਟਰਕਾਰਾਂ ਤੇ ਫੈਕਟਰੀਆਂ ਤੋਂ ਨਿਕਲੇ ਧੂੰਏਂ ਅਤੇ ਉਡਣਸ਼ੀਲ ਕਾਰਬਨ ਪਦਾਰਥਾਂ ਦੀ ਕਿਰਿਆ ਰਾਹੀਂ ਇਹ ਗੈਸ ਬਣ ਜਾਂਦੀ ਹੈ। ਓਜ਼ੋਨ ਬਹੁਤ ਜ਼ਿਆਦਾ ਕਿਰਿਆਸ਼ੀਲ ਹੋਣ ਕਾਰਨ ਪਸ਼ੂ-ਪੰਛੀਆਂ ਅਤੇ ਪੌਦਿਆਂ ਲਈ ਹਾਨੀਕਾਰਕ ਹੁੰਦੀ ਹੈ। ਧਰਤੀ ਦੇ ਨੇੜੇ ਮਨੁੱਖੀ ਹਰਕਤਾਂ ਕਰਕੇ ਉਤਪੰਨ ਹੋਈ ਓਜ਼ੋਨ ਨੂੰ TROPOPHORIC-BAD OZONE ਆਖਦੇ ਹਨ।

ਉਪਰ ਵਾਲੇ ਵਾਯੂਮੰਡਲ ਵਿੱਚ ਯੂਵੀ ਕਿਰਨਾਂ ਆਕਸੀਜਨ ਦੇ ਅਣੂ ਨੂੰ ਤੋੜ ਕੇ ਓਜ਼ੋਨ ਵਿੱਚ ਤਬਦੀਲ ਕਰ ਦਿੰਦੀਆਂ ਹਨ। ਫਿਰ ਯੂਵੀ ਕਿਰਨਾਂ ਓਜ਼ੋਨ ਨੂੰ ਵਾਪਸ ਤੋੜ ਕੇ ਆਕਸੀਜਨ ਵਿੱਚ ਬਦਲ ਦਿੰਦੀਆਂ ਹਨ। ਇਸ ਤਰ੍ਹਾਂ ਆਕਸੀਜਨ ਤੋਂ ਓਜ਼ੋਨ ਅਤੇ ਓਜ਼ੋਨ ਤੋਂ ਆਕਸੀਜਨ ਬਣਨ ਦੀ ਕਿਰਿਆ ਲਗਾਤਾਰ ਚੱਲਦੀ ਰਹਿੰਦੀ ਹੈ। ਕਿਉਂਕਿ ਓਜ਼ੋਨ ਬਣਨ ਦੀ ਰਫਤਾਰ ਜ਼ਿਆਦਾ ਅਤੇ ਟੁੱਟਣ ਦੀ ਥੋੜ੍ਹੀ ਹੁੰਦੀ ਹੈ, ਇਸ ਲਈ ਓਜ਼ੋਨ ਦੀ ਮਾਤਰਾ ਲਗਾਤਾਰ ਵਧਦੀ ਰਹਿੰਦੀ ਹੈ। ਵਧਦੇ-ਵਧਦੇ ਓਜ਼ੋਨ ਦੀ ਇੱਕ ਪਰਤ ਬਣ ਚੁੱਕੀ ਹੈ। ਇਸ ਪਰਤ ਨੇ ਧਰਤੀ ਨੂੰ ਚਾਰੋਂ ਪਾਸਿਓਂ ਢੱਕ ਕੇ ਰੱਖਿਆ ਹੋਇਆ ਹੈ। ਸਭ ਤੋਂ ਪਹਿਲਾਂ 1913 ਵਿੱਚ ਫਰਾਂਸ ਦੇ ਸਾਇੰਸਦਾਨਾਂ, Charles Fabry, and Henry Buisson ਨੇ ਓਜ਼ੋਨ ਪਰਤ ਦੀ ਹੋਂਦ ਬਾਰੇ ਸੰਸਾਰ ਨੂੰ ਜਾਣਕਾਰੀ ਦਿੱਤੀ।

ਵਾਯੂਮੰਡਲ ਦੀ ਲੱਗਭਗ 90 ਪ੍ਰਤੀਸ਼ਤ ਓਜ਼ੋਨ ਧਰਤੀ ਤੋਂ 10-50 ਕਿਲੋਮੀਟਰ ਉਚਾਈ 'ਤੇ ਮਿਲਦੀ ਹੈ। ਇਸ 10-50 ਕਿਲੋਮੀਟਰ ਦੇ ਵਾਯੂਮੰਡਲ ਨੂੰ ਆਖਦੇ ਹਨ। ਸਾਰੇ ਵਾਯੂਮੰਡਲ ਵਿੱਚ ਓਜ਼ੋਨ ਦੀ ਕੁੱਲ ਮਾਤਰਾ ਲੱਗਭਗ ਤਿੰਨ ਅਰਬ ਮੀਟ੍ਰਿਕ ਟਨ ਹੈ ਜੋ ਕਿ ਵਾਯੂਮੰਡਲ ਦੀਆਂ ਸਾਰੀਆਂ ਗੈਸਾਂ ਦਾ ਕੇਵਲ 0.00006 ਪ੍ਰਤੀਸ਼ਤ ਬਣਦਾ ਹੈ। ਉਪਰਲੇ ਵਾਯੂਮੰਡਲ ਵਿੱਚ ਮਿਲਣ ਵਾਲੀ ਓਜ਼ੋਨ ਨੂੰ STRATOSPHERIC GOOD OZONE ਆਖਦੇ ਹਨ।

ਓਜ਼ੋਨ ਦੀ ਸਭ ਤੋਂ ਜ਼ਿਆਦਾ ਮਾਤਰਾ ਧਰਤੀ ਦੀ ਸਤ੍ਹਾ ਤੋਂ ਲੱਗਭਗ 32 ਕਿਲੋਮੀਟਰ (20 ਮੀਲ) ਦੀ ਉਚਾਈ ਤੱਕ ਮਿਲਦੀ ਹੈ। ਇਥੇ ਇਸਦੀ ਮਾਤਰਾ ਲੱਗਭਗ 0.0015 ਪ੍ਰਤੀਸ਼ਤ ਹੁੰਦੀ ਹੈ। ਓਜ਼ੋਨ ਦੀ ਪਰਤ ਭੂਮੱਧ ਰੇਖਾ ਦੇ ਆਲੇ ਦੁਆਲੇ ਦੇ ਵਾਯੂਮੰਡਲ ਵਿੱਚ ਪਤਲੀ ਪ੍ਰੰਤੂ ਦੱਖਣੀ ਅਤੇ ਉਤਰੀ ਧਰੂਹ ਦੇ ਉਪਰਲੇ ਵਾਯੂਮੰਡਲ ਵਿੱਚ ਬਹੁਤ ਮੋਟੀ ਹੁੰਦੀ ਹੈ। ਪਰਤ ਦੀ ਮੋਟਾਈ ਮੌਸਮ ਅਤੇ ਭੂਗੋਲਿਕ ਸਥਿਤੀ ਮੁਤਾਬਿਕ ਬਦਲਦੀ ਰਹਿੰਦੀ ਹੈ।

**ਓਜ਼ੋਨ ਪਰਤ ਦੇ ਲਾਭ** : ਓਜ਼ੋਨ ਦੀ ਪਰਤ ਸੂਰਜ ਦੀ ਰੋਸ਼ਨੀ ਵਾਸਤੇ ਇੱਕ ਛਾਨਣੀ ਦਾ ਕੰਮ ਕਰਦੀ ਹੈ। ਇਸ ਪਰਤ ਅੰਦਰ 97 ਤੋਂ 99 ਪ੍ਰਤੀਸ਼ਤ ਹਾਨੀਕਾਰਕ ਯੂਵੀ ਕਿਰਨਾਂ ਨੂੰ ਸਮਾ ਲੈਣ ਦੀ ਯੋਗਤਾ ਹੁੰਦੀ ਹੈ। ਸੋ ਇਹ ਪਰਤ ਦਿਖਾਈ ਦੇਣ ਵਾਲੀ ਰੌਸ਼ਨੀ ਦੀਆਂ ਕਿਰਨਾਂ ਅਤੇ ਇਨਫਰਾਰੈੱਡ ਕਿਰਨਾਂ ਨੂੰ ਹੀ ਧਰਤੀ ਉਪਰ ਪੁੱਜਣ ਦਿੰਦੀ ਹੈ। ਇਹ ਕੁਦਰਤੀ ਨੇਮ ਹੈ ਕਿ ਲੋੜੀਂਦੀਆਂ ਯੂਵੀ ਕਿਰਨਾਂ ਹੀ ਧਰਤੀ ਉੱਪਰ ਪੁੱਜਦੀਆਂ ਹਨ। ਜੋ ਕਿ ਵਿਟਾਮਿਨ 'ਡੀ' ਦਾ ਸਭ ਤੋਂ ਵੱਡਾ ਕੁਦਰਤੀ ਸੋਮਾ ਹਨ।

**ਓਜ਼ੋਨ ਪਰਤ ਦਾ ਪਤਲਾ ਹੋਣਾ ਜਾਂ ਘਟਣਾ** : ਭਾਵੇਂ ਸਾਇੰਸਦਾਨਾਂ ਨੂੰ 1970 ਈ. ਤੋਂ ਪਤਾ ਲੱਗ ਗਿਆ ਸੀ ਕਿ ਓਜ਼ੋਨ ਪਰਤ ਦਿਨ-ਬ-ਦਿਨ ਘੱਟ ਰਹੀ ਹੈ ਪ੍ਰੰਤੂ ਸੰਨ 1984 ਵਿੱਚ ਪਤਾ ਲੱਗਿਆ ਕਿ ਦੱਖਣੀ ਧਰੁਵ ਦੇ ਵਾਯੂਮੰਡਲ ਉੱਪਰ ਓਜ਼ੋਨ ਦੀ ਪਰਤ ਬਹੁਤ ਜ਼ਿਆਦਾ ਪਤਲੀ ਹੋ ਚੁੱਕੀ ਹੈ। ਸਾਇੰਸਦਾਨਾਂ ਨੇ ਇਸ ਪਤਲੀ ਹੋ ਗਈ ਪਰਤ ਨੂੰ ਓਜ਼ੋਨ ਪਰਤ ਵਿੱਚ ਬਣਿਆ ਮੋਰ (ਛੇਦ) ਕਹਿ ਦਿੱਤਾ। ਦੂਜੇ ਸ਼ਬਦਾਂ ਵਿੱਚ ਇਹ ਪਤਲੀ ਪਰਤ ਦਾ ਨਾਂਅ 'ਹੋਲ ਇਨ ਓਜ਼ੋਨ ਲੇਅਰ' ਰੱਖਿਆ ਗਿਆ। ਖੋਜ ਰਾਹੀਂ ਪੱਕਾ ਹੋ ਗਿਆ ਕਿ ਧਰਤੀ ਦੇ ਉਪਰਲੇ ਹਿੱਸੇ ਵਿੱਚ 10 ਪ੍ਰਤੀਸ਼ਤ, ਦੱਖਣੀ ਹਿੱਸੇ (ਮੈਲਬੋਰਨ, ਆਸਟਰੇਲੀਆ) ਉਪਰ 35 ਪ੍ਰਤੀਸ਼ਤ ਅਤੇ ਦੱਖਣੀ ਧਰੁਵ ਉਪਰ 50 ਪ੍ਰਤੀਸ਼ਤ ਓਜ਼ੋਨ ਪਰਤ ਖ਼ੁਰ ਚੁੱਕੀ ਹੈ।

**ਓਜ਼ੋਨ ਪਰਤ ਦੇ ਪਤਲਾ ਹੋਣ ਦੇ ਕਾਰਨ** : ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਮਨੁੱਖ ਦੇ ਆਪਣੇ ਬਣਾਏ ਹੋਏ ਰਸਾਇਣ ਹੀ ਹਨ। ਖਾਸ ਤੌਰ 'ਤੇ ਉਹ ਰਸਾਇਣ ਜਿਨ੍ਹਾਂ ਦੀ ਬਣਤਰ ਅੰਦਰ ਕਲੋਰੀਨ ਜਾਂ ਬਰੋਮੀਨ ਹੁੰਦੀ ਹੈ, ਉਹ ਜ਼ਿਆਦਾ ਖ਼ਤਰਨਾਕ ਸਿੱਧ ਹੋਏ ਹਨ। ਇਨ੍ਹਾਂ ਰਸਾਇਣਾਂ ਦਾ ਇਕ ਗਰੁੱਪ ਕਲੋਰੋਫਲੋਰੋ ਕਾਰਬਨ ਬਹੁਤ ਜ਼ਿਆਦਾ ਬਦਨਾਮ ਹੈ। ਇਹ ਰਸਾਇਣ 1930-40 ਦੇ ਦੌਰਨ ਇਸਤੇਮਾਲ ਹੋਣੇ ਸ਼ੁਰੂ ਹੋਏ ਸਨ। ਕਿਉਂਕਿ ਇਹ ਰਸਾਇਣ ਸਸਤੇ, ਟਿਕਾਊ, ਸੁਰੱਖਿਅਤ ਅਤੇ ਬਹੁਤ ਅਸਰਦਾਇਕ ਸਨ, ਇਸ ਲਈ ਇਨ੍ਹਾਂ ਦੀ ਵਰਤੋਂ ਖਾਣ-ਪੀਣ ਦੇ ਪਦਾਰਥਾਂ ਨੂੰ ਠੰਡਾ ਰੱਖਣ ਵਾਲੇ ਉਪਕਰਨ ਜਿਵੇਂ ਫਰਿਜ, ਵਾਤਾਅਨੁਕੂਲ ਮਸ਼ੀਨਾਂ ਅਤੇ ਸਪਰੇਆਂ ਆਦਿ ਵਿੱਚ ਬਹੁਤ ਜ਼ਿਆਦਾ ਮਾਤਰਾ ਵਿੱਚ ਸਾਲਾਂ ਬੱਧੀ ਹੁੰਦੀ ਰਹੀ ਹੈ। ਇਸਤੋਂ ਇਲਾਵਾ ਜੰਗਲਾਂ ਦਾ ਘਟ ਜਾਣਾ, ਪੈਟਰੋਲ ਅਤੇ ਡੀਜ਼ਲ ਦੀਆਂ ਗੱਡੀਆਂ ਦਾ ਧੂੰਆਂ, ਗ੍ਰੀਨ ਹਾਉਸ ਗੈਸਾਂ ਕਾਰਬਨ ਡਾਈਆਕਸਾਈਡ ਅਤੇ ਮੀਥੇਨ ਆਦਿ ਨੇ ਵੀ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾਇਆ ਹੈ। Supersonic jet ਅਤੇ ਪ੍ਰਮਾਣੂ ਵਿਸਫੋਟਾਂ ਤੋਂ ਪੈਦਾ ਹੋਈਆਂ ਗੈਸਾਂ ਅਤੇ ਕਿਰਨਾਂ ਦੀ ਓਜ਼ੋਨ ਪਰਤ ਨੂੰ ਪਤਲਾ ਕਰਦੀਆਂ ਹਨ।

ਕਲੋਰੋਫਲੋਰੋ ਕਾਰਬਨ ਰਸਾਇਣਾਂ ਕਿਸ ਪ੍ਰਕਾਰ ਓਜ਼ੋਨ ਪਰਤ ਨੂੰ ਪਤਲਾ ਕਰਦੀਆਂ ਹਨ?

ਕਲੋਰੋਫਲੋਰੋਕਾਰਬਨ ਰਸਾਇਣ ਮਨੁੱਖੀ ਕਿਰਿਆ ਕਾਰਨ ਲਗਾਤਾਰ ਵਾਤਾਵਰਣ ਵਿੱਚ ਪ੍ਰਵੇਸ਼ ਕਰਦੇ ਰਹਿੰਦੇ ਹਨ ਅਤੇ ਹੌਲੀ-ਹੌਲੀ ਇਹ 6-7 ਸਾਲਾਂ 'ਚ ਉਪਰਲੇ ਵਾਯੂਮੰਡਲ ਵਿੱਚ ਦਾਖਲ ਹੋ ਜਾਂਦੇ ਹਨ। ਸੂਰਜ ਦੀਆਂ ਯੂਵੀ ਕਿਰਨਾਂ ਦੇ ਅਸਰ ਨਾਲ ਇਨ੍ਹਾਂ ਦੇ ਅਣੂ ਟੁੱਟ ਕੇ ਕਲੋਰੀਨ ਜਾਂ ਬਰੋਮੀਨ ਦੇ ਪ੍ਰਮਾਣੂਆਂ ਨੂੰ ਵੱਖ ਕਰ ਦਿੰਦੇ ਹਨ। ਇਹ ਵੱਖ ਹੋਏ ਪ੍ਰਮਾਣੂ ਬਹੁਤ ਜ਼ਿਆਦਾ ਕਿਰਿਆਸ਼ੀਲ ਹੋਣ ਕਾਰਨ ਓਜ਼ੋਨ ਦੇ ਅਣੂਆਂ ਨੂੰ ਤੋੜ ਕੇ ਆਕਸੀਜਨ ਵਿੱਚ ਬਦਲ ਦਿੰਦੇ ਹਨ। ਕਲੋਰੀਨ ਦਾ ਇਕ ਪ੍ਰਮਾਣੂ ਓਜ਼ੋਨ ਦੇ ਇੱਕ ਲੱਖ ਅਣੂਆਂ ਨੂੰ ਨਸ਼ਟ ਕਰ ਸਕਦਾ ਹੈ। ਬਰੋਮੀਨ ਦਾ ਪ੍ਰਮਾਣੂ ਕਲੋਰੀਨ ਨਾਲੋਂ ਓਜ਼ੋਨ ਨੂੰ ਨਸ਼ਟ ਕਰਨ ਵਿੱਚ 40 ਗੁਣਾ ਅਧਿਕ ਸ਼ਕਤੀਸ਼ਾਲੀ ਹੁੰਦਾ ਹੈ। ਓਜ਼ੋਨ ਅਣੂਆਂ ਦੇ ਟੁੱਟਣ ਨਾਲ ਓਜ਼ੋਨ ਦੀ ਪਰਤ ਲਗਾਤਾਰ ਘਟਦੀ ਜਾਂਦੀ ਹੈ। ਕਲੋਰੋਫਲੋਰੋਕਾਰਬਨ ਰਸਾਇਣ ਬੜੇ ਪੱਕੇ ਤੇ ਸਥਾਈ ਹੋਣ ਕਾਰਨ ਵਾਯੂਮੰਡਲ ਦੇ ਉਪਰਲੇ ਹਿੱਸੇ ਵਿੱਚ 50-100 ਸਾਲ ਤੱਕ ਸਥਾਈ ਰਹਿ ਸਕਦੇ ਹਨ। ਸਿੱਟੇ ਵਜੋਂ ਓਜ਼ੋਨ ਪਰਤ ਨੂੰ ਨੁਕਸਾਨ ਹੋਣ ਦੀ ਸੰਭਾਵਨਾ ਭਵਿੱਖ ਵਿੱਚ ਵੀ ਬਣੀ ਰਹੇਗੀ।

**ਓਜ਼ੋਨ ਪਰਤ ਘਟਣ ਦੇ ਸੰਭਾਵਿਤ ਖਤਰੇ:** ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਓਜ਼ੋਨ ਦੀ ਪਰਤ ਸੂਰਜ ਦੀਆਂ ਕਿਰਨਾਂ ਨੂੰ ਛਾਨਣ ਦਾ ਕੰਮ ਕਰਦੀ ਹੈ। ਭਾਵ ਹਾਨੀਕਾਰਕ ਯੂਵੀ ਕਿਰਨਾਂ ਨੂੰ ਆਪਣੇ ਅੰਦਰ ਸਮਾ ਲੈਂਦੀ ਹੈ। ਇਸ ਤਰ੍ਹਾਂ ਧਰਤੀ ਉੱਪਰ ਨੁਕਸਾਨ ਕਰਨ ਵਾਲੀਆਂ ਯੂਵੀ ਕਿਰਨਾਂ ਨਹੀਂ ਪੁੱਜ ਸਕਦੀਆਂ ਅਤੇ ਧਰਤੀ ਬੁਰੇ ਅਸਰ ਤੋਂ ਬਚ ਜਾਂਦੀ ਹੈ।

ਓਜ਼ੋਨ ਪਰਤ ਦੇ ਘਟਣ ਨਾਲ ਯੂਵੀ ਕਿਰਨਾਂ ਖਾਸ ਤੌਰ 'ਤੇ ਯੂਵੀ-ਬੀ, ਧਰਤੀ ਉੱਪਰ ਪੁੱਜ ਕੇ ਜੀਵ ਜੰਤੂਆਂ ਅਤੇ ਪੌਦਿਆਂ ਉੱਤੇ ਬੁਰਾ ਪ੍ਰਭਾਵ ਪਾਉਂਦੀਆਂ ਹਨ।

ਡਾ.ਥਾਮਸ Kuhl (1991) ਦੇ ਮੁਤਾਬਿਕ ਜੇਕਰ ਓਜ਼ੋਨ ਪਰਤ 10 ਪ੍ਰਤੀਸ਼ਤ ਘੱਟ ਜਾਵੇ ਤਾਂ ਹਾਨੀਕਾਰਕ ਯੂਵੀ ਕਿਰਨਾਂ ਦੀ ਧਰਤੀ ਉੱਪਰ ਪੁੱਜਣ ਦੀ ਮਾਤਰਾ 20 ਪ੍ਰਤੀਸ਼ਤ ਵਧ ਜਾਵੇਗੀ। ਇਸ ਵਾਧੇ ਨਾਲ ਹੇਠ ਲਿਖੇ ਖਤਰੇ ਪੈਦਾ ਹੋ ਸਕਦੇ ਹਨ :

1. ਮਨੁੱਖਾਂ ਵਿੱਚ ਚਮੜੀ ਦੇ ਕੈਂਸਰ ਹੋਣ ਦੀ ਸੰਭਾਵਨਾ 25 ਪ੍ਰਤੀਸ਼ਤ ਵਧ ਜਾਵੇਗੀ।
2. ਅੱਖਾਂ ਦੇ ਰੋਗ ਖਾਸ ਤੌਰ 'ਤੇ ਚਿੱਟਾ ਅਤੇ ਕਾਲਾ ਮੋਤੀਆ 15 ਪ੍ਰਤੀਸ਼ਤ ਵਧ ਜਾਣਗੇ।
3. ਮਨੁੱਖਾਂ ਅਤੇ ਪਸ਼ੂਆਂ ਅੰਦਰ ਬਿਮਾਰੀਆਂ ਦਾ ਮੁਕਾਬਲਾ ਕਰਨ ਦੀ ਸਮਰਥਾ 10 ਪ੍ਰਤੀਸ਼ਤ ਘਟ ਜਾਵੇਗੀ। ਸਿੱਟੇ ਵਜੋਂ ਵਿਰਾਲ ਅਤੇ ਬੈਕਟੀਰੀਆ ਬਿਮਾਰੀਆਂ ਦਾ ਪ੍ਰਕੋਪ ਵਧ ਜਾਵੇਗਾ।
4. ਫਸਲਾਂ ਦਾ ਝਾੜ 10 ਪ੍ਰਤੀਸ਼ਤ ਘਟ ਜਾਵੇਗਾ। ਖਾਸ ਤੌਰ 'ਤੇ ਉਹ ਫਸਲਾਂ ਅਤੇ ਪੌਦੇ ਜੋ ਯੂਵੀ ਕਿਰਨਾਂ ਦਾ ਪ੍ਰਭਾਵ ਜਲਦੀ ਕਬੂਲਦੇ ਹਨ।
5. ਸਮੁੰਦਰੀ ਬਨਸਪਤੀ ਅੰਦਰ ਯੂਵੀ ਕਿਰਨਾਂ ਦੇ ਬੁਰੇ ਅਸਰ ਤੋਂ ਬਚਾਉਣ ਦੀ ਸਮਰੱਥਾ ਨਾ ਹੋਣ ਕਾਰਨ, ਇਨ੍ਹਾਂ ਦੀ ਉਤਪੱਤੀ ਘਟ ਜਾਵੇਗੀ। ਸਿੱਟੇ ਵਜੋਂ ਮਛਲੀਆਂ ਅਤੇ ਸਾਰੇ ਸਮੁੰਦਰੀ ਜੀਵ-ਜੰਤੂਆਂ ਦੇ ਉਤਪਾਦਨ ਉੱਪਰ ਬੁਰਾ ਅਸਰ ਪਵੇਗਾ।
6. ਵਾਯੂਮੰਡਲ ਦੇ ਤਾਪਕ੍ਰਮ ਵਿੱਚ ਵਾਧਾ ਹੋਣ ਦੀ ਸੰਭਾਵਨਾ ਵਧੇਗੀ। ਸਮੁੰਦਰਾਂ ਦੇ ਸੂਖਮ ਜੀਵ ਧਰਤੀ ਦੇ ਵਾਤਾਵਰਣ ਵਿੱਚੋਂ Carbon dioxide ਖਿੱਚ ਕੇ ਦੂਜੇ ਸਮੁੰਦਰੀ ਜੀਵ ਜੰਤੂਆਂ ਲਈ ਭੋਜਨ ਬਣਾਉਂਦੇ ਹਨ। ਯੂਵੀ ਕਿਰਨਾਂ ਦੀ ਮਾਤਰਾ ਵਧਣ ਨਾਲ Phytoplankton ਸੂਖਮ ਜੀਵਾਂ ਦੀ ਕਿਰਿਆ ਘੱਟ ਜਾਵੇਗੀ। ਸਿੱਟੇ ਵਜੋਂ ਕਾਰਬਨ ਡਾਈਆਕਸਾਈਡ ਦੀ ਕਾਫੀ ਮਾਤਰਾ ਵਾਯੂਮੰਡਲ ਵਿੱਚ ਹੀ ਰਹਿ ਜਾਵੇਗੀ ਅਤੇ ਇਹ ਵਧੀ ਹੋਈ ਮਾਤਰਾ ਤਾਪਕ੍ਰਮ ਵਿੱਚ ਵਾਧਾ ਕਰੇਗੀ।
7. ਯੂਵੀ ਕਿਰਨਾਂ ਦੀ ਮਾਤਰਾ ਵਧਣ ਨਾਲ ਪ੍ਰਦੂਸ਼ਣ ਫੈਲਾਉਣ ਵਾਲੇ ਰਸਾਇਣਾਂ ਵਿੱਚ ਵਾਧਾ ਹੋ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਵਾਤਾਵਰਣ ਵਿੱਚ ਪਸਰੇ ਰਸਾਇਣਾਂ ਨਾਲ ਕਿਰਿਆ ਕਰਕੇ ਯੂਵੀ ਕਿਰਨਾਂ ਅਤੀ ਕਿਰਿਆਸ਼ੀਲ Radical ਬਣਾਉਂਦੀਆਂ ਹਨ ਜੋ ਦੂਜੇ ਰਸਾਇਣਾਂ ਨਾਲ ਮਿਲਦੇ ਪ੍ਰਦੂਸ਼ਣ ਫੈਲਾਉਣ ਵਾਲੇ ਰਸਾਇਣ ਬਣਾ ਦਿੰਦੇ ਹਨ। ਸ਼ਹਿਰੀ ਅਤੇ ਫੈਕਟਰੀਆਂ ਦੇ ਇਲਾਕਿਆ ਵਿੱਚ 10-25 ਪ੍ਰਤੀਸ਼ਤ ਭੈੜੀ ਓਜ਼ੋਨ ਵਿੱਚ ਵਾਧਾ ਹੋ ਜਾਂਦਾ ਹੈ। ਇਸੇ ਤਰ੍ਹਾਂ ਯੂਵੀ ਕਿਰਨਾਂ ਵਾਤਾਵਰਣ ਵਿੱਚ ਸਲਫਰ ਡਾਈਆਕਸਾਈਡ ਅਤੇ ਨਮੀ ਨੂੰ ਮਿਲਾ ਕੇ ਗੰਧਕ ਦਾ ਤੇਜ਼ਾਬ ਬਣਾ ਦਿੰਦੀਆਂ ਹਨ ਜੋ ਕਿ ਤੇਜ਼ਾਬੀ ਵਰਖਾ ਬਣ ਕੇ ਧਰਤੀ ਉਪਰ ਵਰ੍ਹਦਾ ਹੈ।

**ਓਜ਼ੋਨ ਦੀ ਪਰਤ ਨੂੰ ਕਿਵੇਂ ਬਚਾਇਆ ਜਾਵੇ?**

ਕਲੋਰੋਫਲੋਰੋ ਰਸਾਇਣਾ ਦੀ ਥਾਂ 'ਤੇ ਅਜਿਹੇ ਰਸਾਇਣ ਬਣਾਏ ਜਾਣ ਜੋ ਕਿ ਜ਼ਿਆਦਾ ਸਥਾਈ ਨਾ ਹੋਣ ਅਤੇ ਜਲਦੀ ਟੁੱਟ-ਭੁੱਟ ਜਾਣ ਤਾਂ ਕਿ ਵਾਯੂਮੰਡਲ ਵਿੱਚ ਓਜ਼ੋਨ ਪਰਤ ਤੱਕ ਨਾ ਪੁੱਜ ਸਕਣ। ਅਜਿਹੇ ਕੁੱਝ ਰਸਾਇਣ ਜਿਵੇਂ Hydrochloro Flouro Carbons ਬਣਾਏ ਗਏ ਹਨ। ਇਹ ਰਸਾਇਣ ਭਾਵੇਂ ਕਲੋਰੋਫਲੋਰੋ ਰਸਾਇਣਾਂ ਨਾਲੋਂ ਕੁੱਝ ਸੁਰੱਖਿਅਕ ਹਨ ਫਿਰ ਵੀ ਇਨ੍ਹਾਂ ਦੇ ਕਈ ਬੁਰੇ ਪ੍ਰਭਾਵ ਹਨ। ਇਸ ਵਾਸਤੇ ਇਹ ਰਸਾਇਣਾਂ ਨੂੰ ਬਦਲ ਕੇ ਕੇਵਲ HYDROFLUORO CARBONS ਅਤੇ ਕੁੱਝ ਹੋਰ ਸੁਰੱਖਿਅਕ ਰਸਾਇਣ ਵਰਤੋਂ ਵਿੱਚ ਆਏ ਹਨ ਜੋ ਕਿ ਓਜ਼ੋਨ ਪਰਤ ਨੂੰ ਉੱਕਾ ਹੀ ਨੁਕਸਾਨ ਨਹੀਂ ਪਹੁੰਚਾ ਸਕਦੇ।

**ਓਜ਼ੋਨ ਪਰਤ ਬਚਾਉਣ ਲਈ ਅੰਤਰ ਰਾਸ਼ਟਰੀ ਸਮਝੌਤੇ:**

1. ਵਿਆਨਾ ਕਾਨਫਰੰਸ: ਓਜ਼ੋਨ ਪਰਤ ਦੀ ਰੱਖਵਾਲੀ ਵਾਸਤੇ ਆਸਟਰੀਆ ਦੀ ਰਾਜਧਾਨੀ ਵਿਆਨਾ ਵਿਖੇ ਹੋਈ ਕਾਨਫਰੰਸ ਦੁਨੀਆ ਦਾ ਸਭ ਤੋਂ ਪਹਿਲਾ ਅੰਤਰਰਾਸ਼ਟਰੀ ਸਮਝੌਤਾ ਸੀ। ਇਹ ਸਮਝੌਤਾ ਦੁਨੀਆ ਦੇ 28 ਦੇਸ਼ਾਂ ਨੇ 22 ਮਾਰਚ ,1985 ਨੂੰ ਲਿਖਤ ਰੂਪ ਵਿੱਚ ਹੋਂਦ ਵਿੱਚ ਲਿਆਂਦਾ। ਇਹ ਸਮਝੌਤਾ 22 ਸਤੰਬਰ 1988 ਵਿੱਚ ਲਾਗੂ ਕਰ ਦਿੱਤਾ ਗਿਆ। ਦੁਨੀਆਂ ਦੇ 28 ਦੇਸ਼ਾਂ ਨੇ ਓਜ਼ੋਨ ਪਰਤ ਦੀ ਰਖਵਾਲੀ ਵਾਸਤੇ ਵਾਅਦੇ ਕੀਤੇ ਅਤੇ ਇਸ ਸਮੱਸਿਆ ਨੂੰ ਸੁਲਝਾਉਣ ਲਈ ਕੀਤੀ ਖੋਜ ਇੱਕ ਦੂਜੇ ਨਾਲ ਸਾਂਝੀ ਕਰਨ ਦੀ ਸਹੁੰ ਚੁੱਕੀ। ਪ੍ਰੰਤੂ ਇਸ ਕਾਨਫਰੰਸ ਵਿੱਚ ਕਲੋਰੋਫਲੋਰੋ ਰਸਾਇਣ ਜਾਂ ਦੂਜੇ ਹਾਨੀਕਾਰਕ ਰਸਾਇਣਾਂ ਦੀ ਵਰਤੋਂ ਘਟਾਉਣ ਜਾਂ ਬਿਲਕੁੱਲ ਬੰਦ ਕਰਨ ਦਾ ਕੋਈ ਸਮਾਂ ਨਹੀਂ ਮਿੱਥਿਆ ਗਿਆ। ਸੰਨ 2009 ਵਿੱਚ ਦੁਨੀਆ ਦੇ ਦੂਜੇ ਦੇਸ਼ਾਂ ਨੇ ਵੀ ਇਸ ਕਾਨਫਰੰਸ ਵਿੱਚ ਲਏ ਗਏ ਫੈਸਲਿਆਂ ਨੂੰ ਮੰਨ ਲਿਆ। ਇਸ ਤਰ੍ਹਾਂ ਇਹ ਵਿਆਨਾ ਕਾਨਫਰੰਸ ਅੰਤਰਰਾਸ਼ਟਰੀ ਬਣ ਗਈ। ਹਰ ਤਿੰਨ ਸਾਲ ਬਾਅਦ ਮੈਂਬਰ ਦੇਸ਼ ਹਾਲਾਤ ਦਾ ਅਨੁਮਾਨ ਕਰਨ ਵਾਸਤੇ ਮੀਟਿੰਗ ਕਰਦੇ ਹਨ।

MONTREAL PROTOCOL-1985 : VIENNA CONVENTION ਨੇ ਸੰਸਾਰ ਭਰ ਵਿੱਚ ਜਾਗਰੂਕਤਾ ਪੈਦਾ ਕੀਤੀ ਓਜ਼ੋਨ ਪਰਤ ਨੂੰ ਬਚਾਉਣ ਵਾਸਤੇ। ਸਿੱਟੇ ਵਜੋਂ ਦੁਨੀਆ ਦੇ 24 ਦੇਸ਼ਾਂ ਨੇ ਮੌਂਟਰੀਅਲ ਕੈਨੇਡਾ ਵਿਖੇ 1985 ਵਿੱਚ ਐਲਾਨ ਕੀਤਾ ਕਿ ਹੁਣ ਸਮਾਂ ਆ ਗਿਆ ਹੈ ਕਿ ਓਜ਼ੋਨ ਦੀ ਪਰਤ ਨੂੰ ਬਚਾਉਣ ਵਾਸਤੇ ਨੁਕਸਾਨ ਪਹੁੰਚਾਉਣ ਵਾਲੇ ਰਸਾਇਣਾਂ ਦੀ ਉਤਪਾਦਨਾ ਅਤੇ ਵਰਤੋਂ ਉੱਪਰ ਕੰਟਰੋਲ ਕੀਤਾ ਜਾਵੇ ਤਾਂ ਜੋ ਹੌਲੀ-ਹੌਲੀ ਇਨ੍ਹਾਂ ਦੀ ਵਰਤੋਂ ਬੰਦ ਕਰਕੇ ਹੋਰ ਸੁਰੱਖਿਅਕ ਰਸਾਇਣ ਵਰਤੋਂ ਵਿੱਚ ਲਿਆਂਦੇ ਜਾਣ। ਇਸ ਸਮਝੌਤੇ ਨੂੰ ਸਤੰਬਰ 1987 ਵਿੱਚ ਮੈਂਬਰ ਦੇਸ਼ਾਂ ਨੇ ਦਸਤਖਤ ਕਰਕੇ ਪ੍ਰਵਾਨਗੀ ਦੇ ਦਿੱਤੀ। ਮਤਾ ਇਹ ਪਾਸ ਹੋਇਆ ਕਿ ਕਲੋਰੋਫਲੋਰੋ ਕਾਰਬਨ ਰਸਾਇਣਾਂ ਦੀ ਉਤਪਾਦਕਤਾ 1986 ਦੇ ਪੱਧਰ 'ਤੇ ਰੱਖੀ ਜਾਵੇ ਅਤੇ ਹੌਲੀ ਹੌਲੀ ਇਨ੍ਹਾਂ ਰਸਾਇਣਾਂ ਦੀ ਵਰਤੋਂ ਘੱਟ ਕਰ ਦਿੱਤੀ ਜਾਵੇ। ਦੂਜਾ ਫੈਸਲਾ ਲਿਆ ਗਿਆ ਕਿ ਦੁਨੀਆ ਦੇ ਉੱਨਤ ਦੇਸ਼ 1995 ਤੋਂ ਬਾਅਦ ਕਲੋਰੋਫਲੋਰੋ ਕਾਰਬਨ ਪਦਾਰਥ ਬਣਾਉਣੇ ਬੰਦ ਕਰ ਦੇਣਗੇ ਅਤੇ ਬਾਅਦ 'ਚ ਉਨਤਸ਼ੀਲ ਦੇਸ਼ ਵੀ ਇਸ ਫੈਸਲੇ ਦੀ ਪਾਲਣਾ ਕਰਨਗੇ। ਇਸ ਸਮਝੌਤੇ ਦਾ ਨਾਂਅ ਮੌਂਟਰੀਅਲ ਪ੍ਰੋਟੋਕੋਲ ਰੱਖਿਆ ਗਿਆ ਜਿਸ ਉਪਰ ਸਤੰਬਰ 1987 ਵਿੱਚ ਮੈਂਬਰ ਦੇਸ਼ਾਂ ਨੇ ਦਸਤਖਤ ਕਰਕੇ ਇਸ ਨੂੰ ਪ੍ਰਵਾਨਗੀ ਦੇ ਦਿੱਤੀ। ਅੱਜ ਦੇ ਦਿਨ ਦੁਨੀਆ ਦੇ ਸਾਰੇ 197 ਦੇਸ਼ਾਂ ਨੇ ਇਸ ਸਮਝੌਤੇ ਉਪਰ ਦਸਤਖਤ ਕਰਕੇ ਇਸਦੇ ਉਲੀਕੇ ਪ੍ਰੋਗਰਾਮ ਨੂੰ ਅਪਣਾਉਣ ਦਾ ਬੀੜਾ ਚੁੱਕ ਲਿਆ ਹੈ।

ਮੌਂਟਰੀਅਲ ਸਮਝੌਤੇ ਦੀ ਮਿਤੀ ਨੂੰ ਆਧਾਰ ਮੰਨਦਿਆਂ ਹੋਇਆਂ ਦਸੰਬਰ 1994 ਵਿੱਚ ਯੂਐਨਓ ਨੇ 16 ਸਤੰਬਰ ਨੂੰ ਹਰ ਸਾਲ ਓਜ਼ੋਨ ਪਰਤ ਬਚਾਉਣ ਦਾ ਅੰਤਰਰਾਸ਼ਟਰੀ ਦਿਨ ਐਲਾਨ ਕੀਤਾ। ਇਹ ਦਿਨ ਪਹਿਲੀ ਵਾਰੀ 16 ਸਤੰਬਰ 1995 ਵਿੱਚ ਮਨਾਇਆ ਗਿਆ। ਇਸ ਦਿਹਾੜੇ ਸੰਸਾਰ ਭਰ ਵਿੱਚ ਵੱਖਰੇ-ਵੱਖਰੇ ਪ੍ਰੋਗਰਾਮਾਂ ਰਾਹੀਂ ਓਜ਼ੋਨ ਪਰਤ ਬਾਰੇ ਜਾਗਰੂਕਤਾ ਪੈਦਾ ਕੀਤੀ ਜਾਂਦੀ ਹੈ।

ਹਰ ਦੇਸ਼ ਦੇ ਲੀਡਰਾਂ ਨੂੰ ਹੇਠ ਲਿਖੀ ਚੇਤਾਵਨੀ ਸਦਾ ਧਿਆਨ ਵਿੱਚ ਰੱਖ ਕੇ ਉੱਨਤੀ ਕਰਨ ਦੀਆਂ ਸਕੀਮਾਂ ਅਤੇ ਪ੍ਰੋਗਰਾਮ ਬਣਾਉਣੇ ਚਾਹਿਦੇ ਹਨ।

ਚਿਤਾਵਨੀ: Earth without Ozone layer is like a house without roof" Therefore save ozone layer.

**Retd. Prof. & Head**
**CCSHAU, HISAR, INDIA**
**kathpalts@ yahoo.com**

# ਲਿਬੀਅਨ ਵਿਨਾਸ਼ ਰਿਪੋਰਟ-ਨਾਟੋ ਇਤਿਹਾਦੀ ਕਟਹਿਰੇ 'ਚ



ਦਰਬਾਰਾ ਸਿੰਘ ਕਾਹਲੋਂ

ਅਰਬ-ਅਫਰੀਕੀ ਇਸਲਾਮਿਕ ਖਾੜਕੂਆਂ ਅਤੇ ਕਟੱੜਵਾਦੀ ਹਿੰਸਕ ਸੰਗਠਨਾਂ ਦੇ ਖਾੜਕੂ ਅਤੇ ਮਾਰੂ ਅੱਤਵਾਦੀ ਕਾਰਨਾਮਿਆਂ ਕਰਕੇ ਪੱਛਮੀ ਦੇਸ਼ਾਂ ਅਤੇ ਖਾਸ ਕਰਕੇ ਨਾਟੋ ਜੰਗਬਾਜ਼ ਸੰਗਠਨ ਸਬੰਧੀ ਦੇਸ਼ਾਂ ਅੰਦਰ ਜੋ ਕਾਂਬਾ ਛਿੜਿਆ ਹੋਇਆ ਹੈ, ਉਸ ਦੀ ਸੱਚਾਈ ਬ੍ਰਿਟਿਸ਼ ਪਾਰਲੀਮੈਂਟਰੀ ਕਮੇਟੀ ਨੇ ਵਿਸ਼ਵ ਸਨਮੁੱਖ ਆਪਣੀ ਲਿਬੀਆ ਦੇ ਵਿਨਾਸ਼ ਬਾਰੇ ਰਿਪੋਰਟ ਵਿਚ ਬੇਬਾਕ ਬਿਆਨ ਕਰ ਦਿਤੀ ਹੈ। ਉਸ ਨੇ ਫਰਾਂਸ, ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ ਵਲੋਂ ਨਾਟੋ ਇਤਹਾਦੀਆਂ ਨਾਲ ਮਿਲਕੇ ਕਰਨਲ ਮੁਅੱਮਰ ਗ਼ਦਾਫੀ ਦੀ ਡਿਕਟੇਟਰਾਨਾ ਹਕੂਮਤ ਵਿਰੁੱਧ ਵਿਨਸ਼ਕਾਰੀ ਜੰਗੀ ਕਾਰਵਾਈ ਨੂੰ ਗਲਤ ਕਰਾਰ ਦਿਤਾ ਹੈ।

ਅਮਰੀਕਾ ਅਤੇ ਇਸ ਦੇ ਨਾਟੋ ਇਤਿਹਾਦੀਆਂ ਵਲੋਂ ਇਰਾਕ ਅਤੇ 'ਅਰਬ ਬਹਾਰ (Arab Spring) ਦੇ ਨਕਾਬ ਹੇਠ ਮਿਸਰ, ਟੁਨੇਸ਼ੀਆ, ਯਮਨ, ਅਲਜ਼ੇਰੀਆ, ਮਰਾਂਕੋ ਅਤੇ ਸੀਰੀਆ' ਆਦਿ ਦੇਸ਼ਾਂ ਵਿਚ ਜੰਗੀ ਅਤੇ ਡਿਪਲੋਮੈਟਿਕ ਦਖ਼ਲਅੰਦਾਜ਼ੀ ਵੀ ਬਿਲਕੁਲ ਗਲਤ ਅਤੇ ਦੋਸ਼ਪੂਰਵਕ ਸਿੱਧ ਹੋਈ ਹੈ। 9/11 ਦਾ ਅੱਲ੍ਹ-ਕਾਇਦਾ ਅਤੇ ਤਾਲਿਬਾਨ ਅੱਤਵਾਦੀਆਂ ਦਾ ਅਮਰੀਕਾ ਅੰਦਰ ਮਾਰੂ ਹਮਲੇ ਦੇ ਬਦਲੇ ਲਈ ਅਫਗਾਨਿਸਤਾਨ ਦੀ ਤਬਾਹੀ, ਉੱਥੇ ਅਮਰੀਕਾ ਅਤੇ ਨਾਟੋ ਇਤਿਹਾਦੀਆਂ ਦੀ 15 ਸਾਲ ਠਹਿਰ ਵੀ ਉਥੇ ਤਾਲਿਬਾਨੀ ਸ਼ਕਤੀਆਂ ਦਾ ਖਾਤਮਾ ਨਾ ਕਰ ਸਕੀ। ਉਲਟਾ ਉਨ੍ਹਾਂ ਨਾਲ ਸਦੀਵੀ ਦੁਸ਼ਮਣੀ ਸਹੇੜ ਲਈ। ਇਸਲਾਮਿਕ ਖਾੜਕੂਆਂ ਅਤੇ ਅਤਿਵਾਦੀਆਂ ਦੇ ਇੰਨਾ ਦੇਸ਼ਾਂ ਅੰਦਰ ਅਕਸਰ ਫਿਦਾਈਨ ਹਮਲਿਆਂ ਕਰਕੇ ਆਮ ਜਨਤਾ ਦੇ ਸਾਹ ਸੂਤੇ ਰਹਿੰਦੇ ਹਨ। ਸੀਰੀਆ, ਇਰਾਕ, ਲਿਬੀਆ, ਲੈਬਾਨਾਨ, ਸੂਡਾਨ ਅਤੇ ਹੋਰ ਅਰਬ-ਅਫਰੀਕੀ ਦੇਸ਼ਾਂ ਵਿਚ ਘਰੇਗੀ ਜੰਗਾਂ ਅਤੇ ਆਈ. ਐੱਸ. ਆਈ. ਐੱਸ. ਕਟੱੜਵਾਦੀ ਇਸਲਾਮਿਕ ਸੰਗਠਨ ਦੇ ਦਬਾਅ ਕਰਕੇ ਲੱਖਾਂ ਬੇਘਰ ਲੋਕ ਯੂਰਪ ਅਤੇ ਹੋਰ ਪੱਛਮੀ ਦੇਸ਼ਾਂ ਵੱਲ ਵਹੀਰਾਂ ਘੱਤ ਕੇ ਜਾ ਰਹੇ ਹਨ। ਯੂਰਪ ਵਿਚ ਇਹ ਸਮੱਸਿਆ ਬੇਕਾਬੂ ਹੋਈ ਲਗਦੀ ਹੈ। ਵਪਾਰ ਅਤੇ ਡਿਪਲੋਮੈਟਿਕ ਸਬੰਧਾਂ ਵਿਚ ਵੱਡਾ ਵਿਗਾੜ ਪਿਆ ਨਜ਼ਰ ਆਉਂਦਾ ਹੈ। ਐਸੇ ਦੁਸ਼-ਪ੍ਰਭਾਵ ਬ੍ਰਿਟਿਸ਼ ਪਾਰਲੀਮਾਨੀ ਕਮੇਟੀ ਅਨੁਸਾਰ ਇਸ ਗੱਲ ਦਾ ਅਹਿਸਾਸ ਦਿਲਾਉਂਦੇ ਹਨ ਕਿ ਬਗੈਰ ਕਿਸੇ ਵਜ੍ਹਾ ਦੇ ਦੂਸਰੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਦੇ ਕਿੰਨੇ ਮਾਰੂ ਖ਼ਤਰਨਾਕ ਨਤੀਜੇ ਨਿਕਲਦੇ ਹਨ। ਅਮਰੀਕਾ, ਬ੍ਰਿਟੇਨ, ਫਰਾਂਸ ਆਦਿ ਦੇਸ਼ਾਂ ਦੇ ਰਾਜਨੀਤਕ ਆਗੂਆਂ ਉਨ੍ਹਾਂ ਦੇ ਸਰਮਾਏਦਾਰੀ ਅਤੇ ਬਸਤੀਵਾਦੀ ਸੋਚ ਨਾਲ ਲਬਰੇਜ਼ ਲੋਕਾਂ ਦੀ ਮਾਨਸਿਕਤਾ ਅਜੇ ਵੀ 19ਵੀਂ ਅਤੇ 20ਵੀਂ ਸਦੀ ਵਾਲੀ ਹੈ, ਇਸੇ ਕਰਕੇ ਉਹ ਇਸ ਧਰਤੀ ਤੇ ਆਪਣੇ ਪ੍ਰਭਾਵ ਖੇਤਰਾਂ ਨੂੰ ਆਪਣੀਆਂ ਬਸਤੀਆਂ ਵਜੋਂ ਕਾਇਮ ਰਖਣ ਲਈ ਕਿਸੇ ਨਾ ਕਿਸੇ ਬਹਾਨੇ ਆਪਣੀ ਫ਼ੌਜੀ ਦਖਲਅੰਦਾਜ਼ੀ ਜਾਰੀ ਰੱਖ ਰਹੇ ਹਨ। ਵੱਖ-ਵੱਖ ਯੁੱਧਨੀਤਕ ਟਿਕਾਣਿਆਂ ਤੇ ਆਪਣੇ ਫੌਜੀ ਅੱਡੇ ਕਾਇਮ ਰਖ ਰਹੇ ਹਨ। ਅਮਰੀਕਾ ਇਨ੍ਹਾਂ ਦਾ ਸਰਦਾਰ ਹੈ, 19 ਮੈਂਬਰੀ ਨਾਟੋ ਸੰਗਠਨ ਅਤੇ ਅਜਿਹੇ ਕੁਝ ਖੇਤਰੀ ਸੰਗਠਨ ਇੰਨਾਂ ਦੀ ਵਿਸ਼ਵ ਅਤੇ ਖੇਤਰੀ ਸਰਦਾਰੀ ਦੇ ਸੰਦ ਹਨ।

ਯੂ.ਐੱਨ.ਓ. ਸੰਗਠਨ ਅਮਰੀਕਾ, ਬ੍ਰਿਟੇਨ, ਫਰਾਂਸ ਅਤੇ ਨਾਟੋ ਸੰਗਠਨ ਦਾ ਗੁਲਾਮ ਬਣ ਕੇ ਰਹਿ ਗਿਆ ਹੈ। ਸੋਵੀਅਤ ਯੂਨੀਅਨ ਦੇ ਸੰਨ 1991 ਵਿਚ ਪਤਨ ਬਾਅਦ ਰੂਸ ਅਤੇ ਚੀਨ ਮੁੱਖ ਤੌਰ 'ਤੇ ਆਪਣੇ ਨਿੱਜੀ ਹਿੱਤਾਂ ਦੀ ਰਾਖੀ ਤਕ ਸੀਮਤ ਹੋ ਕੇ ਰਹਿ ਗਏ ਹਨ। ਇਸੇ ਕਰਕੇ ਅਮਰੀਕਾ ਅਤੇ ਇਸ ਦੇ ਪਿੱਠੂ ਸਰਮਾਏਦਾਰ ਪੱਛਮੀ ਦੇਸ਼ ਵਿਸ਼ਵ ਦੇ ਪ੍ਰਭੂਸਤਾਪੂਰਨ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਬੇਰੋਕ-ਟੋਕ, ਯੂ. ਐੱਨ. ਚਾਰਟਰ ਦੀ ਉਲੰਘਣਾ ਕਰਕੇ, ਵਿਸ਼ਵ ਡਿਪਲੋਮੈਟਿਕ ਅਸੂਲਾਂ ਨੂੰ ਮਧੋਲਦੇ ਦਖਲ ਅੰਦਾਜ਼ੀ ਕਰਦੇ ਹਨ।

ਜੇ ਕੋਈ ਅਮਰੀਕਾ, ਬ੍ਰਿਟੇਨ, ਫਰਾਂਸ, ਕੈਨੇਡਾ ਜਾਂ ਹੋਰ ਨਾਟੋ ਦੇਸ਼ਾਂ ਵਿਚ ਘੁੱਸ ਕੇ ਬੰਬ ਜਾਂ ਹਥਿਆਰ ਦੀ ਵਰਤੋਂ ਰਾਹੀਂ ਨੁਕਸਾਨ ਕਰੇ ਤਾਂ ਉਸ ਨੂੰ ਅੱਤਵਾਦੀ ਕਰਾਰ ਦਿਤਾ ਜਾਂਦਾ ਹੈ, ਜੇਲ੍ਹ ਵਿਚ ਸੁੱਟ ਦਿਤਾ ਜਾਂਦਾ ਹੈ ਜਾਂ ਮਾਰ ਦਿੱਤਾ ਜਾਂਦਾ ਹੈ। ਪਰ ਜੇ ਇਹ ਦੇਸ਼ ਦੂਸਰੇ ਪ੍ਰਭੂਸੱਤਾ ਸੰਪੰਨ ਦੇਸ਼ ਦੇ ਅੰਦਰੂਨੀ ਮਾਮਲਿਆਂ ਜਾਂ ਆਮ ਲੋਕਾਂ ਦੀ ਰਾਖੀ ਦੇ ਢੁੱਚਰ ਹੇਠ ਫੌਜੀ ਦਖ਼ਲ ਦੇਣ, ਬੰਬਾਰੀ ਕਰਨ, ਬੇਗੁਨਾਹ ਸ਼ਹਿਰੀਆਂ ਨੂੰ ਮਾਰ ਦੇਣ, ਉਨ੍ਹਾਂ ਦੇ ਘਰ, ਜਨਤਕ ਅਤੇ ਸਰਕਾਰੀ ਜਾਇਦਾਦਾਂ ਤਬਾਹ ਕਰ ਦੇਣ ਤਾਂ ਇਸ ਨੂੰ ਯੂ.ਐੱਨ. ਜਾਂ ਹੋਰ ਗਲੋਬਲ ਮੰਚਾਂ ਤੇ ਸਹੀ ਠਹਿਰਾਇਆ ਜਾਂਦਾ ਹੈ। ਮਨੁੱਖੀ ਅਧਿਕਾਰਾਂ ਆਮ ਲੋਕਾਂ ਦੀ ਜਾਨ-ਮਾਲ ਦੀ ਰਾਖੀ ਜਾਂ ਖੇਤਰੀ ਸ਼ਾਂਤੀ ਅਤੇ ਲੋਕਤੰਤਰ ਕਦਰਾਂ-ਕੀਮਤਾਂ ਦਾ ਰਾਖੀ ਠਹਿਰਾਇਆ ਜਾਂਦਾ ਹੈ। ਬ੍ਰਿਟੇਨ ਦੇ ਯੂਰਪੀਨ ਯੂਨੀਅਨ ਸੰਘ ਤੋਂ ਵੱਖ ਹੋਣ ਦੇ ਮੁੱਦੇ ਤੇ ਸੱਤਾ ਤੋਂ ਲਾਂਭੇ ਹੋਇਆ ਪ੍ਰਧਾਨ ਮੰਤਰੀ ਡੇਵਡ ਕਾਮਰੋਨ, ਜੋ ਬ੍ਰਿਟੇਨ ਦੇ ਰਾਜਨੀਤਕ ਹਲਕਿਆਂ ਅਤੇ ਟੋਰੀ ਪਾਰਟੀ ਵੱਲੋਂ ਨਕਾਰਿਆ ਸਮਝਦਿਆਂ ਆਪਣੀ ਪਾਰਲੀਮੈਂਟਰੀ ਸੀਟ ਤੋਂ ਵੀ ਹਾਊਸ ਆੱਫ ਕਾਮਨਜ਼ ਵਿਚੋਂ ਅਸਤੀਫਾ ਦੇ ਗਿਆ ਹੈ, ਹੁਣ ਲਿਬਿਆ ਤੇ ਸੰਨ 2011 ਵਿਚ ਗਲਤ ਧਾਰਨਾਵਾਂ ਕਰਕੇ ਬ੍ਰਿਟਿਸ਼ ਫ਼ੌਜਾਂ, 19 ਮੈਂਬਰੀ ਨਾਟੋ ਸੰਗਠਨ ਨਾਲ ਭੇਜਣ ਲਈ ਦੋਸ਼ੀ ਪਾਇਆ ਜਾ ਰਿਹਾ ਹੈ।

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਡੇਵਿਡ ਕਾਮਰੋਨ ਨੇ ਦੂਸਰੇ ਸਹਿਯੋਗੀ ਦੇਸ਼ਾਂ ਦੇ ਮੁੱਖੀਆਂ ਵਾਂਗ ਲਿਬੀਆ ਤੇ ਹਮਲੇ ਬਾਰੇ ਬ੍ਰਿਟਿਸ਼ ਪਾਰਲੀਮੈਂਟ ਅਤੇ ਬਰਤਾਨਵੀ ਨਾਗਰਿਕਾਂ ਨੂੰ ਗੁੰਮਰਾਹ ਕੀਤਾ। ਉਸਨੇ ਪਾਰਲੀਮੈਂਟ ਨੂੰ ਦਸਿਆ, "ਮੈਂ ਸਮਝਦਾ ਹਾਂ ਕਿ ਗਦਾਫੀ ਵਲੋਂ ਆਪਣੇ ਲੋਕਾਂ ਦੇ ਕਤਲਾਮ ਨੂੰ ਰੋਕਣ ਲਈ ਉਸ ਦੇਸ਼ ਵਿਚ ਦਖ਼ਲ (ਫੌਜੀ) ਦੇਣਾ ਸਹੀ ਹੈ।" ਫਰਾਂਸ ਦੇ ਤਤਕਾਲਿਕ ਪ੍ਰਧਾਨ ਨਿਕੋਲਸ ਸਰਕੋਜ਼ੀ ਦੀ ਅੱਖ ਲਿਬੀਆ ਦੇ ਤੇਲ ਤੇ ਸੀ ਅਤੇ ਦੂਸਰਾ ਉਹ ਉੱਤਰੀ ਅਫਰੀਕਾ ਵਿਚ ਆਪਣੇ ਬਸਤੀਵਾਦੀ ਹਿਤਾਂ ਦੀ ਰਾਖੀ ਲਈ ਆਪਣੀ ਫ਼ੌਜੀ ਸ਼ਕਤੀ ਦਾ ਮੁਜ਼ਾਹਿਰਾ ਕਰਨਾ ਚਾਹੁੰਦਾ ਸੀ। ਕੈਨੇਡਾ ਦੇ ਤੱਤਕਾਲੀ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਇਸ ਹਮਲੇ ਨੂੰ 'ਇਖ਼ਲਾਕੀ ਜ਼ੁਮੇਂਵਾਰੀ' ਦਰਸਾਇਆ ਸੀ।

ਇਰਾਕ ਬਾਰੇ ਚਿਲਕੋਟ ਰਿਪੋਰਟ ਵਿਚ ਸਪਸ਼ਟ ਕੀਤਾ ਸੀ ਕਿ ਅਮਰੀਕਾ ਅਤੇ ਇਸਦੇ ਨਾਟੋ ਹਮਾਇਤੀਆਂ ਨੇ ਯੂ.ਐੱਨ.ਓ. ਦੀ ਇਜਾਜ਼ਤ ਬਗੈਰ ਉਸ ਦੇਸ਼ ਤੇ ਹਮਲਾ ਕੀਤਾ ਸੀ। ਉਥੇ ਮਨੁੱਖੀ ਅਧਿਕਾਰਾਂ ਦਾ ਕੋਈ ਘਾਣ ਸਦਾਮ ਹੁਸੈਨ ਪ੍ਰਸ਼ਾਸਨ ਵਲੋਂ ਨਹੀਂ ਕੀਤਾ ਗਿਆ ਸੀ।

ਲਿਬੀਆ ਤੇ ਹਮਲੇ ਬਾਰੇ ਗੁਨਾਹਗਾਰ ਆਗੂ ਇਹ ਦਰਸਾਉਂਦੇ ਹਨ ਕਿ ਇਸ ਸਬੰਧੀ ਯੂ.ਐੱਨ.ਓ. ਤੋਂ ਮਨਜ਼ੂਰੀ ਲੈ ਲਈ ਗਈ ਸੀ। ਲੇਕਿਨ ਲਿਬੀਆ ਤੇ ਹਮਲਾ ਯੂ.ਐੱਨ. ਚਾਰਟਰ ਦੀ ਸਰਾਸਰ ਉਲੰਘਣਾ ਸੀ। ਅਮਰੀਕਾ ਅਤੇ ਪੱਛਮੀ ਦੇਸ਼ਾਂ ਦੇ ਗਲਤ ਪ੍ਰਚਾਰ ਅਤੇ ਦਬਦਬੇ ਰਾਹੀਂ ਲਿਬੀਆ ਨੂੰ ਸ਼ਿਕਾਰ ਬਣਾਇਆ ਗਿਆ।

ਲਿਬੀਆ ਸਬੰਧੀ ਤੱਥ ਅਮਰੀਕਾ, ਬ੍ਰਿਟੇਨ, ਫਰਾਂਸ ਸਮੇਤ 19 ਨਾਟੋ ਦੇਸ਼ਾਂ ਦੇ ਹਮਲਾਵਰਾਂ ਨੂੰ ਝੁਠਲਾਉਂਦੇ ਹੀ ਨਹੀਂ ਬਲਕਿ ਦੋਸ਼ੀਆਂ ਵਜੋਂ ਵਿਸ਼ਵ ਭਾਈਚਾਰੇ ਦੇ ਕਟਹਿਰੇ ਵਿਚ ਖੜ੍ਹਾ ਕਰਦੇ ਹਨ।

(1) ਲਿਬੀਆ ਦੇ ਲੋਕ ਕਰਨਲ ਮੁਅਮਰ ਗਦਾਫੀ ਦੀ 'ਜਾਮਹੀਰਿਆ' ਸਰਕਾਰ ਵਿਚ ਸੁਖੀ ਅਤੇ ਖ਼ੁਸ਼ਹਾਲ ਸਨ। ਰੱਜੇ-ਪੁੱਜੇ ਲੋਕ ਸਨ। ਪੂਰਾ ਸਿਸਟਮ ਜਮਹੂਰੀ ਸੀ। ਸਮੁੱਚਾ ਪ੍ਰਸ਼ਾਸ਼ਨ ਸਥਾਨਿਕ, ਖੇਤਰੀ ਅਤੇ ਰਾਸ਼ਟਰੀ ਪੱਧਰ ਤੇ ਜਨਤਕ ਪ੍ਰਤੀਨਿਧਾਂ ਦੀਆਂ ਚੁਣੀਆਂ ਕਮੇਟੀਆਂ ਚਲਾਉਂਦੀਆਂ ਸਨ। ਗਦਾਫੀ ਤੋਂ ਪਹਿਲਾਂ ਇਹ ਦੇਸ਼ ਬਹੁਤ ਗਰੀਬ ਅਤੇ ਪੱਛੜਿਆ ਹੋਇਆ ਸੀ। ਪਰ ਉਸ ਨੇ ਇਸ ਨੂੰ ਅਫਰੀਕਾ ਦਾ ਸਭ ਤੋਂ ਖ਼ੁਸ਼ਹਾਲ ਦੇਸ਼ ਸਿਰਜ ਦਿਤਾ ਸੀ।

(2) ਗਦਾਫ਼ੀ ਸਰਕਾਰ ਨੇ ਟ੍ਰਿਪੋਲੀ ਤੇ ਬੰਬ ਨਹੀਂ ਬਰਸਾਏ ਸਨ। ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਗਦਾਫੀ ਨੇ ਸਾਰੇ ਵਿਸ਼ਵ ਨੂੰ ਦਰਸਾਇਆ ਸੀ।

(3) ਕਰਨਲ ਵਿਰੋਧੀ ਧਿਰਾਂ ਦੇ ਵਿਰੋਧ ਨੂੰ ਸ਼ਾਂਤਮਈ ਢੰਗ ਨਾਲ ਨਿਪਟਾਉਣਾ ਚਾਹੁੰਦਾ ਸੀ। ਪਰ ਜਦੋਂ ਪੱਛਮੀ ਦੇਸ਼ਾਂ ਦੀ ਮਦਦ ਨਾਲ ਵਿਰੋਧ ਹਿੰਸਕ ਰੂਪ ਧਾਰਨ ਕਰ ਗਿਆ ਤਾਂ ਕਰਨਲ ਪੱਖੀ ਫੌਜਾਂ ਨੇ ਉਨ੍ਹਾਂ ਨੂੰ ਧੱਕ ਕੇ ਬੈਂਗਾਜ਼ੀ ਵਾੜ ਦਿਤਾ। ਬੈਂਗਾਜ਼ੀ ਵਿਖੇ ਉਸ ਨੇ ਨਾ ਤਾਂ ਬੰਬਰੀ ਅਤੇ ਨਾ ਹੀ ਕੱਤਲੋ ਗਾਰਤ ਕੀਤੀ। ਲੇਕਿਨ ਜਿਵੇਂ ਉਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਹਾਰਪਰ ਨੇ ਮੰਨਿਆ ਸੀ ਕਿ ਲਿਬੀਆ ਅੰਦਰ ਸਾਸ਼ਨ ਬਦਲਣ ਲਈ ਫੌਜ਼ੀ ਕਾਰਵਾਈ ਜ਼ਰੂਰੀ ਸੀ।

(4) ਲਿਬੀਆ ਤੇ ਹਮਲਾ ਯੂ.ਐੱਨ. ਸੁਰਖਿਆ ਕੌਂਸਲ ਦੇ ਸੰਨ 1970 ਅਤੇ ਸੰਨ 1973 ਦੇ ਮਤਿਆਂ ਦੇ ਉਲਟ ਸੀ।

(5) ਯੂ.ਐੱਨ. ਚਾਰਟਰ ਦੇ ਚੈਪਟਰ 6, ਧਾਰਾ 46 ਅਨੁਸਾਰ ਯੂ.ਐੱਨ. ਸੁੱਰਖਿਆ ਕੌਂਸਲ ਨੂੰ ਫੌਜੀ ਦਖਲ ਦੀ ਯੋਜਨਾ ਮਿਲਟਰੀ ਸਟਾਫ ਕਮੇਟੀ ਦੇ ਸਹਿਯੋਗ ਨਾਲ ਬਣਾਉਣੀ ਚਾਹੀਦੀ ਹੈ। ਇਸ ਦੀ ਉਲੰਘਣਾ ਕੀਤੀ ਗਈ।

(6) ਕਿਸੇ ਵੀ ਪ੍ਰਭੁਸੱਤਾ ਸਪੰਨ ਦੇਸ਼ ਦੇ ਘਰੋਗੀ ਮਸਲੇ ਵਿਚ ਦਖ਼ਲ ਯੂ.ਐੱਨ. ਸੁਰਖਿਆ ਕੌਂਸਲ ਦੇ ਮਤੇ 2131, ਦਸੰਬਰ 21, 1965 ਅਨੁਸਾਰ ਵਰਜਿਤ ਹੈ ਜਿਸ ਦਾ ਸਮਰਥਨ ਮਤਾ 31/91, ਦਸੰਬਰ 14, 1976, 32/153 ਦਸੰਬਰ 19, 1977, 33/174 ਦਸੰਬਰ 15, 1978, 34/101 ਦਸੰਬਰ 14, 1979 ਅਤੇ ਮਤਾ 35/159, ਦਸੰਬਰ 12, 1980 ਕਰਦੇ ਹਨ।

(7) ਜਿਨ੍ਹਾਂ ਸੰਗਠਨਾਂ ਜਾਂ ਵਿਅਕਤੀਆਂ ਨੂੰ ਗੈਰ-ਕਾਨੂੰਨੀ ਠਹਿਰਾਇਆ ਗਿਆ ਹੋਵੇ, ਦੀ ਹਮਾਇਤ ਨਹੀਂ ਕੀਤੀ ਜਾ ਸਕਦੀ।

(8) ਬ੍ਰਿਟਿਸ਼ ਫੌਜਾਂ ਦਾ ਲਿਬੀਆ ਅੰਦਰ ਤਾਇਨਾਤੀ ਯੂ.ਐੱਨ. ਸੁਰਖਿਆ ਕੌਂਸਲ ਦੇ ਮਤੇ 1970 (2011) ਦੇ ਪੈਰਾ 16 ਦੇ ਵਿਰੁੱਧ ਸੀ।

ਖ਼ੁਦ ਅਮਰੀਕੀ ਪ੍ਰਧਾਨ ਬਰਾਕ ਓਬਾਮਾ ਨੇ ਮੰਨਿਆ ਕਿ ਲਿਬੀਆ ਉਸ ਦੀ ਸਭ ਤੋਂ ਵੱਡੀ ਗਲਤੀ ਸੀ। ਇਸ ਹਮਲੇ ਤੋਂ ਜਰਮਨੀ ਨੇ ਤੱਥਾਂ ਦੀ ਘੋਖ ਕਰਦਿਆਂ ਆਪਣੇ ਆਪ ਨੂੰ ਅਲੱਗ ਕਰ ਲਿਆ ਸੀ। ਬ੍ਰਿਟੇਨ ਨੇ ਲਿਬੀਆ ਅੰਦਰ ਜਮਹੂਰੀਅਤ ਬਹਾਲੀ ਲਈ ਕੁਝ ਨਾ ਕੀਤਾ। ਮਾਰਚ, 2011 ਵਿਚ ਸ਼ੁਰੂ ਕੀਤਾ ਫ਼ੌਜੀ ਦਖ਼ਲ ਅਕਤੂਬਰ, 2011 ਵਿਚ ਕਰਨਲ ਗਦਾਫੀ ਦੀ ਮੌਤ ਤਕ ਚਲਦਾ ਰਿਹਾ।

ਪਰ ਉਸ ਦੇਸ਼ ਨੂੰ ਕਿਸੇ ਨੇ ਨਾ ਸੰਭਾਲਿਆ। ਅੱਜ ਇਹ ਆਈ.ਐੱਸ.ਆਈ.ਐੱਸ. ਦਾ ਗੜ੍ਹ ਬਣਿਆ ਪਿਆ ਹੈ। ਵੱਖ-ਵੱਖ ਕਬਾਇਲੀ ਗੁੱਟ ਨਿਰੰਤਰ ਘਰੋਗੀ ਜੰਗ, ਕੱਤਲੋ-ਗਾਰਤ, ਲੁੱਟ-ਖਸੁੱਟ, ਬਦਅਮਨੀ ਦਾ ਸ਼ਿਕਾਰ ਹਨ। ਲਿਬੀਆ ਲਾਵਾਰਸ ਅਸਫਲ ਦੇਸ਼ ਸਥਾਪਿਤ ਹੋਇਆ ਪਿਆ ਹੈ। ਯੂ.ਐੱਨ.ਓ. ਵਲੋਂ ਜਿਸ ਕੇਂਦਰੀ ਸਰਕਾਰ ਨੂੰ ਮਾਨਤਾ ਦਿਤੀ ਹੋਈ ਹੈ, ਫਰਾਂਸ ਦੀ ਫੌਜ ਉਸ ਵਿਰੁੱਧ ਵਿਰੋਧੀ ਧਾੜਵੀਆਂ ਨੂੰ ਮਦਦ ਦੇ ਰਹੀ ਹੈ।

ਐਸੀ ਸਥਿਤੀ ਵਿਚ ਲੱਖਾਂ ਬੇਘਰ ਲੋਕ ਯੂਰਪ ਵਿਚ ਪਨਾਹ ਲਈ ਕਿਸ਼ਤੀਆਂ ਵਿਚ ਭੱਜ ਰਹੇ ਹਨ। ਇੰਨਾਂ ਸੀਰੀਅਨ, ਇਰਾਕੀ, ਸੂਡਾਨੀ ਆਦਿ ਪ੍ਰਵਾਸੀਆਂ ਯੂਰਪ ਲਈ ਵੱਡੀ ਸਮੱਸਿਆ ਖੜ੍ਹੀ ਕਰ ਰਖੀ ਹੈ। ਯੂਰਪ, ਅਮਰੀਕਾ, ਕੈਨੇਡਾ ਅਤੇ ਬ੍ਰਿਟੇਨ ਇਸਲਾਮਿਕ ਫਿਦਾਈਨ ਹਮਲਿਆਂ ਦੇ ਨਿਸ਼ਾਨੇ ਤੇ ਰਹਿੰਦੇ ਹਨ। ਜਿਵੇਂ ਇੰਨਾਂ ਘੁੱਗ ਵਸਦੇ ਲਿਬੀਆ, ਇਰਾਕ ਅਤੇ ਹੋਰ ਇਸਲਾਮਿਕ ਦੇਸ਼ਾਂ ਨੂੰ ਝੂਠੇ ਮਾਨਵੀ ਅਧਿਕਾਰਾਂ, ਜਮਹੂਰੀਅਤ ਅਸੂਲਾਂ, ਘਰੋਗੀ ਜੰਗਾਂ, 'ਅਰਬ ਬਹਾਰ' ਦੇ ਨਕਾਬ ਹੇਠ ਫ਼ੌਜੀ ਹਮਲਿਆਂ, ਅਣਮਨੁੱਖੀ ਬੰਬਾਰੀ, ਤਬਾਹੀ ਦਾ ਨਿਸ਼ਾਨਾ ਬਣਾਇਆ, ਹੁਣ ਇੰਨਾਂ ਜੋ ਬੀਜਿਆ ਉਹ ਕੱਟਣਾ ਪੈ ਰਿਹਾ ਹੈ। ਇੰਨਾਂ ਦੇਸ਼ਾਂ ਦੀ ਜਾਗ੍ਰਿਤ ਜਨਤਾ ਵੀ ਆਪਣੀ ਅਜੋਕੀ ਹਾਲਤ ਲਈ ਆਪਣੇ ਆਗੂਆਂ ਨੂੰ ਜ਼ੁੰਮੇਵਾਰ ਠਹਿਰਾਉਂਦੀ ਹੈ। ਲਿਬੀਆ ਅਤੇ ਇਰਾਕ ਆਦਿ ਪ੍ਰਭੁਸੱਤਾ ਸੰਪੰਨ ਦੇਸ਼ਾਂ 'ਤੇ ਲਿਬੀਆ ਮਾਮਲਿਆਂ ਦੇ ਮਾਹਿਰ ਪ੍ਰੋ. ਜਾਰਜ ਜੋਫ ਅਨੁਸਾਰ 'ਗਲਤ ਭੈਅ ਦਰਸਾ ਕੇ' ਅਤੇ ਬਗੈਰ ਕਿਸੇ ਕਾਰਨ ਦੇ ਹਮਲਿਆਂ ਲਈ ਜ਼ੁੰਮੇਵਾਰ ਆਗੂਆਂ ਵਿਰੁੱਧ ਕੌਮਾਂਤਰੀ ਅਦਾਲਤ ਵਿਚ ਕੇਸ ਚਲਣੇ ਚਾਹੀਦੇ ਹਨ ਜਿੰਨਾਂ ਨੇ ਇੰਨਾਂ ਘੁੱਗ ਵਸਦੇ ਦੇਸ਼ਾਂ ਦੇ ਮੂਲ ਢਾਂਚੇ ਨੂੰ ਤਬਾਹ ਕੀਤਾ, ਹਜ਼ਾਰਾਂ ਬੇਗੁਨਾਹ ਲੋਕਾਂ ਨੂੰ ਮਾਰ ਦਿੱਤਾ, ਲੱਖਾਂ ਬੇਘਰ ਕਰ ਦਿੱਤੇ, ਕੌਮੀ ਨਾਮੋ-ਨਿਸ਼ਾਨ ਮਿਟਾਏ।

001-647-528-2550





# ਆਗੂ ਕੁੱਖਾਂ 'ਚ ਪੈਦਾ ਨਹੀਂ ਹੁੰਦੇ ਸਗੋਂ ਹਾਲਾਤ ਆਗੂ ਪੈਦਾ ਕਰਦੇ ਹਨ : ਫੀਦਲ ਕਾਸਤਰੋ

## ਫ਼ਿਦੇਲ ਕਾਸਤਰੋ ਨਹੀਂ ਰਹੇ !



1959 ਦਾ ਵਰ੍ਹਾ, ਦੁਨੀਆਂ ਦੇ ਚੌਧਰੀ ਅਮਰੀਕਾ ਦੇ ਤੱਟ ਤੋਂ 90 ਕਿਲੋਮੀਟਰ ਦੂਰ, ਖੇਤਰਫਲ ਪੱਖੋਂ ਸਾਡੇ ਪੰਜਾਬ ਤੋਂ ਦੁੱਗਣਾ ਪਰ ਆਬਾਦੀ ਪੱਖੋਂ ਅੱਧਾ, ਪੰਛੀ ਦੇ ਖੰਭ ਅਰਗਾ ਦੇਸ਼, ਕਿਊਬਾ? ਇਸ ਦੇਸ਼ ਨੇ ਇਸ ਵਰ੍ਹੇ ਦੋ ਸੰਸਾਰ ਨਾਇਕਾਂ ਨੂੰ ਜਨਮ ਦਿੱਤਾ - ਅਰਨੈਸਤੋ ਚੇ ਗੁਵੇਰਾ ਅਤੇ ਫ਼ਿਦੇਲ ਕਾਸਤਰੋ? ਇਹਨਾਂ ਵਿੱਚੋਂ ਇੱਕ, ਫ਼ਿਦੇਲ ਕਾਸਤਰੋ, ਅੱਜ 90 ਸਾਲ ਦੀ ਉਮਰ ਵਿੱਚ ਅਲਵਿਦਾ ਆਖ ਗਿਆ?

ਕਾਸਤਰੋ ਦੀ ਅਗਵਾਈ ਵਿੱਚ ਜਿੱਥੇ ਇਸ ਛੋਟੇ ਜਿਹੇ ਦੇਸ਼ ਨੇ ਅਮਰੀਕਾ ਨੂੰ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੱਕ ਟੱਕਰ ਦਿੱਤੀ, ਉੱਥੇ ਉਸਨੇ ਆਪਣੇ ਲੋਕਾਂ ਨੂੰ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਉਪਲਬਧ ਕਰਵਾਉਣ ਵਿੱਚ ਪੂਰੀ ਦੁਨੀਆਂ ਵਿੱਚ ਜਸ ਖੱਟਿਆ? ਸਮਾਜਵਾਦ ਨੂੰ ਫੇਲ੍ਹ ਕਹਿਣ ਦੀ ਜਦੋਂ ਵੀ ਕੋਈ ਹਿੰਮਤ ਕਰਦਾ ਹੈ ਤਾਂ ਨੌਜਵਾਨ ਕਾਮਰੇਡ ਕਿਊਬਾ ਦੇ ਸਿਹਤ ਢਾਂਚੇ ਦੀ ਮਿਸਾਲ ਅਗਲੇ ਦੇ ਮੂੰਹ ਉੱਤੇ ਮਾਰਦੈ, ਚੰਗਿਆਂ-ਚੰਗਿਆਂ ਦੇ ਮੂੰਹ ਸਿਉਂਤੇ ਜਾਂਦੇ ਹਨ? ਫ਼ਿਦੇਲ ਦੀ ਸਾਨੂੰ ਇਹ ਦੇਣ ਰਹੀ?


ਇਨਕਲਾਬ ਤੋਂ ਬਾਅਦ ਪੂਰੇ ਕਿਊਬਾ ਨੂੰ ਸਾਖਰ ਕਰਨ ਦਾ ਪ੍ਰੋਗਰਾਮ ਤਿਆਰ ਕੀਤਾ ਗਿਆ ਤੇ 2-3 ਸਾਲਾਂ ਵਿੱਚ ਹੀ ਕਿਊਬਾ ਅਨਪੜ੍ਹਤਾ ਮਿਟਾ ਚੁੱਕਾ ਸੀ? ਕਿਊਬਾ ਵਿੱਚ ਅੱਜ 99.8% ਲੋਕ ਸਾਖਰ ਹਨ, 94% ਲੋਕ ਮੈਟ੍ਰਿਕ ਤੱਕ ਪੜ੍ਹਾਈ ਕਰਦੇ ਹਨ ਜੋ ਕਿ ਆਪਣੇ-ਆਪ ਵਿੱਚ ਲਾਮਿਸਾਲ ਹੈ?

ਸਿਹਤ ਦੇ ਖੇਤਰ ਦੀ ਗੱਲ ਕਰੀਏ- ਡਾਕਟਰ-ਆਬਾਦੀ ਅਨੁਪਾਤ 1:170 ਹੈ, ਪਹਿਲੇ ਇੱਕ ਸਾਲ ਵਿੱਚ ਬੱਚਿਆਂ ਦੀ ਮੌਤ ਦਰ (IMR) 4.2 ਹੈ ਜੋ ਕਿ ਸੰਸਾਰ ਸਭ ਤੋਂ ਘੱਟ ਹੈ (ਭਾਰਤ ਦੇ ਪੜ੍ਹੇ-ਲਿਖਿਆਂਦੇ ਸੁਫਨਿਆਂ ਦੇ ਖ਼ੂਹ ਅਮਰੀਕਾ ਤੋਂ ਵੀ ਘੱਟ, ਜਣੇਪੇ ਸਮੇਂ ਮਾਂਵਾਂ ਦੇ ਮਰਨ ਦੀ ਗੱਲ ਕਿਊਬਾ ਵਿੱਚ ਸੋਚਣਾ ਲੱਗਭੱਗ ਅਸੰਭਵ ਹੈ! ਔਸਤ ਉਮਰ 78 ਸਾਲ ਹੈ, ਜਦਕਿ ਕਿਊਬਾ ਦੇ ਬਿਲਕੁਲ ਨਾਲ ਲੱਗਦੇ ਹੈਤੀ ਵਿੱਚ ਇਹ 48 ਸਾਲ ਵੀ ਮੁਸ਼ਕਿਲ ਨਾਲ ਹੈ (ਭਾਵੇਂ ਹੈਤੀ ਵਿੱਚ ਅਮਰੀਕਾ ਵੱਲੋਂ ਸਪਾਂਸਰ ਕੀਤੀ ਹੋਈ ਲੋਕਤਾਂਤਰਿਕ ਸਰਕਾਰ ਹੈ!) ਕਿਊਬਾ ਆਪਣੀ ਕੁਲ ਘਰੇਲੂ ਆਮਦਨ ਦਾ 16% ਸਿਹਤ ਉੱਤੇ ਖਰਚਦਾ ਹੈ, ਭਾਰਤ ਦੀ ਬੇਸ਼ਰਮ ਸਰਕਾਰ ਲਈ ਇਹ ਮਸੀਂ 1% ਹੈ! ਸਾਰੇ ਨਾਗਰਿਕਾਂ ਲਈ ਸਿਹਤ ਸੇਵਾਵਾਂ ਮੁਫ਼ਤ ਹਨ? ਕਿਊਬਾ ਦੇ 30,000 ਡਾਕਟਰ ਅਫਰੀਕਾ, ਲਾਤੀਨੀ ਅਮਰੀਕਾ ਤੇ ਏਸ਼ੀਆ ਦੇ ਗਰੀਬ ਦੇਸ਼ਾਂ ਵਿੱਚ ਸੇਵਾਵਾਂ ਦੇ ਰਹੇ ਹਨ? ਕਿਊਬਾ ਵਿੱਚ ਇਸ ਸਮੇਂ ਗਰੀਬ ਮੁਲਕਾਂ ਦੇ 11,000 ਵਿਦਿਆਰਥੀ ਡਾਕਟਰੀ ਦੀ ਪੜ੍ਹਾਈ ਕਰ ਰਹੇ ਹਨ, ਉਹ ਵੀ ਮੁਫ਼ਤ! ਹੋਰ ਕਿੰਨਾ ਕੁਝ ਲਿਖਿਆ ਜਾ ਸਕਦਾ ਹੈ?

ਅਦਾਰਾ 'ਸਰੋਕਾਰਾਂ ਦੀ ਆਵਾਜ਼' ਫੀਦਲ ਕਾਸਤਰੋ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੋਇਆ ਸ਼ਰਧਾਂਜਲੀ ਭੇਟ ਕਰਦਾ ਹੈ।








ਪ੍ਰੋ-ਪੀਪਲ ਆਰਟ ਪ੍ਰੋਜੈਕਟ ਮੀਡੀਆ ਗਰੁੱਪ ਦੇ ਅਖ਼ਬਾਰ 'ਸਰੋਕਾਰਾਂ ਦੀ ਆਵਾਜ਼' ਵਲੋਂ ਜਲੰਧਰ ਦੇ ਦੇਸ਼ ਭਗਤ ਯਾਦਗਾਰੀ ਹਾਲ ਵਿਖੇ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਹਿਊ ਜੇ. ਐਮ. ਜੌਨਸਟਨ ਵਲੋਂ ਗ਼ਦਰ ਲਹਿਰ ਨਾਲ ਸਬੰਧਤ ਰਚੀ ਪੁਸਤਕ 'ਕਾਮਾਗਾਟਾ-ਮਾਰੂ ਦੀ ਇਤਿਹਾਸਕ ਯਾਤਰਾ' ਰਿਲੀਜ਼ ਕੀਤੀ ਗਈ। ਇਸ ਪੁਸਤਕ ਵਿਚ ਲੇਖਕ ਨੇ ਕੈਨੇਡਾ ਦੇ ਨਸਲੀ ਵਿਤਕਰੇ ਦੇ ਵਿਰੁੱਧ ਅਤੇ ਆਜ਼ਾਦੀ ਲਈ ਗ਼ਦਰ ਪਾਰਟੀ ਦੇ ਮੈਂਬਰਾਂ ਵਲੋਂ ਪਾਏ ਯੋਗਦਾਨ ਦਾ ਵਿਸਥਾਰਪੂਰਵਕ ਵਰਨਣ ਕੀਤਾ ਹੈ।

ਇਹ ਕਿਤਾਬ ਸ਼ਹੀਦ ਭਗਤ ਸਿਘ ਬੁੱਕ ਕੇਂਦਰ, ਪੰਜਾਬੀ ਭਵਨ ਲੁਧਿਆਣਾ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ

97819-43772, 94176-42785







CELEBRATING 10 YEARS ANNIVERSARY
Pii Punjab Insurance Inc.
FREE LUCKY DRAW
LOHRI BUMPER PRIZE
FOR KIDS
ਬੰਪਰ ਇਨਾਮ
ਡਿਜ਼ਨੀਲੈਂਡ ਜਾਂ ਲਾਸ ਵੇਗਸ ਦਾ ਟ੍ਰਿਪ
LAS VEGAS
ਪਰੈਗਨੈਂਟ ਅਤੇ ਨਵੀਆਂ ਬਣੀਆਂ ਮਾਵਾਂ ਨੂੰ ਜ਼ਰੂਰ ਇਨਾਮ ਮਿਲੇਗਾ
ONE DRAW - EVERY WEEK -
YOU CAN WIN PRIZES LIKE IPAD AND MUCH MORE
ਤੁਹਾਡੇ ਬੱਚੇ ਦੀ ਫੋਟੋ?
Enter to Win
ਹਰ ਹਫਤੇ ਨਵੇਂ ਇਨਾਮ
FIRST NAME
LAST NAME
EMAIL
ENTER
13 ਹਫਤੇ x 13 ਇਨਾਮ x 13 ਮੌਕੇ
8th ਡਰਾਅ : ਸ਼ੁੱਕਰਵਾਰ 9 ਦਸੰਬਰ, 2016 • 13th ਡਰਾਅ : ਸ਼ੁੱਕਰਵਾਰ 13 ਜਨਵਰੀ, 2017
ਆਪਣੇ ਬੱਚੇ ਦਾ ਨਾਂ ਰਜਿਸਟਰ ਕਰਵਾਓ : ਨਵੇਂ ਜਨਮੇ ਬੱਚੇ ਤੋਂ 25 ਸਾਲ ਦੀ ਉਮਰ ਤੱਕ
ਕਿਰਪਾ ਕਰਕੇ ਸਾਡੀ ਵੈਬਸਾਈਟ ਵੇਖੋ
WWW.PUNJABINSURANCE.CA ਜਾਂ ਫੋਨ ਕਰੋ: 416-996-6464


HomeLife SilverCity
Realty Inc., Brokerage
EACH OFFICE INDEPENDENTLY OWNED & OPERATED
Now Hiring
New / Experienced Real Estate Sales Representative / Brokers
905-913-8500
50 Cottrelle Blvd., Unit 29, Brampton
www.HomelifeSilvercityTeam.com
NEW LOCATION AT
TO SERVE YOU BETTER
BALJIT GARCHA
BROKER OF RECORD
Team of OVER 225 Realtors
AJIT GARCHA
BROKER / PRESIDENT
www.homelifesilvercityteam.com